PUNJABI UNIVERSITY PATIALA

# ਬਾਬੂ ਰਜਬ ਅਲੀ

## ਜੀਵਨ ਤੇ ਰਚਨਾ

ਅਜਮੇਰ ਸਿੰਘ

Prof Dr. Harnam Singh Shan
Principal Project Investigator
U.G.C. Research Project on Sikhism
605, Sector 16, Chandigarh

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Prof. Dr. Harnam Singh Shan
Principal Project Investigator
U.G.C. Research Project on Sikhism
605, Sector 16, Chandigarh.

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਬਾਬੂ ਰਜਬ ਅਲੀ : ਜੀਵਨ ਤੇ ਰਚਨਾ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਪੰਜਾਬੀ ਲੇਖਕ ਲੜੀ ਨੰ. 51

# ਬਾਬੂ ਰਜਬ ਅਲੀ

## ਜੀਵਨ ਤੇ ਰਚਨਾ

ਡਾ. ਅਜਮੇਰ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Digitized by Panjab Digital Library | www.panjabdigilib.org

©
ਪੰਜਾਬੀ ਸਾਹਿੱਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

BABU RAJAB ALI : JIWAN TE RACHNA (*Punjabi*)

*by*

DR. AJMER SINGH
M. A., Ph. D.
Reader, Deptt. of Punjabi Literary Studies
Punjabi University, Patiala

1986
ਪਹਿਲੀ ਵਾਰ : 1100
ਮੁੱਲ : 20-75

ਸਰਦਾਰ ਦੇਵਿੰਦਰ ਸਿੰਘ ਕੰਗ, ਰਜਿਸਟ੍ਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ ਅਤੇ
ਮੈ/ਸ. ਯੈਸਮੈਨ ਪ੍ਰਿੰਟਰਜ਼, ਪਟਿਆਲਾ ਦੁਆਰਾ ਮੁਦ੍ਰਿਤ

Digitized by Panjab Digital Library | www.panjabdigilib.org

# ਦੋ ਸ਼ਬਦ

ਪੰਜਾਬੀ ਭਾਸ਼ਾ ਅਤੇ ਸਾਹਿੱਤ ਦੇ ਬਹੁ-ਪੱਖੀ ਵਿਕਾਸ ਲਈ 1967 ਈ. ਵਿਚ ਪੰਜਾਬੀ ਸਾਹਿੱਤ ਅਧਿਐਨ ਵਿਭਾਗ ਦੀ ਸਥਾਪਨਾ ਕੀਤੀ ਗਈ ਸੀ । ਉਦੋਂ ਤੋਂ ਇਸ ਵਿਭਾਗ ਵਿਚ ਕਈ ਪ੍ਰਕਾਰ ਦੀਆਂ ਯੋਜਨਾਵਾਂ ਅਧੀਨ ਖੋਜ-ਕਾਰਜ ਹੋ ਰਿਹਾ ਹੈ । ਪੰਜਾਬੀ ਦੇ ਹੋ ਚੁੱਕੇ ਉੱਘੇ ਲੇਖਕਾਂ ਬਾਰੇ ਇਕ 'ਪੰਜਾਬੀ ਲੇਖਕ ਲੜੀ' ਜਾਰੀ ਕੀਤੀ ਗਈ ਸੀ, ਜਿਸ ਅਧੀਨ ਹੁਣ ਤੱਕ 50 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ।

ਇਸ ਪੁਸਤਕ ਵਿਚ ਬਾਬੂ ਰਜਬ ਅਲੀ ਦੇ ਜੀਵਨ ਅਤੇ ਰਚਨਾ ਉੱਤੇ ਝਾਤ ਪਾਈ ਗਈ ਹੈ । ਬਾਬੂ ਰਜਬ ਅਲੀ 20ਵੀਂ ਸਦੀ ਦਾ ਪ੍ਰਸਿੱਧ ਕਵੀਸ਼ਰ ਹੈ, ਜਿਸ ਨੇ ਲਗਭਗ 63 ਸਾਲ ਕਵੀਸ਼ਰੀ ਕਰਕੇ ਲੋਕਾਂ ਦਾ ਮਨ ਪਰਚਾਇਆ । ਕਿੱਤੇ ਵਲੋਂ ਭਾਵੇਂ ਉਹ ਓਵਰਸੀਅਰ ਸੀ ਪਰ ਕਵੀਸ਼ਰੀ ਪ੍ਰਤਿ ਉਸ ਦਾ ਉਚੇਚਾ ਮੋਹ ਸੀ । ਉਸ ਨੇ ਭਾਰਤੀ ਮਿਥਿਹਾਸ, ਸਿੱਖ ਇਤਿਹਾਸ ਅਤੇ ਇਸਲਾਮਿਕ ਪਰੰਪਰਾਵਾਂ ਨਾਲ ਸੰਬੰਧਿਤ ਲਗਭਗ 81 ਪ੍ਰਸੰਗ ਰਚੇ ਜਿਨ੍ਹਾਂ ਵਿਚੋਂ ਕੁਝ ਪ੍ਰੇਮ-ਪ੍ਰਧਾਨ ਹਨ, ਕੁਝ ਇਤਿਹਾਸਿਕ ਹਨ, ਕੁਝ ਧਾਰਮਿਕ ਹਨ ਅਤੇ ਕਈਆਂ ਦਾ ਸੰਬੰਧ ਦੇਸ਼ ਭਗਤੀ ਅਤੇ ਪੰਜਾਬੀ ਸਭਿਆਚਾਰ ਨਾਲ ਹੈ । ਬਾਬੂ ਰਜਬ ਅਲੀ ਦੀ ਕਵੀਸ਼ਰੀ ਦਾ ਵਿਸ਼ੇਸ਼ ਗੁਣ ਉਸ ਦੀ ਨਿਖੜਵੀਂ ਛੰਦਾਬੰਦੀ ਹੈ । ਉਸ ਨੇ ਕਈ ਨਵੇਂ ਛੰਦ ਘੜੇ ਜਿਨ੍ਹਾਂ ਦੀ ਚਾਲ ਕਵਿਤਾ ਵਿਚਲੇ ਜਜ਼ਬਿਆਂ ਅਨੁਸਾਰ ਤੇਜ਼ ਅਤੇ ਮੱਧਮ ਹੁੰਦੀ ਹੈ । ਉਸ ਨੇ ਆਪਣੀ ਕਵੀਸ਼ਰੀ ਰਾਹੀਂ ਮਾਲਵੇ ਦੇ ਸਭਿਆਚਾਰ ਨੂੰ ਬੜੀ ਬਾਰੀਕੀ ਨਾਲ ਚਿਤਰਿਆ ਹੈ ਅਤੇ ਮਲਵਈ ਉਪ-ਭਾਸ਼ਾ ਦੀ ਰੰਗਣ ਵੀ ਚੜ੍ਹਾਈ ਹੈ ।

ਕਵੀਸ਼ਰੀ ਰਾਹੀਂ ਉਸ ਦੀ ਪੰਜਾਬੀ ਸਾਹਿੱਤ ਨੂੰ ਦਿੱਤੀ ਵਡ-ਮੁੱਲੀ ਦੇਣ ਨੂੰ ਮੁੱਖ ਰਖਦੇ ਹੋਇਆਂ ਇਹ ਮੋਨੋਗ੍ਰਾਫ ਲਿਖਵਾਇਆ ਗਿਆ ਹੈ । ਮੈਨੂੰ ਵਿਸ਼ਵਾਸ਼ ਹੈ ਕਿ ਕਵੀਸ਼ਰੀ ਵਿਚ ਰੁਚੀ ਰਖਣ ਵਾਲੇ ਅਤੇ ਮਾਲਵੇ ਦੇ ਸਭਿਆਚਾਰ ਦਾ ਅਧਿਐਨ ਕਰਨ ਵਾਲੇ ਪਾਠਕਾਂ ਨੂੰ ਇਹ ਪੁਸਤਕ ਲਾਭਕਾਰੀ ਸਿੱਧ ਹੋਵੇਗੀ ।

ਪੰਜਾਬੀ ਯੂਨੀਵਰਸਿਟੀ
ਪਟਿਆਲਾ

ਭਗਤ ਸਿੰਘ
ਵਾਈਸ-ਚਾਂਸਲਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org



ਬਾਬੂ ਰਜਬ ਅਲੀ ਦੀ ਗੁਰਮੁਖੀ ਲਿਖਾਈ (ਦਸਮੇਸ਼ ਦੌਰਾ)



Digitized by Panjab Digital Library | www.panjabdigilib.org

# ਭੂਮਿਕਾ

ਪੰਜਾਬੀ ਸਾਹਿੱਤ ਦੇ ਅਮੀਰ ਵਿਰਸੇ ਨੂੰ ਉਜਾਗਰ ਕਰਨ ਅਤੇ ਇਸ ਦਾ ਸਹੀ ਮੁੱਲਾਂਕਣ ਕਰਨ ਦੇ ਉਦੇਸ਼ ਤੋਂ ਸੰਨ 1967 ਵਿਚ ਪੰਜਾਬੀ ਯੂਨੀਵਰਸਿਟੀ ਵਿਚ ਪੰਜਾਬੀ ਸਾਹਿੱਤ ਅਧਿਐਨ ਵਿਭਾਗ ਦੀ ਸਥਾਪਨਾ ਹੋਈ ਸੀ। ਹੋਰਨਾਂ ਯੋਜਨਾਵਾਂ ਤੋਂ ਇਲਾਵਾ ਇਕ 'ਪੰਜਾਬੀ ਲੇਖਕ ਲੜੀ' ਵੀ ਆਰੰਭ ਕੀਤੀ ਗਈ ਸੀ। ਇਸ ਲੜੀ ਵਿਚ ਪ੍ਰੋ. ਆਈ. ਸੀ. ਨੰਦਾ, ਲਾਲਾ ਧਨੀ ਰਾਮ ਚਾਤ੍ਰਿਕ, ਬਾਬਾ ਮੇਹਰਬਾਨ, ਦਮੋਦਰ, ਬੁਲ੍ਹੇ ਸ਼ਾਹ, ਗਿਆਨੀ ਗਿਆਨ ਸਿੰਘ, ਭਾਈ ਗੁਰਦਾਸ, ਪ੍ਰਿੰ. ਤੇਜਾ ਸਿੰਘ, ਪ੍ਰੋ. ਪੂਰਨ ਸਿੰਘ, ਗੁਰੂ ਅਮਰਦਾਸ, ਭਾਈ ਜੋਧ ਸਿੰਘ, ਭਾਈ ਵੀਰ ਸਿੰਘ, ਸ਼ਿਵ ਕੁਮਾਰ ਬਟਾਲਵੀ, ਪ੍ਰੋ. ਸਾਹਿਬ ਸਿੰਘ, ਪ੍ਰੋ. ਮੋਹਨ ਸਿੰਘ, ਭਾਈ ਮਨੀ ਸਿੰਘ, ਬਾਵਾ ਬਲਵੰਤ, ਡਾ. ਤਾਰਨ ਸਿੰਘ, ਡਾ. ਬਲਬੀਰ ਸਿੰਘ, ਸੰਤ ਕਵੀ ਮਾਤੂ ਦਾਸ, ਬਾਵਾ ਬੁੱਧ ਸਿੰਘ, ਭਾਈ ਸਹਿਜ ਰਾਮ, ਹਾਫ਼ਿਜ਼ ਬਰਖ਼ੁਰਦਾਰ ਆਦਿ ਪੰਜਾਬੀ ਸਾਹਿੱਤਕਾਰਾਂ ਦੇ ਜੀਵਨ ਅਤੇ ਰਚਨਾਵਾਂ ਬਾਰੇ ਮੋਨੋਗ੍ਰਾਫ਼ ਪ੍ਰਕਾਸ਼ਿਤ ਹੋ ਚੁੱਕੇ ਹਨ।

ਇਹ ਪੁਸਤਕ ਬਾਬੂ ਰਜਬ ਅਲੀ ਸੰਬੰਧੀ ਲਿਖਵਾਏ ਮੋਨੋਗ੍ਰਾਫ ਦਾ ਪ੍ਰਕਾਸ਼ਿਤ ਰੂਪ ਹੈ। ਬਾਬੂ ਰਜਬ ਅਲੀ ਦਾ ਜਨਮ ਮੋਗਾ ਜ਼ਿਲਾ ਦੇ ਸਾਹੁ-ਕੇ ਪਿੰਡ ਵਿਚ 1894 ਈ. ਵਿਚ ਹੋਇਆ ਅਤੇ ਉਸ ਦੀ ਮ੍ਰਿਤੂ 1979 ਈ. ਵਿਚ ਪਾਕਿਸਤਾਨ ਵਿਚ ਹੋਈ। ਉਸ ਨੇ ਆਪਣੇ 85 ਸਾਲਾਂ ਦੇ ਜੀਵਨ ਵਿਚੋਂ ਲਗਭਗ 63 ਸਾਲ ਕਵੀਸ਼ਰੀ ਰਾਹੀਂ ਪੰਜਾਬੀ ਸਾਹਿੱਤ ਦੀ ਸੇਵਾ ਕੀਤੀ। ਕਿੱਤੇ ਵਜੋਂ ਉਹ ਓਵਰਸੀਅਰ ਸੀ ਅਤੇ 26-27 ਸਾਲ ਉਸ ਨੇ ਨਹਿਰ ਦੇ ਮਹਿਕਮੇ ਵਿਚ ਨੌਕਰੀ ਕੀਤੀ ਅਤੇ ਵਧੇਰਾ ਸਮਾਂ ਮਾਲਵਾ ਖ਼ੇਤਰ ਵਿਚ ਹੀ ਨਿਯੁਕਤ ਰਿਹਾ। ਮਾਲਵੇ ਦੀ ਸੰਸਕ੍ਰਿਤੀ ਵਿਰਸੇ ਵਿਚ ਲੈ ਕੇ ਜਨਮਿਆ ਰਜਬ ਅਲੀ ਇਕ ਅਜਿਹੇ ਪਰਿਵਾਰ ਨਾਲ ਸੰਬੰਧਿਤ ਸੀ ਜਿਸ ਦਾ ਸਾਰਾ ਵਾਤਾਵਰਣ ਧਾਰਮਿਕ ਸਦਭਾਵਨਾ ਨਾਲ ਭਰਪੂਰ ਸੀ। ਉਸ ਨੇ ਕਵੀਸ਼ਰੀ ਲਈ ਮਾਨ ਸਿੰਘ ਕਵੀਸ਼ਰ ਨੂੰ ਆਪਣਾ ਉਸਤਾਦ ਬਣਾਇਆ ਸੀ। ਫਲਸਰੂਪ ਰਜਬ ਅਲੀ ਨੇ ਜਦੋਂ ਕਵੀਸ਼ਰੀ ਕਰਨੀ ਸ਼ੁਰੂ ਕੀਤੀ ਤਾਂ ਉਸ ਸਾਹਮਣੇ ਕਿਸੇ ਪ੍ਰਕਾਰ ਦੀ ਧਾਰਮਿਕ, ਸੰਪ੍ਰਦਾਇਕ, ਭੇਦ-ਭਾਵ ਦੀ ਧਾਰਨਾ ਨਹੀਂ ਸੀ। ਇਹੋ ਕਾਰਨ ਹੈ ਕਿ ਜਿੱਥੇ ਉਹ ਇਕ ਪਾਸੇ ਇਸਲਾਮ ਧਰਮ ਨਾਲ ਸੰਬੰਧਿਤ ਕਿਸੇ ਪ੍ਰਸੰਗ ਦੀ ਰਚਨਾ ਕਰਦਾ ਹੈ, ਉਥੇ ਉਹ ਸਿੱਖ ਗੁਰੂ ਸਾਹਿਬਾਨ ਸੰਬੰਧੀ ਵੀ ਆਪਣੇ ਪ੍ਰਸੰਗ ਜੋੜਦਾ ਹੈ ਅਤੇ ਹਿੰਦੂ ਦੇਵੀ ਦੇਵਤਿਆਂ ਅਤੇ ਭਾਰਤੀ ਮਿਥਿਹਾਸ ਨਾਲ ਸੰਬੰਧਿਤ ਕਥਾਵਾਂ ਨੂੰ ਵੀ ਆਪਣੀਆਂ ਰਚਨਾਵਾਂ ਦਾ ਆਧਾਰ ਬਣਾਉਂਦਾ ਹੈ। ਇਸ ਤਰ੍ਹਾਂ ਉਸ ਦੀਆਂ ਰਚਨਾਵਾਂ ਦੀ ਮੂਲ ਭਾਵਨਾ ਧਰਮ ਦੀਆਂ ਸੀਮਾਵਾਂ ਤੋਂ ਉੱਚੀ ਹੈ। ਰਜਬ ਅਲੀ ਦੇ ਸ਼ਾਗਿਰਦਾਂ ਦੀ ਗਿਣਤੀ ਛੇ ਦਰਜਨ ਤੋਂ ਵੱਧ ਹੈ

Digitized by Panjab Digital Library | www.panjabdigilib.org

ਅਤੇ ਉਹ ਹਿੰਦੂ, ਸਿੱਖ, ਮੁਸਲਮਾਨ, ਈਸਾਈ ਆਦਿ ਅਨੇਕ ਧਰਮਾਂ ਨਾਲ ਸੰਬੰਧਿਤ ਹਨ। ਪਾਕਿਸਤਾਨ ਬਣਨ ਵੇਲੇ ਉਹ ਮਜਬੂਰੀ ਦੀ ਹਾਲਤ ਵਿਚ ਪਾਕਿਸਤਾਨ ਚਲਾ ਗਿਆ ਅਤੇ ਉਥੇ ਰਹਿ ਕੇ ਵੀ ਉਹ ਕਵਿਤਾ ਕਰਦਾ ਰਿਹਾ। ਉਸ ਦੇ 63 ਸਾਲ ਦੇ ਰਚਨਾ-ਕਾਲ ਵਿਚੋਂ ਲਗਭਗ ਅੱਧਾ ਸਮਾਂ ਅਣ-ਵੰਡੇ ਪੰਜਾਬ ਵਿਚ ਅਤੇ ਅੱਧਾ ਸਮਾਂ ਪਾਕਿਸਤਾਨ ਵਿਚ ਬੀਤਿਆ। ਲੋਕਾਂ ਦੇ ਮਨ ਵਿਚ ਉਸ ਪ੍ਰਤਿ ਮੋਹ ਨੇ 1979 ਵਿਚ ਸਾਹੁ-ਕੇ ਪਿੰਡ ਵਿਚ 'ਬਾਬੂ ਰਜਬ ਅਲੀ ਸਾਹਿੱਤ ਸਦਨ' ਦੀ ਸਥਾਪਨਾ ਕੀਤੀ।

ਰਜਬ ਅਲੀ ਨੇ ਲਗਭਗ 81 ਨਿੱਕੇ ਵੱਡੇ ਪ੍ਰਸੰਗ ਲਿਖੇ ਹਨ ਜਿਨ੍ਹਾਂ ਨੂੰ ਪ੍ਰੇਮ-ਪ੍ਰਧਾਨ, ਰੁਮਾਂਚਿਕ, ਇਤਿਹਾਸਿਕ, ਧਾਰਮਿਕ, ਦੇਸ਼ ਭਗਤੀ-ਪ੍ਰਧਾਨ, ਸਭਿਆਚਾਰਿਕ ਆਦਿ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਰਜਬ ਅਲੀ ਦੀ ਕਵੀਸ਼ਰੀ ਦੀ ਚੇਟਕ ਜਨ-ਸਾਧਾਰਣ ਦੇ ਸਨੇਹ 'ਤੇ ਆਧਾਰਿਤ ਹੈ। ਉਸ ਨੇ ਜੋ ਲਿਖਿਆ ਉਹ ਸਾਧਾਰਣ ਕਾਮਿਆਂ ਦੇ ਮਨੋਰੰਜਨ ਲਈ ਲਿਖਿਆ। ਇਸ ਕਰਕੇ ਉਹ ਇਕ ਲੋਕ ਕਵੀ ਸੀ ਅਤੇ ਕਵੀਸ਼ਰੀ ਕਰਨਾ ਉਸ ਦਾ ਸਭ ਤੋਂ ਅਧਿਕ ਪਿਆਰਾ ਰੁਝੇਵਾਂ ਸੀ। ਉਸ ਨੇ ਜੋ ਵੀ ਪ੍ਰਸੰਗ ਰਚੇ, ਉਨ੍ਹਾਂ ਵਿਚੋਂ ਕੁਝ ਸਵੈ-ਪ੍ਰੇਰਣਾ ਕਰਕੇ, ਕੁਝ ਮਿੱਤਰਾਂ/ਸੱਜਣਾਂ ਦੀਆਂ ਫਰਮਾਇਸ਼ਾਂ ਕਰਕੇ ਅਤੇ ਕੁਝ ਅਖਾੜਿਆਂ ਦੀ ਲੋੜ ਕਰਕੇ ਰਚੇ। ਉਸ ਦੀ ਸਾਰੀ ਕਵਿਤਾ ਸੰਬੋਧਨੀ ਹੈ ਕਿਉਂਕਿ ਉਸਨੇ ਸਰੋਤਿਆਂ ਨੂੰ ਸਾਹਮਣੇ ਰਖ ਕੇ ਉਨ੍ਹਾਂ ਦੀ ਰੁਚੀ, ਪੱਧਰ ਅਤੇ ਭਾਵਨਾ ਅਨੁਰੂਪ ਕਵਿਤਾ ਲਿਖੀ ਹੈ। ਇਹੀ ਕਾਰਨ ਹੈ ਕਿ ਉਸ ਦੀ ਕਵਿਤਾ ਅਨੰਤ ਵਾਰ ਅਖਾੜਿਆਂ ਵਿਚ ਪੜ੍ਹੀ ਅਤੇ ਸੁਣੀ ਗਈ ਹੈ। ਉਸ ਦੀ ਕਵਿਤਾ ਵਿਚ ਪੰਜਾਬ, ਪੰਜਾਬੀ ਬੋਲੀ ਅਤੇ ਸਭਿਆਚਾਰ ਲਈ ਵੀ ਬਹੁਤ ਪ੍ਰੇਮ ਸੀ ਜਿਹੜਾ ਉਸ ਨੂੰ ਹੋਰਨਾਂ ਕਵੀਸ਼ਰਾਂ ਦੇ ਮੁਕਾਬਲੇ ਮਹੱਤਵ ਪ੍ਰਦਾਨ ਕਰਦਾ ਹੈ।

ਕਾਵਿਕ ਗੁਣਾਂ ਦੀ ਦ੍ਰਿਸ਼ਟੀ ਤੋਂ ਵੀ ਰਜਬ ਅਲੀ ਇਕ ਸੁੱਚਜਾ ਕਵੀ ਹੈ। ਉਸ ਦਾ ਛੰਦ-ਪ੍ਰਬੰਧ ਵਿਸ਼ੇਸ਼ ਮਹੱਤਵਪੂਰਣ ਹੈ ਕਿਉਂਕਿ ਉਸ ਨੇ ਪਿੰਗਲ ਦੇ ਅਨੁਸ਼ਾਸਨ ਅਨੁਸਾਰ ਹੀ ਕਵਿਤਾ ਨਹੀਂ ਕੀਤੀ ਸਗੋਂ ਅਨੇਕ ਪ੍ਰਕਾਰ ਦੀਆਂ ਛੰਦ-ਗਤ ਖੁੱਲ੍ਹਾਂ ਵੀ ਲਈਆਂ ਹਨ। ਇਸ ਤੋਂ ਇਲਾਵਾ ਉਸ ਨੇ ਕਈ ਨਵੇਂ ਛੰਦ ਅਤੇ ਤਰਜ਼ਾਂ ਵੀ ਜੋੜੀਆਂ ਹਨ। ਕਹਿੰਦੇ ਹਨ ਕਿ ਉਹ ਵਿਭਾਗੀ ਕੰਮ ਲਈ ਦੌਰੇ ਉਤੇ ਜਾਣ ਵੇਲੇ ਜਦੋਂ ਘੋੜੀ ਦੀ ਸਵਾਰੀ ਕਰਦਾ ਸੀ ਤਾਂ ਉਦੋਂ ਉਸ ਨੂੰ ਕਵਿਤਾ ਫੁਰਦੀ ਸੀ ਅਤੇ ਘੋੜੀ ਦੀ ਮੱਠੀ ਜਾਂ ਤੇਜ਼ ਚਾਲ ਨਾਲ ਹੀ ਛੰਦਾ-ਬੰਦੀ ਆਪਣਾ ਸਰੂਪ ਬਦਲਦੀ ਜਾਂਦੀ ਸੀ। ਮਾਲਵੇ ਦੇ ਇਲਾਕੇ ਦੀ ਬਿੰਬਾਵਲੀ ਉਸ ਦੇ ਪ੍ਰਸੰਗਾਂ ਵਿਚੋਂ ਵਿਸ਼ੇਸ਼ ਉਘੜ ਕੇ ਪੈਂਦੀ ਹੈ। ਉਸ ਨੇ ਮਲਵਈ ਉਪ-ਭਾਸ਼ਾ ਦੀ ਵਰਤੋਂ ਵੀ ਖੁਲ੍ਹ ਕੇ ਕੀਤੀ ਹੈ। ਸੱਚ ਤਾਂ ਇਹ ਹੈ ਕਿ ਜੇ ਉਸ ਦੇ ਪ੍ਰਸੰਗਾਂ ਵਿਚ ਵਰਤੀ ਗਈ ਸ਼ਬਦਾਵਲੀ ਨੂੰ ਇਕੱਠਾ ਕੀਤਾ ਜਾਵੇ ਤਾਂ ਮਲਵਈ ਉਪ-ਭਾਸ਼ਾ ਦਾ ਇਕ ਵਿਸਤਰਿਤ ਕੋਸ਼ ਬਣ ਸਕਦਾ ਹੈ।

ਬਾਬੂ ਰਜਬ ਅਲੀ ਦੁਆਰਾ ਕੀਤੀ ਗਈ ਪੰਜਾਬੀ ਸਾਹਿੱਤ ਦੀ ਸੇਵਾ ਨੂੰ ਸਾਹਮਣੇ ਰਖਦਿਆਂ ਹੋਇਆਂ ਇਹ ਮੋਨੋਗ੍ਰਾਫ ਲਿਖਵਾਉਣ ਦੀ ਯੋਜਨਾ ਬਣਾਈ ਗਈ ਸੀ। ਇਹ ਕੰਮ ਪੰਜਾਬੀ ਸਾਹਿੱਤ ਅਧਿਐਨ ਵਿਭਾਗ ਵਿਚ ਡਾ. ਅਜਮੇਰ ਸਿੰਘ ਨੂੰ ਸੌਂਪਿਆ ਗਿਆ ਜਿਨ੍ਹਾਂ

Digitized by Panjab Digital Library | www.panjabdigilib.org

ਨੇ ਬੜੀ ਮਿਹਨਤ ਨਾਲ ਇਹ ਕੰਮ ਮੁਕੰਮਲ ਕੀਤਾ । ਇਸ ਨੂੰ ਯੂਨੀਵਰਸਿਟੀ ਪੱਧਰ ਤੇ ਛਾਪਣ ਦੀ ਵਿਸ਼ੇਸ਼ਗ ਰਾਏ ਡਾ. ਪਿਆਰ ਸਿੰਘ ਨੇ ਦਿੱਤੀ ਹੈ । ਅਸੀਂ ਇਨ੍ਹਾਂ ਦੋਹਾਂ ਵਿਦਵਾਨਾਂ ਦੇ ਸਹਿਯੋਗ ਦੇ ਧੰਨਵਾਦੀ ਹਾਂ ।

ਆਸ ਹੈ ਕਿ ਬਾਬੂ ਰਜਬ ਅਲੀ ਦੀ ਸਾਹਿੱਤ-ਸੇਵਾ ਅਤੇ ਮਾਲਵੇ ਦੀ ਕਵੀਸ਼ਰੀ ਵਿਚ ਰੁਚੀ ਰਖਣ ਵਾਲੇ ਪਾਠਕ ਸਾਡੀ ਇਸ ਪ੍ਰਕਾਸ਼ਨਾ ਤੋਂ ਜ਼ਰੂਰ ਲਾਭ ਉਠਾਉਣਗੇ ।

**ਰਤਨ ਸਿੰਘ ਜੱਗੀ**
ਪ੍ਰੋਫ਼ੈਸਰ ਅਤੇ ਮੁੱਖੀ
ਪੰਜਾਬੀ ਸਾਹਿੱਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Prof Dr. Harnam Singh Shan
Principal Project Investigator
U.G C. Research Project on Sikhism
605, Sector 16, Chandigarh.

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਵਿਸ਼ੈ-ਸੂਚੀ


| | | |
|---|---|---|
| | ਦੋ ਸ਼ਬਦ (ਵੀ. ਸੀ. ਸਾਹਿਬ ਵਲੋਂ) | (v) |
| | ਭੂਮਿਕਾ (ਵਿਭਾਗ ਮੁੱਖੀ ਵਲੋਂ) | (vii) |
| 1. | ਜੀਵਨ ਤੇ ਸ਼ਖ਼ਸੀਅਤ | 1 |
| 2. | ਰਚਨਾਵਲੀ | 27 |
| 3. | ਵਿਸ਼ੈਗਤ ਅਧਿਐਨ | 86 |
| 4. | ਕਵੀਸ਼ਰੀ ਕਲਾ | 109 |
| 5. | ਪੰਜਾਬੀ ਸਾਹਿੱਤ ਨੂੰ ਦੇਣ | 135 |
| | ਅੰਤਿਕਾ 1—ਬਾਬੂ ਰਜਬ ਅਲੀ ਰਚਿਤ ਸਾਹਿੱਤ | 142 |
| | ਅੰਤਿਕਾ 2—ਬਾਬੂ ਰਜਬ ਅਲੀ ਦੇ ਚੇਲੇ | 144 |
| | ਸਹਾਇਕ ਗ੍ਰੰਥਾਵਲੀ | 147 |


Digitized by Panjab Digital Library | www.panjabdigilib.org

Digitized by Panjab Digital Library | www.panjabdigilib.org

## ਅਧਿਆਇ ਪਹਿਲਾ

# ਜੀਵਨ ਤੇ ਸ਼ਖ਼ਸੀਅਤ

ਕਿਸੇ ਵੀ ਕਵੀ ਜਾਂ ਸਾਹਿਤਕਾਰ ਦਾ ਆਪਣੀਆਂ ਸਮਕਾਲੀਨ ਪਰਿਸਥਿਤੀਆਂ ਨਾਲ ਸੰਬੰਧ ਦਵੰਦਾਤਮਿਕ ਹੁੰਦਾ ਹੈ ਉਹ ਉਹਨਾਂ ਤੋਂ ਪ੍ਰਭਾਵਿਤ ਵੀ ਹੁੰਦਾ ਹੈ ਅਤੇ ਪ੍ਰਭਾਵਿਤ ਵੀ ਕਰਦਾ ਹੈ । ਕਾਵਿ-ਪਰੰਪਰਾ ਕਿਸੇ ਕੌਮ ਦੀਆਂ ਤੱਤਕਾਲੀਨ ਸਮਾਜਿਕ ਪਰਿਸਥਿਤੀਆਂ ਤੇ ਸਭਿਆਚਾਰਿਕ ਗਤੀਵਿਧੀਆਂ ਦਾ ਵੀ ਦਰਪਣ ਹੁੰਦੀ ਹੈ । ਕਾਵਿ-ਪਰੰਪਰਾ ਇੱਕ ਸਾਹਿਤਿਕ ਧਾਰਾ ਹੁੰਦੀ ਹੈ ਜੋ ਪ੍ਰਮੁੱਖ ਤੇ ਲਘੂ ਸ਼ਾਇਰਾਂ ਦੇ ਯੋਗਦਾਨ ਦੁਆਰਾ ਪ੍ਰਵਾਨ ਚੜ੍ਹਦੀ ਹੈ । ਕਿਸੇ ਕਾਵਿ-ਪਰੰਪਰਾ ਦੇ ਧਾਰਣੀ ਹੋ ਕੇ ਲਿਖਣਾ ਜਿੱਥੇ ਸਿਖਾਂਦਰੂ ਤੇ ਛੋਟੇ ਸ਼ਾਇਰਾਂ ਲਈ ਆਸਾਨ ਹੈ ਕਿਉਂਕਿ ਉਹਨਾਂ ਦੇ ਪੱਥ ਪ੍ਰਦਰਸ਼ਨ ਲਈ ਅਨੇਕਾਂ ਨਮੂਨੇ ਹੁੰਦੇ ਹਨ ਉੱਥੇ ਪ੍ਰਤਿਭਾਸ਼ੀਲ ਸ਼ਾਇਰ ਲਈ ਚਣੌਤੀ ਵੀ ਹੁੰਦੀ ਹੈ ਕਿਉਂਕਿ ਉਸਨੇ ਪਰੰਪਰਾ ਵਿਚ ਸਥਾਪਿਤ ਉਨ੍ਹਾਂ ਕਾਵਿ-ਮਿਆਰਾਂ ਨੂੰ ਕਾਇਮ ਵੀ ਰੱਖਣਾ ਹੈ ਅਤੇ ਆਪਣੀ ਪ੍ਰਤਿਭਾ ਭਰੀ ਮੌਲਿਕ ਛਾਪ ਵੀ ਲਗਾਉਣੀ ਹੁੰਦੀ ਹੈ । ਬਾਬੂ ਰਜਬ ਅਲੀ ਨੇ ਪੰਜਾਬੀ ਕਾਵਿ-ਮੰਡਲ ਵਿਚ ਜਦੋਂ ਪ੍ਰਵੇਸ਼ ਕੀਤਾ ਤਾਂ ਉਸ ਪਾਸ ਇਸ ਤੋਂ ਵੀ ਦੂਹਰੀ ਸਮੱਸਿਆ ਸੀ । ਪਹਿਲੀ, ਪੰਜਾਬੀ ਕਾਵਿ, ਵਿਸ਼ੇਸ਼ ਕਰ ਕਿੱਸਾ-ਕਾਵਿ ਦਾ, ਬੇਨਜ਼ੀਰ ਵਿਰਸਾ ਅਤੇ ਦੂਜਾ, ਕਵੀਸ਼ਰੀ ਪਰੰਪਰਾ ਦਾ ਜਲੌਅ । ਸ਼ਾਇਰ ਕੌਮ ਦਾ ਸਰਮਾਇਆ ਹੁੰਦਾ ਹੈ । ਉਸ ਨੂੰ ਕੁਦਰਤ ਵੱਲੋਂ ਹੀ ਸੰਵੇਦਨਸ਼ੀਲ ਦਿਲ, ਅਨੁਭਵੀ ਆਤਮਾ. ਤਰਕਸ਼ੀਲ ਬੁੱਧੀ, ਚੇਤਨ ਮਨ, ਉੱਚੀ ਕਲਪਣਾ ਤੇ ਮਿੱਠੀ ਜ਼ਬਾਨ ਦਿੱਤੀ ਹੁੰਦੀ ਹੈ । ਬਾਬੂ ਜੀ ਨੇ ਆਪਣੀ ਤਿੱਖੇਰੀ ਸਮਝ ਤੇ ਫਕੀਰਾਂ ਵਰਗੇ ਸਿਰੜ ਨਾਲ ਆਪਣੇ ਆਪ ਨੂੰ ਕਵੀਸ਼ਰੀ ਪਰੰਪਰਾ ਨਾਲ ਇਕਮਿਕ ਕੀਤਾ । ਉਸ ਦੇ ਲਾਭ ਅਤੇ ਗੁਣ ਪ੍ਰਾਪਤ ਕੀਤੇ ਅਤੇ ਆਪਣੀ ਨਿਆਰੀ ਪ੍ਰਤਿਭਾ ਨਾਲ ਇਸ ਦੇ ਵੱਖਰੇ ਨਕਸ਼ ਬਣਾਏ ਤੇ ਸੰਵਾਰੇ ।

ਕਵੀਸ਼ਰੀ ਦੇ ਖੇਤਰ ਵਿਚ ਬਾਬੂ ਰਜਬ ਅਲੀ ਦੀ ਲੋਕ ਪ੍ਰਿਯਤਾ ਨਾਲ ਪਿੰਡ 'ਸਾਹੋਕੇ, ਕਾਵਿ-ਨਕਸ਼ੇ ਵਿਚ ਇਕ ਤਾਰੇ ਦੀ ਤਰ੍ਹਾਂ ਉੱਭਰਿਆ ਅਤੇ ਮਾਲਵੇ ਵਿਚ ਪ੍ਰਸਿਧ ਹੋਇਆ । 'ਸਾਹੋਕੇ' ਮਾਲਵੇ ਦੀ ਧੁੰਨੀ ਕੋਲ ਤਹਿਸੀਲ ਮੋਗਾ, ਜ਼ਿਲ੍ਹਾ ਫਰੀਦਕੋਟ ਵਿਚ ਹੈ । ਇਹ ਤਰਕੀਬਨ $30^{\circ}-37^{0}$ ਉੱਤਰ ਅਕਸ਼ਾਂਸ ਅਤੇ $74^{0}$ -$57^{0}$ ਪੂਰਬ-ਰੇਖਾਂਸ਼ ਵਿਖੇ ਸਥਿਤ ਹੈ । ਸਾਹੋਕੇ ਮੋਗਾ ਤੋਂ ਕੋਟਕਪੂਰਾ ਜਾਂਦਿਆਂ ਪੰਜ ਗਰਾਈਆਂ ਕਲਾਂ ਦੇ ਖੱਬੇ ਹੱਥ ਪੰਜ ਕੁ ਕਿਲੋਮੀਟਰ ਉੱਤੇ ਹੈ । ਇਸ ਰਾਹ ਵਿਚ 'ਪੰਜ ਗਰਾਈਆਂ-ਖੁਰਦ' ਅਤੇ 'ਮੱਲਕੇ' ਨਾਂ ਦੇ ਪਿੰਡ ਆਉਂਦੇ ਹਨ । ਮੁਗਲ ਬਾਦਸ਼ਾਹ ਸਮੇਂ ਵਿੱਚ ਇਸ ਇਲਾਕੇ ਦਾ ਚੌਧਰੀ ਸੰਘਰ ਦਾ ਪੁੱਤਰ ਭੱਲਣ[1] (ਦੇਹਾਂਤ 1643 ਈ.)[2] ਸੀ ਜੋ ਕਿ ਪੰਜ-ਗਰਾਈਆਂ ਦਾ ਰਹਿਣ ਵਾਲਾ ਸੀ । ਇਹ ਕਿਹਾ ਜਾਂਦਾ ਹੈ ਪੰਜ ਗਰਾਈਆਂ ਨੂੰ ਭੱਲਣ ਦੇ

Digitized by Panjab Digital Library | www.panjabdigilib.org

ਚਾਚੇ ਨੇ ਵਸਾਇਆ ਸੀ। 'ਸਾਹੋਕੇ' ਨੂੰ ਯਦੂ ਵੰਸੀ ਦੇ ਵੱਡੇ ਵਡੇਰੇ ਰਾਜਾ ਜੈਸਲ ਦੀ ਸੰਤਾਨ ਦੇ ਸਿੱਧੂ ਬਰਾੜ ਦੇ ਚਸ਼ਮਿ ਚਿਰਾਗ ਸਾਹੋ ਦੀ ਸੰਤਾਨ ਨੇ ਸਤਾਰਵੀਂ ਸਦੀ ਈ. ਵਿਚ ਵਸਾਇਆ ਸੀ[3]। ਰਾਜਾ ਜੈਸਲ ਨੇ 1156 ਈ.[4] ਵਿਚ ਜੈਸਲਮੇਰ ਵਸਾਇਆ ਸੀ। ਭੱਲਣ ਦੇ ਭਰਾ ਲਾਲੇ ਦੇ ਪੁੱਤਰ ਕਪੂਰ ਸਿੰਘ (1628-1708 ਈ.) ਨੇ 1661 ਈ. ਵਿਚ ਕੋਟ ਕਪੂਰਾ ਵਸਾਇਆ[5]। ਗੁਰੂ ਗੋਬਿੰਦ ਸਿੰਘ ਮਾਲਵਾ ਫੇਰੀ ਦੇ ਸਮੇਂ 'ਸਾਹੋਕੇ' ਤੋਂ ਮੀਲ ਦੀ ਵਿੱਥ ਉੱਤੇ ਗੁਰੂਸਰ ਗਏ। ਸਾਹੋ ਪਿੰਡ ਤੇ ਗੁਰੂ ਗੋਬਿੰਦ ਸਿੰਘ ਦੇ ਸੰਬੰਧਾਂ ਬਾਰੇ ਇਕ ਦੰਦ ਕਥਾ ਵੀ ਮਸ਼ਹੂਰ ਹੈ[6]।

**ਖ਼ਾਨਦਾਨੀ ਪਿਛੋਕੜ**: ਬਾਬੂ ਰਜਬ ਅਲੀ ਵਰਿਆਹ ਗੋਤ ਦਾ ਮੁਸਲਮਾਨ ਸਾਂ[7] ਅਤੇ ਇਸ ਦੇ ਵੱਡੇ ਵੱਡੇਰੇ ਔਰੰਗਜ਼ੇਬ ਦੇ ਸਮੇਂ ਮੁਸਲਮਾਨ ਹੋ ਗਏ ਪ੍ਰਤੀਤ ਹੁੰਦੇ ਹਨ। ਵਰਿਆਹ ਰਾਜਪੂਤ ਪੂਰਬੀ-ਪੰਜਾਬ ਅਤੇ ਰਾਜਸਥਾਨ ਦੇ ਰਹਿਣ ਵਾਲੇ ਸਨ[8]। ਬਾਬੂ ਰਜਬ ਅਲੀ ਦਾ ਪੜਦਾਦਾ ਸੈਫੂਲ ਸਿੱਧੂਆਂ ਦੇ ਪ੍ਰਸਿੱਧ ਨਗਰ ਫੂਲ ਵਿਚ ਰਹਿੰਦਾ ਸੀ ਜੋ ਬੜਾ ਬਹਾਦਰ, ਸਖੀ ਤੇ ਮਿਲਾਪੜਾ ਬੰਦਾ ਸੀ। ਇਸ ਦੇ ਪੁੱਤਰ ਬੂਟੇ ਖਾਂ ਨੂੰ ਸਾਹੋਕੇ ਦੇ ਸਰਦਾਰ ਧੂਮ ਸਿੰਘ ਦੀ ਪਤਨੀ ਨੇ ਧਰਮ ਭਰਾ ਬਣਾਇਆ ਹੋਇਆ ਸੀ। ਧੂਮ ਸਿੰਘ ਫੂਲ ਵਿਚ ਵਿਆਹਿਆ ਹੋਇਆ ਸੀ। 1860 ਈ. ਦੇ ਕਰੀਬ ਧੂਮ ਸਿੰਘ ਬੂਟੇ ਖਾਂ ਨੂੰ 140 ਘੁਮਾਂ ਜ਼ਮੀਨ ਦੇ ਕੇ ਆਪਣੇ ਕੋਲ ਸਾਹੋਕੇ ਲੈ ਆਇਆ। ਫੂਲ ਤੋਂ ਗੁਰਦਿਆਲ ਸਿੰਘ ਰਮਦਾਸੀਆ ਤੇ ਇੱਕ ਲੁਹਾਰ ਵੀ ਸਾਹੋਕੇ ਆਏ ਸਨ। ਉਹਨਾਂ ਦਿਨਾਂ ਵਿਚ ਜ਼ਮੀਨ ਦੀ ਏਨੀ ਕਦਰ ਨਹੀਂ ਸੀ ਅਤੇ ਧੂਮ ਸਿੰਘ ਬੂਟਾ ਖਾਨ ਵਰਗੇ ਅਣਖੀਲੇ ਬੰਦੇ ਨੂੰ ਆਪਣੇ ਪਿੰਡ ਵਸਾ ਕੇ ਆਪਣੀ ਧਿਰ ਬਣਾਉਣਾ ਚਾਹੁੰਦਾ ਸੀ। ਬੂਟੇ ਖਾਂ ਦੇ ਦੋ ਪੁੱਤਰ ਧਮਾਲੀ ਖਾਂ ਅਤੇ ਹਾਜੀ ਰਤਨ ਖਾਂ ਸਨ। ਧਮਾਲੀ ਖਾਂ ਆਪ ਕਵੀਸ਼ਰ ਸੀ ਇਸ ਨੇ 'ਹੀਰ' ਦਾ ਕਿੱਸਾ ਵੀ ਲਿਖਿਆ ਸੀ। ਇਹ ਆਪ ਹੇਕ ਨਾਲ ਗਾਉਂਦਾ ਸੀ। ਵੀਰੂ ਜੁਲਾਹਾ ਛਪਾਰ ਦੇ ਮੇਲੇ ਉੱਤੇ ਅਲਗੋਜ਼ਿਆਂ ਨਾਲ ਸੰਗਤ ਕਰਦਾ ਸੀ। ਧਮਾਲੀ ਖਾਂ ਨੂੰ ਕਵੀਸ਼ਰੀ ਤੋਂ ਬਿਨਾਂ ਦੰਗਲਾਂ ਦੇ ਅਖਾੜੇ ਲਗਾਉਣ ਦਾ ਬੜਾ ਸ਼ੌਕ ਸੀ; ਇਹ ਬੜਾ ਹਸਮੁਖ, ਹਾਜ਼ਰ ਜਵਾਬ, ਟਿੱਚਰੀ, ਖੁੱਲ-ਦਿਲਾ, ਅਤੇ ਪ੍ਰਾਹੁਣਚਾਰੀ ਉੱਤੇ ਘਰ ਲੁਟਾਉਣ ਵਾਲਾ ਸਖੀ ਸੀ। ਪਿੰਡ ਦੇ ਸਿਆਣੇ ਦਸਦੇ ਹਨ ਕਿ ਧਮਾਲੀ ਖਾਂ ਨੂੰ ਦੰਗਲ ਕਰਾਉਣ ਦਾ ਝੱਲ ਵਰਗਾ ਸ਼ੌਕ ਸੀ। ਉਹ ਹਰ ਸਾਲ ਦੂਰੋਂ ਦੂਰੋਂ ਪਹਿਲਵਾਨ ਬੁਲਾ ਕੇ ਸਾਹੋ ਵਿਚ ਦੰਗਲ ਕਰਾਉਂਦਾ ਸੀ। ਇਲਾਕੇ ਵਿਚ ਧਮਾਲੀ ਖਾਂ ਦੇ ਨਾਂ ਦੀ ਧੁੰਮ ਮੱਚ ਗਈ ਅਤੇ ਲੋਕ 'ਸਾਹੋ' ਨੂੰ 'ਧਮਾਲੀ ਵਾਲੀ ਸਾਹੋ' ਕਹਿਣ ਲਗ ਪਏ।

**ਜਨਮ** : ਧਮਾਲੀ ਖਾਂ ਵਰਗੇ ਕੀਰਤੀਵਾਨ ਕਵੀਸ਼ਰ, ਜਿਸ ਦੇ ਨਾਂ ਦਾ ਡੰਕਾ ਰੋਹੀ ਤੋਂ ਪੁਆਧ ਤੱਕ ਵਜਦਾ ਸੀ; ਪਹਿਲਵਾਨਾਂ ਦੇ ਸਰਪ੍ਰਸਤ, ਪਹਿਲਵਾਨਾਂ ਨੂੰ ਦੁੱਲੜਾ ਕੈਂਠਾ ਤੇ ਦੁੱਧ ਪੀਣ ਲਈ ਮੱਝ ਦਿੱਤੀ ਸੀ; ਅਤੇ ਦਾਨੀ ਪੁਰਖ ਦੇ ਘਰ ਚਾਰ ਧੀਆਂ (ਬੀਬੀ ਭਾਗੀ, ਬੀਬੀ ਸਯਾਦੀ, ਲਾਲ ਬੀਬੀ, ਬੀਬੀ ਰਜਾਦੀ) ਪਿੱਛੋਂ ਵਡੇਰੀ ਉਮਰ ਵਿਚ 10 ਅਗਸਤ, 1894 ਈ. ਨੂੰ ਮਾਤਾ ਜਿਉਣੀ ਦੀ ਕੁੱਖੋਂ ਇਕ ਚੰਨ ਵਰਗਾ ਸੁੰਦਰ ਹੋਣਹਾਰ ਤੇ ਪ੍ਰਤਿਭਾਸ਼ੀਲ ਪੁੱਤਰ ਜੰਮਿਆ ਜਿਸ ਦਾ ਨਾਂ ਰਜਬ ਅਲੀ ਰੱਖਿਆ ਗਿਆ। ਇਸਲਾਮੀ ਪਰੰਪਰਾ ਅਨੁਸਾਰ 'ਰਜਬ' ਹਿਜਰੀ ਸੰਨ ਦੇ ਸਤਵੇਂ ਮਹੀਨੇ ਦਾ ਨਾਂ ਹੈ ਇਸ

Digitized by Panjab Digital Library | www.panjabdigilib.org

ਮਹੀਨੇ ਵਿਚ ਚੌਥੇ ਖਲੀਫ਼ੇ ਹਜ਼ਰਤ ਮੁਹੰਮਦ ਅਲੀ ਦਾ ਜਨਮ ਹੋਇਆ ਸੀ। ਰਜਬ ਬਹਿਸ਼ਤ ਵਿਚ ਪਗਟੇ ਨਿਰਮਲ ਠੰਡੇ ਪਾਣੀ ਵਾਲੇ ਦਰਿਆ ਦਾ ਨਾਂ ਹੈ ਜਿਸ ਦਾ ਅੰਮ੍ਰਿਤ ਵਰਗਾ ਜਲ ਰਜਬ ਦੇ ਮਹੀਨੇ ਰੋਜ਼ੇ ਰਖਣ ਵਾਲਿਆਂ ਨੂੰ ਹੀ ਨਸੀਬ ਹੁੰਦਾ ਹੈ, ਇਸ ਤੋਂ ਧਮਾਲੀ ਖਾਂ ਦੀ ਇਸਲਾਮ ਵਲ ਗਹਿਰੀ ਸ਼ਰਧਾ ਤੇ ਸਮਝ ਦਾ ਝਲਕਾਰਾ ਮਿਲਦਾ ਹੈ। ਰੋਜ਼ਿਆਂ ਤੋਂ ਪਿੱਛੋਂ ਸਿੱਕਾਂ ਸਿਕਦਿਆਂ ਨੂੰ ਜਿਵੇਂ ਈਦ ਦੇ ਚੰਨ ਦੇ ਦਰਸ਼ਨ ਹੁੰਦੇ ਹਨ ਉਸੇ ਤਰ੍ਹਾਂ ਸੁੱਖਾਂ ਸੁਖਦਿਆਂ ਧਮਾਲੀ ਖਾਂ ਨੂੰ ਅੱਲ੍ਹਾ ਤਾਲਾ ਨੇ ਬੇਟੇ ਦੀ ਦਾਤ ਦਿਤੀ। 'ਰਜਬ ਅਲੀ' ਨੇ ਆਪਣੀ ਰਚਨਾ ਵਿਚ ਆਪਣਾ ਨਾਂ 'ਰਜਬ ਅਲੀ ਖਾਂ' ਤੇ 'ਰਜਬਲੀ'[9] ਵੀ ਲਿਖਿਆ ਹੈ। ਰਜਬ ਅਲੀ ਕਵੀ ਦਾ ਇਸਮਿ ਮਾਅਫ਼ਾ ਹੈ, 'ਖਾਂ' ਉਸ ਦਾ ਲਕਬ ਹੈ। 'ਰਜਬਲੀ' ਸ਼ਬਦ ਰਜਬ+ਅਲੀ ਦੀ ਸੰਧੀ ਤੋਂ ਬਣਿਆ ਹੈ। ਜਿਸ ਵਿਚ ਦੂਜੇ ਸ਼ਬਦ ਦਾ ਸਵਰ ਸੰਧੀ ਹੋਣ ਸਮੇਂ ਉੱਡ ਗਿਆ ਹੈ। 'ਬਾਬੂ' ਰਜਬ ਅਲੀ ਦੇ ਕਿੱਤੇ ਦਾ ਸੂਚਕ ਹੈ। ਨਹਿਰ ਦਾ ਓਵਰਸੀਅਰ ਹੋਣ ਕਰ ਕੇ ਸਭ ਇਸ ਨੂੰ 'ਬਾਬੂ ਜੀ'[10] ਆਖਦੇ ਸਨ। ਇਸ ਲਈ ਅੱਗੇ ਜਾ ਕੇ 'ਬਾਬੂ' ਸ਼ਬਦ ਰਜਬ ਅਲੀ ਦੇ ਨਾਂ ਦਾ ਸਦੀਵੀ ਅੰਗ ਬਣ ਗਿਆ। ਬਾਬੂ ਰਜਬ ਅਲੀ ਦੇ ਨਾਨਕੇ ਪਿੰਡ 'ਕੁੱਸਾ', ਤਹਿਸੀਲ ਮੋਗਾ ਵਿਚ ਸਨ। ਰਜਬ ਤਾਂ ਬਹਿਸ਼ਤ ਦਾ ਦਰਿਆ ਹੈ ਪਰ ਰਜਬ ਅਲੀ ਮਾਲਵੇ ਦੀਆਂ ਮਾਰੂ ਰੋਹੀਆਂ ਵਿਚ ਸੂਕਦਾ ਕਵੀਸ਼ਰੀ ਦਾ ਉਹ ਦਰਿਆ ਹੈ ਜਿਸ ਦੇ ਤਿੱਖੇ ਵੇਗ ਨੂੰ ਹਿੰਦਸਤਾਨ ਤੇ ਪਾਕਿਸਤਾਨ ਦੀ ਵੰਡ ਵੀ ਰੋਕ ਨਾ ਸਕੀ। 'ਪੁਤ੍ਰੀ ਗੰਢ ਪਵੈ ਸੰਸਾਰ'[11] ਦੇ ਮਹਾਂਵਾਕ ਅਨੁਸਾਰ ਧਮਾਲੀ ਖਾਂ ਨੇ ਆਪਣੇ ਇਕਲੌਤੇ ਤੇ ਘਰੋੜੀ ਦੇ ਪੁੱਤਰ ਦੇ ਜਨਮ ਦੀ ਖੁਸ਼ੀ ਵਿਚ ਬਹੁਤ ਪੁੰਨ ਦਾਨ ਕੀਤੇ ਅਤੇ ਕਵੀਸ਼ਰੀ ਤੇ ਪਹਿਲਵਾਨਾਂ ਦੇ ਅਖਾੜੇ ਲਗਾਏ। ਪਿੰਡ ਵਿਚ ਤਿੰਨ ਦਿਨ ਮੇਲੇ ਵਰਗਾ ਮਾਹੌਲ ਬਣਿਆ ਰਿਹਾ। ਉਸ ਨੇ ਸਮ੍ਹਾਂ ਵਾਲੇ ਕਾਨ੍ਹੂੰ ਪਹਿਲਵਾਨ ਨੂੰ ਇਕ ਮਣ ਘਿਉ ਤੇ ਦੋ ਬੱਕਰੇ ਇਨਾਮ ਵਿਚ ਦਿੱਤੇ। ਧਮਾਲੀ ਖਾਂ ਨੇ ਇਸ ਮੇਲੇ ਨੂੰ ਸਾਲ ਦੇ ਸਾਲ ਲਗਾਣਾ ਆਰੰਭ ਕਰ ਦਿਤਾ। ਰਜਬ ਅਲੀ ਦੇ ਪਾਕਿਸਤਾਨ ਜਾਣ ਅਤੇ ਪਾਕਿਸਤਾਨ ਵਿਚ ਦਿਹਾਂਤ ਹੋਣ ਤੋਂ ਬਾਅਦ ਵੀ ਨਗਰ ਨਿਵਾਸੀਆਂ ਨੇ ਖੇਡਾਂ ਤੇ ਕਵੀਸ਼ਰੀ ਅਖਾੜੇ ਲਾਉਣ ਦੀ ਪਿਰਤ ਜ਼ਾਰੀ ਰਖੀ। ਬਾਬੂ ਰਜਬ ਅਲੀ ਪੰਜਾਬੀ ਦਾ ਅਜਿਹਾ ਖੁਸ਼ਨਸੀਬ ਕਵੀ ਹੈ ਜਿਸਦੇ ਜਨਮ ਦਿਨ ਨੂੰ ਇਲਾਕੇ ਦੇ ਲੋਕ ਮੇਲੇ ਵਰਗੀ ਸ਼ਕਲ ਵਿਚ ਅਜੇ ਵੀ ਮਨਾਉਂਦੇ ਹਨ।

**ਬਚਪਣ** : ਰਜਬ ਅਲੀ ਮਾਂ ਦੀ ਜ਼ਿੰਦਗੀ ਦੇ ਪ੍ਰਾਣ, ਭੈਣਾਂ ਦੇ ਦਿਲਾਂ ਦੀ ਧੜਕਣ, ਬਾਪ ਦੀਆਂ ਅੱਖਾਂ ਦਾ ਨੂਰ ਅਤੇ ਪਿੰਡ ਦਾ ਪਿਆਰਾ ਸੀ। ਉਸ ਦੀ ਪਾਲਣਾ ਪੋਸਣਾ ਲਾਡਾਂ, ਚਾਅਵਾਂ ਤੇ ਮਲਾਰਾਂ ਨਾਲ ਹੋਈ। ਉਹ ਬੜਾ ਕਰਮਾਂ ਵਾਲਾ ਜੀਅ ਸੀ। ਉਸ ਨੇ ਬਚਪਣ ਵਿਚ ਬੜਾ ਸੁੱਖ ਦਾ ਸਾਹ ਭੋਗਿਆ। ਉਸ ਨੇ ਸਾਹੋਕੇ ਦੇ ਵਿਹੜੇ ਵਿਚ ਰੁੜ੍ਹਨਾ ਤੇ ਕੱਕੇ ਰੇਤੇ ਵਾਲੀਆਂ ਗੱਲੀਆਂ ਵਿਚ ਤੁਰਨਾ ਸਿਖਿਆ।

**ਵਿੱਦਿਆ**: ਧਮਾਲੀ ਖਾਂ ਨੂੰ ਆਪਣੇ ਸੁੱਖਾਂ ਲੱਧੇ ਪੁੱਤਰ ਨੂੰ ਪੜ੍ਹਾਉਣ ਦਾ ਬੜਾ ਸ਼ੌਕ ਸੀ। ਸਾਹੋਕੇ ਵਿੱਚ ਸਕੂਲ ਨਹੀਂ ਸੀ। ਇਸ ਨੂੰ ਛੇ ਸਾਲ ਦੀ ਉਮਰ ਵਿਚ ਪਿੰਡ ਤੋਂ ਮੀਲ ਭਰ 'ਬੰਬੀਹੇ ਭਾਈ ਕੇ' ਪਿੰਡ ਦੇ ਡੀ. ਬੀ. ਪ੍ਰਾਇਮਰੀ ਸਕੂਲ ਦਾਖਲ ਕਰਵਾਇਆ ਗਿਆ। ਧਮਾਲੀ ਖਾਂ ਦੇ ਸ਼ੌਕ ਦਾ ਇਹ ਆਲਮ ਸੀ ਕਿ ਉਹ ਰਜਬ ਅਲੀ ਨੂੰ ਮੋਢਿਆ ਉੱਤੇ ਚੁੱਕ ਕੇ ਹਰ ਰੋਜ਼ ਸਕੂਲ ਛੱਡਣ ਤੇ ਫਿਰ ਲੈਣ ਜਾਂਦਾ ਸੀ। ਇਸ ਸਕੂਲ ਵਿਚ ਹੀ ਉਸ ਨੇ

Digitized by Panjab Digital Library | www.panjabdigilib.org

ਪੰਜ ਜਮਾਤਾਂ ਅਵੱਲ ਰਹਿ ਕੇ ਪਾਸ ਕੀਤੀਆਂ[12] । ਬਾਬੂ ਰਜਬ ਅਲੀ ਆਪਣੀ ਪੜ੍ਹਾਈ ਬਾਰੇ ਆਪ ਲਿਖਦਾ ਹੈ :[13]

"ਮੈਂ ਛੇ ਸਾਲ ਕੀ ਉਮਰ ਮੇਂ ਬੰਬੀਹਾ ਭਾਈ ਗਾਉਂ, ਜੋ ਏਕ ਮੀਲ ਕੇ ਫਾਸਲੇ ਪਰ ਹੈ, ਕੇ ਸਕੂਲ ਮੇਂ ਦਾਖਲ ਹੂਆ । ਮੈਂ ਹਮੇਸ਼ਾਂ ਹੀ ਆਪਣੀ ਜਮਾਤ ਮੇਂ ਅਵੱਲ ਰਹਿਤਾ ਥਾ । ਪਾਂਚਮੀ ਜਮਾਤ ਮੇਂ ਵਜੀਫ਼ੇ ਕੇ ਲੀਏ ਮੋਗਾ ਹਾਈ ਸਕੂਲ ਗਿਆ । ਵਹਾਂ ਤਮਾਮ ਤਹਿਸੀਲ ਕੇ ਲੜਕੇ ਥੇ । ਸਭ ਸੇ ਪਹਿਲੇ ਹਿਸਾਬ ਕੇ ਚਾਰ ਸਵਾਲ ਲਿਖਾਏ । ਮੇਰੇ ਚਾਰੇਂ ਹੀ ਠੀਕ ਥੇ । ਫਿਰ ਇਬਾਰਤ ਲਿਖਾਈ । ਮੇਰੀ ਕੋਈ ਗਲਤੀ ਨਾ ਥੀ । ਇਸ ਤਰ੍ਹਾਂ ਦੂਸਰੇ ਮਜਾਮੀਨ ਮੇਰੇ ਖਿਆਲ ਮੇਂ ਸਭ ਸੇ ਅੱਛੇ ਨਿਕਲੇ ਔਰ ਵਜੀਫਾ ਹਾਸਲ ਕੀਆ ।"

ਰਜਬ ਅਲੀ ਨੂੰ ਛੇਵੀਂ ਜਮਾਤ ਵਿਚ ਗੋ. ਹਾਈ ਸਕੂਲ ਮੋਗਾ ਵਿਚ ਦਾਖਲ ਕਰਵਾਇਆ ਗਿਆ :

ਪੰਜ ਪਾਸ ਕਰਕੇ ਵਗ ਗੇ ਮੋਗੇ, ਮਾਪੇ ਜਿਉਂਦਿਆਂ ਤੋਂ ਸੁਖ ਭੋਗੇ,
ਪੈਸੇ ਖਾ ਮਠਿਆਈਆਂ ਬਚਦੇ, ਰਹਿੰਦੇ ਸੜਕ ਪਰ ਨਚਦੇ,
ਠੁੰਮ ਠੁੰਮ ਚੁਕਦੇ ਪੱਬ ਤਾਂ ਜੀ ।

(ਰਜਬ ਅਲੀ)

ਰਜਬ ਅਲੀ ਵਿਚ ਧਾਰਮਿਕ ਸਹਿਨਸ਼ੀਲਤਾ ਦਾ ਭਾਵ ਬਚਪਣ ਤੋਂ ਸੀ । ਉਸ ਦੇ ਵਿਦਿਆਰਥੀ ਦੋਸਤ ਹਿੰਦੂ, ਸਿੱਖ ਤੇ ਮੁਸਲਮਾਨ ਸਨ[14] । ਹਿਸਾਬ ਦੇ ਸਵਾਲਾਂ ਦੀ ਰਕਮ ਗਲਤ ਹੋਣ ਕਾਰਨ ਉਸ ਦਾ ਅੱਠਵੀਂ ਵਿਚੋਂ ਵਜੀਫਾ ਨਾ ਲਗਿਆ । ਇਸ ਗੱਲ ਦੀ ਇਸ ਨੇ ਏਨੀ ਸ਼ਰਮ ਮੰਨੀ ਕਿ ਮੋਗੇ ਵਾਲੇ ਸਕੂਲ ਤੋਂ ਨਾਮ ਕਟਵਾ ਕੇ ਬਰਜਿੰਦਰਾ ਹਾਈ ਸਕੂਲ, ਫਰੀਦਕੋਟ ਵਿਚ ਦਾਖਲਾ ਲੈ ਲਿਆ[15] ਅਤੇ ਸੰਨ 1912 ਈ. ਵਿਚ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਮੈਟ੍ਰਿਕ ਦਾ ਇਮਤਿਹਾਨ ਸੈਕਿੰਡ ਡਿਵੀਜ਼ਨ ਵਿਚ ਪਾਸ ਕੀਤਾ । ਰਜਲ ਅਲੀ ਨੇ ਉਸ ਸਕੂਲ ਦੇ ਹੈਡ ਮਾਸਟਰ ਪੰਡਤ ਰਾਮ ਨਿਵਾਸ ਦੀ ਸ਼ਖ਼ਸੀਅਤ ਤੇ ਵਿਦਿਵਤਾ ਦਾ ਪ੍ਰਭਾਵ ਗ੍ਰਹਿਣ ਕੀਤਾ । ਰਜਬ ਅਲੀ ਸਰੀਰ ਦਾ ਗੱਠਿਆ ਹੋਇਆ ਸੀ ਅਤੇ ਫਰੀਦਕੋਟ ਦੀ ਕ੍ਰਿਕਟ ਟੀਮ ਦਾ ਕਪਤਾਨ ਸੀ ।[16]

**ਮਾਂ ਦੀ ਕੁਰਬਾਨੀ** : ਰਜਬ ਅਲੀ ਜਦੋਂ ਮੋਗੇ (ਫਰੀਦਕੋਟ) ਪੜ੍ਹਦਾ ਸੀ ਤਾਂ ਬਹੁਤ ਜ਼ਿਆਦਾ ਬਿਮਾਰ ਹੋ ਗਿਆ । ਜਦੋਂ ਬਚਣ ਦੀ ਕੋਈ ਆਸ ਨਾ ਰਹੀ ਤਾਂ ਧਾਰਮਿਕ ਨਿਸ਼ਠਾ ਵਾਲੀ ਮਾਂ ਨੇ ਅੱਲਾਹ ਦੀ ਦਰਗਾਹ ਵਿਚ ਅਰਜੋਈ ਕਰ ਕੇ ਆਪਣੇ ਪੁੱਤਰ ਦੀ ਬਿਮਾਰੀ ਆਪਣੇ ਸਿਰ ਲੈ ਲਈ । ਮਾਂ ਪੂਰੀ ਹੋ ਗਈ । ਪੁੱਤਰ ਨੌਂ ਬਰ ਨੌਂ ਹੋ ਗਿਆ । ਜਿਉਣੀ ਨੇ ਆਪਣੇ ਪ੍ਰਾਣਾਂ ਦੀ ਅਹੂਤੀ ਦੇ ਕੇ ਲਾਡਲੇ ਪੁੱਤਰ, ਪੰਜਾਬੀ ਦੇ ਭਾਵੀ ਸ਼ਾਇਰ ਨੂੰ ਮੌਤ ਦੇ ਮੂੰਹ ਵਿਚੋਂ ਬਚਾਇਆ । ਜਨਮ ਦੇਣ ਵਾਲੀ ਮਾਂ ਨੇ ਆਪਣੀ ਜ਼ਿੰਦਗੀ ਦੇ ਕੇ ਆਪਣੇ ਪੁੱਤਰ ਨੂੰ ਪੁਨਰਜਨਮ ਦਿੱਤਾ । ਇਸ ਦਿਲ ਹਿਲਾ ਦੇਣ ਵਾਲੀ ਘਟਨਾ ਨੂੰ ਰਜਬ ਅਲੀ ਇਸ ਤਰਾਂ ਲਿਖਦਾ ਹੈ :[17]

Digitized by Panjab Digital Library | www.panjabdigilib.org

ਕੁਦਰਤੀ ਮੈਂ ਸਾਰਾ ਸਾਲ ਬਿਮਾਰ ਰਿਹਾ। ਮੇਰੇ ਤੰਦਰਸੁਤ ਹੋਣੇ ਕੀ ਕੋਈ ਉਮੀਦ ਨਾ ਥੀ। ਚੂੰਕਿ ਮੈਂ ਵਾਲਦੈਨ ਦਾ ਇਕਲੌਤਾ ਬੇਟਾ ਥਾ ਇਸ ਲੀਏ ਮੇਰੀ ਵਾਲਦਾ ਨੂੰ ਮੇਰੀ ਅਜ਼ਹਦ ਜ਼ਰੂਰਤ ਸੀ। ਜਬ ਮੇਰੀ ਜ਼ਿੰਦਗੀ ਕੀ ਕੋਈ ਉਮੀਦ ਨਾ ਰਹੀ ਤੋ ਕਹਿਤੇ ਹੈਂ ਕਿ ਮੇਰੀ ਵਾਲਦਾ ਨੇ ਮੇਰੇ ਪਲੰਘ ਦੇ ਗਿਰਦ ਸਾਤ ਚੱਕਰ ਲਗਾਏ ਔਰ ਕਹਾ 'ਮੈਂ ਆਪਣੇ ਲੜਕੇ ਦੀ ਬਿਮਾਰੀ ਲੈ ਲੀਂ'। ਐਨ ਉਸੀ ਵਕਤ ਮੇਰੀ ਮਾਂ ਚਾਰਪਾਈ ਪਰ ਪੜ ਗਈ ਔਰ ਮੈਂ ਤੰਦਰੁਸਤ ਹੋ ਗਿਆ....................।"

(ਰਜਬ ਅਲੀ)

ਰਜਬ ਅਲੀ ਦੀ ਭੈਣ ਬੀਬੀ ਭਾਗੀ ਨੇ ਸਾਹੋਂਕੇ ਵਿਚ ਠਹਿਰ ਕੇ ਆਪਣੇ ਵੀਰ ਨੂੰ ਪਾਲਿਆ। ਇਸੇ ਲਈ ਬਾਬੂ ਜੀ ਆਪਣੀ ਕਵਿਤਾ ਵਿਚ ਮਾਂ ਤੇ ਭੈਣਾਂ ਦਾ ਜ਼ਿਕਰ ਬਹੁਤ ਪਿਆਰ ਤੇ ਜ਼ਜ਼ਬੇ ਗੁੱਧੀ ਭਾਸ਼ਾ ਵਿਚ ਕਰਦਾ ਹੈ।

**ਓਵਰਸੀਅਰੀ ਦੀ ਟ੍ਰੇਨਿੰਗ** : ਆਪਣੇ ਹੈਡ ਮਾਸਟਰ ਪੰਡਤ ਰਾਮਨਿਵਾਸ ਦੀ ਪ੍ਰੇਰਨਾ ਨਾਲ ਰਜਬ ਅਲੀ ਨੇ ਰਸੂਲ[18], ਜ਼ਿਲ੍ਹਾ ਗੁਜਰਾਤ ਦੇ ਨਵੇਂ ਖੁੱਲ੍ਹੇ ਇੰਜਨਿਰਿੰਗ ਕਾਲਜ ਵਿਚ ਦੋ ਸਾਲ ਦੇ ਓਵਰਸੀਅਰੀ ਦੇ ਕੋਰਸ ਵਿਚ ਦਾਖਲਾ ਲਿਆ ਅਤੇ ਸੰਨ 1914 ਈ. ਵਿਚ ਉਵਰਸੀਅਰੀ ਦੀ ਟਰੇਨਿੰਗ ਕਲਾਸ ਵਿਚੋਂ ਪੰਜਵੇਂ ਸਥਾਨ ਵਿਚ ਪਾਸ ਕੀਤੀ। ਇਥੇ ਇਹ ਫੁੱਟਬਾਲ ਦਾ ਵਧੀਆ ਖਿਡਾਰੀ ਸੀ। ਇਸ ਨੇ ਵਿਵਹਾਰਕ ਸਿੱਖਿਆ ਲਈ ਮੁਲਤਾਨ ਦੇ ਇਕ ਓਵਰਸੀਅਰ ਦੀ ਸ਼ਾਗਿਰਦੀ ਕੀਤੀ।

**ਉਸਤਾਦ ਧਾਰਣਾ** : ਰਜਬ ਅਲੀ ਨੇ ਬਹੁਤ ਸਾਰੇ ਉਸਤਾਦਾਂ ਤੋਂ ਵਿਦਿਆ ਗ੍ਰਹਿਣ ਕੀਤੀ :

ਬਹੁਤਿਆਂ ਫੜ ਉਸਤਾਦਾਂ ਸਿਧਿਆ। ਫ਼ਾਰਸੀ ਇੰਗਲਿਸ਼ ਪੜ ਲੀ ਵਿਦਿਆ।

(ਵਿਚ ਖੜੇ ਕਚਿਹਰੀ ਦੇ—ਰਜਬ ਅਲੀ)

ਰਜਬ ਅਲੀ ਨੇ ਪੰਡਤ ਰਾਮ ਨਿਵਾਸ ਤੋਂ ਕਾਵਿ-ਬੋਧ ਪ੍ਰਾਪਤ ਕੀਤਾ।[19] ਉਸਨੇ ਵੱਖ ਵੱਖ ਉਸਤਾਦਾਂ ਤੋਂ ਪੰਜਾਬੀ, ਫ਼ਾਰਸੀ, ਉਰਦੂ ਤੇ ਅੰਗ੍ਰੇਜ਼ੀ[20] ਦੇ ਪਿੰਗਲ ਪੜ੍ਹੇ। ਰਜਬ ਅਲੀ ਨੇ ਮਾਲਵਾ ਦੇਸ ਦੇ ਪੁਰਾਣੇ[21] ਤੇ ਪ੍ਰਸਿੱਧ ਕਵੀਸ਼ਰ ਮਾਨ ਸਿੰਘ ਨੂੰ ਆਪਣਾ ਉਸਤਾਦ ਧਾਰਿਆ[22]। ਬਾਬੂ ਜੀ ਉਸ ਨੂੰ ਕਵੀਸ਼ਰਾਂ ਦਾ ਸ਼੍ਰੋਮਣੀ ਆਖਦਾ ਹੈ :

ਮਾਨ ਸਿਉਂ ਕਵੀਸ਼ਰਾਂ ਦਾ ਸ਼੍ਰੋਮਣੀ ਐ। ਬੋਧਕ ਗਰਾਮਰ ਉਹਨਾਂ ਦੀ ਬਣੀ ਐ।<br>
ਸੱਚ ਕਹਾ ਖਾਵਾਂ ਕੂੜ ਦੀ ਸੁਗੰਧਿ ਨਾ। ਦੋਊ ਜੋੜ ਸ਼ਾਇਰਾਂ ਨੂੰ ਹਮਾਰੀ ਬੰਦਨਾ।

(ਬਾਬੂ ਰਜਬ ਅਲੀ)

**ਉਸਤਾਦ ਕਵੀਸ਼ਰ ਮਾਨ ਸਿੰਘ** : ਮਾਨ ਸਿੰਘ ਪਿੰਡ ਬੁਰਜ ਕਾਹਨ ਸਿੰਘ ਵਾਲਾ, ਨੇੜੇ ਭੁੱਚੋ-ਮੰਡੀ, ਜ਼ਿਲ੍ਹਾ ਬਠਿੰਡਾ ਦਾ ਵਸਨੀਕ ਸੀ। ਇਹ ਜਾਤ ਦਾ ਜੱਟ ਅਤੇ ਗੋਤ ਦਾ ਸਿੱਧੂ ਸੀ। ਇਸ ਦਾ ਜਨਮ 26 ਦਸੰਬਰ, 1873 ਈ. ਨੂੰ ਮਾਤਾ ਜਿਉਣ ਕੌਰ ਦੀ ਕੁੱਖੋਂ ਮੱਲ ਸਿੰਘ ਦੇ ਘਰ ਹੋਇਆ[23]। ਇਸ ਦੇ ਦਾਦੇ ਦਾ ਨਾਂ ਦਯਾ ਸਿੰਘ ਸੀ। ਇਸ ਨੇ ਪਿੰਡ ਦੇ ਡੇਰੇ ਦੇ ਸਾਧਾਂ ਕੋਲੋਂ ਪੜ੍ਹਾਈ ਕੀਤੀ। ਇਸਨੇ ਉਰਦੂ ਤੇ ਸੰਸਕ੍ਰਿਤ ਦਾ ਗਿਆਨ ਵੀ ਪ੍ਰਾਪਤ

Digitized by Panjab Digital Library | www.panjabdigilib.org

ਕੀਤਾ । ਇਸ ਦਾ ਵਿਆਹ 1895 ਈ. ਵਿਚ ਸਾਹਿਬ ਕੌਰ ਨਾਲ ਹੋਇਆ । ਇਸ ਦੇ ਚਾਰ ਲੜਕੇ ਤੇ ਇਕ ਲੜਕੀ ਪੈਦਾ ਹੋਈ ।

ਮਾਨ ਸਿੰਘ ਨੇ ਮਾੜੀ ਵਾਲੇ ਸੰਤਾਂ ਤੋਂ ਪਿੰਗਲ ਪੜ੍ਹਿਆ ਅਤੇ ਹਿਕਮਤ ਦੇ ਗ੍ਰੰਥ ਰੈਣ ਦਾਸ ਤੋਂ ਪੜ੍ਹੇ । ਇਸ ਨੇ ਸਤ੍ਹਾਰਾਂ ਸਾਲਾਂ ਦੀ ਉਮਰ ਵਿਚ ਕਵੀਸ਼ਰੀ ਕਰਨੀ ਆਰੰਭੀ ਤੇ ਆਪਣਾ ਹੀ ਕਵੀਸ਼ਰੀ ਜੱਥਾ ਤਿਆਰ ਕੀਤਾ । ਇਹ ਖੁੱਲ੍ਹੇ ਤੇ ਧਾਰਮਿਕ ਅਖਾੜੇ ਲਾਉਂਦਾ ਸੀ । ਇਸ ਦੇ ਸਾਥੀ ਸਨ ਗੱਜਣ ਸਿੰਘ ਤੁਪਾ, ਅਰਜਨ ਸਿੰਘ ਤੋਗਾ-ਵਾਲਾ, ਇੰਦਰ ਸਿੰਘ ਭੂੜੀਆ, ਤੋਤਾ ਕੱਚੀ ਭੁੱਚੋ । ਮੰਗਲਦਾਸ ਬਦਰਾ ਵੀ ਮਾਨ ਸਿੰਘ ਦਾ ਚੇਲਾ ਸੀ । ਇਸ ਨੇ ਹਾਂਗਕਾਂਗ, ਸੰਘਈ ਆਦਿ ਪ੍ਰਦੇਸੀ ਸ਼ਹਿਰਾਂ ਵਿਚ ਕਵੀਸ਼ਰੀ ਗਾਈ । ਮਾਨ ਸਿੰਘ ਨੂੰ ਸੁੱਚਾ ਸਿੰਘ ਸੂਰਮਾ ਖੁਦ ਮਿਲਿਆ ਸੀ ਅਤੇ ਸੁੱਚਾ ਸਿੰਘ ਸੂਰਮਾ ਦਾ ਸਭ ਤੋਂ ਪਹਿਲਾ ਕਿੱਸਾ ਇਸ ਨੇ ਹੀ ਬਣਾਇਆ ਸੀ । ਇਸ ਨੂੰ ਮਹਾਰਾਜਾ ਹੀਰਾ ਸਿੰਘ ਦੇ ਪੁੱਤਰ ਅਰਦਮਨ ਸਿੰਘ ਦੇ ਜਨਮ ਉੱਤੇ ਕਵੀਸ਼ਰੀ ਗਾਉਣ ਲਈ ਨਾਭੇ ਬੁਲਾਇਆ ਗਿਆ ਸੀ । ਇਸ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :

ਪ੍ਰਕਾਸ਼ਿਤ : ਪੱਤਲ[24] (1898 ਈ.) ਬੋਧਿਕ ਪਿੰਗਲ, ਧਰਮ ਯੁੱਧ ।
ਅਪ੍ਰਕਾਸ਼ਿਤ[25] : ਸੁੱਚਾ ਸਿੰਘ ਸੂਰਮਾ, ਕੀਮਾ ਮਲਕੀ, ਪ੍ਰਸੰਗ ਵੱਡੇ ਸਾਹਿਬਜ਼ਾਦੇ, ਮੰਗਲਾਚਰਣ ਉਸਤਤਿ ਪ੍ਰਮਾਤਮਾ, ਚੂਹੜ ਸਿੰਘ ਦਲੀਪ ਸਿੰਘ, ਗਊ ਦੀਆਂ ਕੂਕਾਂ ।

ਬਾਬੂ ਰਜਬ ਅਲੀ ਨੇ ਮਾਨ ਸਿੰਘ ਨੂੰ 1921 ਈ. ਦੇ ਕਰੀਬ ਵਿਧੀ ਪੂਰਵਕ ਉਸਤਾਦ ਧਾਰਿਆ । ਮਾਨ ਸਿੰਘ ਬਾਬੂ ਜੀ ਕੋਲ, ਚੱਕਾਂ ਦੀ ਕੋਠੀ ਵਿਚ ਆਉਂਦਾ ਸੀ । ਰਜਬ ਅਲੀ ਆਪਣੇ ਉਸਤਾਦ ਦਾ ਜ਼ਿਕਰ ਬੜੇ ਮਾਨ ਤੇ ਸਤਿਕਾਰ ਨਾਲ ਕਰਦਾ ਹੈ ਤੇ ਆਪਣੇ ਖ਼ਤਾਂ ਵਿਚ ਕਾਵਿ-ਗੁਰੂ ਲਿਖਦਾ ਹੈ ।[26]

**ਨੌਕਰੀ** : ਬਾਬੂ ਰਜਬ ਅਲੀ ਦੀ ਨੌਕਰੀ ਬਤੌਰ ਓਵਰਸੀਅਰ ਦਾ ਸ੍ਰੀ ਗਣੇਸ਼ ਬੰਗਲਾ ਗੋਹਾਟੀ, ਤਹਿਸੀਲ ਮਰਦਾਨ, ਜ਼ਿਲ੍ਹਾ, ਪਿਸ਼ਾਵਰ ਤੋਂ ਹੋਇਆ । ਇਹ ਅਜਿਹੀ ਥਾਂ ਸੀ ਜਿੱਥੇ ਪਠਾਣਾਂ ਦਾ ਬੋਲ ਬਾਲਾ ਸੀ ਅਤੇ ਇਸ ਨੂੰ ਅੱਧੀ ਤਨਖਾਹ ਨਾਲੋਂ 25 ਰੁਪਏ ਅਲਾਊਂਸ ਵੱਖਰਾ ਮਿਲਦਾ ਸੀ[27] । ਬਾਬੂ ਜੀ ਕੋਲ ਉਸ ਦਾ ਚਚੇਰਾ ਭਾਈ ਨਵਾਬ ਖਾਂ ਵੀ ਰਹਿੰਦਾ ਸੀ । ਇੱਥੇ ਹੀ ਬਾਬੂ ਜੀ ਨੇ ਆਪਣੀ ਪਲੇਠੀ ਰਚਨਾ 'ਹੀਰ' ਲਿਖੀ । ਉਸ ਦੇ ਪਿਤਾ ਨੇ ਵੰਗਾਰਿਆ ਸੀ ਕਿ ਉਹ ਉਹ ਦੇ ਵਰਗੀ ਹੀਰ ਲਿਖ ਕੇ ਦਿਖਾਏ । ਸੰਨ 1915 ਈ. ਵਿਚ ਇਸ ਦੀ ਬਦਲੀ[28] ਅਖਾੜੇ ਦੇ ਬੰਗਲੇ (ਜ਼ਿਲਾ ਲੁਧਿਆਣਾ) ਵਿਚ ਹੋ ਗਈ । ਪਹਿਲੇ ਮਹਾਂਯੁਧ ਛਿੜ ਜਾਣ ਕਾਰਨ 1916 ਈ. ਵਿਚ ਜੰਗੀ ਉਸਾਰੀ ਲਈ ਇਹ ਬਸਰੇ[29] ਭੇਜ ਦਿਤਾ ਗਿਆ । ਇਹ ਇਰਾਕ ਦੇ ਬਗਦਾਦ ਵਿਚ ਵੀ ਰਿਹਾ ਅਤੇ ਇਸ ਨੇ ਕੋਹਕਾਫ ਦੇ ਲਾਗੇ ਸਬਜ਼ ਸ਼ਹਿਰ ਦੀ ਸੈਰ ਕੀਤੀ ।

ਸੰਨ 1917 ਈ. ਵਿਚ ਇਹ ਬਗਦਾਦ ਤੋਂ ਸਾਹੋਕੇ ਆ ਗਿਆ ਅਤੇ ਫਿਰ ਇਸ ਦੀ ਨਹਿਰ ਸਰਹਿੰਦ ਦੀ ਅਬੋਹਰ ਬਰਾਂਚ ਉੱਤੇ ਮਹਾਂਵੱਧਰ ਪਿੰਡ ਵਿਚ ਪੱਕੀ ਨਿਯੁਕਤੀ ਹੋ ਗਈ । ਇਸ ਦੀ ਨੌਕਰੀ ਦਾ ਵਿਉਰਾ ਇਸ ਪ੍ਰਕਾਰ ਹੈ :

Digitized by Panjab Digital Library | www.panjabdigilib.org

ਮਹਾਂਵੱਧਰ (ਤਹਿਸੀਲ ਮੁਕਤਸਰ) 1917-18 ਈ., ਮੁਕਤਸਰ 1918-19 ਈ., ਢੈਪਈ (ਨੇੜੇ ਕੋਟ ਕਪੂਰਾ) 1919-21 ਈ., ਕੈਰਾ ਕੋਠੀ (ਬਠਿੰਡਾ ਬ੍ਰਾਂਚ) 1921-24 ਈ., ਰਾਮਪੁਰ (ਰਿਆਸਤ ਨਾਭਾ) 1924-26 ਈ., ਬਿਸ਼ਨਪੁਰ (1926-29 ਈ.), ਤਿਉਣਾ-1929-32 ਈ., ਮਾਹੂਆਣਾ-1932-35, ਈ. ਛਿਪਾਂ ਵਾਲੀ (ਤਹਿਸੀਲ ਫਾਜ਼ਲਿਕਾ) 1935-39 ਈ., ਨਹਿਰ ਭੇਰਾ (ਜ਼ਿਲਾ ਮੁਜ਼ਫਰਗੜ੍ਹ) 1939 ਈ. । ਇਸ ਜਗ੍ਹਾ ਦਾ ਪਾਣੀ ਰਾਸ ਨਾ ਆਇਆ । ਇਸ ਲਈ ਉਸ ਨੇ 1940 ਈ. ਵਿਚ ਨੌਕਰੀ ਤੋਂ ਪੈਨਸ਼ਨ ਲੈ ਲਈ । ਉਸ ਨੇ 26/27 ਸਾਲ ਨੌਕਰੀ ਕਰਕੇ ਕੇਵਲ 46 ਸਾਲ ਦੀ ਉਮਰ ਵਿਚ ਪੈਨਸ਼ਨ ਲੈ ਲਈ ।[30] ਕਈ ਆਖਦੇ ਹਨ ਕਿ ਉਸ ਨੂੰ ਅਖੀਰ ਵੇਲੇ ਐਸ.ਡੀ.ਓ. ਬਣਾ ਦਿੱਤਾ ਸੀ ਪਰ ਇਹ ਗਲਤ ਹੈ ਕਿਉਂਕਿ ਬਾਬੂ ਜੀ ਪਾਕਿਸਤਾਨ ਤੋਂ ਆਪਣੀ ਖ਼ਤੋ ਖ਼ਿਤਾਬਤ ਵਿਚ ਦਸਤਖਤਾਂ ਹੇਠ ਓਵਰਸੀਅਰ ਹੀ ਲਿਖਦਾ ਹੈ । ਵਾਸਤਵ ਵਿਚ ਦੇਸ਼ ਭਗਤੀ ਦੀਆਂ ਕਵਿਤਾਵਾਂ ਲਿਖਣ ਕਰਕੇ ਇਹ ਸਰਕਾਰ ਦੀਆਂ ਅੱਖਾਂ ਵਿਚ ਰੋੜ ਵਾਂਗ ਰੜਕਣ ਲਗ ਪਿਆ ਸੀ । ਇਸ ਦੀ ਤਰੱਕੀ ਬੰਦ ਕਰ ਦਿਤੀ ਗਈ ਸੀ । ਇਸ ਕਸ਼ਮਕਸ਼ ਵਿਚ ਬਾਬੂ ਨੇ ਸਮੇਂ ਤੋ ਪਹਿਲਾਂ ਰੀਟਾਇਰਮੈਂਟ ਲੈ ਲਈ ।

ਬਾਬੂ ਰਜਬ ਅਲੀ ਨੇ ਆਪਣੀ ਨੌਕਰੀ ਸਮੇਂ ਬਹੁਤ ਸਾਰੇ ਮੋਘੇ ਲਗਾ ਕੇ ਜੱਟਾਂ ਦੇ ਕੰਮ ਕੀਤੇ ਤੇ ਬਹੁਤ ਸਾਰੇ ਠੇਕੇਦਾਰਾਂ ਨਾਲ ਕੰਮ ਕਰਕੇ ਇਲਾਕੇ ਵਿਚ ਆਪਣੀ ਪੈਂਠ ਬਣਾਈ :

ਠੇਕੇਦਾਰ ਅਨੇਕਾਂ ਨੇ, ਮੇਰੇ ਪਾਸ ਰਹਿ ਕੇ, ਬੜੇ ਸੁੱਖ ਭੋਗੇ ।
ਜੱਟ ਦਿਲੋਂ ਭੁਲਾਉਂਦੇ ਨਾ, ਜਿਨ੍ਹਾਂ ਦੇ ਲਾ ਤੇ ਦਾਸ ਨੇ ਮੋਘੇ ।

**(ਫੁਟਕਲ ਛੰਦ—ਰਜਬ ਅਲੀ)**

ਠੇਕੇਦਾਰੋ ਮਾਰਿਓ ਨਾ ਕਿਸੇ ਦੇ ਹੱਕਾਂ ਨੂੰ, ਹਜ਼ਾਰਾਂ ਸਾਲ ਵਰਤੇ ।
ਚੰਗੇ ਮੋਘ ਲਾ ਦਿਤੇ ਜਿਨਾਂ ਦੇ ਚੱਕਾਂ ਨੂੰ, ਬੜੇ ਨਿਹਾਲ ਕਰਤੇ ।

**(ਦਹੂਦ—ਰਜਬ ਅਲੀ)**

**ਖੇਤੀ ਕਰਨੀ :** ਬਾਬੂ ਰਜਬ ਅਲੀ ਦੀ ਪਿੰਡ ਸਾਹੋਕੇ ਵਿੱਚ ਚੰਗੀ (70 ਘੁਮਾਂ) ਜੱਦੀ ਜ਼ਮੀਨ ਸੀ । ਉਸ ਨੇ ਕੁਝ ਹੋਰ ਪੈਲੀ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਮੋਹਕਮ ਵਾਲਾ ਤੇ ਪਿੰਡ ਕਾਲਾ ਟਿੱਬਾ ਵਿਚ ਖਰੀਦੀ[31] । ਉਸ ਕਾਲੇ ਟਿੱਬੇ ਵਿਚ ਆਪਣਾ ਨਵਾਂ ਮਕਾਨ ਬਣਇਆ ਅਤੇ ਉਸ ਦੇ ਸ਼ਾਗਿਰਦਾਂ ਨੇ ਮਕਾਨ ਬਣਾਉਣ ਵਿਚ ਸਹਾਇਤਾ ਵੀ ਕੀਤੀ । ਬਾਬੂ ਜੀ ਨੇ ਆਪ ਖੇਤੀ ਬਾੜੀ ਕਰਵਾਉਣੀ ਆਰੰਭ ਕਰ ਦਿੱਤੀ ਸੀ ।

**ਸ਼ਾਦੀਆਂ** : ਬਾਬੂ ਰਜਬ ਅਲੀ ਨੇ ਇਸਲਾਮੀ ਪਰੰਪਰਾ ਅਨੁਸਾਰ ਚਾਰ ਸ਼ਾਦੀਆਂ ਕਰਵਾਈਆਂ । ਇਸ ਦੀ ਪਹਿਲੀ ਸ਼ਾਦੀ ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਦੀ ਖ਼ੂਬਸੂਰਤ ਲੜਕੀ ਭਾਗੋ ਨਾਲ ਹੋਈ । ਇਸ ਤੋਂ ਦੋ ਲੜਕੇ ਪੈਦਾ ਹੋਏ । ਦੂਜੀ ਸ਼ਾਦੀ ਦਾ ਸੱਬਬ ਇਹ ਬਣਿਆ ਕਿ ਜਦੋਂ ਰਜਬ ਅਲੀ ਮੁਕਤਸਰ ਓਵਰਸੀਅਰ ਲਗ ਕੇ ਗਿਆ ਉਹ ਮੁਕਤਸਰ ਦੇ ਲਾਗਲੇ ਪਿੰਡ ਗੰਦੜ ਦੀ ਸੁੰਦਰ ਲੜਕੀ ਫਾਤਮਾ ਦੇ ਹੁਸਨ ਦਾ ਦੀਵਾਨਾ ਹੋ ਗਿਆ । ਧਮਾਲੀ ਖਾਂ ਨੇ ਫਾਤਮਾ ਦੇ ਗਰੀਬ ਮਾਪਿਆਂ ਨਾਲ ਸਾਕ ਪੱਕਾ ਕਰ ਲਿਆ । ਫਾਤਮਾ ਦੇ ਕੋਈ ਉਲਾਦ ਨਹੀਂ ਸੀ । ਕਰਨੀ ਰਬ ਦੀ ਅਜਿਹੀ ਹੋਈ ਕਿ ਭੈਣਾਂ ਵਾਂਗ ਰਲ ਕੇ

Digitized by Panjab Digital Library | www.panjabdigilib.org

ਵਸਦੀਆਂ ਫਾਤਮਾਂ ਤੇ ਭਾਗੋ ਉਪਰੋ-ਥਲੀ ਅੱਲ੍ਹਾ ਨੂੰ ਪਿਆਰੀਆਂ ਹੋ ਗਈਆਂ। ਬੱਚੇ ਛੋਟੇ ਛੋਟੇ ਸਨ। ਉਹਨਾਂ ਦੀ ਪਾਲਨਾ ਪੋਸਣਾ ਕਰਨ ਦੀ ਸਮੱਸਿਆ ਸੀ। ਇਸ ਲਈ ਬਾਬੂ ਰਜਬ ਅਲੀ ਨੇ ਰਹਿਮਤ ਬੀਬੀ ਨਾਲ ਤੀਜੀ ਸ਼ਾਦੀ ਕਰ ਲਈ ਜੋ ਪਿੰਡ ਕਾਲਾ ਟਿੱਬਾ ਦੀ ਰਹਿਣ ਵਾਲੀ ਸੀ। ਇਸ ਦੇ ਕੁੱਖੋਂ ਦੋ ਲੜਕੇ ਤੇ ਦੋ ਲੜਕੀਆਂ ਪੈਦਾ ਹੋਈਆਂ। ਬਾਬੂ ਜੀ ਨੇ ਚੌਥੀ ਸ਼ਾਦੀ ਆਪਣੀ ਸਾਲੀ ਦੌਲਤਾਂ ਬੀਬੀ ਨਾਲ ਕੀਤੀ ਜੋ ਸਭ ਤੋਂ ਪਹਿਲੀ ਇਸਤ੍ਰੀ ਭਾਗੋ ਦੀ ਛੋਟੀ ਭੈਣ ਸੀ। ਬੀਬੀ ਦੌਲਤਾਂ ਉੱਤੇ ਰਬ ਨੇ ਹੁਸਨ ਦੀ ਵਰਖਾ ਕੀਤੀ ਸੀ ਅਤੇ ਬਾਬੂ ਜੀ ਇਸਦੇ ਅਨੂਠੇ ਰੂਪ ਉੱਤੇ ਆਸ਼ਕ ਸੀ। ਬਾਬੂ ਜੀ ਖ਼ੁਦ ਦਸਦੇ ਹਨ ਕਿ ਨਾਇਕਾ ਦੀ ਸੁੰਦਰਤਾ-ਭੇਦ ਤੇ ਨਖਸ਼ਿਖ ਵਰਨਣ ਕਰਨ ਸਮੇਂ ਉਹਨਾਂ ਨੇ ਦੌਲਤਾਂ ਬੀਬੀ ਦਾ ਹੁਸਨ ਹੀ ਸ਼ਬਦਾਂ ਦੇ ਸਾਂਚੇ ਵਿਚ ਢਾਲਿਆ ਹੈ[32] :

> "ਵਾਰਿਸ ਸ਼ਾਹ ਦੀ ਲਗਨ ਵਾਂਗੂ ਮੈਨੂੰ ਵੀ ਮੇਰੀ ਪਹਿਲੀ ਸਾਲੀ ਨਾਲ ਦੌਲਤ-ਬੀਬੀ ਨਾਲ ਇਸ਼ਕ ਸੀ। ਇਸ ਲਈ ਜਿਥੇ ਕਿਤੇ ਵੀ ਕਿਸੇ ਜਨਾਨੀ ਦੀ ਤਾਰੀਫ ਕਰਨੀ ਪਈ ਹੈ ਦੌਲਤ ਬੀਬੀ ਦੇ ਨਕਸ਼ ਹੀ ਸਾਹਮਣੇ ਆ ਜਾਂਦੇ ਸਨ ਕਿਉਂਕਿ ਉਹ ਬੜੀ ਹੁਸੀਨ ਸੀ।"
>
> (ਰਜਬ ਅਲੀ)

**ਸੰਤਾਨ :** ਬਾਬੂ ਰਜਬ ਅਲੀ ਦੇ ਚਾਰ ਪੁੱਤਰ ਅਦਾਲਤ ਖਾਂ, ਆਕਲ ਖਾਂ, ਸ਼ਮਸ਼ੇਰ ਖਾਂ ਅਤੇ ਅਲੀ ਸਰਦਾਰ ਪੈਦਾ ਹੋਏ। ਬਾਬੂ ਜੀ ਦੀਆਂ ਦੋ ਧੀਆਂ ਗੁਲਜ਼ਾਰ ਬੇਗਮ ਤੇ ਸ਼ਮਸ਼ਾਦ ਬੇਗਮ ਸਨ ਜੋ ਰਹਿਮਤ ਬੀਬੀ ਦੀ ਕੁੱਖੋਂ ਪੈਦਾ ਹੋਈਆਂ ਸਨ। ਬਾਬੂ ਜੀ ਦੀ ਦੂਜੀ ਤੇ ਚੌਥੀ ਪਤਨੀ ਕ੍ਰਮਵਾਰ ਫਾਤਮਾ ਬੀਬੀ, ਦੌਲਤਾਂ ਬੀਬੀ ਦੀ ਕੋਈ ਸੰਤਾਨ ਨਹੀਂ ਸੀ।

ਬਾਬੂ ਜੀ ਦੇ ਵੱਡੇ ਪੁੱਤਰ ਅਦਾਲਤ ਖਾਂ ਤੇ ਆਕਲ ਖਾਂ ਦੀ ਸ਼ਾਦੀ ਦੇਸ਼ ਦੀ ਵੰਡ ਤੋਂ ਪਹਿਲਾਂ ਹੋਈ। ਇਸ ਦੇ ਇੱਕ ਪੁੱਤਰ ਅਤੇ ਦੋ ਧੀਆਂ ਹਨ। ਆਕਲ ਖਾਂ ਦਾ ਵਿਆਹ ਰਿਆਸਤ ਨਾਭਾ ਦੇ ਪਿੰਡ ਜਲਾਲ ਵਿਚ ਰਾਜ ਬੀਬੀ ਨਾਲ ਹੋਇਆ। ਰਾਜ ਬੀਬੀ ਦੇ ਕੋਈ ਸੰਤਾਨ ਨਹੀਂ ਸੀ। ਅਦਾਲਤ ਖਾਂ ਤੇ ਆਕਲ ਖਾਂ ਬੱਤੀ ਚੱਕ ਉਕਾੜੇ ਵਿਚ ਵਾਹੀ ਕਰਦੇ ਹਨ।[33]

ਬਾਬੂ ਜੀ ਦੇ ਦੂਜੇ ਦੋ ਪੁੱਤਰ ਸ਼ਮਸ਼ੇਰ ਖਾਂ ਅਤੇ ਅਲੀ ਸਰਦਾਰ ਦੋਵੇਂ ਪਾਕਿਸਤਾਨ ਵਿਚ ਅਧਿਆਪਕ ਲਗੇ ਹੋਏ ਹਨ। ਸ਼ਮਸ਼ੇਰ ਖਾਂ ਦੀ ਸ਼ਾਦੀ ਬੱਤੀ ਚੱਕ ਦੇ ਚੋਧਰੀ ਦੀ ਧੀ ਨਾਲ ਹੋਈ। ਇਸ ਦੇ ਚਾਰ ਲੜਕੇ ਅਤੇ ਦੋ ਲੜਕੀਆਂ ਹਨ। ਅਲੀ ਸਰਦਾਰ ਦਾ ਨਿਕਾਹ ਖੁਰਸ਼ੀਦ ਬੇਗਮ ਮੀਆਂ ਚੱਕ 46115 ਐਲ/ਐਨ (ਜ਼ਿਲਾ ਮੁਲਤਾਨ) ਨਾਲ ਹੋਇਆ। ਇਸ ਦੇ ਦੋ ਲੜਕੇ ਅਤੇ ਤਿੰਨ ਲੜਕੀਆਂ ਹਨ।

ਬਾਬੂ ਰਜਬ ਅਲੀ ਨੇ ਫੁੱਲ ਵਰਗੀਆਂ ਆਪਣੀਆਂ ਦੋਵੇਂ ਧੀਆਂ ਸ਼ਮਸ਼ਾਦ ਤੇ ਗੁਲਜ਼ਾਰ ਬੀਬੀ ਨੂੰ ਆਪਣੀ ਅੰਤਾਂ ਦੀ ਪਿਆਰੀ ਭੈਣ ਲਾਲ ਬੀਬੀ ਦੀ ਝੋਲੀ ਪਾਇਆ[34]। ਸ਼ਮਸ਼ਾਦ ਬੇਗਮ ਦਾ ਵਿਆਹ 1937 ਈ. ਵਿਚ ਸਰਦਾਰ ਰਸੀਦ ਖਾਂ ਨਾਲ ਹੋਇਆ ਜੋ ਬਾਬੂ ਜੀ ਦੀ ਭੈਣ ਲਾਲ ਬੀਬੀ ਦੇ ਪੁੱਤਰ ਬੈਰਮ ਖਾਂ ਨਾਲ ਹੋਇਆ ਸੀ। ਬਾਬੂ ਨੇ ਸ਼ਮਸ਼ਾਦ ਬੇਗਮ ਦੀ ਸ਼ਾਦੀ ਬੜੀ ਧੂਮਧਾਮ ਨਾਲ ਹਜ਼ਾਰਾਂ ਰੁਪਏ ਦੇ ਦਾਜ ਦੇ ਕੇ

Digitized by Panjab Digital Library | www.panjabdigilib.org

ਕੀਤੀ ਸੀ ।[35]

**ਭੈਣਾਂ** : ਬਾਬੂ ਰਜਬ ਅਲੀ ਦਾ ਆਪਣੀ ਮਾਂ ਤੇ ਆਪਣੀਆਂ ਭੈਣਾਂ ਨਾਲ ਬੇਹੱਦ ਪਿਆਰ ਸੀ । ਇਸ ਦੀਆਂ ਚਾਰ ਭੈਣਾਂ ਸਨ । ਸਭ ਤੋਂ ਵੱਡੀ ਭਾਗੀ, ਜੋ ਨੀਵੀਂ ਤਲਵੰਡੀ ਵਿਆਹੀ ਸੀ, ਜਿਸ ਨੇ ਆਪਦੀ ਮਾਂ ਜਿਉਣੀ ਦੀ ਮੌਤ ਪਿੱਛੋਂ ਆਪਣੇ ਭਰਾ ਨੂੰ ਪਾਲਿਆ ਸੀ । ਇਸ ਦੇ ਲੜਕੇ ਦਾ ਨਾਂ ਅਮੀਰ ਖਾਂ ਹੈ । ਬਾਬੂ ਜੇ 20.4.1957 ਨੂੰ ਕਵੀਸ਼ਰ ਬਸੰਤ ਸਿੰਘ ਨੂੰ ਲਿਖੇ ਖ਼ਤ ਵਿਚ ਇਸ ਦੇ ਦਿਹਾਂਤ ਦਾ ਜ਼ਿਕਰ ਕੀਤਾ ਹੈ । ਇਸ ਦੀ ਦੂਜੀ ਭੈਣ ਸਯਾਦੀ ਬਠਿੰਡੇ ਵਿਆਹੀ ਹੋਈ ਸੀ । ਇਸ ਦੇ ਦੋਵੇਂ ਪੁੱਤਰ ਫਤਹਿ ਖਾਂ ਅਤੇ ਅਜ਼ੀਜ਼ ਖਾਂ[36] ਅਖਾੜਿਆਂ ਵਿਚ ਕਵੀਸ਼ਰੀ ਗਾਉਂਦੇ ਸਨ । ਤੀਜੀ ਭੈਣ ਲਾਲ ਬੀਬੀ ਮੋਹਕਮ ਵਾਲੇ ਦੇ ਤਕੜੇ ਜ਼ਿਮੀਦਾਰ ਨੂੰ ਵਿਆਹੀ ਸੀ । ਇਹ ਚੱਕ 39/ਈ. ਬੀ., ਤਹਿਸੀਲ ਆਰਿਫ ਵਾਲਾ, ਜ਼ਿਲਾ ਮੁਲਤਾਨ ਵਿਚ ਰਹਿੰਦੇ ਸਨ । ਇਸ ਦਾ ਪੁੱਤਰ ਬੈਰਮ ਖਾਂ ਬਾਬੂ ਜੀ ਦਾ ਜਵਾਈ ਸੀ । ਚੌਥੀ ਭੈਣ ਰਜਾਦੀ ਮਸੀਤੀਂ ਵਿਆਹੀ ਹੋਈ ਸੀ ।

**ਧਮਾਲੀ ਖਾਂ ਦਾ ਹੰਗਾਮਾ** : ਬਾਬੂ ਰਜਬ ਅਲੀ ਨੇ ਆਪਣੇ ਬਾਪ ਧਮਾਲੀ ਖਾਂ ਦਾ, ਉਸ ਦੀ ਮੌਤ ਤੋਂ ਪਹਿਲਾਂ ਹੀ, ਜਿਉਂਦੇ ਜੀ, ਹੰਗਾਮਾ ਪਿੰਡ ਸਾਹੋਕੇ ਵਿਚ ਕੀਤਾ । ਪਿੰਡ ਦੇ ਸਿਆਣੇ ਬਜ਼ੁਰਗ ਦਸਦੇ ਹਨ ਕਿ ਹੰਗਾਮਾ ਸੱਤ ਦਿਨ ਚਲਦਾ ਰਿਹਾ ।[37] ਪਿੰਡ ਵਿਚ ਪ੍ਰਤੀ ਜੀ ਸੇਰ ਮਿਠਿਆਈ ਵੰਡੀ । ਉਸ ਨੇ ਪਟੜੀ ਫੇਰ ਪਿੰਡਾਂ ਵਿਚ ਵੀ ਮਿਠਿਆਈ ਵੰਡੀ । ਬਾਬੂ ਜੀ ਨੇ ਏਨਾ ਖਰਚ ਕੀਤਾ ਕਿ ਪਿੰਡ ਦੇ ਸਫੈਦਪੋਸ਼ ਜ਼ੈਲਦਾਰਾਂ ਨੂੰ ਵੀ ਮਾਤ ਪਾ ਦਿੱਤਾ । ਬਾਬੂ ਇਸ ਹੰਗਾਮੇ ਬਾਰੇ ਆਪ ਇਸ਼ਾਰਾ ਕਰਦਾ ਹੈ :

ਦਸ ਸਾਨੂੰ ਕਿਹੜਾ ਨਿੰਦੇ, ਅਜੇ ਥਾਪੀਆਂ ਪਏ ਦਿੰਦੇ,
ਲਾਤੇ ਬਾਬੂ ਜੀ ਨੇ ਜਿੰਦੇ, ਪੁਛ ਲਓ ਹਜ਼ਾਰਾਂ ਤੋਂ ।
ਖੁੱਲ੍ਹੇ ਨਾ ਸਫੈਦਪੋਸ਼ ਜ਼ੈਲਦਾਰਾਂ ਤੋਂ ।

(ਰਜਬ ਅਲੀ)

ਇਸ ਤੋਂ ਪਤਾ ਲਗਦਾ ਹੈ ਕਿ ਬਾਬੂ ਰਜਬ ਅਲੀ ਇਲਾਕੇ ਵਿਚ ਆਪਣੇ ਭੱਲ ਬਣਾਉਣ ਲਈ ਅਤੇ ਆਪਣੇ ਪਿਤਾ ਦੀ ਖੁਸ਼ੀ ਲਈ ਖਰਚ ਦੀ ਪ੍ਰਵਾਹ ਨਹੀਂ ਸੀ ਕਰਦਾ ।

**ਦੇਸ਼ ਦੀ ਵੰਡ** : ਅੰਗ੍ਰੇਜ਼ ਸਾਮਰਾਜੀਆਂ ਦੀ ਮਾਰੂ ਨੀਤੀ ਦੇ ਫਲਸਰੂਪ ਅਤੇ ਸਾਡੇ ਰਾਜ-ਨੀਤਿਕਾਂ ਦੀ ਸੌੜੀ ਦ੍ਰਿਸ਼ਟੀ ਕਾਰਨ ਹਿੰਦੁਸਤਾਨ ਦੋ ਹਿੱਸਿਆਂ ਵਿਚ ਵੰਡਿਆ ਗਿਆ । ਬਾਬੂ ਜੀ ਦਾ ਪਿੰਡ ਸਾਹੋਕੇ ਭਾਰਤ ਵਿਚ ਸੀ । ਮੁਸਲਮਾਨਾਂ ਨੂੰ ਸਤਿਲੁਜੋਂ ਪਾਰ ਭੇਜਣਾ ਸੀ, ਨਵੇਂ ਬਣੇ ਪਾਕਿਸਤਾਨ ਵਿਚ । ਪਿੰਡ ਦੇ ਲੋਕਾ ਨੇ ਬਾਬੂ ਜੀ ਅਤੇ ਉਸ ਦੇ ਪਰਿਵਾਰ ਨੂੰ ਬਾਹਰਲੇ ਹਮਲਿਆਂ ਤੋਂ ਇਸ ਤਰ੍ਹਾਂ ਸਾਂਭ ਸਾਂਭ ਰੱਖਿਆ ਜਿਵੇਂ ਬੰਦਾ ਆਪਣੀ ਅੱਖ ਦੀ ਪੁੱਤਲੀ ਨੂੰ ਸਾਂਭਦਾ ਹੈ । ਉਹਨਾਂ ਇਤਿਹਾਸ ਦੇ ਕਾਲੇ ਦਿਨਾਂ ਵਿਚ, ਜਦੋਂ ਮਨੁੱਖ ਦਾ ਲਹੂ ਸਫੈਦ ਤੇ ਬਰਫ ਵਰਗਾ ਠੰਡਾ ਤੇ ਪੱਥਰ ਵਰਗਾ ਨਿਰਜਿੰਦ ਹੋ ਗਿਆ ਸੀ, ਸਾਹੋਕੇ ਪਿੰਡ ਦੇ ਲੋਕਾਂ ਨੇ ਮੁਹੱਬਤ ਦੀ ਸ਼ਮਾਂ ਬੁੱਝਣ ਨਾ ਦਿੱਤੀ । ਸਾਰਾ ਪਿੰਡ ਰੋਂਦਾ ਰੋਂਦਾ ਉਸ ਅਲਬੇਲੇ ਪੰਜਾਬੀ ਸ਼ਾਇਰ ਨੂੰ ਸਰਹੱਦ ਤੱਕ ਛੱਡਣ ਆਇਆ । ਰੋਂਦਾ ਰੋਂਦਾ ਇਹ ਸ਼ਾਇਰ ਆਪਣ

Digitized by Panjab Digital Library | www.panjabdigilib.org

ਵਤਨ ਦੀ ਮਿੱਟੀ ਚੁੰਮਦਾ ਦੀਵਾਨਾ ਹੋ ਗਿਆ। ਬਾਬੂ ਜੀ ਦੀ ਬਠਿੰਡੇ ਵਾਲੀ ਭੈਣ ਲਾਲ ਬੇਗਮ ਤੇ ਉਸ ਦਾ ਲੜਕਾ ਕਵੀਸ਼ਰ ਅਜ਼ੀਜ ਖਾਂ ਵੀ ਸਾਹੋਕੇ ਆ ਗਏ ਸਨ। ਬਾਬੂ ਜੀ ਦੇ ਰਿਸ਼ਤੇਦਾਰਾਂ ਨੂੰ ਬਾਬੂ ਜੀ ਦੇ ਸ਼ਾਗਿਰਦ ਬੜੀ ਸੰਭਾਲ ਨਾਲ ਸਾਹੋਕੇ ਛੱਡ ਗਏ ਸਨ। ਸਾਹੋਕੇ ਪਿੰਡ ਦੇ ਲੋਕਾਂ ਨੇ 9 ਮਹੀਨੇ ਇਹਨਾਂ ਨੂੰ ਸਾਂਭ ਕੇ ਰੱਖਿਆ ਤੇ ਫਿਰ ਸੁਖੀ ਸੰਦੀ ਗਹਿਣੇ ਗੱਟੇ, ਕਪੜੇ ਲੱਤੇ ਤੇ ਨਕਦੀ, ਮਾਲ, ਭੰਡਾਰ, ਤੇ ਰੁਪਈਆਂ ਸਮੇਤ ਪਾਕਿਸਤਾਨ ਭੇਜ ਦਿਤਾ ਸੀ।

**ਪਾਕਿਸਤਾਨ ਵਿਚ ਟਿਕਾਣਾ** : ਬਾਬੂ ਰਜਬ ਅਲੀ ਕਾਫਲਿਆਂ ਨਾਲ ਲੱਖਾਂ ਮਸੀਬਤਾਂ ਝੱਲਦੇ ਹੋਏ ਅਤੇ ਤਹਿਸੀਲ ਉਕਾੜੇ ਦੇ ਬੱਤੀ ਚੱਕ ਗਰਾਮ ਵਿਚ ਵਸ ਗਏ। ਇਸ ਨੂੰ ਚਾਰ ਮੁਰੱਬੇ ਸਾਹੀਵਾਲ ਤੇ ਦੋ ਦੋ ਦਿਆਲਪੁਰ ਦੇ ਅਖਾੜੇ ਵਿਚ ਮਿਲੇ :[38]

ਸੱਚੇ ਦਾ ਹੁਕਮ ਆ ਗੇ ਉਜੜ ਨਗਰ ਵਿਚੋਂ,
ਆ ਗੇ ਜਿਥੇ ਨਗਰੋਂ ਨਗਰ ਕਈ ਕੋਸ ਤਾਂ।
ਬੱਤੀ ਚੱਕ ਗਾਮ ਹੈ ਉਕਾੜੇ ਦੀ ਤਸੀਲ ਵਿਚ,
ਜਿਥੇ ਬਾਬੇ ਜਿਨਾਹ ਬਹਾ ਤੇ ਪਲੋਸ ਤਾਂ।
ਪੰਜ ਚਾਰ ਸਾਲ ਤਾਂ ਗੁਜ਼ਰ ਗਏ ਫਿਕਰ ਵਿਚ,
ਆਈ ਨਾ ਖੁਸ਼ੀ ਹਾਲੀ ਰਿਹਾ ਸਖਤ ਅਫਸੋਸ ਤਾਂ।

**(ਜੋਮਲ-ਫੱਤਾ—ਰਜਬ ਅਲੀ)**

ਸੰਨ ਸੰਤਾਲੀ ਦੇਸ਼ ਚੋਂ ਉਜਾੜੇ ਸੀ।
ਅੰਨ ਜਲ ਲੈ ਗਿਆ ਖਿੱਚ ਕੇ ਉਕਾੜੇ ਸੀ।
ਬੱਤੀ ਚੱਕ ਮਿਲ ਗਿਆ ਟਿਕਾਣਾ ਛੇਕੜ ਐ।
ਮਿਲ ਗਈ ਜ਼ਮੀਨ ਉਥੇ ਚਾਲੀ ਏਕੜ ਐ।
ਦਰਿਆ ਦੇ ਸਾਹਮਣੇ ਜਲਾਲਾਬਾਦ ਦੇ।
ਜਿਥੇ ਬਾਹਲੇ ਖੇਤ ਧਾਨ ਤੇ ਕਮਾਦ ਦੇ।
ਲਗੇ ਕਿਸੇ ਦਾ ਦਿਲ ਨਾ ਪਰਦੇਸ ਜਾ।
ਹੋ ਗਈ ਸੱਠ ਏਕੜ ਅਲਾਟ ਏਸ ਜਾਅ।

**(ਰਾਮਾਇਣ—ਰਜਬ ਅਲੀ)**

**ਵਤਨ ਵਿਛੋੜਾ** : ਆਪਣੇ ਪਿੰਡ ਸਾਹੋਕੇ, ਕਵੀਸ਼ਰ ਚੇਲਿਆਂ ਅਤੇ ਕਵੀਸ਼ਰੀ ਤੋਂ ਵਿਛੜ ਕੇ ਬਾਬੂ ਰਜਬ ਅਲੀ ਇਸ ਤਰ੍ਹਾਂ ਤੜਫ ਰਿਹਾ ਸੀ ਜਿਵੇਂ ਦਰਿਆ ਤੋਂ ਬਾਹਰ ਸੁੱਟੀ ਮੱਛਲੀ ਤੜਫਦੀ ਹੈ। ਬ੍ਰਿਹਾ ਦੀ ਅਗਨੀ ਨਾਲ ਉਹਦਾ ਅੰਦਰ ਖਾਹਰ ਮੱਚ ਰਿਹਾ ਸੀ। ਲੰਬੀ ਉਦਾਸੀ, ਗਹਿਰੀ ਚੁੱਪ ਤੇ ਡੂੰਘੀ ਦੀਵਾਨਗੀ ਉਸ ਉੱਤੇ ਛਾਈ ਰਹੀ। ਉਹ ਪਾਕਿਸਤਾਨ ਵਿਚ ਇਸ ਤਰ੍ਹਾਂ ਰਿਹਾ ਜਿਵੇਂ ਉਸ ਨੂੰ ਜਲਾਵਤਨ ਕੀਤਾ ਹੋਵੇ। ਇਸ ਦੁੱਖ ਭਰੇ ਅਨੁਭਵ ਨੂੰ ਉਹ ਖਲ੍ਹੀ ਬਾਂਹ ਕੂਕਾਂ ਮਾਰ ਕੇ ਪੁਕਾਰਦਾ ਹੈ :

ਦੇਵਾਂ ਤਿਫਲ ਤਸੱਲੀਆਂ ਮੈਂ, ਨਹੀਂ ਦਿਲ ਵਿਰਦਾ, ਨਹੀਂ ਦਿਲ ਵਿਰਦਾ।
ਮੂੰਹੋਂ ਆਹਾਂ ਨਿਕਲਦੀਆਂ ਜੀ, ਲੋਕ ਕਹਿਣ ਕਮਲ ਮਾਰਦਾ ਫਿਰਦਾ।

Digitized by Panjab Digital Library | www.panjabdigilib.org

ਹੋ ਦਰਦ ਮੱਠਾ ਜਿਹਾ ਜੀ, ਫਰਕ ਨਾ ਵਾਲ ਬਰਾਬਰ ਪੈਂਦਾ।
ਰਿਹਾ ਭੇਜ ਸਲਾਮਾਂ ਨੂੰ, ਏਸ ਪਿੰਡ ਜੰਮਿਆ, ਹੋਰ ਪਿੰਡ ਰਹਿੰਦਾ।
ਬਾਬੂ ਆਉਂਦੇ ਰਹਿੰਦੇ ਸੁਪਨੇ ਵਤਨ ਦੇ, ਤੇ ਨਗਰ ਸਾਹੋ ਜੀ।
ਰਲ ਕੇ ਮੇਲੇ ਦੇਖੀਏ ਰਤਨ ਦੇ, ਤੇ ਬਠਿੰਡਾ ਗਾਹੋ ਜੀ।
ਟੁੱਟ ਫੁੱਟ ਟੁੱਕੜੇ ਬਣ ਗਏ ਦਿਲ ਦੇ,
ਹਾਇ! ਮੈਂ ਭੁਜ ਗਿਆ ਵਾਂਗੂ ਖਿੱਲੂ ਦੇ,
ਭੁੱੜਥਾ ਬਣ ਗਈ ਦੇਹੀ ਐ।
ਵਿਛੜੇ ਯਾਰ ਪਿਆਰੇ ਬਣੀ ਮੁਸੀਬਤ ਕੇਹੀ ਐ।
ਮੈਨੂੰ ਰੱਖ ਲੋ ਨਗਰ ਮੇਂ ਜੀ, ਨਗਰ ਦੇ ਲੋਕੋ. ਨਗਰ ਦੀਆਂ ਬਾਂਹੋ।
ਬਾਬੂ ਜਾਣ ਦੇਵਣਾ ਨਾ, ਦਾਸ ਦੀ ਕਬਰ ਬਣਾ ਲਓ ਸਾਹੋ।
ਲਾਸ਼ ਦਬ ਦਿਓ ਗਾਮ ਮੇਂ ਜੀ, ਸੱਚੇ ਕੋਲ ਭੋਰ ਪਹੁੰਚ ਜੂ ਗਾ ਗਾਹਾਂ।
ਮੈਨੂੰ ਉਠਦੇ ਬੈਠਦੇ ਨੂੰ, ਰਹਿਣ ਵਕਤ ਵਤਨ ਦੀਆਂ ਤਾਘਾਂ।

(ਰਜਬ ਅਲੀ)

ਬਾਬੂ ਰਜਬ ਅਲੀ ਦਾ ਲੂੰ ਲੂੰ ਆਪਣੇ ਪਿੰਡ ਦੀ ਮਿੱਟੀ ਦੀ ਛੋਹ ਲਈ, ਆਪਣੇ ਪੁਰਾਣੇ ਯਾਰਾਂ ਬੇਲੀਆਂ ਨਾਲ ਗੱਪ ਸ਼ੱਪ ਮਾਰਨ ਲਈ ਅਤੇ ਪਿਆਰੇ ਸ਼ਾਗਿਰਦਾਂ ਦੇ ਕਵੀਸ਼ਰੀ ਦੇ ਅਖਾੜੇ ਸੁਨਣ ਲਈ ਤੜਫਦਾ ਰਿਹਾ। ਦੋ ਕੌਮਾਂ ਦੀ ਬੈਂਸ ਦੀ ਤੱਲਖੀ ਆਪਣੇ ਸ਼ਇਰ ਦੇ ਪਿਆਰ-ਮੁਹੱਬਤ ਦੇ ਛੰਦ ਸੁਨਣ ਲਈ ਤਿਆਰ ਨਹੀਂ ਸੀ। ਉਸ ਨੇ ਦੇਸ਼ ਦੇ ਬਟਵਾਰੇ ਦੇ ਵਿਹਲੇ-ਦੁਖਾਂਤ ਉੱਤੇ ਆਪਣੇ ਹੱਡਾਂ ਨਾਲ ਹੰਢਾਏ ਤਿੱਖੇ ਅਨੁਭਵ ਨਾਲ ਭਰਪੂਰ, ਖ਼ੂਨ ਦੇ ਅੱਥਰੂ ਕੇਰੇ :

ਉਜੜੇ ਰੰਗਲੇ ਦੇਸ ਵਿਚੋਂ, ਮੁਸਲਮਾਨ ਹਿੰਦੂ ਸਿੱਖ ਤੰਗ ਹੋਏ।
ਭਾਈ ਬੱਕਰੇ ਵਾਂਗ ਹਲਾਕ ਕਰਤੇ, ਆਪ ਵਿਚ ਕਮਾਲ ਦੇ ਜੰਗ ਹੋਏ।
ਬੀਆਬਾਨ ਉਜਾੜ ਵਿਚ ਤੜਫਦੇ ਸੀ, ਅੱਡੋ ਅੱਡ ਸਰੀਰ ਦੇ ਅੰਗ ਹੋਏ।
ਕ੍ਰਿਪਾਨ ਵਿਗਾੜਤਾ ਚਿਹਰਿਆਂ ਨੂੰ, ਸੋਹਣੇ ਅੰਗ ਸਰੀਰ ਦੇ ਭੰਗ ਹੋਏ।
ਖੁੰਬਾਂ ਵਾਂਗ ਪਰੋਨਤੇ ਸੇਲਿਆਂ ਮੇਂ, ਸੀਸ ਨੇਜ਼ਿਆਂ ਬੀਚ ਅੜੰਗ ਹੋਏ।
ਖਤਰਾਨੀਆਂ ਰਹਿਣ ਮੁਸਲਿਆਂ ਦੇ, ਸੂਦਰ ਨਾਲ ਸਯਦਾਨੀਆਂ ਸੰਗ ਹੋਏ।
ਰਜਬ ਅਲੀ ਪੰਜਾਬ ਦੇ ਜ਼ੁਲਮ ਸੁਣਕੇ, ਦੂਜੇ ਮੁਲਕ ਅਖਬਾਰ ਪੜ ਦੰਗ ਹੋਏ।

(ਉਜਾੜਾ—ਬਾਬੂ ਰਜਬ ਅਲੀ)

ਬਾਬੂ ਰਜਬ ਅਲੀ ਦਾ ਬੁੱਤ ਚੱਕ ਨੰਬਰ ਬੱਤੀ ਵਿਚ ਕੈਦ ਸੀ ਪਰ ਇਸ ਦੀ ਰੂਹ ਪਿੰਡ ਸਾਹੋਕੇ ਵਿਚ ਵਸਦੀ ਸੀ। ਉਹ ਟੱਬਾ ਟੇਕ ਸਿੰਘ ਵਾਂਗ ਬਟਵਾਰੇ ਦੀ ਸਰਹੱਦ ਉੱਤੇ ਵਿਛਿਆ ਪਿਆ ਸੀ, ਵੰਡਿਆ ਪਿਆ ਸੀ। ਉਸ ਦਾ ਦਿਲ ਸਰਹੱਦ ਦੇ ਆਰ ਪਾਰ ਵੱਢਿਆ ਪਿਆ ਸੀ। ਬਾਬੂ ਰਜ਼ਬ ਅਲੀ ਪਾਕਿਸਤਾਨ ਤੋਂ ਆਪਣੇ ਯਾਰਾਂ ਬੇਲੀਆਂ ਦੇ ਚੇਲਿਆਂ ਕਵੀਸ਼ਰਾਂ ਨੂੰ ਲੰਬੇ ਲੰਬੇ ਖ਼ਤ ਲਿਖਦਾ। ਉਹ ਉਹਨਾਂ ਦੀ ਫ਼ਰਮਾਇਸ਼ ਉੱਤੇ ਨਵੇਂ ਨਵੇਂ ਕਿੱਸੇ ਤੇ ਪ੍ਰਸੰਗ ਲਿਖਦਾ ਰਹਿੰਦਾ। ਬਾਬੂ ਜੀ ਨੇ ਆਪਣੀ ਬਹੁਤ ਸਾਰੀ ਬੇਹਤਰੀਨ ਕਵੀਸ਼ਰੀ ਪਾਕਿਸਤਾਨ ਵਿਚ ਲਿਖੀ। ਦੇਸ਼ ਦੀ ਵੰਡ ਨੇ ਉਸ ਦੀ ਸ਼ਾਇਰੀ ਵਿਚ ਸੋਜ਼ ਤੇ ਦਰਦ

Digitized by Panjab Digital Library | www.panjabdigilib.org

ਪੈਦਾ ਕੀਤਾ । ਉਸ ਨੇ ਬਹੁਤ ਸਾਰੇ ਸਿੱਖ ਧਰਮ ਨਾਲ ਸੰਬੰਧਿਤ ਇਤਿਹਾਸਿਕ ਪ੍ਰਸੰਗ ਅਤੇ ਹਿੰਦੂ ਮਿਥਿਹਾਸਿਕ ਪ੍ਰਸੰਗ ਪਾਕਿਸਤਾਨ ਤੋਂ ਹੀ ਆਪਣੇ ਚੇਲਿਆਂ ਦੀ ਫਰਮਾਇਸ਼ ਉੱਤੇ ਲਿਖੇ । ਉਸ ਨੂੰ ਡਾਕ ਦੀ ਮਜਬੂਰੀਆਂ ਕਾਰਨ ਉਨ੍ਹਾਂ ਨੂੰ ਇੱਕ ਇੱਕ ਕਿੱਸਾ ਕਈ ਕਈ ਹਿੱਸਿਆਂ ਵਿਚ ਕਰ ਕੇ ਭੇਜਣਾ ਪਿਆ ।

ਪਾਕਿਸਤਾਨ ਦਾ ਮੁਸਲਮਾਨ ਸ਼ਹਿਰੀ ਹੁੰਦਿਆਂ ਹੋਇਆ ਵੀ ਉਸ ਨੇ ਹਿੰਦੂ ਤੇ ਸਿੱਖ ਧਰਮ ਬਾਰੇ ਬਹੁਤ ਹੀ ਸ਼ਰਧਾਭਰੀ ਤੇ ਖੂਬਸੂਰਤ ਕਵਿਤਾ ਲਿਖੀ । ਬਾਬੂ ਰਜਬ ਅਲੀ ਭਾਰਤੀ ਪੰਜਾਬ ਤੇ ਪਾਕਿਸਤਾਨੀ ਪੰਜਾਬ ਦੀ ਪੰਜਾਬੀ ਕਵਿਤਾ ਦੀ ਸਾਂਝ ਦਾ ਪ੍ਰਤੀਕ ਹੈ ।

ਬਾਬੂ ਜੀ ਹਿੰਦੁਸਤਾਨ ਵਿਚ ਆਉਣ ਲਈ ਤਰਸਦਾ ਸੀ । ਉਧਰ ਦੇਸਾਂ ਤੇ ਕੌਮਾਂ ਦੇ ਝੇੜੇ ਦਾ ਚੱਕਰ ਚਲ ਰਿਹਾ ਸੀ । 1960 ਈ. ਵਿਚ ਉਸ ਨੇ ਸਿਰਤੋੜ ਯਤਨ ਕੀਤੇ ਕਿ ਉਸਦਾ ਅਤੇ ਉਸ ਦੇ ਪੁੱਤਰ ਦਾ ਭਾਰਤ ਆਉਣ ਲਈ ਪਾਸਪੋਰਟ ਬਣ ਜਾਏ ਪਰ ਪਾਕਿਸਤਾਨ ਸਰਕਾਰ ਨੇ ਪਾਸਪੋਰਟ ਰੋਕ ਲਿਆ[39] । ਉਸ ਨੇ ਬੜੀ ਦਰਦ ਭਰੀ ਆਹ ਭਰੀ :

> "ਹਮਾਰੀ ਗਮਗੀਨੀ ਕੀ ਕੋਈ ਹੱਦ ਨਾ ਰਹੀ । ਸਿਰ ਮੇਂ ਸੌ ਘੜੇ ਪਾਣੀ ਕੇ ਡੁੱਲ ਗਏ । ਬਿਲਕੁਲ ਛਨਾਟਾ ਛਾ ਗਿਆ ਅਰ ਪੰਦਰਾਂ ਮਿੰਟ ਤਕ ਪੱਥਰ ਕੇ ਬੁੱਤ ਬਨ ਕਰ ਖੜੇ ਰਹੇ । ਹਮਾਰੀ ਬੌਹੀ ਮਿਸਾਲ ਜੈਸੇ ਕਿਸੀ ਕੇ ਮਾਪੇ ਮਰ ਜਾਤੇ ਹੈ । ਲਾਹੌਰ ਸ਼ਹਿਰ ਜੋ ਪਾਂਚ ਮਿੰਟ ਪਹਿਲੇ ਦਿਲਚਸਪ ਨਜ਼ਰ ਆਤਾ ਥਾ ਉਜਾੜ ਨਜ਼ਰ ਆਨੇ ਲਗਾ ।.........ਹਮਾਰੀ ਕਿਸਮਤ ਮੇਂ ਕਬ ਲਿਖਾ ਥਾ ਕਿ ਪਵਿਤਰ ਗਲੀਉਂ ਕੀ ਖਾਕ ਮਾਥੇ ਪਰ ਮਲੇਂ ।.........ਏਹ ਕੱਚੇ ਕਾਨੋਂ ਦੀ ਝੋਂਪੜੀ ਜਿਸ ਮੇਂ ਮੇਰਾ ਜਨਮ ਹੂਆ ।.........ਹਮ ਕੈਦ ਕੀ ਹੂਈ ਬੁਲਬੁਲ ਕੀ ਤਰ੍ਹਾਂ ਫੰਗੋਂ ਕੋ ਫੜ ਫੜਾਕਰ ਉਸੇ ਪਿੰਜਰੇ ਮੇਂ ਬੈਠ ਗਏ ਔਰ ਨਿਕਲਣੇ ਕਾ ਕੋਈ ਰਾਹ ਨਾ ਪਾ ਕਰ ਆਖੋਂ ਸੇ ਆਂਸੂ ਬਹਾ ਕਰ ਚੁਪ ਹੋ ਰਹੇ । ਖਾਮੋਸ਼ੀ ਕੇ ਸਿਵਾ ਚਾਰਾ ਹੀ ਕਿਆ ਹੈ ਕਿਉਂਕਿ ਜੋ ਇਨਸਾਨ ਕੈਦੀ ਹੈ ਔਰ ਬੇਬਸ ਹੋ ਔਰ ਆਪਣੀ ਜਨਮ ਭੂਮੀ ਕੇ ਦੇਖਣੇ ਦਾ ਹੱਕ ਭੀ ਨਾ ਰਖਤਾ ਹੋ ਉਸ ਕੀ ਜ਼ਿੰਦਗੀ ਸੇ ਮਰਨਾ ਬੇਹਤਰ ਹੈ ।"

(ਬਾਬੂ ਰਜਬ ਅਲੀ)
(15 ਅਪ੍ਰੈਲ 1960 ਨੂੰ ਬਸੰਤ ਸਿੰਘ ਨੂੰ ਲਿਖੇ ਖ਼ਤ ਵਿਚੋਂ)

**ਮੁੜ ਵਤਨਾਂ ਵੱਲ ਆਇਆ** : ਖ਼ਬਰੇ ਕਿਸ ਕਿਸ ਕਰਨੀ ਵਾਲੇ ਪੀਰ ਦੀ ਬਾਬੂ ਜੀ ਸੁੱਖਣਾ ਸੁੱਖੀ । ਉਸ ਦਾ ਸੁਫਨਾ ਆਖਿਰ ਸਾਕਾਰ ਹੋਇਆ । ਸਤਾਰਾਂ ਸਾਲਾਂ ਬਾਅਦ ਉਸ ਦੀ ਰੱਬ ਸੱਚੇ ਸੁਣ ਲਈ । 15 ਮਾਰਚ, 1965 ਈਂ ਨੂੰ ਉਹ ਆਪਣੇ ਪੁੱਤਰ ਸ਼ਮਸ਼ੇਰ ਖਾਂ ਨਾਲ ਸਵੇਰੇ ਸਾਢੇ ਨੌਂ ਵਜੇ ਸਮੇਤ ਬਾਘਾ ਸਰਹੱਦ ਪਾਰ ਕਰ ਕੇ ਪਰਦੇਸ ਬਣ ਗਏ ਆਪਣੇ ਦੇਸ ਵਿਚ ਆਇਆ । ਸਰਹੱਦ ਉੱਤੇ ਹੀ ਉਸ ਦੇ ਸਵਾਗਤ ਲਈ ਸਾਹੋਕੇ ਪਿੰਡ ਦੇ ਮੋਹਤਬਰ ਬੰਦੇ, ਬਾਬੂ ਜੀ ਦੇ ਸ਼ਾਗਿਰਦ ਅਤੇ ਉਸ ਦੇ ਸੱਜਣ ਪ੍ਰੇਮੀ ਆਏ ਹੋਏ ਸਨ । ਉਸ

Digitized by Panjab Digital Library | www.panjabdigilib.org

ਦੇ ਦੌਰ ਦੇ ਕਿਸੇ ਹੋਰ ਪੰਜਾਬੀ ਸ਼ਾਇਰ ਦੇ ਹਿੱਸੇ ਸ਼ਾਇਦ ਹੀ ਸ਼ਾਗਿਰਦਾਂ ਤੇ ਸਰੋਤਿਆਂ ਦੀ ਏਨੀ ਤੜਪ ਤੇ ਮੁਹੱਬਤ ਆਈ ਹੋਵੇ। ਉਹ ਵੀ ਇਹਨਾਂ ਲਈ ਤਰਸਦਾ ਸੀ। ਇਹ ਇੱਕ ਦੂਜੇ ਲਈ ਆਸ਼ਿਕਾਂ ਮਸ਼ੂਕਾਂ ਵਾਂਗ ਤੜਪਦੇ ਸਨ। ਕਾਦਰ ਦੀ ਕੁਦਰਤ ਵਿਛੁੰਨੀਆਂ ਰੂਹਾਂ ਦਾ ਮਿਲਣ ਹੋ ਰਿਹਾ ਸੀ। ਸਾਥੀ ਰੂਪ ਲਾਲ ਤੇ ਗੁਰਚਰਨ ਸਿੰਘ ਨਿਹਾਲ ਸਿੰਘ-ਵਾਲਾ ਵੀ ਕ੍ਰਮਵਾਰ ਕਾਰ ਤੇ ਜੀਪ ਲੈ ਕੇ ਇਕ ਪਾਕਿਸਤਾਨੀ ਮੁਸਲਮਾਨ ਫ਼ਕਰ ਕਵੀਸ਼ਰ ਲਈ ਹਾਜ਼ਿਰ ਸਨ। ਪਿੰਡ ਦੇ ਬਾਹਰ ਕੱਸੀ ਉੱਤੇ ਸਾਰਾ ਪਿੰਡ ਬਾਬੂ ਜੀ ਦੇ ਸੁਆਗਤ ਲਈ ਅੱਖਾਂ ਵਿਛਾਈ ਖੜਾ ਸੀ।

**ਕਵੀਸ਼ਰੀ ਦਰਬਾਰ:** ਬਾਬੂ ਜੀ ਦੇ ਸਵਾਗਤ ਵਿਚ 22 ਮਾਰਚ, 1965 ਨੂੰ ਪਿੰਡ ਦੇ ਲੋਕਾਂ ਵਲੋਂ ਪਿੰਡ ਸਾਹੋਕੇ ਵਿਚ ਤਿੰਨ ਦਿਨ ਕਵੀਸ਼ਰੀ ਦਰਬਾਰ ਦਾ ਪ੍ਰਬੰਧ ਕੀਤਾ ਗਿਆ। ਇਸ ਵਿਚ ਦੂਰ ਦੂਰ ਤੋਂ ਆਏ 40 ਦੇ ਕਰੀਬ ਕਵੀਸ਼ਰੀ-ਜੱਥਿਆਂ ਨੇ ਹਿੱਸਾ ਲਿਆ। ਕੋਈ 200 ਦੇ ਕਰੀਬ ਸਾਹਿਤਕਾਰ, ਸ਼ਾਇਰ ਤੇ ਕਵੀਸ਼ਰ ਆਏ ਸਨ। ਕਵੀਸ਼ਰਾਂ ਦੀ ਬਹੁਤਾਤ ਕਾਰਨ ਚੌਥੇ ਦਿਨ ਵੀ ਸਮਾਗਮ ਜਾਰੀ ਰਖਣਾ ਪਿਆ। ਬਾਬੂ ਜੀ ਦੇ ਚੇਲਿਆਂ ਤੋਂ ਬਿਨਾਂ ਉਸ ਦੇ ਮਿੱਤਰ ਕਵੀਸ਼ਰ ਵੀ ਆਏ ਸਨ, ਜਿਵੇਂ ਚੰਦ ਸਿੰਘ ਮਰਾਝ, ਸ਼ੇਰ ਸਿੰਘ ਸੰਦਲ, ਰਾਮ ਸਿਘ ਜੰਗੀਰਾਣਾ, ਸੰਪੂਰਨ ਸਿੰਘ ਰਾਮਾ, ਪੂਰਨ ਚੰਦ, ਭਗਤ ਰਾਮ, ਮੋਹਣ ਸਿੰਘ ਰੋਡੇ, ਕੇਸ਼ਵਾ ਨੰਦ ਬਰਗਾੜੀ, ਬ੍ਰਹਮਾਨੰਦ ਡਿੱਖਾਂ ਆਦਿ। ਸ਼ਾਗਿਰਦਾਂ ਤੇ ਦੋਸਤਾਂ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਕਵੀਸ਼ਰ[40] ਆਏ ਸਨ। ਇਹਨਾਂ ਵਿਚ ਬਹੁਤ ਸਾਰੇ ਕਵੀਸ਼ਰਾਂ ਨੇ ਬਾਬੂ ਰਜਬ ਅਲੀ ਸਿਫ਼ਤ ਵਿਚ ਛੰਦ ਕਹੇ ਹਨ :

ਅਜ ਦੀ ਸੁਲਖਣੀ ਘੜੀ, ਮੇਰੇ ਵਿਛੜੇ ਦਿਲਾਂ ਦੇ ਜਾਨੀ ਮੇਲੇ।

(ਰਾਮ ਸਿਘ ਜੰਘੀਰਾਣਾ)

ਜਨਮ ਦਿਹਾੜਾ ਬਾਬੂ ਜੀ ਦਾ,<br>ਖਿੜੀਆਂ ਵੱਲ ਗੁਲਜ਼ਾਰਾਂ, ਸਾਹੋ ਖਿੜੀਆਂ ਗੁਲਜ਼ਾਰਾਂ।

(ਗਿੰਦਰ ਸਿੰਘ ਸ਼ੇਰਪੁਰੀ

ਖੁਸ਼ ਰਜਬ ਅਲੀ ਬਾਬੂ ਤੇ, ਇਕ ਲੱਖ ਚੋਵੀ ਹਜ਼ਾਰ ਪੈਗੰਬਰ।

(ਬਲਵੰਤ ਸਿੰਘ ਭਲਾਈਆਣਾ)

ਬਾਬੂ ਰਜਬ ਅਲੀ ਦੇ ਚੇਲਿਆਂ ਨੇ ਪੱਗਾਂ ਤੇ ਮਾਇਆ ਭੇਟ ਕੀਤੀ। ਪੱਗਾਂ ਦਾ ਢੇਰ ਉਸ ਦੇ ਸਿਰ ਤੋਂ ਉੱਚਾ ਹੋ ਗਿਆ। ਸੱਠਾਂ ਤੋਂ ਵਧੀਕ ਪੱਗਾਂ ਭੇਟ ਹੋਈਆਂ। ਭੇਟ ਹੋਈ ਮਾਇਆ ਬਾਬੂ ਜੀ ਨੇ ਲੰਗਰ ਲਈ ਦਾਨ ਕਰ ਦਿੱਤੀ। ਇਸ ਪਿਆਸੀ ਆਤਮਾ ਵਾਲੇ ਸ਼ਾਇਰ ਨੂੰ ਇਕ ਮਹੀਨੇ ਦਾ ਵੀਜ਼ਾ ਮਿਲਿਆ ਸੀ ਪਰ ਕੁਦਰਤ ਨੂੰ ਕੁਝ ਹੋਰ ਮਨਜ਼ੂਰ ਸੀ। ਬਾਬੂ ਜੀ ਦੇ ਆਇਆਂ ਨੂੰ ਅਜੇ ਹਫਤਾ ਕੁ ਹੋਇਆ ਸੀ ਕਿ ਪਾਕਿਸਤਾਨ ਹਿੰਦੁਸਤਾਨ ਦੀ ਰਣਕੱਛ ਵਿਚ ਲੜਾਈ ਛਿੜ ਪਈ। ਬਾਬੂ ਜੀ ਦੇ ਸੁਹਿਰਦ ਚੇਲੇ ਆਪਣੇ ਦਿਲਾਂ ਉੱਤੇ ਪੱਥਰ ਬੰਨ ਕੇ 26 ਮਾਰਚ, 1965 ਨੂੰ (ਕੇਵਲ 11 ਦਿਨਾਂ ਪਿਛੋਂ ਹੀ) ਬੜੀ ਹਿਫ਼ਾਜ਼ਤ ਤੇ ਪ੍ਰੇਮ ਨਾਲ ਬਾਬਾ ਸਰਹੱਦ ਪਾਰ ਕਰਵਾ ਕੇ ਆਏ।

**ਲਾਹੌਰ ਵਿਚ ਮਿਲਣੀ** (1975 ਈ.) : ਜੂਨ 1975 ਵਿਚ ਗੁਰੂ ਅਰਜਨ ਦੇਵ ਦੇ ਡੇਰਾ ਸਾਹਿਬ ਲਾਹੌਰ ਦੀ ਯਾਤਰਾ ਲਈ ਗਏ ਜੱਥੇ ਵਿਚ ਬਾਬੂ ਜੀ ਦੇ ਚੇਲੇ

Digitized by Panjab Digital Library | www.panjabdigilib.org

ਕਵੀਸ਼ਰ ਬਸੰਤ ਸਿੰਘ ਦਾ ਜੱਥਾ, ਪ੍ਰੋ. ਰੁਲੀਆ ਸਿੰਘ ਤੇ ਇਨ੍ਹਾਂ ਸਤਰਾਂ ਦਾ ਲੇਖਕ ਵੀ ਸ਼ਾਮਿਲ ਸੀ। ਬਾਬੂ ਜੀ ਓਕਾੜਾ ਤੋਂ ਪਰਿਵਾਰ ਸਮੇਤ ਉਚੇਚਾ ਲਾਹੌਰ ਆਏ ਹੋਏ ਸਨ। ਉਹਨਾਂ ਨੇ ਲਾਹੌਰ ਦੇ ਕਿਲ੍ਹੇ ਦੇ ਬਾਹਰ, ਕਿਲ੍ਹੇ ਦੀਆਂ ਬਾਹੀਆਂ ਵਰਗੀਆਂ ਖੁੱਲੀਆਂ ਬਾਹਾਂ ਨਾਲ ਸਾਡਾ ਸੁਆਗਤ ਕੀਤਾ। ਜਿੰਨੇ ਦਿਨ ਅਸੀਂ ਲਾਹੌਰ ਰਹੇ ਉਹ ਸਾਡੇ ਅੱਗੇ ਅੱਗੇ ਊਰੀ ਦੀ ਤਰ੍ਹਾਂ ਘੁੰਮਦਾ ਰਿਹਾ। ਉਹ ਏਨਾ ਖੁਸ਼ ਸੀ ਜਿਵੇਂ ਵਿਆਹ ਰਚਿਆ ਹੁੰਦਾ ਹੈ। ਉਸ ਦੀ ਤੋਰ ਨਚਾਰਾਂ ਵਰਗੀ ਹੋ ਗਈ ਸੀ। ਸਾਡੀ ਆਮਦ ਉੱਤੇ ਉਸ ਨੇ ਇਕ ਦਰਦ ਤੇ ਪਿਆਰ ਭਰੀ ਕਵਿਤਾ ਵੀ ਲਿਖੀ। ਇਸ ਕਵਿਤਾ ਨੂੰ ਲਾਹੌਰ ਵਿਖੇ ਮੌਲਾ ਬਖਸ਼ ਕੁਸ਼ਤਾ ਵਾਲੀ ਐਕਡਮੀ ਵਿਚ ਹੋਏ ਕਵੀ ਦਰਬਾਰ ਵਿਚ ਕਵੀਸ਼ਰ ਬਸੰਤ ਸਿੰਘ ਦੇ ਜੱਥੇ ਨੇ ਗਾ ਕੇ ਰੰਗ ਬੰਨਿਆ। ਜਿਸ ਦੇ ਵਿਚ ਸਰੋਤਿਆਂ ਵਿਚ ਫਖਰ ਜ਼ਮਾਨ, ਫਕੀਰ ਵਹੀਦ-ਉਦੀਨ, ਡਾ. ਅਤਰ ਸਿੰਘ, ਡਾ. ਪਿਆਰ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ, ਸਿਬਤਲ ਹਸਨ ਜ਼ੈਗਮ ਆਦਿ ਪਾਕਿਸਤਾਨੀ ਭਾਰਤੀ ਪੰਜਾਬੀ ਪਿਆਰੇ ਸ਼ਾਮਿਲ ਸਨ। ਬਾਬੂ ਰਜਬ ਅਲੀ ਨੇ ਅੱਖਾਂ ਵਿਚ ਅੱਥਰੂ ਭਰ ਕੇ ਸਾਨੂੰ ਭਾਵ ਭਰੀ ਵਿਦਾਇਗੀ ਦਿੱਤੀ।

**ਦੇਹਾਂਤ** : ਬਾਬੂ ਰਜਬ ਅਲੀ 6 ਜੂਨ, 1979 ਨੂੰ ਚੱਕ 32 ਓਕਾੜਾ (ਪਾਕਿਸਤਾਨ) 85 ਸਾਲ ਦੀ ਆਯੂ ਵਿਚ ਅੱਲ੍ਹਾ ਨੂੰ ਪਿਆਰੇ ਹੋ ਗਏ। ਬਾਬੂ ਰਜਬ ਅਲੀ ਦਾ ਸ਼ਾਗਿਰਦ ਅਲੀ ਨਿਵਾਜ਼ ਬਾਬੂ ਜੀ ਦੀ ਮੌਤ ਬਾਰੇ ਇਸ ਤਰ੍ਹਾਂ ਲਿਖਦਾ ਹੈ ਕਿ ਉਹ ਤਾਂ ਬਾਬੂ ਜੀ ਨਾਲ ਪੈਨਸ਼ਨ ਲਈ ਸਵੇਰੇ ਗਏ ਸਨ। ਸ਼ਾਮ ਨੂੰ ਉਹ ਵਾਪਸ ਆ ਗਏ ਸਨ। ਘਰ ਆ ਕੇ ਕੁਰਾਨ ਦਾ ਪਾਠ ਕੀਤਾ। ਦਿਨ ਦੇ ਛਿਪਾ ਨਾਲ ਅੰਤ ਨੇੜੇ ਆ ਗਿਆ। ਸਾਰਾ ਕੋੜਮਾ ਇਕੱਠਾ ਹੋ ਗਿਆ ਤੇ ਭੌਰ ਅਜਰਾਈਲ ਫਰਿਸ਼ਤੇ ਨਾਲ ਉਡਾਰੀ ਮਾਰ ਗਿਆ, ਪਰ ਰੂਹ ਨੇ ਫਰਿਸ਼ਤੇ ਨੂੰ ਸਾਹੋ ਲਿਜਾਣ ਦੀ ਬੇਨਤੀ ਕੀਤੀ :

ਕੈਹਣ ਲਗੇ ਫਰਿਸ਼ਤੇ ਨੂੰ, ਮੇਰੀ ਰੂਹ ਲੈ ਜਾ ਜਿਧਰ ਜੀ ਤੇਰਾ।
ਪਰ ਸੱਜਣ ਮਿਲਾ ਦੇਵੀਂ, ਮੰਨ ਲੈ ਰਬ ਦਾ ਵਾਸਤਾ ਮੇਰਾ।
ਫੇਰ ਲੈ ਜਾਈਂ ਅਰਸ਼ਾਂ ਤੇ, ਕੇਰਾਂ ਤੂੰ ਸਾਹੋ ਸੈਰ ਕਰਾ ਕੇ।
ਵੀਰ ਬਾਡਰ ਲੰਘ ਕੇ ਤੇ, ਗੁਰੂ ਦੀ ਕਬਰ ਦੇਖ ਲੋ ਆ ਕੇ।
ਭੌਰ ਉਡਿਆ ਜਾਂਦਾ ਵੀ, ਕਰਦਾ ਜਾਂਦਾ ਸਾਹੋ ਸਾਹੋ।
ਕਹਿੰਦੀ ਜਨਮ ਭੂਮਕਾ ਮੇਂ, ਮੇਰੀ ਅਰਥੀ ਮੋੜ ਲਿਆਓ।
ਬਾਝੋਂ ਸੱਜਣ ਪਿਆਰਿਆਂ ਦੇ, ਕਰੂੰ ਕੀ ਮੈਂ ਸੁਰਗਾਂ ਵਿਚ ਜਾ ਕੇ।
ਵੀਰ ਬਾਡਰ ਲੰਘ ਕੇ ਤੇ, ਗੁਰੂ ਦੀ ਕਬਰ ਦੇਖ ਲੋ ਆ ਕੇ।

(ਅਲੀ ਨਿਵਾਜ਼)

ਪਰ ਵਕਤ ਦੀ ਮਜ਼ਬੂਰੀ ਕਾਰਨ ਇਸ ਅਲਵੇਲੇ ਕਵੀਸ਼ਰ ਨੂੰ ਸਾਹੋ ਕੇ ਨਹੀਂ ਸਗੋਂ ਬੱਤੀ ਚੱਕ ਵਿਖੇ ਹੀ ਦਫਨਾਇਆ ਗਿਆ, ਜਿਥੇ ਉਸ ਦੀ ਕਬਰ ਮੌਜੂਦ ਹੈ।

**ਬਾਬੂ ਰਜਬ ਅਲੀ ਸਾਹਿਤ ਸਦਨ** : ਸਾਹੋ ਕੇ ਪਿੰਡ ਦੀ ਪੰਚਾਇਤ ਨੇ 22 ਜੁਲਾਈ 1979 ਈ. ਨੂੰ ਪਿੰਡ ਦੀ ਧਰਮਸ਼ਾਲਾ ਵਿਚ 'ਬਾਬੂ ਰਜਬ ਅਲੀ ਸਾਹਿਤ ਸਦਨ' ਦੀ ਸਥਾਪਨਾ ਕੀਤੀ ਜਿਸ ਵਿਚ ਬਾਬੂ ਜੀ ਦੀਆਂ ਯਾਦਗਾਰੀ ਤਸਵੀਰਾਂ ਲਗਾਈਆਂ

Digitized by Panjab Digital Library | www.panjabdigilib.org

ਗਈਆਂ । ਪਾਕਿਸਤਾਨ ਵਿਚ ਰਹਿ ਰਹੇ ਪੰਜਾਬੀ ਕਵੀ ਦੀ ਯਾਦ ਵਿਚ ਇਸ ਤਰਾਂ ਸਾਹਿਤ ਸਦਨ ਕਾਇਮ ਕਰਨਾ ਬਾਬੂ ਜੀ ਲਈ ਵਿਸ਼ੇਸ਼ ਮਾਨ ਦੀ ਗੱਲ ਹੈ। ਇਹ ਸਦਨ ਅਜੇ ਕੰਮ ਕਰ ਰਿਹਾ ਹੈ।

**ਸੋਗ ਸਮਾਗਮ** : ਬਾਬੂ ਰਜਬ ਅਲੀ ਸਾਹਿਤ ਸਦਨ, ਸਾਹੋਕੇ[41] ਵੱਲੋਂ 28 ਅਗਸਤ ਨੂੰ 1979 ਨੂੰ ਰਜਬ ਅਲੀ ਦੇ ਦੇਹਾਂਤ ਹੋਣ ਤੇ ਇਕ ਭਾਰੀ ਸੋਗ ਸਮਾਗਮ ਕੀਤਾ ਗਿਆ । ਇਕ ਸੋਵੀਨਾਰ ਵੀ ਪ੍ਰਕਾਸ਼ਿਤ ਕੀਤਾ ਗਿਆ[41] । ਉਸ ਸਮੇਂ ਦੇ ਅਕਾਲੀ ਵਜ਼ੀਰ ਜਸਵਿੰਦਰ ਸਿੰਘ ਬਰਾੜ ਨੇ ਦਸ ਹਜ਼ਾਰ ਰੁਪਏ ਦੀ ਮਾਇਕ ਸਹਾਇਤਾ ਸਦਨ ਨੂੰ ਦਿੱਤੀ । ਤਿੰਨ ਦਿਨ ਕਵੀਸ਼ਰੀ ਦਰਬਾਰ ਚਲਦਾ ਰਿਹਾ । ਸਦਨ ਵਲੋਂ ਅਕਤੂਬਰ, 1982 ਈ. ਵਿਚ ਫਿਰ ਬਾਬੂ ਰਜਬ ਅਲੀ ਯਾਦਗਾਰੀ ਸਮਾਗਮ ਕਰ ਕੇ 'ਬਾਬੂ ਰਜਬ ਅਲੀ ਯਾਦਗਾਰੀ ਹਾਲ' ਦਾ ਉਦਘਾਟਨ ਉਸ ਸਮੇਂ ਦੇ ਕਾਂਗਰਸੀ ਮੰਤਰੀ ਸ਼੍ਰੀ ਬੀਰਪਾਲ ਸਿੰਘ ਤੋਂ ਕਰਵਾਇਆ ਤੇ ਉਸ ਨੇ ਵੀ ਸਦਨ ਨੂੰ ਦਸ ਹਜ਼ਾਰ ਰੁਪਏ ਦਿੱਤੇ । ਇਹਨਾਂ ਸਤਰਾਂ ਦਾ ਲੇਖਕ ਨੇ ਦੋਵਾਂ ਸਮਾਗਮਾਂ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਭਾਗ ਲਿਆ ।

**ਸ਼ਖ਼ਸੀਅਤ** : ਬਾਬੂ ਰਜਬ ਅਲੀ ਸੂਰਤ ਅਤੇ ਸੀਰਤ ਤੋਂ ਪੰਜਾਬੀ ਸਭਿਆਚਾਰ ਦੀ ਮੂਰਤ ਸੀ। ਕਤਰੀ ਦਾੜ੍ਹੀ, ਚੁਸਤ ਅੱਖ, ਉਡੂੰ ਉਡੂੰ ਕਰਦਾ ਸਰੀਰ ਉਸ ਦੇ ਮੁਹਾਂਦਰੇ ਦੀ ਵਿਲੱਖਣਤਾ ਸੀ। ਉਹ ਕੱਦ ਦਾ ਮੱਧਰਾ, ਰੰਗ ਦਾ ਕਣਕਵੰਨਾ, ਸਰੀਰ ਦਾ ਗੰਦਿਆ ਹੋਇਆ ਸੀ। ਦੁੱਧ ਵਰਗੀ ਚਿੱਟੀ ਪੱਗ, ਸ੍ਰੈਮਾਨ ਵਰਗਾ ਚਿੱਟਾ ਟੌਰਆ, ਚਿੱਟਾ ਖੜਕਦਾ ਚਾਦਰਾ, ਦੇਸੀ ਕੁੜਤਾ ਤੇ ਚੀਕੂੰ ਚੀਕੂੰ ਕਰਦੀ ਦੇਸੀ ਜੁੱਤੀ ਉਸ ਦਾ ਪਹਿਰਾਵਾ ਸੀ । ਉਹ ਮਿਸਰੀ ਤੇ ਗੁਲਕੰਦ ਵਰਗਾ ਮਿੱਠਾ, ਫਨੀਅਰ ਤੇ ਤਲਵਾਰ ਵਰਗਾ ਤਿੱਖਾ, ਜੱਟ ਵਰਗਾ ਸਿੱਧਾ, ਕਲਰਕ ਵਰਗਾ ਹੁਸ਼ਿਆਰ, ਫਕੀਰ ਵਾਂਗ ਨਿਮਾਣਾ, ਯੂਸਫ ਵਾਂਗ ਵਤਨ ਦਾ ਮੁਹੱਬਤੀ, ਜੀਜੇ ਵਰਗਾ ਆਸ਼ਕ ਤੇ ਆਪਣੇ ਪਿਤਾ ਧਮਾਲੀ ਖਾਂ ਵਰਗਾ ਸਖੀ ਸੀ। ਇਸ ਦੇ ਪੱਟਾਂ ਵਿਚ ਹੀਰੇ ਹਿਰਨ ਦਾ ਜ਼ੋਰ, ਉਸ ਕੰਠ ਵਿਚ ਸਰਸਵਤੀ ਦਾ ਵਾਸ, ਉਸ ਦੀ ਅੱਖਾਂ ਵਿਚ ਸਭ ਧਰਮਾਂ ਲਈ ਪ੍ਰੇਮ, ਉਸ ਦੇ ਕੰਨਾਂ ਵਿਚ ਕਵੀਸ਼ਰੀ ਦੇ ਗਰਨਾਟਿਆਂ ਦੀ ਟੁਣਕਾਰ,[43] ਉਸ ਦੀ ਨਾਸਿਕਾ ਵਿਚ ਵਤਨ ਦੀ ਮਿੱਟੀ ਦੀ ਮਹਿਕ ਤੇ ਹੱਥਾਂ ਵਿਚ ਯਾਰਾਂ ਦੇ ਲਈ ਪਿਆਰ ਭਰੀ ਛੋਹ ਸੀ। ਉਹ ਦਿਲ ਦਾ ਨਰਮ, ਰੂਹ ਦਾ ਖਿੜਿਆ, ਬੁੱਧ ਦਾ ਚੇਤਨ ਤੇ ਨਿਮਰਤਾ ਦਾ ਖ਼ਜ਼ਾਨਾ ਅਤੇ ਉਦਮੀ ਮਨੁੱਖ ਸੀ।

ਬਾਬੂ ਰਜਬ ਅਲੀ ਦਾ ਕੱਦ ਛੋਟਾ ਪਰ ਦਿਲ ਵੱਡਾ ਸੀ। ਉਹ ਲਿਬਾਸ ਦਾ ਪੇਂਡੂ ਪਰ ਕਿੱਤੇ ਦਾ ਓਵਰਸੀਅਰ ਸੀ। ਇਹ ਸਾਧਾਰਨ ਲਗਦਾ ਬੰਦਾ ਅਲੰਕਾਰ ਵਿਰਤੀ ਦਾ ਸੁਆਮੀ ਸੀ। ਉਸ ਦਾ ਸਰੀਰ ਟਣਕਦੇ ਘੜੇ ਵਰਗਾ ਸੀ ਜੋ ਪਿਆਰ ਨਾਲ ਭਰਿਆ ਹੋਇਆ ਸੀ। ਉਹ ਕਵੀਸ਼ਰੀ ਤੇ ਪਹਿਲਵਾਨਾਂ ਦੇ ਅਖਾੜੇ ਵਿਚ ਜ਼ੋਰ ਕਰਦਾ ਸੀ। ਉਹ ਸਫਲ ਗ੍ਰਹਿਸਤੀ ਹੁੰਦਾ ਹੋਇਆ ਵੀ ਫਕੀਰੀ ਦੀ ਰਮਜ ਨੂੰ ਜਾਣਦਾ ਸੀ। ਉਸ ਨੂੰ ਆਪਣੇ ਵਤਨ, ਆਪਣੇ ਸਭਿਆਚਾਰ, ਆਪਣੀ ਬੋਲੀ ਤੇ ਕਵੀਸ਼ਰੀ ਨਾਲ ਮੁਹੱਬਤ ਸੀ। ਉਹ ਆਗਿਆਕਾਰ ਪੁੱਤਰ, ਵਫਾਦਾਰ ਪਤੀ, ਦਿਆਲੂ ਪਿਤਾ, ਤੇ ਯਾਰਾਂ ਦਾ ਯਾਰ ਸੀ। ਆਪਣੇ ਖ਼ਾਨਦਾਨ ਦੇ ਉੱਜਲੇ ਚਿਰਾਗ ਨੇ ਅਣਜਾਣੇ ਸਾਹੋ ਪਿੰਡ ਨੂੰ ਸਾਹਿਤਿਕ ਨਕਸ਼ੇ ਉੱਤੇ ਉਭਾਰਿਆ। ਸਾਹੋ ਕਵੀਸ਼ਰੀ ਪ੍ਰੇਮੀਆਂ ਦਾ ਮੱਕਾ ਹੈ। 'ਸਾਹੋਕੇ' ਵਰਗੀ ਮਾਰੂ ਭੂਮੀ ਵਿਚ

Digitized by Panjab Digital Library | www.panjabdigilib.org

ਕੁਦਰਤ ਦੀ ਬਖਸ਼ੱਸ਼ ਨਾਲ, ਰਜਬ ਅਲੀ ਕਵੀਸ਼ਰੀ ਦਾ ਰਜਬ ਦਰਿਆ ਸੀ। ਉਸ ਵਿਚ ਭਗਵਾਨ ਸਿੰਘ ਵਰਗਾ ਫੱਕਰਪੁਣਾ, ਪੂਰਨ ਚੰਦ ਵਰਗਾਂ ਸ਼ਾਗਿਰਦ ਪਾਲਣਾ. ਪੰਡਤ ਕਿਸ਼ੋਰ ਚੰਦ ਵਰਗਾ ਸਿਰਜਣ ਪ੍ਰਵਾਹ ਅਤੇ ਮਾਘੀ ਸਿੰਘ ਵਰਗੀ ਛੰਦ ਪ੍ਰਵੀਨਤਾ ਸੀ।

ਬਾਬੂ ਰਜਬ ਅਲੀ ਦੀ ਯਾਦ-ਸ਼ਕਤੀ ਕਮਾਲ ਦੀ ਸੀ। ਉਸ ਨੂੰ ਆਪਣੀਆਂ ਬਹੁਤ ਸਾਰੀਆਂ ਰਚਨਾਵਾਂ ਦੇ ਸੈਂਕੜੇ ਛੰਦ ਜ਼ਬਾਨੀ ਯਾਦ ਸਨ। ਉਹ ਪੜ੍ਹਾਈ ਵਿਚ ਹੁਸ਼ਿਆਰ ਸੀ। ਉਸ ਨੇ ਪੰਜਾਬੀ, ਉਰਦੂ, ਫ਼ਾਰਸੀ, ਤੇ ਅੰਗ੍ਰੇਜ਼ੀ ਸਾਹਿਤ ਦਾ ਕਾਫੀ ਅਧਿਐਨ ਕੀਤਾ ਸੀ। ਉਸ ਦਾ ਸਾਹਿਤ ਅਧਿਐਨ ਕਾਰਜ ਸਾਰੀ ਉਮਰ ਇੱਕ ਟੱਕ ਨਿਰੰਤਰ ਚਲਦਾ ਰਿਹਾ। ਉਸ ਨੂੰ ਇਹ ਵੀ ਯਾਦ ਸੀ ਕਿ ਸੌ ਦੇ ਕਰੀਬ ਚੇਲਿਆਂ ਪਾਸ ਉਸ ਦੀ ਕਿਹੜੀ ਕਿਹੜੀ ਰਚਨਾ ਜਾਂ ਪ੍ਰਸੰਗ ਹੈ ਅਤੇ ਉਹ ਰਚਨਾ ਕਿਹੜੇ ਕਿਹੜੇ ਛੰਦ ਵਿਚ ਹੈ। ਉਸ ਦਾ ਚੇਤਾ ਆਖਰੀ ਉਮਰ ਤਕ ਉਸ ਦੇ ਨਾਲ ਰਿਹਾ। ਇਹ ਅਚੰਬਾ ਉਸ ਦੇ ਨਿਰੰਤਰ ਅਭਿਆਸ, ਅਟੁੱਟ ਲਗਨ, ਅੰਦਰਲੀ ਪ੍ਰਤੀਬੱਧਤਾ ਕਾਰਨ ਸੀ।

ਬਾਬੂ ਰਜਬ ਅਲੀ ਦਾ ਸਿਰਜਣ-ਪ੍ਰਵਾਹ ਬਹੁਤ ਵਿਸ਼ਾਲ, ਬਲਵਾਨ ਤੇ ਵੇਗਮਈ ਸੀ। ਇਸੇ ਲਈ ਉਸ ਨੇ ਕਈ ਹਜ਼ਾਰ ਛੰਦਾਂ ਦੀ ਰਚਨਾ ਕੀਤੀ। ਆਪਣੇ ਚੇਲਿਆਂ ਦੀ ਮੰਗ ਉੱਤੇ ਸਲੋਚਨਾਂ ਨੂੰ ਪੰਜ ਵੇਰ, ਦਹੂਦ ਬਾਦਸ਼ਾਹ ਅਤੇ ਜਾਨੀ ਚੋਰ ਨੂੰ ਚਾਰ ਵੇਰ, ਅਤੇ ਕਈਆਂ ਕਿੱਸਿਆਂ ਨੂੰ ਤਿੰਨ ਤਿੰਨ ਤੇ ਦੋ ਦੋ ਵੇਰ ਛੰਦ ਬਦਲ ਕੇ ਲਿਖਿਆ। ਇਹਨਾਂ ਰਚਨਾਵਾਂ ਵਿਚ ਕਹਾਣੀ ਦਾ ਖਾਕਾ ਤਾਂ ਭਾਵੇਂ ਉਹੀ ਰਹਿੰਦਾ ਸੀ ਪਰ ਬਿੰਬਾਵਲੀ ਦੇ ਅਲੰਕਾਰਾਂ ਦੇ ਢੰਗ ਬਦਲ ਜਾਂਦੇ ਸਨ।

ਬਾਬੂ ਰਜਬ ਅਲੀ ਨੇ 60 ਸਾਲ ਤੋਂ ਵਧੇਰੇ ਸਮਾਂ ਲਗਾਤਾਰ ਕਵੀਸ਼ਰੀ ਲਈ ਰਚਨਾ ਕੀਤੀ। ਉਹ ਕਵੀਸ਼ਰੀ ਤੇ ਸਿਰਜਣਾਤਮਿਕ ਕਾਰਜ ਨੂੰ ਸਭ ਤੋਂ ਵਧੇਰੇ ਪਹਿਲ ਦਿੰਦਾ ਸੀ। ਜਦੋਂ ਉਹ ਨਹਿਰ ਦਾ ਬਾਬੂ (ਓਵਰਸੀਅਰ) ਸੀ ਤਾਂ ਵੀ ਆਪਣੇ ਬੰਗਲੇ ਨੂੰ ਕਵੀਸ਼ਰੀ ਦਾ ਅੱਡਾ ਬਣਾ ਕੇ ਰੱਖਿਆ। ਬੰਗਲੇ ਵਿਚ ਇਸ ਦੇ ਮਿੱਤਰ ਕਵੀਸ਼ਰ ਅਤੇ ਚੇਲੇ ਕਵੀਸ਼ਰ ਠਹਿਰਦੇ ਸਨ। ਬੰਗਲੇ ਦਾ ਸਾਰਾ ਮਾਹੌਲ ਕਵੀਸ਼ਰੀ ਦੇ ਅਨੁਕੂਲ ਢਾਲਿਆ ਜਾਂਦਾ ਸੀ। ਬਾਬੂ ਰਜਬ ਅਲੀ ਹਰ ਸਮੇਂ ਕਵੀਸ਼ਰੀ ਦੀ ਘਾੜਤ ਕਰਦਾ ਰਹਿੰਦਾ ਸੀ ਪਰ ਉਸ ਦਾ ਸਭ ਤੋਂ ਮਨਭਾਉਂਦਾ ਤਰੀਕਾ ਘੋੜੀ ਉੱਤੇ ਬੈਠ ਕੇ ਛੰਦ ਸਿਰਜਣ ਦਾ ਸੀ। ਉਹ ਘੋੜੀ ਉੱਤੇ ਸਫ਼ਰ ਕਰਦਾ ਘੋੜੀ ਦੀ ਚਾਲ ਅਨੁਸਾਰ ਛੰਦ ਦੀ ਚਾਲ ਬਣਾ ਲੈਂਦਾ ਸੀ। ਉਸ ਦੀਆਂ ਨਵੀਆਂ ਘੜੀਆਂ ਤਰਜ਼ਾਂ ਵਿਚ ਸਿਆਣਿਆਂ ਨੂੰ ਘੋੜੀ ਦਾ ਰੇਵੀਆ, ਦੁੜਕੀ ਤੇ ਸਰਪਟ ਚਾਲ ਦਿਖਾਈ ਦੇਵੇਗੀ। ਉਸ ਦੀਆਂ ਨਵੀਆਂ ਤਰਜ਼ਾਂ ਦੀ ਪਛਾਣ ਹੈ : ਘੋੜੇ ਦੀ ਚਾਲ ਵਾਂਗ ਛੋਟੇ ਛੋਟੇ ਸ਼ਬਦਾਂ ਦੇ ਜੁੱਟ ਅਤੇ ਉਹਨਾਂ ਦੇ ਤੁਕਾਂਤ ਮੇਲ, ਕਹਿਰਾਂ ਦੀ ਰਵਾਨੀ. ਛੰਦ ਦੇ ਚਰਣਾਂ ਦਾ ਵਿਵੱਧ ਪੱਖੀ ਵਿਭਾਜਣ ਤੇ ਅਨੁਪਰਾਸ। ਇਹ ਤੇ ਉਸ ਦੀ ਅਸਾਧਾਰਨ ਬੁੱਧ ਦਾ ਕ੍ਰਿਸ਼ਮਾ ਹੈ ਕਿ ਉਸ ਨੇ ਪੰਜਾਬੀ ਦੀ ਝੋਲੀ ਵਿਚ 'ਬਾਬੂ ਚਾਲ', 'ਬਹੱਤਰ-ਕਲਾ' ਵਰਗੇ ਨਵੇਂ ਛੰਦ ਤੇ ਤਰਜ਼ਾਂ ਘੜ ਕੇ ਪਾਈਆਂ।

ਬਾਬੂ ਰਜਬ ਅਲੀ ਦਾ ਪਿਤਾ ਧਮਾਲੀ ਖਾਂ ਭਾਵੇਂ ਅਖਾੜਿਆਂ ਤੇ ਮੇਲਿਆਂ ਵਿਚ ਕਵੀਸ਼ਰੀ ਗਾ ਕੇ ਪ੍ਰਸਤੁਤ ਕਰਦਾ ਸੀ ਪਰ ਖ਼ਬਰੇ ਕੀ ਕਾਰਨ ਸੀ ਕਿ ਬਾਬੂ ਜੀ ਜਾਂ ਉਸ ਦੇ ਪੁੱਤਰਾਂ ਨੇ ਅਖਾੜਿਆਂ ਵਿਚ ਕਵੀਸ਼ਰੀ ਨਹੀਂ ਗਾਈ। ਬਾਬੂ ਜੀ ਦੀ ਕਵੀਸ਼ਰੀ ਉਸ

Digitized by Panjab Digital Library | www.panjabdigilib.org



ਬਾਬੂ ਰਜ਼ਬ ਅਲੀ ਦੇ ਅੰਗ੍ਰੇਜ਼ੀ ਵਿਚ ਦਸਤਖ਼ਤ

[ਸਾਹਮਣੇ ਪੰਨਾ 16

Digitized by Panjab Digital Library | www.panjabdigilib.org

ਦੇ ਚੇਲਿਆਂ ਨੇ ਗਾਈ। ਬਾਬੂ ਜੀ ਅਤੇ ਉਸ ਦੇ ਚੇਲਿਆਂ ਦੇ ਗੂੜ੍ਹੇ ਪਿਆਰ ਦਾ ਕਾਰਨ ਇਹ ਵੀ ਹੈ ਕਿ ਦੋਵੇਂ ਇੱਕ ਦੂਜੇ ਉੱਤੇ ਨਿਰਭਰ ਕਰਦੇ ਸਨ। ਬਾਬੂ ਜੀ ਦੇ ਬਹੁਤੇ ਚੇਲੇ ਆਪ ਕਵੀਸ਼ਰੀ ਦੀ ਰਚਨਾ ਨਹੀਂ ਕਰਦੇ। ਗਾਇਕੀ ਤੋਂ ਬਿਨਾਂ ਕਵੀਸ਼ਰੀ ਹਰਮਨ ਪਿਆਰੀ ਨਹੀਂ ਹੋ ਸਕਦੀ। ਇਸ ਤਰ੍ਹਾਂ ਬਾਬੂ ਜੀ ਅਤੇ ਉਸ ਦੇ ਚੇਲਿਆਂ ਦੀ ਵੱਡੀ ਮਜ਼ਬੂਰੀ ਸੀ। ਦੂਜਾ ਕਾਰਨ ਬਾਬੂ ਜੀ ਦਾ ਪਿਆਰ ਭਰਿਆ ਅਤੇ ਖੁੱਲ੍ਹਾ ਖੁਲਾਸਾ ਸੁਭਾਅ ਸੀ; ਜੋ ਵੀ ਉਸ ਦੇ ਕੋਲ ਆਇਆ ਉਸ ਨੇ ਉਸ ਨੂੰ ਗਲੇ ਲਾਇਆ ਅਤੇ ਪੁੱਤਰਾਂ ਤੋਂ ਵੱਧ ਪਿਆਰ ਦਿੱਤਾ। ਬਾਬੂ ਜੀ ਨੇ ਹਰ ਚੇਲੇ ਦੀ ਫਰਮਾਇਸ਼ ਅਨੁਸਾਰ ਉਸ ਨੂੰ ਕਾਵਿ-ਰਚਨਾ ਕਰ ਕੇ ਦਿੱਤੀ। ਬਾਬੂ ਜੀ ਨੇ ਨਹਿਰ ਦੇ ਬੰਗਲਿਆਂ ਵਿਚ ਆਪਣੇ ਕਵੀਸ਼ਰ-ਚੇਲਿਆਂ ਨੂੰ ਕੋਲ ਰੱਖ ਕੇ ਗਾਉਣ ਦੀ ਸਿਖਲਾਈ ਦਿੱਤੀ। ਉਹ ਬੜਾ ਦਿਆਲੂ ਸੀ। ਕਲਾ ਦੀ ਛੋਹ ਨਾਲ ਉਸ ਨੇ ਆਪਣੇ ਚੇਲਿਆਂ ਨੂੰ ਲੋਹੇ ਤੋਂ ਸੋਨਾ ਬਣਾਇਆ ਅਤੇ ਅਭਿਆਸ ਦੀ ਕਠਨ ਕੁਠਾਲੀ ਵਿਚ ਤਪਾ ਕੇ ਕੰਚਨ ਤੋਂ ਕੁੰਦਨ ਬਣਾਇਆ। ਉਹ ਆਪਣੇ ਚੇਲਿਆਂ ਉੱਤੇ ਖਰਚ ਕਰਨ ਨੂੰ ਖੁੱਲ-ਦਿਲਾ ਸੀ। ਉਸ ਨੇ ਆਪਣੇ ਚੇਲਿਆਂ ਦੀ ਦਿੱਖ ਬਨਾਉਣ ਲਈ ਉਚੇਚੇ ਚਾਦਰੇ, ਕੁਰਤੇ, ਜੁੱਤੀਆਂ, ਝੱਗੀਆਂ ਤੇ ਸਾਫੇ ਮੰਗਵਾ ਕੇ ਦਿੱਤੇ ਸਨ। ਇਸ ਦੇ ਚੇਲੇ ਵੀ ਉਸ ਦੇ ਨਾਂ ਉੱਤੇ ਜਾਨ ਵਾਰਦੇ ਹਨ। ਉਸ ਦੀ ਗ਼ੈਰ ਮੌਜੂਦਗੀ ਵਿਚ, ਜਦੋਂ ਦੇਸ ਤੋਂ ਬਾਹਰ ਸੀ, ਉਸ ਨੂੰ ਗੁਰੂ ਵਰਗਾ ਆਦਰ ਦਿੰਦੇ ਸਨ। ਬਾਬੂ ਰਜਬ ਅਲੀ ਠੀਕ ਹੀ ਆਖਦਾ ਹੈ ਕਿ ਉਸਦੇ ਚੇਲੇ ਉਸ ਨੂੰ ਇਸ ਤਰ੍ਹਾਂ ਆਦਰ-ਦਿੰਦੇ ਸਨ ਜਿਵੇਂ ਪਾਂਡਵ ਵਿਸ਼ਵਾਮਿੱਤਰ ਨੂੰ ਦਿੰਦੇ ਸਨ ਅਤੇ ਉਹ ਆਪਣੇ ਸ਼ਿਸ਼ਾਂ ਨੂੰ ਕੁਰਾਨ ਦੀ ਆਇਤ ਦਾ ਦਰਜਾ ਦਿੰਦਾ ਹੈ :

ਪਾਂਡੋ ਕਰਨ ਜਿਉਂ ਇਜ਼ਤ ਬਿਆਸ ਜੀ ਦੀ,
ਮੇਰੇ ਸ਼ਿਤ੍ਰ ਕਰਨ ਅਦਬ ਨਹੈਤ ਮੇਰੀ।
ਬਾਬੂ ਕਹੇ ਜਗਮੇਲ ਬਸੰਤ ਠਾਣਾ,
ਪਿਆਰੇ ਸ਼ਿਸ਼ ਕੁਰਾਨ ਦੀ ਐਤ ਮੇਰੀ।

(ਬਾਬੂ ਰਜਬ ਅਲੀ)

ਸ਼ਾਇਦ ਹੀ ਕਿਸੇ ਉਸਤਾਦ ਕਵੀ ਨੇ ਆਪਣੇ ਸ਼ਿਸ਼ਾਂ ਨੂੰ ਕੁਰਾਨ ਦੀ ਆਇਤ ਕਿਹਾ ਹੋਵੇ। ਬਾਬੂ ਰਜਬ ਅਲੀ ਦਾ ਆਪਣੇ ਸ਼ਾਗਿਰਦਾਂ ਨਾਲ ਮੁਹੱਬਤ ਸ਼ਮਸ ਤਬਰੇਜ਼ ਤੇ ਮੌਲਾਨਾ ਰੂਮ ਦੀ ਮੁਹੱਬਤ ਦੀ ਯਾਦ ਨੂੰ ਤਾਜ਼ਾ ਕਰਦੀ ਹੈ। ਰਜਬ ਅਲੀ ਵੀ ਆਪਣੇ ਚੇਲਿਆਂ ਦੇ ਵਿਛੋੜੇ ਵਿਚ ਕੁਝ ਇਸ ਤਰ੍ਹਾਂ ਹੀ ਬੌਰਾ ਹੋ ਗਿਆ ਸੀ ਜਿਵੇਂ ਸ਼ਮਸ ਤਬਰੇਜ਼ ਮੌਲਾਨਾ ਰੂਮ ਦੇ ਵਿਛੋੜੇ ਵਿਚ ਦੀਵਾਨਾ ਹੋ ਗਿਆ ਸੀ। ਇਹਨਾਂ ਦੇ ਸੰਬੰਧ ਆਸ਼ਕ ਮਾਸ਼ੂਕ ਦੇ ਸੰਬੰਧ ਹਨ। ਇਤਨੇ ਮੋਹ ਨਾਲ ਭਰਿਆ ਪੰਜਾਬੀ ਕਵੀਸ਼ਰ ਆਪਣ ਵਤਨ ਲਈ ਕੂਕਾਂ ਮਾਰ ਮਾਰ ਕੇ ਅਰਸ਼ਾਂ ਨੂੰ ਪਾੜ੍ਹ ਰਿਹਾ ਹੈ :

ਪਾਕਿ ਅਸਥਾਨ ਹਿੰਦ ਬਣੇ ਨਿਜ ਨੂੰ।
ਕਰ ਲੇ ਕੀ ਕੋਈ ਤਕਦੀਰੀ ਬਿੱਜ ਨੂੰ।
ਮੋਘ ਹੋ ਗਏ ਹਿੱਕਾਂ 'ਚ ਫਿਰਾਕ ਸੇਲਿਆਂ ਦੇ।
ਮੈਥੋਂ ਝੱਲੇ ਜਾਂਦੇ ਨਾ ਵਿਛੋੜੇ ਚੇਲਿਆਂ ਦੇ।

Digitized by Panjab Digital Library | www.panjabdigilib.org

ਬਾਬੂ ਜੀ ਦੇ ਚੇਲਿਆਂ ਦੀ ਗਿਣਤੀ 100 ਤੋਂ ਵੱਧ ਹੈ । ਉਸ ਦੇ ਚੇਲੇ ਹਰ ਧਰਮ ਹਿੰਦੂ, ਇਸਲਾਮ, ਸਿੱਖ ਤੇ ਇਸਾਈ ਧਰਮ ਵਿਚੋਂ ਹਨ । ਉਸ ਦੇ ਚੇਲਿਆਂ ਨੇ ਆਪਣੇ ਉਸਤਾਦ ਦੀ ਬੜੀ ਸਿਫ਼ਤ ਕੀਤੀ ਹੈ :

ਧੰਨ ਤੂੰ ਬੜੀ ਦਿਆ ਪੁੱਤਾ, ਤੇਰੀ ਰੀਸ ਕਰਦਾ ਹਰੇਕ ਨਾ ।

(ਭਗਤ ਕਰਮ ਚੰਦ)

ਰਜਬ ਅਲੀ ਪਾਕਿਸਤਾਨ ਵਿਚੋਂ ਆਪਣੇ ਚੇਲਿਆਂ ਨੂੰ ਨਿੱਕੀਆਂ ਵੱਡੀਆਂ ਸਭ ਹਦਾਇਤਾਂ ਦਿੰਦਾ ਸੀ । ਉਹ ਇਹ ਵੀ ਦਸਦਾ ਸੀ ਕਿ ਕਿਹੜੇ ਮੇਲੇ ਉੱਤੇ ਕਿਹੜਾ ਪ੍ਰਸੰਗ ਗਾਓ ਤੇ ਕਿਸ ਤਰ੍ਹਾਂ ਗਾਓ । ਉਹ ਆਪਣੇ ਚੇਲਿਆਂ ਨੂੰ ਕਠਨ ਅਭਿਆਸ ਦੀ ਚਿਤਾਵਨੀ ਦਿੰਦਾ ਰਹਿ ਦਾ ਸੀ । ਬਾਬੂ ਰਜਬ ਅਲੀ ਆਪਣੇ ਚੇਲੇ ਬਸੰਤ ਸਿੰਘ ਨੂੰ ਲਿਖਦਾ ਹੈ[44] :

"ਮੈਂ ਨੇ ਆਜ ਸੇ ਦਹੂਦ ਭੇਜਣਾ ਸ਼ੁਰੂ ਕਰ ਦੀਆ ਹੈ । ਇਸ ਮੇਂ ਸੇ ਬਹੁਤ ਸੇ ਛੰਦ ਤੋਂ ਤੁਮਾਰੇ ਪਹਿਲੇ ਹੀ ਯਾਦ ਹੋਂਗੇ । ਬਾਕੀ ਯਾਦ ਕਰ ਲੈਣੇ । ਇਸ ਦਫ਼ਾ ਅੱਸੂ ਮੇਂ ਖਾਨੇ (ਮਾਈਸਰਖਾਨੇ) ਕੇ ਮੇਲੇ ਪਰ ਦਹੂਦ ਲਗਾਣਾ । ਬਹੁਤ ਉੱਚਾ ਔਰ ਬਾਹਮਣੋਂ ਕੀ ਤਰਜ਼ ਪਰ ਲਗਾਇਆ ਕਰੇਂ । ਸੀਧਾ ਪਸੰਦ ਨਹੀਂ ਕਰਤੇ ।"

(ਰਜਬ ਅਲੀ)

"ਅਗਲੇ ਖਾਨੇ ਕੇ ਮੇਲੇ ਪਰ ਤੁਮਨੇ ਦਹੂਦ ਲਗਾਣਾ । ਜਿਸ ਜਗਾ ਸੇ ਰੂਮ ਕੀ ਜੰਨ ਚੜਤੀ ਹੈ । ਉਸ ਜਗਾ ਸੇ ਅਖੀਰ ਤਕ ਸੁਨਾਣਾ ਪੜੇਗਾ । ਅਰ ਤੁਮ ਯਾਦ ਨਾ ਕਰੋਗੇ ਅਤੇ ਖਾਨੇ ਪਰ ਨਾ ਸੁਣਾਉਗੇ ਤੋਂ ਹਮ ਨਰਾਜ਼ ਹੋ ਜਾਏਂਗੇ । ਆਪਣੇ ਜੋੜੀਦਾਰੋਂ ਪਰ ਦਿਨ ਰਾਤ ਸਖ਼ਤੀ ਕਰ ਕੇ ਯਾਦ ਕਰ ਲੋ ।"

(ਬਾਬੂ ਰਜਬ ਅਲੀ)

ਬਾਬੂ ਰਜਬ ਅਲੀ ਆਪਣੇ ਚੇਲਿਆਂ ਨੂੰ ਨਾ ਕੇਵਲ ਕਵੀਸ਼ਰੀ ਬਾਰੇ ਵੀ ਹਦਾਇਤ ਕਰਦੇ ਸਨ ਸਗੋਂ ਬਾਕੀ ਸਮਾਜੀ ਤੇ ਅਖਲਾਕੀ ਪਹਿਲੂਆਂ, ਉੱਤੇ ਵੀ ਤਾੜਨਾ ਦਿੰਦੇ ਰਹਿੰਦੇ ਹਨ :

ਜਾਨ ਸੇ ਪਿਆਰੇ ਠਾਣਾ, ਜਗਮੇਲ, ਬਸੰਤ, ਗੁਰਦੇਵ :

.........ਔਰ ਜਿਸ ਗਾਉਂ ਮੇਂ ਦੌਰਾ ਕਰੋ—ਪੂਰਨ ਭਗਤ ਕੀ ਤਰ੍ਹਾਂ ਮਾਂ ਕੋ ਮਾਂ ਔਰ ਭੈਣ ਕੋ ਭੈਣ ਸਮਝਣਾ, ਕਿਸੀ ਰਾਨੀ ਸੁੰਦਰਾਂ ਕੋ ਦੇਖ ਕਰ ਧਰਮ ਨਾ ਡੋਲ ਜਾਵੇ ।"

(ਬਾਬੂ ਰਜਬ ਅਲੀ, ਮਿਤੀ 16-12 1960)

ਇਸ ਤੋਂ ਬਾਬੂ ਜੀ ਦੇ ਉੱਚੇ ਅਖਲਾਕ ਦਾ ਪਤਾ ਦਾ ਲਗਦਾ ਹੈ । ਉਹ ਆਪਣੇ ਚੇਲਿਆਂ ਨੂੰ ਸਦਾਚਾਰਿਕ ਸਿਖਿਆ ਦਿੰਦੇ ਰਹਿੰਦੇ ਸਨ[45] । ਚੇਲਿਆਂ ਤੋਂ ਬਿਨਾਂ ਉਹ ਆਪਣੇ ਮਿੱਤਰ-ਕਵੀਸ਼ਰਾਂ ਨੂੰ ਵੀ ਬੇਬਾਕੀ ਨਾਲ ਗਲਤ ਰਾਹੋਂ ਚੱਲਣੋਂ ਰੋਕਦੇ ਸਨ । ਪ੍ਰਸਿੱਧ ਕਵੀਸ਼ਰ ਰਾਮ ਸਿੰਘ ਜੰਗੀਰਾਣੇ ਨੂੰ ਗ਼ਲਤ ਰਾਹ ਤੋਂ ਰੋਕਣ ਲਈ ਬਾਬੂ ਜੀ ਨੇ ਛੰਦ ਲਿਖ ਕੇ ਭੇਜਿਆ । ਬਾਬੂ ਦੀ ਪ੍ਰਹੇਜ਼ਗਾਰ ਸਨ । ਉਹ ਸ਼ਰਾਬ ਤਮਾਕੂ ਨੂੰ ਮੂੰਹ ਨਹੀਂ ਸੀ ਲਾਉਂਦੇ[44] । ਉਹ ਸਬਰ ਸ਼ੁਕਰ ਦੀ ਬਿਰਤੀ ਵਾਲਾ ਇਨਸਾਨ ਸੀ ।

Digitized by Panjab Digital Library | www.panjabdigilib.org

ਬਾਬੂ ਰਜਬ ਅਲੀ ਖੇਡਾਂ ਦਾ ਸ਼ੌਂਕੀ ਸੀ। ਘਰੋਂ ਤੁਰਦਾ ਹੋਣ ਕਰ ਕੇ ਖਾਣਪੀਣ ਦਾ ਖੁੱਲ੍ਹਾ ਸੀ। ਇਹ ਦੌੜ ਲਾਉਣ ਤੇ ਲੰਬੀ ਛਾਲ ਮਾਰਨ ਵਿਚ ਪ੍ਰਵੀਨ ਸੀ। ਇੱਕ ਵੇਰ ਉਸ ਨੂੰ ਛੋਟੇ ਲੱਖੇ ਦੇ ਮਹੰਤਾਂ ਦੇ ਮਹੋਸ਼ੇ ਉੱਤੇ ਹੋਏ ਖੇਡ-ਮੁਕਾਬਲੇ ਵਿਚ ਹਿੱਸਾ ਲੈਣ ਲਈ ਉਚੇਚੇ ਸੱਦੇ ਨਾਲ ਨਾਈਵਾਲਾ ਦੇ ਕੋਲ ਕੇਲਿਆਂ ਦੀ ਕੋਠੀ ਤੋਂ ਘੋੜੀ ਤੇ ਬੁਲਾਇਆ[47] ਗਿਆ ਸੀ, ਕਿਉਂਕਿ ਉੱਥੇ ਕਿਸੇ ਨੇ ਲੰਮੀ ਛਾਲ ਮਾਰਨ ਦੀ ਝੰਡੀ ਕਰ ਦਿੱਤੀ ਸੀ। ਰਜਬ ਅਲੀ ਨੇ ਸਾਫ਼ਾ ਵਿਛਾ ਕੇ ਉਸ ਤੋਂ 15 ਹੱਥ ਦੀ ਛਾਲ ਮਾਰੀ ਤੇ ਝੰਡੀ ਜਿੱਤ ਲਈ[48]। ਬਠਿੰਡੇ ਵਿਚ ਲਗੇ ਹਾਜੀ ਰਤਨ ਦੇ ਮੇਲੇ ਵਿਚ ਉਸ ਨੇ ਮਹਾਰਾਜਾ ਪਟਿਆਲਾ ਦੇ ਫੌਜੀ ਜਵਾਨਾਂ ਨੂੰ ਲੰਬੀ ਛਾਲ ਮਾਰਨ ਵਿਚ ਹਰਾਇਆ। ਉਹ ਸਕੂਲ ਵਿਚ ਕ੍ਰਿਕਟ ਦਾ ਖਿਡਾਰੀ ਸੀ ਅਤੇ ਜਲੰਧਰ ਸ਼ਹਿਰ ਵਿਚ ਟੀਮ ਦਾ ਕਪਤਾਨ ਬਣ ਕੇ ਖੇਡਣ ਗਿਆ[49]। ਟ੍ਰੇਨਿੰਗ ਸੰਸਥਾ ਵਿਚ ਉਹ ਫੁਟਬਾਲ ਦਾ ਖਿਡਾਰੀ ਸੀ ਅਤੇ ਬਤੌਰ ਖਿਡਾਰੀ ਹੀ ਉਸ ਨੂੰ ਨੌਕਰੀ ਲਈ ਪਹਿਲ ਦਿੱਤੀ ਗਈ[50]। ਬਾਬੂ ਜੀ ਦੀ ਸਿਹਤ ਅਖੀਰਲੇ ਸਾਲਾਂ ਤਕ ਸਹੀ ਤੇ ਤੰਦਰੁਸਤ ਰਹੀ। ਬਾਬੂ ਰਜਬ ਅਲੀ ਨੂੰ ਘੋੜ ਸਵਾਰੀ ਦਾ ਬੜਾ ਸ਼ੌਕ ਸੀ। ਉਹ ਨਹਿਰ ਦੇ ਕਿਨਾਰੇ 'ਦੁਲਦੁਲ' ਭਜਾਉਣ ਦੀ ਗੱਲ ਕਵੀਸ਼ਰੀ ਵਿਚ ਥਾਂ ਪੁਰ ਥਾਂ ਕਰਦਾ ਹੈ :

ਬੱਕੀ ਮਿਰਜ਼ੇ ਖਾਨ ਦੀ ਜੀ, ਪਾਂਮਦੀ ਜਾਂਦੀ ਨਹਿਰ ਪਰ ਪੈਲ੍ਹਾਂ।

ਬਾਬੂ ਰਜਬ ਅਲੀ ਦੇ ਸੁਭਾਅ ਦਾ ਇਕ ਅਹਿਮ ਗੁਣ ਸਭ ਧਰਮ ਵੱਲ ਸੁਹਿਰਦਤਾ ਦੀ ਪ੍ਰਤੀਬੱਧਤਾ ਸੀ। ਬਾਬੂ ਜੀ ਦਾ ਇਸਲਾਮ ਵਿਚ ਪੱਕਾ ਨਿਸ਼ਚਾ ਸੀ। ਇਸ ਮੁਸਲਮਾਨ ਕਵੀਸ਼ਰ ਨੇ ਆਪਣੀਆਂ ਰਚਨਾਵਾਂ ਵਿਚ ਸਿੱਖ ਗੁਰੂ ਸਾਹਿਬਾਨਾਂ ਅਤੇ ਹਿੰਦੂ ਦੇਵੀ ਦੇਵਤਿਆਂ ਦੇ ਮੰਗਲ ਗਾਏ ਹਨ। ਉਸ ਨੇ ਹਿੰਦੂ ਮਿਥਿਹਾਸ ਅਤੇ ਸਿੱਖ-ਇਤਿਹਾਸ ਨੂੰ ਬੜੀ ਸ਼ਰਧਾ ਤੇ ਪ੍ਰੇਮ ਨਾਲ ਕਾਵਿ-ਬੱਧ ਕੀਤਾ ਹੈ। ਉਸ ਦਾ ਉਸਤਾਦ ਇਕ ਸਿੱਖ-ਕਵੀਸ਼ਰ ਸੀ ਅਤੇ ਚੇਲੇ ਹਿੰਦੂ, ਸਿੱਖ, ਮੁਸਲਮਾਨ ਤੇ ਈਸਾਈ ਸਨ। ਬਾਬੂ ਰਜਬ ਅਲੀ ਉਸੇ ਸ਼ਾਇਰ ਨੂੰ ਵਧੀਆ ਸ਼ਾਇਰ ਸਮਝਦਾ ਹੈ ਜਿਸ ਦੇ ਕਲਾਮ ਨੂੰ ਤਿੰਨੇ ਧਰਮਾਂ, ਇਸਲਾਮ, ਹਿੰਦੂ ਤੇ ਸਿੱਖ, ਦੇ ਲੋਕ ਇਕੱਠੇ ਬੈਠ ਕੇ ਸੁਣ ਸਕਣ :

ਸਿਆਣੇ ਉਸ ਨੂੰ ਸਿਆਣਾ ਸਮਝਣ ਜੀ,  
ਜਿਹੜਾ ਸ਼ਾਇਰ ਕਵਿਤਾ ਬਣਾਵੇ ਸਾਂਝੀ, ਸੁਨਣ ਤਿੰਨ ਕੌਮਾਂ।

(ਬਾਬੂ ਰਜਬ ਅਲੀ)

ਭਾਵੇਂ ਬਾਬੂ ਰਜਬ ਅਲੀ ਦੇਸ਼ ਦੇ ਬਟਵਾਰੇ ਵੇਲੇ ਆਦਮੀ ਨੂੰ ਸ਼ੈਤਾਨ ਬਣਾ ਦੇਣ ਵਾਲੇ ਫਿਰਕਾਪ੍ਰਸਤੀ ਦੇ ਮੱਚਦੇ ਭਾਂਬੜ ਵਿਚੋਂ ਲੰਘਿਆ ਪਰ ਉਸ ਦਾ ਸਭ ਧਰਮਾਂ ਪ੍ਰਤੀ ਪਿਆਰ ਸਤਿਕਾਰ ਦ੍ਰਿੜ੍ਹ ਹੋਇਆ। ਉਸ ਨੇ ਸਿੱਖ-ਇਤਿਹਾਸ ਤੇ ਹਿਦੂ ਮਿਥਹਾਸ ਬਾਰੇ ਵਧੇਰੇ ਕਵਿਤਾ ਪਾਕਿਸਤਾਨ ਵਿਚੋਂ ਹੀ ਲਿਖ ਕੇ ਭੇਜੀ।

ਬਾਬੂ ਰਜਬ ਅਲੀ ਨੂੰ ਅੰਗ੍ਰੇਜ਼ੀ ਸਾਮਰਾਜ ਦੇ ਵਿਰੁਧ ਲੜ ਰਹੇ ਆਜ਼ਾਦੀ ਦੇ ਪ੍ਰਵਾਨਿਆਂ ਨਾਲ ਦਿਲੀ ਹਮਦਰਦੀ ਸੀ ਉਸਨੇ ਤਦੇ ਹੀ ਭਗਤ ਸਿੰਘ ਦੀ ਸ਼ਹੀਦੀ ਸੰਬੰਧੀ ਖੂਬਸੂਰਤ ਕਵਿਤਾ ਲਿਖੀ। ਇਹ ਕਿਹਾ ਜਾਂਦਾ ਹੈ ਕਿ ਬਾਬੂ ਜੀ ਨੇ 1944 ਈ. ਵਿਚ ਆਪਣੀ ਪ੍ਰਸਿਧ ਕਵਿਤਾ 'ਲਾ ਦਿਓ ਗਲਾਂ ਚੋਂ ਤਬਕ ਗੁਲਾਮੀ ਦੇ' ਲਿਖੀ।[51]

Digitized by Panjab Digital Library | www.panjabdigilib.org

ਬਾਬੂ ਰਜਬ ਅਲੀ ਦੇ ਪੁੱਤਰ ਸ਼ਮਸ਼ੇਰ ਖਾਂ ਨੇ ਉਹਨਾਂ ਦੀ ਮੌਤ ਤੋਂ ਪਿਛੋਂ ਪਾਕਿਸਤਾਨ ਵਿਚੋਂ ਇੱਕ ਕਵਿਤਾ ਭੇਜੀ ਸੀ, ਜੋ ਸ਼ਹੀਦ ਭਗਤ ਸਿੰਘ ਵਾਲੀ ਪੁਸਤਕ ਦੇ ਪਿੱਛੇ ਪ੍ਰਕਾਸ਼ਿਤ ਵੀ ਕੀਤੀ ਗਈ ਹੈ, ਉਸ ਵਿਚ ਲਿਖਿਆ ਹੈ ਕਿ ਅੰਗ੍ਰੇਜ਼ ਵਿਰੁਧ ਕਵਿਤਾ ਲਿਖਣ ਕਰ ਕੇ ਬਾਬੂ ਜੀ ਦੀ ਨੌਕਰੀ ਵਿਚ ਤਰੱਕੀ ਬੰਦ ਦਿੱਤੀ ਗਈ ਸੀ :

ਕਰ ਦੂਰ ਦਵੈਤਾਂ ਨੂੰ, ਕਲਮ ਨੂੰ ਫੜ ਕੇ, ਲਿਖ ਗਿਆ ਸ਼ੈਰੀ ।
ਲਿਖੇ ਕਵਿਤਾ ਆਜ਼ਾਦੀ ਦੀ, ਕਿਸੇ ਨੇ ਦੇਤੀ ਵੈਰੀ ਨੂੰ ਡੈਰੀ ।
ਹੋਈ ਬੰਦ ਤਰੱਕੀਆਂ ਜੀ, ਚੱਕੇ ਗਏ ਨੇੜੇ ਗੈਂਸ ਜੇ ਜੱਗੇ ।

ਬਾਬੂ ਜੀ ਨੇ ਭਾਵੇਂ ਕਈ ਥਾਵਾਂ ਉੱਤੇ ਮਲਵੀਂ ਜੀਭ ਨਾਲ ਕਈ ਕੰਮਾਂ ਬਾਰੇ ਅੰਗ੍ਰੇਜ਼ ਦੀ ਸਿਫਤ ਵੀ ਕੀਤੀ ਹੈ ਪਰ ਉਸਦਾ ਜ਼ਿਆਦਾ ਝੁਕਾ ਦੇਸ਼-ਭਗਤੀ ਵੱਲ ਸੀ । ਉਸ ਨੇ ਚੀਨ ਤੇ ਪਾਕਿਸਤਾਨ ਨਾਲ ਹੋਈਆਂ ਹਿੰਦੁਸਤਾਨ ਦੀਆਂ ਲੜਾਈਆਂ ਸਮੇਂ ਹਿੰਦੁਸਤਾਨ ਦੇ ਪੱਖ ਤੋਂ ਖ਼ੂਬਸੂਰਤ ਕਵਿਤਾਵਾਂ ਲਿਖੀਆਂ । ਉਸ ਨੂੰ ਹਿੰਦੁਸਤਾਨ ਨਾਲ ਪਿਆਰ ਹੈ । ਪੰਜਾਬ ਨਾਲ ਪਿਆਰ ਹੈ । ਮਾਲਵੇ ਨਾਲ ਪਿਆਰ ਹੈ । ਉਸ ਨੇ ਜੰਗ ਯੂਰਪ ਵਿਚ ਪੰਜਾਬੀਆਂ ਦੀ ਬਹਾਦਰੀ ਦੇ ਬੜੇ ਸੋਹਲੇ ਗਾਏ ਹਨ ।

ਬਾਬੂ ਰਜਬ ਅਲੀ ਨੂੰ ਪੰਜਾਬੀ ਬੋਲੀ ਨਾਲ ਇਸ਼ਕ ਹੈ । ਧਨੀ ਰਾਮ ਚਾਤ੍ਰਿਕ ਵਾਂਗ ਉਸ ਨੇ ਪੰਜਾਬੀ ਭਾਸ਼ਾ ਦੀ ਸਿਫਤ ਵਿਚ ਬਹੁਤ ਕਲਾਤਮਿਕ ਕਵਿਤਾਵਾਂ ਲਿਖੀਆਂ :

ਏਸ਼ੀਆਂ 'ਚ ਏਹੋ ਜੀ ਜ਼ਬਾਨ ਮਿੱਠੀ ਨਾ,
ਯੂਰਪ ਅਫਰੀਕਾ ਅਮਰੀਕਾ ਡਿੱਠੀ ਨਾ,
ਦੁੱਧ ਵਿਚ ਖੰਡ ਦੇ ਪਤਾਸੇ ਘੋਲੀ ਦੇ ।
ਮਿੱਠੇ ਬੋਲ ਬੋਲੀਦੇ ਪੰਜਾਬੀ ਬੋਲੀ ਦੇ ।
ਖੰਡ ਤੋਂ ਮਿੱਠੀ ਬੋਲੀ ਪਿਆਰੇ ਵਤਨ ਪੰਜਾਬ ਦੀ ।
ਮੁੱਖ ਚੋਂ ਲਪਟਾਂ ਮਾਰਨ, ਜੈਸੇ ਅਤਰ ਗੁਲਾਬ ਦੀ ।
ਹੋਰ ਸਤਾਉਨ ਜ਼ਬਾਨਾਂ, ਅੱਖੋਂ ਜਲ ਭਰ ਡੋਹਲੀ ਦਾ ।
ਕਰਦੇ ਨਾ ਹਮਦਰਦੋ, ਦਰਦ ਪੰਜਾਬੀ ਬੋਲੀ ਦਾ ।
ਬਾਬੂ ਜੀ ਪੰਜਾਬੀ ਫਿਰੇ ਸਿਖਦਾ ਜ਼ੁਬਾਨਾਂ ਹੋਰ,
ਵੀਰ ਜੀ ਪੰਜਾਬੀ ਬੋਲੀ ਤੇਰੇ ਮਾਂ ਤੇ ਬਾਪ ਦੀ ।

(ਬਾਬੂ ਰਜਬ ਅਲੀ)

ਪੰਜਾਬੀ ਸਭਿਆਚਾਰ ਨਾਲ ਜਿੰਨੀ ਡੂੰਘੀ ਮੁਹੱਬਤ ਇਸ ਮੜਵਾਲੇ ਸ਼ਾਇਰ ਨੂੰ ਸੀ ਉਹ ਦਾ ਬਿਆਨ ਸ਼ਬਦਾਂ ਤੋਂ ਬਾਹਰ ਹੈ । ਜਦੋਂ ਰਾਜਨੀਤੀ ਦੀ ਤਲਵਾਰ ਨੇ ਪੰਜਾਬੀ ਸਭਿਆਚਾਰ ਨੂੰ ਦੋ ਟੋਟਿਆਂ ਵਿਚ ਵੰਡ ਦਿਤਾ ਤਾਂ ਇਸ ਦਰਵੇਸ਼ ਕਵੀਸ਼ਰ ਨੇ ਅਰਸ਼ਾਂ ਦੀ ਹਿੱਕ ਨੂੰ ਪਾੜ੍ਹ ਦੇਣ ਵਾਲੀ ਕੂਕ ਮਾਰੀ । ਰਜਬ ਅਲੀ ਸੰਨ ਸੰਤਾਲੀ ਦੀ ਵੰਡ ਦੀ ਵੇਦਨ ਹੈ । ਉਹ ਆਪਣੇ ਆਪ ਨੂੰ ਕੈਦ ਕੀਤੀ ਬੁਲਬੁਲ ਦੀ ਤਰ੍ਹਾਂ ਮਹਿਸੂਸ ਕਰਦਾ ਹੈ । ਕਿਸੇ ਨੇ ਸੁਰਗ ਵਿਚੋਂ ਕੱਢੇ ਜਾਣ ਤੇ ਵੀ ਏਨੀ ਤੜਫੜਾਹਟ ਪ੍ਰਗਟ ਨਹੀਂ ਕੀਤੀ ਜ਼ਿੰਨੀ ਇਸ ਨੇ ਆਪਣੇ ਸਾਹੋ ਪਿੰਡ ਤੋਂ ਵਿੱਛੜ ਕੇ ਬਹਿਬਲਤਾ ਵਿਖਾਈ ਹੈ । ਉਹ ਸਾਹੋ

Digitized by Panjab Digital Library | www.panjabdigilib.org

ਨਗਰੀ ਨੂੰ ਇੰਦਰ ਦੀ ਇੰਦਰਾਪੁਰੀ ਤੋਂ ਸੋਹਣੀ[52] ਆਖਦਾ ਹੈ। ਉਹ ਸਾਹੋ ਦੀ ਖਾਕ ਨੂੰ ਖੰਡ ਦੀਆਂ ਡਲੀਆਂ[53] ਤਸੱਵਰ ਕਰਦਾ ਹੈ।

ਬਾਬੂ ਰਜਬ ਅਲੀ ਲੋਕ-ਕਵੀ ਸੀ। ਉਸ ਨੇ ਸਾਧਾਰਨ ਕਿਰਤੀਆਂ ਤੇ ਕਿਸਾਨਾਂ ਲਈ ਕਵੀਸ਼ਰੀ ਲਿਖੀ। ਉਸ ਨੇ ਆਪਣੀ ਕਵਿਤਾ ਵਿਚ ਕਿਸੇ ਰਾਜੇ, ਮਹਾਰਾਜੇ, ਸਰਦਾਰ ਦੀ ਸਿਫਤ ਨਹੀਂ ਕੀਤੀ ਅਤੇ ਨਾਹੀ ਉਸ ਨੇ ਕਿਸੇ ਰਾਜੇ ਜਾਂ ਸਰਪ੍ਰਸਤੀ ਦੀ ਕੋਈ ਝਾਕ ਰੱਖੀ। ਰਜਬ ਅਲੀ ਨੂੰ ਰਬ ਨੇ ਸਭ ਕੁਝ ਦਿੱਤਾ ਹੋਇਆ ਸੀ ਅਤੇ ਉਸ ਨੂੰ ਇਸ ਨਾਲ ਪੂਰਾ ਸਬਰ ਸੰਤੋਖ ਸੀ। ਕਵੀਸ਼ਰੀ ਰਜਬ ਅਲੀ ਦੀ ਜਾਨ ਸੀ। ਉਹ ਸਾਰੀ ਉਮਰ ਕਵੀਸ਼ਰੀ ਦੇ ਖ਼ਜ਼ਾਨੇ ਨੂੰ ਮਾਲੋਮਾਲ ਕਰਦਾ ਰਿਹਾ।

ਜ਼ਿਲ੍ਹਾ ਬਠਿੰਡਾ ਦੇ ਪਿੰਡ ਭੂੰਦੜ ਦੇ ਪ੍ਰਸਿਧ ਕਵੀਸ਼ਰੀ ਗੰਗਾ ਸਿੰਘ ਨੇ ਮਹਾਰਾਜਾ ਭੁਪਿੰਦਰ ਸਿੰਘ, ਪਟਿਆਲਾ ਕੋਲ 1928 ਈ. ਵਿਚ ਦਾਅਵਾ ਕੀਤਾ ਕਿ ਉਹ 65 ਕਵੀਸ਼ਰਾਂ ਵਿਚੋਂ ਸ਼੍ਰੋਮਣੀ ਹੈ। ਬਾਬੂ ਰਜਬ ਅਲੀ ਦੇ ਗੁਰਭਾਈ ਮੰਗਲ ਦਾਸ ਨੇ 'ਸ਼੍ਰੋਮਣੀ-ਭੰਨ' ਕਿੱਸਾ ਛਾਪ ਦਿੱਤਾ। ਗੰਗਾ ਸਿੰਘ ਨੇ ਚੈਲਿੰਜ ਪ੍ਰਵਾਨ ਕੀਤਾ ਅਤੇ 8 ਅੱਸੂ ਸੰਮਤ 1985 (1928 ਈ.) ਨੂੰ ਕਾਵਿ-ਮੁਕਾਬਲੇ ਦਾ ਐਲਾਨ ਕਰ ਲਿਆ। ਮੰਗਲਦਾਸ ਨਾ ਆਇਆ। ਗੰਗਾ ਸਿੰਘ ਨੇ 'ਮੂੰਹ ਤੋੜ' ਪ੍ਰਸੰਗ ਛਾਪਿਆ। ਇਸ ਤਰ੍ਹਾਂ ਵਿਵਾਦ ਨਿਜੀ ਤੁਹਮਤ-ਬਾਜ਼ੀ ਉੱਤੇ ਆ ਗਿਆ। ਪਿੰਡ ਕਿੱਲਿਆਂ ਵਾਲੀ ਦੇ ਕਵੀਸ਼ਰੀ ਦੇ ਪਾਰਖੂ, ਸਰਦਾਰ ਨਰੈਣ ਸਿੰਘ ਨੇ 1929 ਈ. ਵਿਚ ਸੁਲਾਹ ਕਰਵਾਉਣ ਦਾ ਯਤਨ ਕੀਤਾ। ਇਸੇ ਸਾਲ ਹਾਜੀ ਰਤਨ ਦੇ ਮੇਲੇ ਬਠਿੰਡੇ ਵਿਚ ਕਵੀਸ਼ਰਾਂ ਦੇ ਇਕੱਠ ਵਿਚ ਇਹ ਫੈਸਲਾ ਹੋਇਆ ਕਿ ਜੋ ਕਵੀਸ਼ਰ ਪਿੰਗਲ ਤੋਂ ਬਾਹਰ ਛੰਦ ਘੜੇਗਾ ਉਹ ਸ਼੍ਰੇਸ਼ਟ ਹੋਵੇਗਾ। ਗੰਗਾ ਸਿੰਘ ਤੇ ਮੰਗਲ-ਦਾਸ ਨੇ, ਕ੍ਰਮਵਾਰ ਛੇ ਮਹੀਨੇ, ਤਿੰਨ ਮਹੀਨੇ ਦੀ ਮੋਹਲਤ ਮੰਗੀ। ਬਾਬੂ ਰਜਬ ਅਲੀ ਨੇ ਮੌਕੇ ਉੱਤੇ ਹੀ ਛੇ ਕਲੀਆਂ ਛੰਦ ਬਣਾਇਆ ਜੋ ਅੰਗ੍ਰੇਜ਼ੀ ਦੇ ਛੰਦ ਸੈਨਿਟ ਨਾਲ ਮਿਲਦਾ ਜੁਲਦਾ ਹੈ। ਇਸ ਵਿਚ ਪਹਿਲੀ ਪੰਗਤੀ ਦਾ ਅਨੁਪਰਾਸ ਚੌਥੀ ਨਾਲ, ਦੂਜੀ ਦਾ ਪੰਜਵੀਂ ਨਾਲ ਅਤੇ ਤੀਜੀ ਦਾ ਛੇਵੀਂ ਨਾਲ ਮਿਲਦਾ ਹੈ। ਇਸ ਦੇ ਪਹਿਲੇ ਤੇ ਚੌਥੇ ਚਰਣ ਦੇ 13, 13 ਵਰਣ ਅਤੇ ਦੂਜੇ, ਤੀਜੇ, ਪੰਜਵੇਂ ਤੇ ਛੇਵੇਂ ਚਰਣ ਦੇ 7, 7 ਵਰਣ ਹੁੰਦੇ ਹਨ ਅਤੇ ਇਸ ਵਿਧੀ ਨਾਲ ਇਹ ਛੰਦ ਚਲਦਾ ਜਾਂਦਾ ਹੈ।[54] ਬਾਅਦ ਵਿਚ ਇਸੇ ਛੰਦ ਦਾ ਨਾਂ 'ਬਾਬੂ ਚਾਲ' ਪਿਆ। ਇਸ ਛੰਦ ਦੀ ਕਾਢ ਕਰ ਕੇ ਹੀ ਬਾਬੂ ਜੀ ਨੂੰ 'ਸ਼੍ਰੋਮਣੀ-ਕਵੀਸ਼ਰ' ਮੰਨਿਆ ਗਿਆ।

ਬਾਬੂ ਜੀ ਦੇ ਸੀਨੇ ਵਿਚ ਇੱਕ ਇਨਸਾਨ ਦਾ ਦਿਲ ਸੀ। ਉਸ ਦਾ ਵਰਤਾਰਾ ਇਕ ਮਨੁੱਖ ਦਾ ਵਰਤਾਰਾ ਸੀ। ਉਹ ਪਿਆਰ ਦਾ ਮਰਜੀਵੜਾ ਸੀ। ਉਸ ਨੂੰ ਸਾਰੀ ਆਯੂ ਬਅੰਤ ਸੁੱਖ ਤੇ ਪਿਆਰ ਮਿਲਿਆ। ਉਸ ਨੇ ਇਸ ਤੋਂ ਵਧੇਰੇ ਸ਼ਿੱਦਤ ਨਾਲ ਆਪਣੇ ਪਿਆਰ ਨੂੰ ਲੁਟਾਇਆ ਅਤੇ ਆਪਣੇ ਸੁੱਖ ਵਿਚ ਸਕੇ ਸੰਬੰਧੀਆਂ ਤੇ ਕਵੀਸ਼ਰਾਂ ਨੂੰ ਭਾਈਵਾਲ ਬਣਾਇਆ। ਉਸ ਨੂੰ ਜੇ ਪਿਆਰ ਦਾ ਚਸ਼ਮਾ ਕਹਿ ਲਿਆ ਜਾਵੇ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ।

ਬਾਬੂ ਰਜਬ ਅਲੀ ਬੜੀ ਬਾਰੀਕਬੀਨੀ ਦਾ ਮਾਲਕ ਸੀ। ਉਸ ਨੇ ਆਪਣੇ ਆਲੇ ਦੁਆਲੇ ਦੇ ਲੋਕਾਂ ਦੇ ਰਹਿਣ ਸਹਿਣ ਤੇ ਸਭਿਆਚਾਰ, ਨੂੰ ਤੀਖਣਤਾ ਨਾਲ ਅਨੁਭਵ

Digitized by Panjab Digital Library | www.panjabdigilib.org

ਕਰ ਕੇ ਉਹਨਾਂ ਸੰਬੰਧੀ ਸੂਝਵਾਨ ਟਿੱਪਣੀਆ ਦਿੱਤੀਆਂ ਹਨ। ਉਸ ਨੇ ਵੱਖ ਵੱਖ ਪਿੰਡਾਂ, ਜਾਤਾਂ, ਗੋਤਾਂ ਦੀਆਂ ਵਿਸ਼ੇਸ਼ਤਾਈਆਂ ਨੂੰ ਦਿਲਚਸਪ ਟਿੱਪਣੀਆਂ ਦੇ ਕੇ ਆਪਣੀ ਚੇਤਨ ਬੁੱਧ ਦਾ ਪਰਿਚੈ ਦਿੱਤਾ ਹੈ। ਬਾਬੂ ਜੀ ਮੇਲਿਆਂ ਦਾ ਸ਼ੌਕੀ ਸੀ। ਇਸ ਨੇ ਮੇਲਿਆਂ ਦੇ ਦ੍ਰਿਸ਼ ਨੂੰ ਕਾਵਿਬੱਧ ਵੀ ਕੀਤਾ ਹੈ ਅਤੇ ਇੱਥੇ ਇਕੱਠੇ ਹੋਏ ਲੋਕ ਉਭਾਰ ਨੂੰ ਸਮਝਿਆ ਤੇ ਮਾਣਿਆ ਹੈ।

ਬਾਬੂ ਰਜਬ ਅਲੀ ਪੁਰਾਣੇ ਖਰੇ ਸੋਨੇ ਵਰਗਾ ਸਾਦਾ, ਸੁੱਚਾ ਤੇ ਸੱਚਾ ਜਿਹਾ ਬੰਦਾ ਸੀ। ਉਹਦਾ ਦਿਲ ਪੁਰਾਣੇ ਯਾਰਾਂ ਵਾਂਗ ਨਿੱਘਾ ਅਤੇ ਅਪਣਤ ਤੇ ਮੋਹ ਕਾਲ ਭਰਿਆ ਹੋਇਆ ਸੀ। ਉਹ ਪੁਰਾਣੇ ਮਾਖਿਓਂ ਵਰਗਾ ਮਿੱਠਾ ਤੇ ਪਿਆਰੇ ਸੁਭਾਅ ਦਾ ਸ਼ਾਇਰ ਸੀ। ਉਸਦੀ ਰੂਹ ਨੂੰ ਸਦਾ ਪੁਰਾਣੀ ਸ਼ਰਾਬ ਵਰਗਾ ਵਜਦ ਚੜ੍ਹਿਆ ਰਿਹਾ। ਉਸ ਦੇ ਬੋਲ ਵਿਚ ਸਰਸਵਤੀ ਦੇ ਵਰ ਵਰਗਾ ਜਾਦੂ ਸੀ। ਉਸ ਦੀ ਰੂਹ ਪਿਆਰ ਨਾਲ ਮਰੀਅਮ ਦੀ ਤਰ੍ਹਾਂ ਨਕੋਨੱਕ ਭਰੀ ਹੋਈ ਸੀ। ਉਸ ਨੂੰ ਕਵੀਸ਼ਰੀ ਨਾਲ ਆਸ਼ਕਾਂ ਵਰਗੀ ਮੁਹੱਬਤ ਸੀ। ਕਵੀਸ਼ਰੀ ਨੂੰ ਉਹ ਅੱਲ੍ਹਾ ਦੀ ਦਾਤ ਸਮਝਦਾ ਸੀ। ਉਸ ਨੂੰ ਆਪਣੇ ਵਤਨ ਤੇ ਸਭਿਆਚਾਰ ਨਾਲ ਨਾਲ ਏਨਾ ਪਿਆਰ ਸੀ ਜਿਨ੍ਹਾਂ ਯੂਸਫ ਦਾ ਕਿਨਆਨ ਸ਼ਹਿਰ ਨਾਲ। ਚੇਲਿਆਂ ਨਾਲ ਉਸ ਦਾ ਸਨੇਹ ਪੁੱਤਰਾਂ ਨਾਲੋਂ ਵੱਧ ਕੇ ਸੀ।

ਬਾਬੂ ਰਜਬ ਅਲੀ ਮਾਲਵੇ ਦੀ ਕਵੀਸ਼ਰੀ ਪਰੰਪਰਾ ਦਾ ਚੇਤਨ, ਪ੍ਰੌੜ ਤੇ ਪ੍ਰਤੀਨਿਧ ਕਵੀਸ਼ਰ ਹੈ।

**ਟਿੱਪਣੀਆਂ ਤੇ ਹਵਾਲੇ**

1. ਭੌਲਣ ਚੀਰਾ ਪਾੜ੍ਹਿਆ ਅਕਬਰ ਦੇ ਦਰਬਾਰ। (ਲੋਕ-ਵਾਰ)
2. ਕਾਨ੍ਹ ਸਿੰਘ, ਭਾਈ, 'ਗੁਰਸ਼ਬਦ ਰਤਨਾਕਰ ਮਹਾਨ-ਕੋਸ਼', 'ਪਟਿਆਲਾ', 1960, ਪੰਨਾ 608.
3. ਪਿੰਡ ਦੇ ਸਿਆਣੇ ਬਜ਼ੁਰਗਾਂ ਦੀ ਦੱਸ ਅਨੁਸਾਰ।
4. ਕਾਨ੍ਹ ਸਿਘ, ਭਾਈ, 'ਗੁਰਸ਼ਬਦ ਰਤਨਾਕਰ ਮਹਾਨ-ਕੋਸ਼', 1960, ਪੰਨਾ 399.
5. ਉਹੀ, ਪੰਨਾ 608.
6. ਇਸ ਦੰਦ-ਕਥਾ ਵਿਚ ਸਾਹੋਕੇ ਦੇ ਲੋਕਾਂ ਵਲੋਂ ਗੁਰੂ ਗੋਬਿਦ ਸਿੰਘ ਦੇ ਘੋੜਿਆਂ ਨੂੰ ਢਾਬ ਵਿਚੋਂ ਪਾਣੀ ਨਾ ਪੀਣ, ਅਤੇ ਸਾਹੋਕੇ ਨੂੰ ਸਰਾਪ ਦੇਣ ਦੀ ਕਹਾਣੀ ਹੈ।
7. ਕਵੀਸ਼ਰ ਜਰਮੇਲ ਸਿਘ ਦੀ ਦੱਸ ਅਨੁਸਾਰ।
8. ਪਿੰਡ ਦੇ ਇਕ ਸਿਆਣੇ ਬਜ਼ੁਰਗ ਦੀ ਦੱਸ ਅਨੁਸਾਰ।
9. ਰਜਬਲੀ ਨੌਕਰੀ ਨਾ ਮਾੜੀ ਐ, ਨਹਿਰ ਦੇ ਮੁਲਾਜਮੇ।

(ਦਹੂਦ—ਰਜਬ ਅਲੀ)

10. (ੳ) ਬਾਬੂ ਸ਼ਾਇਰ ਬਣ ਗਿਆ, ਜਹਾਨ ਹੱਸਿਆ, ਰਿਹਾ ਖਤਾਨ ਨਾਪਦਾ।
    (ਅ) ਕਰ ਦੇ ਦਲੀਲ ਪੂਰੀ ਬਾਬੂ ਨਹਿਰੀ ਦੀ।
    ਮਿੱਠੀ ਨਹਿਰ ਚਲ ਕੇ, ਦਿਮਾਗੋਂ ਸ਼ਾਇਰੀ ਦੀ।

(ਰਮਾਇਣ—ਰਜਬ ਅਲੀ)

11. ਵਾਰ ਮਾਝ, ਮਹਲਾ ੧, ਆਦਿ ਗ੍ਰੰਥ, ਪੰਨਾ 143.
12. ਸੋਹਣੀ ਸਾਹੋ ਪਿੰਡ ਦੀਏ ਬੀਹੇ, ਬਚਪਣ ਦੇ ਵਿਚ ਪੜ੍ਹੇ ਢੰਬੀਹੇ,

Digitized by Panjab Digital Library | www.panjabdigilib.org

ਚੂਰੀ ਖੁਆ ਮਾਂ ਪਾ ਤੇ ਰਸਤੇ, ਚੱਕ ਲੈ ਕਲਮ ਦਵਾਤਾਂ ਬਸਤੇ,
ਸ਼ੁਰ ਨਰਿੰਜਨ ਮਹਿੰਗੇ ਨੇ ।

(ਰਜਬ ਅਲੀ)

13. ਬਾਬੂ ਰਜਬ ਅਲੀ ਦੇ ਪ੍ਰੋ. ਰੁਲੀਆ ਸਿੰਘ ਸਿੱਧੂ ਨੂੰ 24.4.1974 ਨੂੰ ਲਿਖੇ ਖ਼ਤ ਵਿਚੋਂ ।
14. ਮੇਰੇ ਨਾਲ ਮੋਗੇ ਪੜ੍ਹਿਆ, ਸੂਦ ਸਲੀਣਓਿ ਗੋਕਲ ਜੀ,
ਬਾਬੂ ਰਵੀਇੰਦਰ ਤੇ ਸੰਤੋਖ ਡਰੋਲੀ ਦਾ ।

(ਦਰਦ ਪੰਜਾਬੀ ਬੋਲੀ ਦਾ—ਰਜਬ ਅਲੀ)

15. "ਵਜਹ ਯੇਹ ਥੀ ਕਿ ਦੋ ਸਵਾਲੋਂ ਕੀ ਰਕਮ ਗਲਤ ਥੀ । ਮੁਝ ਮੇਂ ਬੜਾ ਨੁਕਸ ਹੈ ਕਿ ਮੇਰੀ ਤਬੀਅਤ ਬੜੀ ਸ਼ਰਮੀਲੀ ਹੈ । ਮੈਂ ਉਠ ਕਰ ਰਕਮ ਠੀਕ ਨਾ ਕਰਵਾਈ ਇਸ ਤਰ੍ਹਾਂ ਸਵਾਲਾਤ ਗਲਤ ਹੋ ਗਏ । ਇਤਨੀ ਸ਼ਰਮ ਮਹਿਸੂਸ ਕੀ ਕਿ ਵਹਾਂ ਸੇ ਸਰਟੀਫਿਕੇਟ ਲੇਕਰ ਬਰਜਿੰਦਰਾ ਹਾਈ ਸਕੂਲ ਫਰੀਦਕੋਟ ਵਿਚ ਦਾਖਲ ਹੋ ਗਿਆ ਔਰ ਵਹਾਂ ਸੇ ਸੈਕਿੰਡ ਡਵੀਜ਼ਨ ਮੇਂ ਮੈਟ੍ਰਿਕ ਪਾਸ ਕੀ ।"

(ਰਜਬ ਅਲੀ)

16. ਬਾਬੂ ਰਜਬ ਅਲੀ ਵੱਲੋਂ ਪ੍ਰੋ. ਰੁਲੀਆ ਸਿੰਘ ਨੂੰ ਲਿਖੇ 24.4.1974 ਦੇ ਖ਼ਤ ਵਿਚੋਂ ।
17. ਉਹੀ ।
18. ਮੋਗਾ ਅੱਠ ਜਮਾਤਾਂ ਜੀ, ਮੈਟ੍ਰਿਕ ਕੋਟਕਰੀਦੋਂ ਕੀਤੀ, ਦੇਸ਼ ਕੁਲ ਜਾਣੇ ।
ਬਾਬੂ ਬਣਿਆ ਰਸੂਲੋਂ ਜੀ, ਮੇਰੀ ਸਾਰੀ ਉਮਰ ਐਸ਼ ਵਿਚ ਬੀਤੀ, ਬੜੇ ਸੁਖ ਮਾਣੇ ।

(ਰਜਬ ਅਲੀ)

19. ਰਜਬ ਅਲੀ ਵਲੋਂ ਡਾ. ਆਤਮ ਹਮਰਾਹੀ ਨੂੰ 30.10.1972 ਲਿਖੇ ਖ਼ਤ ਵਿਚੋਂ ।
20. ਖਤ ਲਿਖੇ ਸੁੱਚੇ ਨੂੰ ਨਰੈਣਾ ਸੜਿਆ ਵਿਆ । ਬਾਬੂ ਜੀ ਪਿੰਗਲ ਅੰਗਰੇਜ਼ੀ ਪੜ੍ਹਿਆ ਵਿਆ ।

(ਸੁੱਚਾ ਸਿੰਘ ਸੂਰਮਾ—ਰਜਬ ਅਲੀ)

21. ਮਾਨ ਸਿੰਘ ਗੰਗਾ ਸਿੰਘ ਦੇਸ਼ ਦੇ ਪੁਰਾਣੇ ਸ਼ਾਇਰ ।

(ਰਜਬ ਅਲੀ)

22. ਬਾਬੂ ਜੀ ਨੇ ਆਪਣੇ ਉਸਤਾਦ ਦੀ ਸਿਫਤ ਕਈ ਪ੍ਰਸੰਗਾਂ ਵਿਚ ਕੀਤੀ ਹੈ ।
23. ਕਵੀਸ਼ਰ ਮਾਨ ਸਿੰਘ ਦੇ ਸਪੁੱਤਰ ਦੀ ਦੱਸ ਅਨੁਸਾਰ ।
24. ਮਾਨ ਸਿੰਘ, 'ਪੱਤਲ',
25. ਇਹ ਹੱਥ-ਲਿਖਤ ਰਚਨਾਵਾਂ ਕਵੀ ਦੇ ਸਪੁੱਤਰ ਕੋਲ ਉਸ ਦੇ ਪਿੰਡ ਕਾਹਨ ਸਿੰਘ ਵਾਲਾ, (ਬਠਿੰਡਾ) ਵਿਚ ਸੁਰਖਿਅਤ ਹਨ ।
26. ਪ੍ਰੋ. ਰੁਲੀਆ ਸਿੰਘ ਸਿੱਧੂ ਨੂੰ ਲਿਖੇ ਬਾਬੂ ਰਜਬ ਅਲੀ ਦੇ ਖਤ ਵਿਚ ।
27. ਕਰ ਮੈਟ੍ਰਿਕ ਪਾਸ ਸਕੂਲੋਂ, ਓਵਰਸੀਅਰ ਬਣੇ ਰਸੂਲੋਂ,
ਜ਼ਿਲੇ ਪਸ਼ੌਰ ਨਹਿਰ ਵਿਚ ਭਰਤੀ, ਦੌਲਤ ਪਾਣੀ ਵਾਂਗੂੰ ਵਰਤੀ, ਬਹੁਤ ਬਹਾਰਾਂ ਮਾਣੀਆਂ ।
ਸੁਰਖ ਮਖਮਲਾਂ ਵਰਗੇ ਫਿਰਨ ਪਠਾਣ ਪਠਾਣੀਆਂ ।

(ਬਾਬੂ ਰਜਬ ਅਲੀ)

28. ਬਦਲੇ ਜਗਰਾਵਾਂ ਕੋਲ ਅਖਾੜੇ । ਵਰਦੀਆਂ ਰੂਪ ਦੀਆਂ ਕਣੀਆਂ ਤਿਹਾੜੇ ।

(ਆਵੇ ਵਤਨ ਪਿਆਰਾ ਚੇਤੇ—ਰਜਬ ਅਲੀ)

29. ਜਬ ਜੰਗ ਕਰਦੇ ਬਿਰਟਸ ਜਰਮਨ । ਬਸਰੇ ਤੁਰ ਗਿਆ ਮਾਂ ਦਾ ਸਰਵਣ ।

(ਰਜਬ ਅਲੀ)

30. ਰਜਬ ਅਲੀ ਬਾਬੂ ਨਹਿਰ ਦਾ ਰਿਟੈਰ ਹੈ ।

(ਰਾਜਾ ਰਤਨ ਸੈਨ—ਰਜਬ ਅਲੀ)

Digitized by Panjab Digital Library | www.panjabdigilib.org

31. ਉਂ ਤਾਂ ਸਾਡੀ ਪਿੰਡ ਮਾਲਕੀ ਦੀ ਪੈਲੀ ਸੀ। ਕੁਝ ਮੋਹਕਮ ਵਾਲੇ 'ਚ ਜ਼ਮੀਨ ਲੈ ਲੀ ਸੀ।
ਹੋਰ ਕਾਲੇ ਟਿਬੇ 'ਚ ਖਰੀਦੀ ਧਰਤੀ। ਪਾ ਕੇ ਪਕਾ ਬੰਗਲਾ ਰਹਾਇਸ਼ ਕਰਤੀ।
(ਰਜਬ ਅਲੀ)

32. ਬਾਬੂ ਰਜਬ ਅਲੀ ਵਲੋਂ ਪ੍ਰੋ. ਰੁਲੀਆ ਸਿੰਘ ਸਿੱਧੂ ਨੂੰ ਲਿਖੇ 24.9.1974 ਦੇ ਖ਼ਤ ਵਿਚੋਂ।

33. ਪੁੱਤ ਖਾਂ ਅਦਾਲਤ ਵੱਡਾਈ ਕਰਦਾ। ਵਾਹੀ ਨੂੰ ਘੁਕਾਵੇ ਆਕਲ ਖਾਂ ਪਰ ਦਾ।
ਤੀਜਾ ਕਾਕਾ ਸ਼ੇਰ ਖਾਂ ਲਾਹੌਰ ਪੜ੍ਹਦਾ। ਨਰਮ ਸੁਭਾ ਦਾ ਕਿਸੇ ਨਾਲ ਨਾ ਲੜਦਾ।
(ਬਾਬੂ ਰਜਬ ਅਲੀ)

34. ਭਾਰੀਆ ਜੰਗੀਰਾਂ ਸੀ ਉਤਮ ਜਾਤੀਆਂ।
ਦੋਵੇ ਧੀਆਂ ਝੋਲੀ ਭੈਣ ਦੀ 'ਚ ਪਾਤੀਆਂ।
(ਰਜਬ ਅਲੀ)

35. ਬਾਬੂ ਰਜਬ ਅਲੀ ਦੇ ਪ੍ਰੋ. ਰੁਲੀਆ ਸਿਘ ਸਿੱਧੂ ਨੂੰ ਲਿਖੇ ਖ਼ਤਾਂ ਅਨੁਸਾਰ।

36. ਖਾੜੇ ਫਤਹਿ ਅਜ਼ੀਜ ਲਗਾਉਂਦੇ ਜੈਸੇ ਚੀਕਣ ਬਿੰਡੇ ਜੀ।
(ਰਜਬ ਅਲੀ)

37. ਬਾਬੂ ਜੀ ਦੇ ਪਹਿਲੇ ਚੇਲੇ ਕਵੀਸ਼ਰ ਠਾਣਾ ਸਿੰਘ ਦੇ ਦਸਣ ਅਨੁਸਾਰ।

38 (ੳ) ਚਾਰ ਮੈਨੂੰ ਮਿਲੇ ਸਾਹੀਵਾਲ ਮੇਂ ਮੁਰਬੇ ਜੀ।
ਦੋ ਦਿਆਲਪੁਰ ਦੇ ਉਕਾੜੇ ਲੱਭੇ ਜੀ।
ਮੇਰੀ ਸਾਰੀ ਇਸ ਜ਼ਿਲੇ 'ਚ ਵਰਾਸ ਹੈ।
ਬੱਤੀ ਚੱਕ ਦਾਸ ਦਾ ਉਕਾੜੇ ਪਾਸ ਹੈ।
ਮੇਰੀ ਸਾਰੀ ਇੱਕੋ ਮੋਘੇ 'ਤੇ ਜ਼ਮੀਨ ਹੈ।
ਪਿੰਡ ਵਿਚ ਆਟਾ ਪੀਣ ਦੀ ਮਸ਼ੀਨ ਹੈ।
ਜਦੋਂ ਚਿੱਤ ਕਰੇ ਜੋੜੀਦਾ ਖਰਾਸ ਹੈ।
ਬੱਤੀ ਚੱਕ ਦਾਸ ਦਾ ਉਕਾੜੇ ਪਾਸ ਹੈ।
ਪੱਕੇ ਮਹਿਲ ਚਿਣੇ ਵਾਂਗਰਾਂ ਨਵਾਬਾਂ ਦੇ।
ਪੁੱਤ ਪੋਤੇ ਫੁੱਲ ਸੁੱਘਣ ਗੁਲਾਬਾਂ ਦੇ।
ਆਵੇ ਆੜੂ ਅੰਬ ਦੇ ਫੁੱਲਾਂ ਦੀ ਬਾਸ ਹੈ।
ਬੱਤੀ ਚੱਕ ਦਾਸ ਦਾ ਉਕਾੜੇ ਪਾਸ ਹੈ।
(ਰਜਬ ਅਲੀ)

(ਅ) ਕਾਕਿਆਂ ਦੀ ਮਾਂ ਤੇ ਮੈਂ ਬੱਤੀ 'ਚ ਰਹਿਣੇ ਆਂ।
ਪੈਨਸ਼ਨ ਮਿਲਦੀ ਬਹਾਰਾਂ ਲੈਣੇ ਆਂ।
(ਰਜਬ ਅਲੀ)

39. ਕੋਸ਼ਿਸ਼ ਕਰੀ ਲਾਹੌਰ ਜਾ ਪਰਮਟਾਂ ਦੀ, ਸੱਚੇ ਰਬ ਦੀ ਖਾਣੋਂ ਸੁਗੰਧ ਰਹਿ ਗੇ।
ਕਲਾ ਵਿਗੜ ਗਈ ਉਡਣ ਖਟੋਲਿਆਂ ਦੀ, ਬੈਠੇ ਏਸ ਜਾ ਵਾਂਗਰਾਂ ਕੰਧ ਰਹਿ ਗੇ।
ਚਮਨ ਵਿਚ ਉਡਾਰੀਆਂ ਲਾਉਣੀਆਂ ਸੀ, ਤੋਤੇ ਪਿੰਜਰਿਆਂ ਦੇ ਵਿਚ ਬੰਦ ਰਹਿਗੇ।
ਤਕਦੀਰ ਕਬੂਤਰਾਂ ਗੁੜਕਦਿਆਂ ਦੇ, ਫੰਗ ਕਟ ਤੇ ਲਗੇ ਵੇ ਫੰਦ ਰਹਿ ਗੇ।

Digitized by Panjab Digital Library | www.panjabdigilib.org

ਜ਼ੋਰਾਵਰ ਸਰਕਾਰ ਨਾ ਮਿਲਣ ਦੇਵੇ, ਰਜਬ ਅਲੀ ਸਮੇਤ ਫ਼ਰਜ਼ੰਦ ਰਹਿ ਗੇ ।

(ਰਜਬ ਅਲੀ)

40. ਇਹ ਕਵੀਸ਼ਰ ਸਨ : ਕੇਹਰ ਸਿੰਘ ਗਿੱਲ, ਕਰਨੈਲ ਸਿੰਘ ਮੂਮਨ, ਬਸੰਤ ਸਿੰਘ ਭਾਈਰੂਪਾ, ਬਲਵੰਤ ਸਿੰਘ ਭਲਾਈਆਣਾ, ਦਸੌਂਧਾ ਸਿੰਘ ਕਰੀਰ ਵਾਲਾ, ਗਿੰਦਰ ਸਿੰਘ ਸ਼ੇਰਪੁਰੀ. ਸਰੂਪ ਚੰਦ ਬਰਗਾੜੀ, ਮੇਘ ਰਾਜ ਭੰਮੀਪੁਰਾ, ਨੰਦ ਸਿੰਘ ਰਾਜੇਆਣਾ, ਹੰਸ ਰਾਜ ਕੋਟਕਪੂਰਾ, ਰਾਮ ਜੀ ਦਾਸ ਸੁਖਣ ਵਾਲਾ, ਮੇਜਰ ਸਿੰਘ ਪਿੰਡ ਗਿੱਲ, ਰਾਮ ਜੀ ਦਾਸ ਰੋਡੇ, ਕਰਨੈਲ ਸਿੰਘ ਰਾਮੂਵਾਲੀਆ ਆਦਿ ।

41. ਆਤਮ ਹਮਰਾਹੀ (ਡਾ.), 'ਮਹਾਂਕਵੀ ਬਾਬੂ ਰਜਬ ਅਲੀ,' ਬਾਬੂ ਰਜਬ ਅਲੀ ਸਾਹਿੱਤ ਸਦਨ ਸਾਹੋਕੇ, ਤਹਿਸੀਲ ਮੋਗਾ, ਜ਼ਿਲਾ ਫਰੀਦਕੋਟ, 1979. ਪੰਨਾ 40.

42. ਬਾਬੂ ਹਰਫ ਬਣਾਵਦਾ ਗੁਰਮੁਖੀ ਦੇ, ਜਿਵੇਂ ਹੱਥ ਹੁਸ਼ਿਆਰ ਕਲਰਕ ਦਾ ਜੀ ।

43. ਪੈਂਣ ਗਤਣਾਟੇ ਜੋੜੀ ਤੇ ਜੋੜੀ ।

ਰਜਬ ਅਲੀ)

44. ਬਾਬੂ ਰਜਬ ਅਲੀ ਦੇ 20.7,1954 ਨੂੰ ਬਸੰਤ ਸਿੰਘ ਕਵੀਸ਼ਰ ਨੂੰ ਲਿਖੇ ਖ਼ਤ ਵਿਚੋਂ ।

45. 1. ਮੁਦਰਜ ਜ਼ੈਲ ਬਾਤੋਂ ਕਾ ਖਿਆਲ ਕਰੋਂ ।
    2. ਹਰ ਰੋਜ਼ ਖ਼ੁਦਾ ਕੀ ਬੰਦਗੀ ਕਰੋ, ਸ਼ਰਾਬ ਮਤ ਪੀਓ ।
    3. ਕਿਸੀ ਔਰਤ ਕੋ ਬੁਰੀ ਨਿਗਾ ਸੇ ਨਾ ਦੇਖੋਂ ।
    4. ਹਮੇਸ਼ਾ ਸੱਚ ਬੋਲੋਂ ।
    5. ਕਿਸੀ ਕੀ ਨਿੰਦਿਆ ਨਾ ਕਰੋ ।
    6. ਜੋ ਜ਼ਬਾਨ ਕਰੋ ਉਸ ਪਰ ਪੂਰੇ ਉਤਰੋ ।
    7. ਅਮਾਨਤ ਮੇਂ ਖ਼ਿਆਨਤ ਨਾ ਕਰੋਂ ।

(ਰਜਬ ਅਲੀ ਦੀ ਆਪਣੇ ਚੇਲਿਆਂ ਨੂੰ ਨਸੀਹਤ)

46. ਹਰਫ ਡੰਗਦੇ ਵਾਂਗ ਸਪੋਲੀਆਂ ਦੇ, ਸੇਕ ਵਾਂਗ ਤੰਦੂਰ ਦੇ ਲਾ ਰਿਹਾ ਜੇ ।
ਬੇਵਾ ਕੁੜਮਣੀ ਨਾਲ ਲਿਹਾਜ ਪਾ ਕੇ, ਬ੍ਰਿਧ ਹੁੰਦਿਆਂ ਸਾਰ ਹੰਕਾਰਿਆ ਜੇ ।
ਸਦੇ ਰਾਮ ਤੋਂ ਪੜ੍ਹੇ ਗ੍ਰੰਥ ਕਾਨੂੰ, ਰਹਿਣਾ ਕੁੜਮਣੀ ਪਾਸ ਮੁਜਾਰਿਆ ਜੇ ।
ਬਾਬੂ ਕਰੀ ਨਾ ਕਦਰ ਕਵੀਸ਼ਰੀ ਦੀ, ਮਿਲੀ ਰਬ ਤੋਂ ਦਾਤ ਪਿਆਰਿਆ ਜੇ ।

(ਬਾਬੂ ਰਜਬ ਅਲੀ ਵਲੋਂ ਰਾਮ ਸਿੰਘ ਜੰਗੀਰਾਣੇ ਨੂੰ ਲਿਖਿਆ ਛੰਦ)

47. ਕਵੀਸ਼ਰ ਠਾਣਾ ਸਿੰਘ ਸਾਹੋਕੇ ਦੇ ਦੱਸਣ ਅਨੁਸਾਰ ।

48. ਕਦੇ ਮੈਂ ਤੇ ਅਰਜਨ ਨੇ ਮਾਰੀਆਂ ਸੇਖੇ ਝਿੜੀ ਵਿਚ ਛਲਾਗਾਂ ।
ਮੈਨੂੰ ਉਠਦੇ ਬੈਠਦੇ ਨੂੰ, ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ ।

(ਰਜਬ ਅਲੀ)

49. ਕਪਤਾਨ ਟੀਮ ਦਾ ਸੀ. ਖੇਲਣ ਗਏ ਕ੍ਰਿਕਟ ਜਲੰਧਰ ।

50. ਪ੍ਰੋ. ਗੁਲੀਆ ਸਿੰਘ ਨੂੰ ਲਿਖੇ ਬਾਬੂ ਰਜਬ ਅਲੀ ਦੇ ਮਿਤੀ 24.6. 1974 ਈ. ਦੇ ਖ਼ਤ ਅਨੁਸਾਰ ।

51. ਡਾ. ਆਤਮ ਹਮਰਾਹੀ ਦੇ ਦੱਸਣ ਅਨੁਸਾਰ ।

52. ਮੇਰੀ ਸਾਹੋ ਨਗਰੀ ਜੀ, ਇੰਦਰ ਦੀ ਇੰਦਰਾਪੁਰੀ ਤੋਂ ਸੋਹਣੀ ।

(ਬਾਬੂ ਰਜਬ ਅਲੀ)

Digitized by Panjab Digital Library | www.panjabdigilib.org

53. ਸਾਹੋ ਦੀ ਖਾਕ ਖਡ ਦੀਆਂ ਡਲੀਆਂ ।

(ਬਾਬੂ ਰਜਬ ਅਲੀ)

54. ਬਾਬੂ ਜੀ ਦਾ ਛੇ ਕਲੀਆਂ ਛੰਦ (ਬਾਬੂ ਚਾਲ) ਇਹ ਪ੍ਰਕਾਰ ਹੈ :
ਮਨ ਵਿਚ ਕਰ ਲੈ ਵਿਚਾਰ ਬੰਦਿਆ,
ਤੂੰ ਪ੍ਰਾਹੁਣਾ ਜੱਗ 'ਤੇ,
ਖ਼ਾਕ ਵਿਚ ਰਲ ਜੇਂਗਾ,
ਲੋਭ ਪਿੱਛੇ ਜ਼ਿੰਦਗੀ ਗਵਾਵੇਂ ਗੰਦਿਆ,
ਪੈਰ ਧਰੇਂ ਅੱਗ ਤੇ,
ਉਏ ਨਲੈਕਾ ਬਲ ਜੇਂਗਾ ।

Digitized by Panjab Digital Library | www.panjabdigilib.org

## ਅਧਿਆਇ ਦੂਜਾ

# ਰਚਨਾਵਲੀ

ਬਾਬੂ ਰਜਬ ਅਲੀ ਦੀ ਕਲਮ ਵਿਚ ਦਰਿਆ ਸਤਲੁਜ ਦੀ ਰਵਾਨੀ ਸੀ। ਉਸ ਨੇ 65 ਸਾਲ ਨਿਰੰਤਰ ਕਵੀਸ਼ਰੀ ਦੀ ਸਿਰਜਣਾ ਕੀਤੀ; 33 ਸਾਲ ਹਿਦੁਸਤਾਨ ਦੇ ਪਜਾਬ ਵਿਚ, 32 ਸਾਲ ਪਾਕਿਸਤਾਨ ਦੇ ਪੰਜਾਬ ਵਿਚ। ਉਸ ਨੇ 81 ਕਿੱਸੇ ਤੇ ਪ੍ਰਸੰਗ ਲਿਖੇ। ਉਸ ਦਾ ਕਾਵਿ-ਚਸ਼ਮਾਂ ਦਿਨ ਰਾਤ ਆਤਮ-ਮੰਥਨ ਕਰਦਿਆਂ ਉਮ੍ਹਲਦਾ ਰਿਹਾ। ਉਸ ਨੇ ਕੁਝ ਰਚਨਾਵਾਂ ਆਪਣੀ ਸ੍ਵੈ-ਪ੍ਰੇਰਨਾ ਨਾਲ ਲਿਖੀਆਂ ਅਤੇ ਕੁਝ ਚੇਲਿਆਂ ਤੇ ਮਿੱਤਰਾਂ ਪਿਆਰਿਆਂ ਦੀ ਫਰਮਾਇਸ਼ ਉੱਤੇ। ਉਸ ਨੇ 'ਆਖਾ ਮੰਨ ਕੇ ਸਜਣਾਂ ਪਿਆਰਿਆਂ ਦਾ, ਰਚਨਾਵਾਂ ਦੀ ਛਹਿਬਰ ਲਾ ਦਿੱਤੀ। ਜ਼ਾਹਿਰ ਹੈ ਕਿ ਉਸ ਦੇ ਚੇਲਿਆਂ ਨੇ ਉਹਨਾਂ ਰਚਨਾਵਾਂ ਦੀ ਫ਼ਰਮਾਇਸ਼ ਕੀਤੀ ਹੋਵੇਗੀ ਜਿਹੜੀਆਂ ਉਸ ਸਮੇਂ ਅਖਾੜਿਆਂ ਵਿਚ ਲੋਕ-ਪ੍ਰਿਯ ਹੁੰਦੀਆਂ ਹੋਣਗੀਆਂ ਜਾਂ ਜਿਨ੍ਹਾਂ ਦੇ ਲੋਕ-ਪ੍ਰਿਯ ਹੋਣ ਦੀ ਸੰਭਾਵਨਾ ਸੀ। ਉਸ ਦੇ ਕੁਝ ਚੇਲੇ-ਕਵੀਸ਼ਰ ਲੋਕ ਸੰਪਰਕ ਵਿਭਾਗ, ਪੰਜਾਬ ਵਿਚ ਨੌਕਰ ਹੋ ਗਏ। ਉਹਨਾਂ ਨੇ ਬਾਬੂ ਜੀ ਤੋਂ ਕੁਝ ਕਵਿਤਾਵਾਂ ਵਕਤ ਦੀ ਸਰਕਾਰ ਦੀ ਸਿਫਤ ਸਲਾਹ ਵਿਚ ਵੀ ਲਿਖਵਾਈਆਂ ਭਾਵੇਂ ਉਹਨਾਂ ਦੀ ਗਿਣਤੀ ਨਾ ਮਾਤਰ ਹੈ। ਬਾਬੂ ਰਜਬ ਅਲੀ ਦੀਆਂ ਸ੍ਵੈ-ਅਨੁਭੂਤੀ ਨਾਲ ਸਿਰਜਿਤ ਕਵਿਤਾਵਾਂ ਬਹੁਤ ਭਾਵਪੂਰਨ ਅਤੇ ਦਿਲ ਦੀ ਗਹਿਰਾਈ ਵਿਚੋਂ ਲਿਖੀਆਂ ਗਈਆਂ ਹਨ ਜਦੋਂ ਕਿ ਦੂਜੀਆਂ ਕਵਿਤਾਵਾਂ ਵਿਚ ਬਨਾਵਟੀ ਅੰਸ਼ ਵਧੇਰੇ ਹੈ। ਬਾਬੂ ਜੀ ਦੀ ਲੰਬੀ, ਸਖ਼ਤ, ਨਿਸ਼ਕਾਮ ਤੇ ਗੰਭੀਰ ਸਾਹਿਤ-ਸਾਧਨਾ ਦੇ ਫਲਸਰੂਪ ਉਹਨਾਂ ਦੀ ਕਵੀਸ਼ਰੀ ਦੇ ਅਥਾਹ ਪਸਾਰੇ ਵਿਚ ਵੱਖ ਵੱਖ ਗੁਣਾਂ ਦੀਆਂ ਵੰਣਗੀਆਂ ਮਿਲ ਜਾਂਦੀਆਂ ਹਨ। ਉਸ ਵਿਚ ਪਦ ਤੇ ਪਦਾਰਥ, ਪਦਾਰਥ ਤੇ ਗੁਣ, ਗੁਣ ਤੇ ਰਸ ਦੀ ਘਾਟ ਨਹੀਂ।

ਬਾਬੂ ਰਜਬ ਅਲੀ ਨੇ ਆਪਣੀਆਂ ਬਹੁਤੀਆਂ ਰਚਨਾਵਾਂ ਦਾ ਆਕਾਰ ਅਖਾੜਿਆਂ ਦੀ ਪਰੰਪਰਾ, ਲੋੜ ਤੇ ਸੁਬਿੱਧਾ ਅਨੁਸਾਰ ਢਾਲਿਆ ਹੋਇਆ ਹੈ। ਉਸ ਨੇ ਆਮ ਤੌਰ ਤੇ ਹਰ ਵੱਡੇ ਛੰਦ ਦੇਣ ਤੋਂ ਪਹਿਲਾਂ ਦੋਹਿਰਾ ਤੇ ਕੇ ਸਰੋਤਿਆਂ ਨੂੰ ਸੁਚੇਤ ਕੀਤਾ ਹੈ ਅਤੇ ਕਥਾ ਦਾ ਬੋਧ ਸਮਝਾਇਆ ਹੈ। ਕਵੀਸ਼ਰੀ ਸੰਬੋਧਮਈ/ਸੰਬੋਧਨ-ਮੁਖੀ ਕਵਿਤਾ ਹੈ। ਕਵੀਸ਼ਰ ਸਰੋਤਿਆਂ ਨੂੰ ਸਿੱਧਾ ਸੰਬੋਧਨ ਵੀ ਕਰਦਾ ਹੈ[1]। ਕਵੀਸ਼ਰੀ ਦਾ ਇਕ ਅਖਾੜਾ ਆਮ ਤੌਰ ਤੇ ਦੋ ਤੋਂ ਲੈ ਕੇ ਤਿੰਨ ਘੰਟੇ ਤਕ ਚਲਦਾ ਹੈ। ਅਖਾੜੇ ਦੀ ਵਿਰਤੀ ਅਨੁਸਾਰ ਹੀ ਕਵੀਸ਼ਰ ਆਪਣੀ ਰਚਨਾ ਨੂੰ ਫੈਲਾਉਂਦਾ ਜਾਂ ਸਮੇਟਦਾ ਹੈ। ਅਖਾੜੇ ਦੀ ਲੋੜ ਤੇ ਸੁਭਾਅ ਅਨੁਸਾਰ ਹੀ ਕਵੀਸ਼ਰ ਕਿੱਸੇ ਜਾਂ ਪ੍ਰਸੰਗ ਨੂੰ ਦੋ ਜਾਂ ਵੱਧ ਹਿੱਸਿਆਂ ਵਿਚ ਵੰਡਦਾ ਹੈ।

ਬਾਬੂ ਰਜਬ ਅਲੀ ਰਚਨਾਵਲੀ ਉੱਤੇ ਦੋ ਵਿਧੀਆਂ ਨਾਲ ਵਿਚਾਰ ਹੋ ਸਕਦੀ ਹੈ। ਪਹਿਲੀ ਕਵੀ ਦੇ ਲਿਖਣ ਕ੍ਰਮ ਅਨੁਸਾਰ, ਦੂਜਾ ਵਿਸ਼ੇ ਦੇ ਵਿਭਾਜਨ ਅਨੁਸਾਰ। ਕਿਉਂਕਿ

Digitized by Panjab Digital Library | www.panjabdigilib.org

ਬਾਬੂ ਜੀ ਦੀਆਂ ਬਹੁਤ ਸਾਰੀਆਂ ਰਚਨਾਵਾਂ ਦੇ ਮਤਨ ਵਿਚ ਰਚਨ ਮਿਤੀ ਦਰਜ ਨਹੀਂ ਇਸ ਲਈ ਕਈ ਰਚਨਾਵਾਂ ਦਾ ਰਚਨਕਾਲ ਸੰਦੇਹ ਪੂਰਨ ਹੈ ਇਸ ਲਈ ਪਹਿਲੀ ਵਿਧੀ ਠੀਕ ਨਹੀਂ ਉਤਰ ਸਕਦੀ। ਵਿਸ਼ੇ ਅਨੁਸਾਰ ਬਾਬੂ ਜੀ ਦੀਆਂ ਰਚਨਾਵਾਂ ਨੂੰ ਸੱਤਾਂ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

1. ਇਸ਼ਕੀਆ ਕਿੱਸੇ
2. ਧਾਰਮਿਕ ਪ੍ਰਸੰਗ
3. ਰੁਮਾਂਚਿਕ ਕਿੱਸੇ
4. ਇਤਿਹਾਸਿਕ ਪ੍ਰਸੰਗ
5. ਸੂਰਮੇ ਵੈਲੀਆਂ ਦੇ ਸਾਕੇ
6. ਦੇਸ਼-ਭਗਤੀ ਦੀਆਂ ਰਚਨਾਵਾਂ
7. ਫੁਟਕਲ ਰਚਨਾਵਾਂ

ਇਹਨਾਂ ਭਾਗਾਂ ਨੂੰ ਉਸ ਵਿਚ ਰਚਿਤ ਸਾਮਗਰੀ ਅਨੁਸਾਰ, ਹੋਰ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ ਜਿਵੇਂ ਇਸ਼ਕੀਆ ਕਿੱਸੇ ਨੂੰ ਪੰਜਾਬੀ, ਭਾਰਤੀ ਤੇ ਅਭਾਰਤੀ ਕਿੱਸੇ ਵਿਚ। ਇਸੇ ਤਰ੍ਹਾਂ ਧਾਰਮਿਕ ਪ੍ਰਸੰਗਾਂ ਨੂੰ ਹਿੰਦੂ ਮਿਥਿਹਾਸ, ਸਿੱਖ ਇਤਿਹਾਸ, ਇਸਲਾਮੀ, ਸਾਮੀ ਆਦਿ ਹਿੱਸਿਆਂ ਵਿਚ ਵੰਡਿਆਂ ਜਾ ਸਕਦਾ ਹੈ। ਦੂਜੇ ਭਾਗਾਂ ਨੂੰ ਵੀ ਇਸੇ ਵਿਧੀ ਨਾਲ ਹੋਰ ਵੰਡ ਕੀਤੀ ਜਾ ਸਕਦੀ ਹੈ। ਬਾਬੂ ਰਜਬ ਅਲੀ ਰਚਨਾਵਲੀ ਦੀ ਸਾਰਣੀ ਇਸ ਪ੍ਰਕਾਰ ਬਣੇਗੀ :

**1. ਇਸ਼ਕੀਆ ਕਿੱਸੇ**

**(ੳ) ਪੰਜਾਬੀ ਪ੍ਰੀਤ-ਕਿੱਸੇ :**

| | | | | |
|---|---|---|---|---|
| 1. | ਹੀਰ | (1916 ਈ.) | ਅਪ੍ਰਕਾਸ਼ਿਤ ਮਿਲਦੀ ਨਹੀਂ | |
| 2. | ਹੀਰ (ਛੰਦਾਬੰਦੀ) | (1966 ਈ.) | ਉਹੀ | |
| 3. | ਹੀਰ (ਕਲੀਆਂ) | (1963 ਈ.) | ਉਹੀ | |
| 4. | ਮਿਰਜ਼ਾ-ਸਾਹਿਬਾਂ | (1933 ਈ.) | ਉਹੀ | ਲਘੂ ਰਚਨਾ |
| 5. | ਸੋਹਣੀ-ਮਹੀਂਵਾਲ | | ਉਹੀ | ਲਘੂ ਰਚਨਾ |
| 6. | ਸੱਸੀ-ਪੁੰਨੂੰ | | ਉਹੀ | ਉਹੀ |

**(ਅ) ਭਾਰਤੀ ਪ੍ਰੀਤ-ਕਿੱਸੇ :**

| | | | | |
|---|---|---|---|---|
| 7. | ਨਲ-ਦਮਯੰਤੀ | (1954 ਈ.) | ਪ੍ਰਕਾਸ਼ਿਤ | |

**2. ਧਾਰਮਿਕ ਪ੍ਰਸੰਗ**

**(ੳ) ਹਿੰਦੂ ਮਿਥਿਹਾਸ :**

| | | | | |
|---|---|---|---|---|
| 8. | ਰਾਮਾਇਣ | (1958 ਈ.) | ਪ੍ਰਕਾਸ਼ਿਤ | |
| 9. | ਸੀਤਾ ਦੀ ਭਾਲ | | ਅਪ੍ਰਕਾਸ਼ਿਤ | |
| 10. | ਸਲੋਚਨਾ | | ਉਹੀ | ਪੰਜ ਵੇਰ |

| | | | |
|---|---|---|---|
| 11. | ਵਿਰਾਟ ਪਰਬ | ਅਪ੍ਰਕਾਸ਼ਿਤ | ਚਾਰ ਵੇਰ ਲਿਖਿਆ |
| 12. | ਅਭਿਮੰਨੂੰ ਦਾ ਵਿਆਹ | ਉਹੀ | |
| 13. | ਜੰਗ ਕੈਰੋ ਪਾਂਡੋ | ਉਹੀ | |
| 14. | ਊਖਾ-ਅਨਰੁੱਧ | ਉਹੀ | |

(ਅ) ਜੋਗ ਮੱਤ :

| | | | |
|---|---|---|---|
| 15. | ਪੂਰਨ ਭਗਤ | ਉਹੀ | |

(ੲ) ਸਿੱਖ ਇਤਿਹਾਸ :

| | | | |
|---|---|---|---|
| 16. | ਗੁਰੂ ਨਾਨਕ ਮੰਗਲ | ਉਹੀ | |
| 17. | ਗੁਰੂ ਅਰਜਨ ਦੇਵ ਕੀ ਸ਼ਹੀਦੀ | ਉਹੀ | |
| 18. | ਜੰਗ ਮਰਾੜ | ਉਹੀ | |
| 19. | ਸੰਮਣ ਮੂਸਣ | ਉਹੀ | |
| 20. | ਬਿੱਧੀ ਚੰਦ ਦੇ ਘੋੜੇ | ਉਹੀ | |
| 21. | ਬਿੱਧੀ ਚੰਦ ਦੇ ਦੁਸ਼ਾਲੇ | ਉਹੀ | |
| 22. | ਗੁਰੂ ਗੋਬਿੰਦ ਸਿੰਘ ਮੰਗਲ | ਉਹੀ | ਲਘੂ ਰਚਨਾ |
| 23. | ਜੰਗ ਪੌਂਟਾ ਸਾਹਿਬ | ਉਹੀ | |
| 24. | ਸਾਕਾ ਚਮਕੌਰ ਸਾਹਿਬ | ਪ੍ਰਕਾਸ਼ਿਤ | |
| 25. | ਸਾਕਾ ਸਰਹੰਦ | ਅਪ੍ਰਕਾਸ਼ਿਤ | |
| 26. | ਦੌਰਾ ਦਸਮੇਸ਼ ਜੀ (ਛੰਦਾਬੰਦੀ) | ਉਹੀ | |
| 27. | ਦੌਰਾ ਦਸਮੇਸ਼ ਜੀ (ਕਲੀਆਂ) | ਉਹੀ | |
| 28. | ਮਾਈਆਂ ਦਾ ਵਿਰਲਾਪ | ਉਹੀ | |
| 29. | ਬੇਦਾਵਾ ਅਥਵਾ ਜੰਗ ਮੁਕਤਸਰ | ਉਹੀ | |
| 30. | ਸ਼ਹੀਦੀ ਬਾਬਾ ਦੀਪ ਸਿੰਘ | ਉਹੀ | |
| 31. | ਚੰਦੀ-ਭੀਮ ਸਿੰਘ | ਉਹੀ | |
| 32. | ਸਿਫਤ ਹਰਮੰਦਰ ਸਾਹਿਬ | ਉਹੀ | ਲਘੂ ਰਚਨਾ |
| 33. | ਸਿਫਤ ਗੁਰੂ ਗ੍ਰੰਥ ਸਾਹਿਬ | ਉਹੀ | ਉਹੀ |

(ਸ) ਇਸਲਾਮੀ ਪ੍ਰਸੰਗ :

| | | | |
|---|---|---|---|
| 34. | ਹਜ਼ਰਤ ਮੁਹੰਮਦ ਸਾਹਿਬ | ਉਹੀ | |
| 35. | ਹਸਨ ਹੁਸੈਨ | ਉਹੀ | |
| 36. | ਪੀਰਾਨਿ ਪੀਰ (ਗਿਆਰੀ ਵਾਲਾ ਪੀਰ) (1965 ਈ.) | ਉਹੀ | |

(ਹ) ਈਸਾਈ ਪ੍ਰਸੰਗ :

| | | | |
|---|---|---|---|
| 37. | ਹਜ਼ਰਤ ਈਸਾ ਮਸੀਹ | ਉਹੀ | |

Digitized by Panjab Digital Library | www.panjabdigilib.org

3. ਰੁਮਾਂਚਿਕ ਕਿੱਸੇ

| | | | |
|---|---|---|---|
| 38 | ਦਾਊਦ ਬਾਦਸ਼ਾਹ | ਅਪ੍ਰਕਾਸ਼ਿਤ | |
| 39. | ਸ਼ਾਹਣੀ ਕੌਲਾਂ ਤੇ ਰਾਜਾ ਰਸਾਲੂ | ਪ੍ਰਕਾਸ਼ਿਤ | |
| 40. | ਕੌਲਾਂ (1944 ਈ.) | ਅਪ੍ਰਕਾਸ਼ਿਤ | ਤਿੰਨ ਵੇਰ ਲਿਖੀ |
| 41. | ਰਾਜਾ ਰਤਨ ਸੈਨ (1960 ਈ.) | ਉਹੀ | |
| 42. | ਪੈਂਦ ਕਾ ਮੁਹਲਾ | ਉਹੀ | |
| 43. | ਜਾਨੀ ਚੋਰ (1945 ਈ.) | ਉਹੀ | ਚਾਰ ਵੇਰ |

4. ਇਤਿਹਾਸਿਕ ਪ੍ਰਸੰਗ

| | | | |
|---|---|---|---|
| 44. | ਫੇਰੂ ਸ਼ਹਿਰ ਦੀ ਲੜਾਈ (1959 ਈ.) | ਉਹੀ | |
| 45. | ਜੰਗ ਯੂਰਪ (1953 ਈ.) | ਉਹੀ | ਦੋ ਵੇਰ |
| 46. | ਹਿੰਦ ਚੀਨ ਜੰਗ (1962 ਈ.) | ਉਹੀ | ਲਘੂ ਰਚਨਾ |
| 47. | ਹਿੰਦ ਪਾਕ ਜੰਗ (1965 ਈ.) | ਉਹੀ | ਉਹੀ |

5. ਬਹਾਦਰਾਂ ਤੇ ਵੈਲੀਆਂ ਦੇ ਪ੍ਰਸੰਗ

(ੳ) ਬਹਾਦਰਾਂ ਦੇ ਪ੍ਰਸੰਗ

| | | | |
|---|---|---|---|
| 48. | ਜੈਮਲ ਫੱਤਾ (1954 ਈ.) | ਉਹੀ | |
| 49. | ਦੁੱਲਾ ਭੱਟੀ (1962 ਈ.) | ਉਹੀ | ਦੋ ਵੇਰ |

(ਅ) ਸਥਾਨਿਕ ਵੈਲੀਆਂ ਦੇ ਪ੍ਰਸੰਗ

| | | | |
|---|---|---|---|
| 50. | ਜਿਉਣਾ ਮੌੜ | ਉਹੀ | |
| 51. | ਸੁੱਚਾ ਸਿੰਘ ਸੂਰਮਾ | ਪ੍ਰਕਾਸ਼ਿਤ | |
| 52. | ਸੁੱਚਾ ਘੁੱਕਰ ਵੀਰੋ | ਉਹੀ | |
| 53. | ਗੁਰਨਾਮ ਸਿੰਘ ਰਾਊਕੇ (1937 ਈ.) | ਅਪ੍ਰਕਾਸ਼ਿਤ | ਦੋ ਵੇਰ |
| 54. | ਹਰਫੂਲ ਸਿੰਘ ਸੂਰਮਾ | ਉਹੀ | ਦੋ ਵੇਰ |
| 55. | ਰਾਮ ਸਿੰਘ ਡੋਹਕ ਵਾਲਾ (1954 ਈ.) | ਉਹੀ | |
| 56. | ਰਾਮ ਸਿੰਘ ਝੁੰਬਾ ਭਾਈ (1938 ਈ.) | ਉਹੀ | |
| 57. | ਬਲਬੀਰ ਸਿੰਘ ਅੱਬਲਖੁਰਾਣਾ (1940 ਈ.) | ਉਹੀ | |
| 58. | ਹਰਨਾਮ ਕੌਰ ਦੀ ਬਹਾਦਰੀ | ਉਹੀ | |
| 59. | ਰਾਮਣ ਘੁਮਿਆਰ (1938 ਈ.) | ਉਹੀ | |
| 60. | ਰਾਮ ਕੌਰ (1940 ਈ.) | ਉਹੀ | |
| 61. | ਭੂੜ ਬਹਾਦਰ (1948 ਈ.) | ਉਹੀ | |

6. ਦੇਸ਼ ਭਗਤੀ ਦੀਆਂ ਰਚਨਾਵਾਂ :

| | | | |
|---|---|---|---|
| 62. | ਸ਼ਹੀਦ ਭਗਤ ਸਿੰਘ (1979 ਈ.) | ਪ੍ਰਕਾਸ਼ਿਤ | |

Digitized by Panjab Digital Library | www.panjabdigilib.org

7. ਫੁਟਕਲ ਰਚਨਾਵਾਂ :

| | | |
|---|---|---|
| 63. | ਪ੍ਰੇਮ ਦੇਵੀ | ਅਪ੍ਰਕਾਸ਼ਿਤ |
| 64. | ਪਿੰਗਲ | ਉਹੀ ਲਘੂ ਰਚਨਾ |
| 65. | ਉਜਾੜਾ (1947 ਈ.) | ਪ੍ਰਕਾਸ਼ਿਤ |
| 66. | ਮੁਸਲਮਾਨ ਆਸ਼ਕਾਂ ਦੇ ਸਵਾਲ ਜਵਾਬ | ਅਪ੍ਰਕਾਸ਼ਿਤ |
| 67. | ਪੱਤਲ | ਉਹੀ ਲਘੂ ਰਚਨਾ |
| 68. | ਨੌਕਰ ਦੀ ਨਾਰ | ਉਹੀ ਲਘੂ ਰਚਨਾ |
| 69. | ਨੀਤੀ ਦੇ ਕਬਿੱਤ | ਉਹੀ ਉਹੀ |
| 70. | ਗਣਨਾ ਦੇ ਛੰਦ | ਉਹੀ ਉਹੀ |
| 71. | ਸੇਹਰਾ | ਉਹੀ ਉਹੀ |
| 72. | ਇਸ਼ਕ ਮੁਸ਼ਕ ਦੇ ਛੰਦ | ਉਹੀ ਉਹੀ |
| 73. | ਕੋਕ ਸ਼ਾਸ਼ਤਰ | ਉਹੀ ਉਹੀ |
| 74. | ਚਾਹ ਤੇ ਲੱਸੀ ਦਾ ਝਗੜਾ | ਉਹੀ ਉਹੀ |
| 75. | ਲੰਡੇ ਤੇ ਮੀਣੇ ਦਾ ਝਗੜਾ | ਉਹੀ ਉਹੀ |
| 76. | ਤਲਬਣ ਦੀ ਲੜਾਈ | ਉਹੀ ਉਹੀ |
| 77. | ਸਾਹੋਕੇ ਬਾਰੇ ਛੰਦ | ਉਹੀ ਉਹੀ |
| 78. | ਸ਼ਾਗਿਰਦਾਂ ਬਾਰੇ ਛੰਦ | ਉਹੀ ਉਹੀ |
| 79. | ਸੁੱਤਾ ਜਾਗ ਕਿਸਾਨਾਂ (1965 ਈ.) | ਪ੍ਰਕਾਸ਼ਿਤ ਉਹੀ |
| 80. | ਰਿਕਾਰਡਾਂ ਦੀ ਚੋਣਵੀਂ ਕਵਿਤਾ (1965 ਈ.) | ਉਹੀ ਉਹੀ |
| 81. | ਫੁਟਕਲ ਛੰਦ | ਅਪ੍ਰਕਾਸ਼ਿਤ ਉਹੀ |

ਕਈ ਵਿਦਵਾਨਾਂ ਨੇ ਬਾਬੂ ਰਜਬ ਅਲੀ ਦੀਆਂ ਰਚਨਾਵਾਂ ਵਿਚ ਬੇਗੋਨਾਰ ਅਤੇ ਸ਼ਾਮ ਸਿੰਘ ਗੁਰੂਸਰੀਆ ਨੂੰ ਵੀ ਸ਼ਾਮਿਲ ਕੀਤਾ ਹੈ। ਪਰ ਬਾਬੂ ਜੀ ਦੇ ਕਿਸੇ ਕਵੀਸ਼ਰ-ਚੇਲੇ ਤੋਂ ਨਾ ਹੀ ਇਸ ਦੀ ਪੁਸ਼ਟੀ ਹੋ ਸਕੀ ਹੈ ਅਤੇ ਨਾ ਹੀ ਇਹਨਾਂ ਰਚਨਾਵਾਂ ਦੀ ਹੱਥ-ਲਿਖਤ ਜਾਂ ਕੋਈ ਹੋਰ ਹਵਾਲਾ ਮਿਲਦਾ ਹੈ. ਇਸ ਤੋਂ ਸਾਡਾ ਇਹ ਮੱਤ ਹੈ ਕਿ ਬਾਬੂ ਜੀ ਨੇ ਇਹ ਰਚਨਾਵਾਂ ਨਹੀਂ ਲਿਖੀਆਂ।

Prof. Dr. Harnam Singh Shan
Principal Project Investigator
U.G.C. Research Project on Sikhism
605, Sector 16, Chandigarh.

**1. ਇਸ਼ਕੀਆ ਕਿੱਸੇ**

**(ੳ) ਪੰਜਾਬੀ ਪ੍ਰੀਤ-ਕਿੱਸੇ**

**1. ਹੀਰ (1916 ਈ.)**

'ਹੀਰ' ਬਾਬੂ ਰਜਬ ਅਲੀ ਦੀ ਪਲੇਠੀ ਦੀ ਰਚਨਾ ਹੈ। ਉਸ ਨੇ ਇਹ ਕਿੱਸਾ 1916 ਈ. ਵਿਚ ਬੰਗਲਾ ਗੋਹਾਟੀ, ਜ਼ਿਲ੍ਹਾ ਪਿਸ਼ਾਵਰ ਵਿਖੇ ਛੰਦਾਬੰਦੀ ਵਿਚ ਲਿਖਿਆ ਜੋ ਪ੍ਰਕਾਸ਼ਿਤ ਨਹੀਂ ਹੋ ਸਕਿਆ। ਇਸ ਦਾ ਹੱਥ-ਲਿਖਤ ਉਤਾਰਾ ਅੱਜ ਕਿਸੇ ਵੀ ਕਵੀਸ਼ਰ ਪਾਸ ਉਪਲਬਧ ਨਹੀਂ ਹੈ। ਇਸ ਕਿੱਸੇ ਦੇ ਚਾਲੀ ਛੰਦ ਦੱਸੀਦੇ ਹਨ।

Digitized by Panjab Digital Library | www.panjabdigilib.org

## 2. ਹੀਰ (1966 ਈ.)

ਬਾਬੂ ਰਜਬ ਅਲੀ ਨੇ ਪਾਕਿਸਤਾਨ ਵਿਚੋਂ 1966 ਈ. ਵਿਚ 'ਹੀਰ-ਰਾਂਝਾ' ਦਾ ਕਿੱਸਾ ਦੂਜੀ ਵੇਰ ਲਿਖ ਕੇ ਭੇਜਿਆ। ਇਹ ਹੱਥ-ਲਿਖਤ ਰਚਨਾ ਹੈ ਇਸ ਦਾ ਖਰੜਾ ਜਗਮੇਲ ਸਿੰਘ ਪਾਸ ਉਪਲਬਧ ਹੈ। 'ਹੀਰ-ਰਾਂਝਾ' ਦਾ ਕਿੱਸਾ ਪੰਜਾਬੀ ਕਿੱਸਾਕਾਰਾਂ ਤੇ ਕਵੀਸ਼ਰਾਂ ਲਈ ਵੱਡੀ ਚਣੌਤੀ ਰਿਹਾ ਹੈ। ਕਿੱਸੇ ਦੇ ਬੇਮਿਸਾਲ ਲੋਕਪ੍ਰਿਯਤਾ ਕਾਰਨ ਸਵਾ ਸੌ ਤੋਂ ਵਧੇਰੇ ਕਵੀਆਂ ਨੇ ਇਸ ਕਿੱਸੇ ਨੂੰ ਆਪਣੀਆਂ ਕਲਮਾਂ ਦੇ ਜੌਹਰ ਨਾਲ ਸ਼ਿੰਗਾਰਿਆ। ਕਵੀਸ਼ਰੀ ਵਿਚ ਵੀ ਪੰਜਾਬੀ ਦੇ ਸਾਰੇ ਕਿੱਸਿਆਂ ਵਿਚੋਂ ਹੀਰ ਦਾ ਕਿੱਸਾ ਹੀ ਸਭ ਤੋਂ ਵਧੇਰੇ ਲਿਖਿਆ ਤੇ ਗਾਇਆ ਗਿਆ ਹੈ। ਅੱਸੀ ਦੇ ਕਰੀਬ ਕਵੀਸ਼ਰਾਂ ਨੇ 'ਹੀਰ-ਰਾਝੇ ਦਾ ਕਿੱਸਾ ਲਿਖਿਆ।

ਬਾਬੂ ਰਜਬ ਅਲੀ ਨੇ 'ਹੀਰ-ਰਾਂਝੇ' ਦਾ ਕਿੱਸਾ ਪਰੰਪਰਾਗਤਿ ਰੀਤੀ ਨਾਲ ਛੰਦਾਬੰਦੀ ਵਿਚ ਲਿਖਿਆ ਹੈ। ਇਸ ਕਿੱਸੇ ਵਿਚ ਦੋ-ਭਾਗ, ਕਬਿੱਤ, ਮਨੋਹਰ, ਭਵਾਨੀ, ਔੜਾ, ਦੋਤਾਰਾ, ਮੁਕੰਦਛੰਦ, ਤਰਜ਼ ਸਤਾਰੀ, ਬਹੱਤਰ ਕਲਾ, ਮਨੋਹਰ, ਝੋਕ ਆਦਿ ਛੰਦ ਵਰਤੇ ਗਏ ਹਨ ਅਤੇ ਇਸ ਦੇ ਕੁੱਲ 25 ਛੰਦ ਹਨ[2] ਅਤੇ 25 ਦੋਹਰੇ ਹਨ। ਇਸ ਰਚਨਾ ਦਾ ਨਮੂਨਾ ਇਸ ਪ੍ਰਕਾਰ ਹੈ :

ਦੋ ਭਾਗ ਛੰਦ

ਹੱਥ ਪਾ ਕੇ ਡੋਲੀ ਨੂੰ, ਰਾਂਝੇ ਗੱਲਾਂ ਕੋਲ ਖੜੋ ਕੇ ਪੁੱਛੀਆਂ।
ਤੈਨੂੰ ਲਾਖ ਮੁਬਾਰਕ ਨੀ, ਰਕਾਨੇ ! ਚੜੀਆਂ ਵਿਆਹ ਦੀਆਂ ਖੁਸ਼ੀਆਂ।
ਤੋੜੇ ਛਣ ਛਣ ਕਰਦੇ ਐ, ਹੱਥਾਂ ਵਿਚ ਚੂੜਾ, ਗਲੇ ਵਿਚ ਮਾਲਾਂ।
ਹੀਰੇ ਕੱਚੀਏ ਜਹਾਨ ਦੀਏ, ਡੋਲੇ ਵਿਚ ਚੜਗੀ ਮਾਰ ਕ ਛਾਲਾਂ।
ਬੇਲੇ ਸ਼ੂਕਣ ਨਾਗਣੀਆਂ, ਨਦੀ 'ਚ ਮੰਸਾਰ ਵੇਖ ਸਾਹ ਸੁਕਦੇ।
ਪੌਣ ਖਿੱਲੀਆਂ ਬਘਿਆੜੀਆਂ ਨੀ, ਗਰਜਦੇ ਸ਼ੇਰ ਬਘੇਰੇ ਬੁੱਕਦੇ।
ਮੰਗੂ ਚਾਰ ਸਿਆਲਾਂ ਦੇ, ਯਾਰਾਂ ਸਾਲ ਕੱਟ ਕੇ ਬੜੇ ਦੁੱਖ ਜਾਲਾਂ।
ਹੀਰੇ ਕੱਚੀਏ ਜਹਾਨ ਦੀਏ, ਡੋਲੇ ਵਿਚ ਚੜਗੀ ਮਾਰ ਕੇ ਛਾਲਾਂ।

'ਹੀਰ' ਬਾਬੂ ਰਜਬ ਅਲੀ ਦੀ ਇੱਕ ਲੋਕ-ਪ੍ਰਿਯ ਰਚਨਾ ਹੈ।

## 3. ਕਲੀਆਂ ਵਾਲੀ ਹੀਰ (1963 ਈ.)

ਬਾਬੂ ਰਜਬ ਅਲੀ ਨੇ ਹੀਰ ਦਾ ਕਿੱਸਾ 1963 ਈ. ਵਿਚ ਕਲੀਆਂ ਵਿਚ ਲਿਖਿਆ ਇਸ ਦੀਆਂ ਕੁੱਲ 12 ਕਲੀਆਂ ਹਨ। ਇਹ ਕਿੱਸਾ ਵੀ ਅਜੇ ਅਪ੍ਰਕਾਸ਼ਿਤ ਹੀ ਹੈ। ਇਸ ਦਾ ਹੱਥ-ਲਿਖਤ ਉਤਾਰਾ ਕਵੀਸ਼ਰ ਜਗਮੇਲ ਸਿੰਘ ਪਾਸ ਸੁਰਖਿਅਤ ਹੈ।

ਕਵੀਸ਼ਰੀ-ਪਰੰਪਰਾ ਦੀ 'ਹੀਰ-ਕਿੱਸਾ ਧਾਰਾ' ਨੂੰ ਅਣਮੁੱਲੀ, ਵੱਖਰੀ ਤੇ ਨਿਆਰੀ ਦੇਣ 'ਕਲੀਆਂ ਵਾਲੀ ਹੀਰ ਦੀ ਸੁਗਾਤ ਹੈ। ਕਲੀ ਕਵੀਸ਼ਰੀ ਦਾ ਇੱਕ ਮਹੱਤਵ ਪੂਰਨ ਤੇ ਜੀਵੰਤ ਅੰਗ ਹੈ। ਕਲੀ ਦਾ ਵੱਖਰਾ ਛੰਦ-ਵਿਧਾਨ ਤੇ ਵੱਖਰੀ ਗਾਇਣ-ਸ਼ੈਲੀ ਹੈ। ਪੰਜਾਬੀ ਵਿਦਵਾਨਾਂ ਨੇ ਭਾਵੇਂ ਕਲੀ ਦੀ ਵੱਖਰੀ ਪਛਾਣ ਨਹੀਂ ਕੀਤੀ ਪਰ ਕਵੀਸ਼ਰਾਂ, ਗਮੰਤਰੀਆਂ

Digitized by Panjab Digital Library | www.panjabdigilib.org

ਤੇ ਕਵੀਸ਼ਰੀ-ਪ੍ਰੇਮੀਆਂ ਨੂੰ ਇਸ ਦੇ ਵੱਖਰੇ ਚਿਹਨ ਚੱਕਰ ਤੇ ਸਰੂਪ ਦਾ ਪੂਰਨ ਅਨੁਭਵ ਤੇ ਬੋਧ ਹੈ। ਕਲੀ ਦਾ ਏਹ ਰੂਪ ਏਨਾ ਲੋਕ-ਪ੍ਰਿਯ ਤੇ ਵਲਵਲੇ ਭਰਿਆ ਹੈ ਕਿ ਕਵੀਸ਼ਰੀ ਵਿਚ ਇਸ ਦਾ ਹੋਰ ਕੋਈ ਜੋੜ ਨਹੀਂ ਹੈ। ਕਲੀ ਦੀ ਗਾਇਣ-ਸ਼ੈਲੀ ਪੰਜਾਬੀਆਂ ਦੇ ਸੁਭਾਅ ਦੇ ਅਨੁਸਾਰ ਹੈ ਅਤੇ ਇਹ ਉਨ੍ਹਾਂ ਦੇ ਲੋਕ ਮਨ ਨੂੰ ਧੁਰ ਅੰਦਰੋਂ ਟੁੰਬਦੀ ਹੈ। ਕਲੀ ਪੰਜਾਬੀ ਵਿਚ ਸਭ ਤੋਂ ਲੰਬੇ ਬਹਿਰ ਦਾ ਛੰਦ ਹੈ ਜੋ ਪੰਚਮ ਵਿਚ ਗਾਇਆ ਹੈ। ਇਸ ਦੇ ਮਧ ਵਿਚ ਵਿਸ਼ਰਾਮ ਤੇ ਅੰਤ ਵਿਚ ਦੋ ਗੁਰੂ ਜ਼ਰੂਰੀ ਹੁੰਦੇ ਹਨ। ਇਸ ਛੰਦ ਦੀਆਂ 48-50 ਮਾਤਰਾਂ ਹਨ। ਇਸਦੇ ਚਰਨਾਂ ਦੀ ਗਿਣਤੀ ਨਿਸਚਿਤ ਨਹੀਂ ਪਰ ਆਮ ਤੌਰ ਤੇ ਇਸ ਦੇ ਚਰਣਾ ਦੀ ਗਿਣਤੀ 10 ਜਾਂ ਵੱਧ ਹੁੰਦੀ ਹੈ। ਕਲੀਆਂ ਵਿਚ 'ਹੀਰ' ਗੁਣ ਤੇ ਗਿਣਤੀ ਦੇ ਪੱਖੋਂ ਵਰਨਣਯੋਗ ਹੈ। 'ਹੀਰ' ਤੇ 'ਕਲੀ' ਪਛਾਣ ਦੇ ਤੌਰ ਤੇ ਵੀ ਇਕਮਿਕ ਹੋ ਗਏ ਹਨ। ਗਾਇਕੀ ਵਿਚ ਜਿਵੇਂ ਬੈਂਤ ਦੀ ਇੱਕ ਤਰਜ਼ ਨੂੰ 'ਹੀਰ' ਦੀ ਤਰਜ਼ ਕਿਹਾ ਜਾਂਦਾ ਹੈ. ਉਸੇ ਤਰਾਂ ਕਲੀ ਦੀ ਤਰਜ਼ ਨੂੰ ਵੀ 'ਹੀਰ' ਦੀ ਤਰਜ਼ ਕਿਹਾ ਜਾਂਦਾ ਹੈ।

ਕਲੀਆਂ ਵਿਚ ਜਿਨ੍ਹਾਂ ਕਵੀਸ਼ਰਾਂ ਨੇ ਵਿਸ਼ੇਸ਼ ਮਹੱਤਾ ਵਾਲੀਆਂ ਹੀਰਾਂ ਲਿਖੀਆਂ ਹਨ ਉਹਨਾਂ ਵਿਚ ਹਜ਼ੂਰਾ ਸਿੰਘ, ਗੰਗਾ ਸਿੰਘ, ਰਣ ਸਿੰਘ, ਚੰਨਣ ਸਿੰਘ ਆਦਿ ਪ੍ਰਮੁੱਖ ਹਨ। ਅਜੇ ਤਕ ਇੱਕ ਵੀ ਕਲੀਆਂ ਵਾਲੀ ਹੀਰ ਪੂਰੀ ਪ੍ਰਕਾਸ਼ਿਤ ਨਹੀਂ ਹੋਈ। ਪ੍ਰੋ. ਪਿਆਰਾ ਸਿਘ ਪਦਮ ਨੇ ਕਿਸ਼ਨ ਸਿੰਘ ਆਰਿਫ ਦੀ ਹੀਰ ਦਾ ਨਾਂ ਜੋ 'ਕਲੀਆਂ ਵਾਲੀ ਹੀਰ' ਲਿਖਿਆ ਹੈ ਉਹ ਵਾਸਤਵ ਵਿਚ ਕਲੀਆਂ ਵਾਲੀ ਹੀਰ ਨਹੀਂ ਹੈ ਸਗੋਂ 'ਸਦ ਵਾਲੀ ਹੀਰ' ਹੈ।

ਬਾਬੂ ਰਜਬ ਅਲੀ ਨੇ 'ਕਲੀਆਂ ਵਾਲੀ ਹੀਰ' 1963 ਈ. ਵਿਚ ਪਾਕਿਸਤਾਨ ਤੋਂ ਲਿਖ ਕੇ ਭੇਜੀ। ਉਸ ਨੂੰ ਕਲੀ ਉੱਤੇ ਪੂਰਾ ਅਧਿਕਾਰ ਹੈ ਅਤੇ ਹੋਰ ਵੀ ਛੰਦਾਬੰਦੀ ਵਾਲੇ ਕਿੱਸਿਆਂ ਵਿਚ ਕਲੀ ਦਾ ਪ੍ਰਯੋਗ ਕੀਤਾ ਹੈ, ਜਿਵੇਂ 'ਬਿਧੀ ਚੰਦ ਦੇ ਘੋੜੇ' 'ਦਸਮੇਸ਼-ਦੌਰਾ, ਦਰੂਦ ਬਾਦਸ਼ਾਹ' ਆਦਿ ਵਿਚ। ਉਹ ਆਮ ਤੌਰ ਤੇ ਕਲੀ ਦੇ ਆਰੰਭ ਵਿਚ ਮੁੱਖੜਾ ਤੇ ਅੰਤ ਵਿਚ ਤੋੜਾ ਦਿੰਦਾ ਹੈ।

ਬਾਬੂ ਰਜਬ ਅਲੀ ਨੇ ਕਲੀਆਂ ਵਾਲੀ ਹੀਰ ਗਾਉਣ ਦੀ ਪਰੰਪਰਾ ਦੇ ਅਨੁਸਾਰ ਹੀ ਲਿਖੀ ਹੈ। ਉਸ ਨੇ ਕਥਾ ਵਿਚ ਕੁਝ ਬਿਆਨ ਆਪਣੇ ਖਿਆਲ ਅਨੁਸਾਰ ਵਧਾ ਚੜ੍ਹਾ ਵੀ ਕੀਤਾ, ਜਿਵੇਂ ਗੁਰੂ ਗੋਰਖ ਰਾਂਝੇ ਦੀ ਪ੍ਰਿਖਿਆ ਲੈਣ ਦੀ ਉਸ ਨੂੰ ਮਧ ਦੀ ਤੂੰਬੀ ਲੈਣ ਲਈ ਨੈਹਣਾ ਕੋਲ ਭੇਜਦਾ ਹੈ :

ਮਧ ਦੀ ਤੂੰਬੀ ਦੇ ਦੇ ਮੁੰਦਰਾਂ ਵਾਲੇ ਬਾਵੇ ਨੂੰ,
ਤੇਰੇ ਦਰ ਤੇ ਖੜ ਕੇ ਅਲਖ ਜਗਾ ਤੀ ਨਹਿਣਾ।
ਯੂਸਫ ਵਾਂਗੂੰ ਦੂਰੋਂ ਹੁਸਨ ਲਾਟਾਂ ਮਾਰਦਾ,
ਨਹਿਣਾ ਮਾਤ ਕਰਦੀ ਸੀ ਚੰਦ ਦਿਆਂ ਚਨੈਣਾ।
ਉਹਦੇ ਵਰਗੀ ਜਿਹੜੀ ਚੁੱਕ ਕੇ ਲਿਆਂਦੀ ਦਹਿਸਰ ਨੇ,
ਪੜ੍ਹ ਕੇ ਬਾਲਮੀਕੀ ਦੇਖ ਲੌ ਰਮਾਇਣਾਂ।
ਅਹੱਲਿਆ ਹੋਣੀ ਚੰਦ ਨੇ ਦਸ ਵੀ ਪਾਤੀ ਇੰਦਰ ਨੂੰ,
ਨਾਰੀ ਉਹਦੇ ਵਰਗੀ ਤਰਲੋਕੀ ਵਿਚ ਹੈਨਾ।

Digitized by Panjab Digital Library | www.panjabdigilib.org

ਸਬਜ਼ ਸ਼ਹਿਰੋਂ ਜਾ ਕੇ ਲੱਭ ਲੀ ਸ਼ਾਹ ਬਹਿਰਾਮ ਨੇ,
ਇਹ ਤੇ ਹੁਸਨਬਾਨੋ ਜਾਣੀ ਸਕੀਆਂ ਭੈਣਾਂ ।
ਕਮਲੀ ਸੇਜ ਉੱਤੇ ਛਿੜਕਿਆ ਅਤਰ ਸ਼ੁਕੀਨਣ ਨੇ,
ਨਾਜ਼ਕ ਫੁੱਲ ਦੀਆਂ ਪੱਤੀਆਂ ਜੀ ਸਿੱਟ ਕੇ ਨਿੱਤ ਪੈਣਾਂ ।
ਮਦ ਦੀ ਬੋਤਲ ਨਹਿਣਾ ਭਰ ਕੇ ਧਰ ਲੀ ਸੇਜ ਤੇ,
ਬਾਬੂ ਦਾਰੂ ਪੀ ਲਾ ਬਹਿ ਫੌਜੋ ਲਫਟਾਇਣਾਂ ।

ਕਲੀ ਦਾ ਛੰਦ ਦਰਦ ਦੇ ਅਹਿਸਾਸ ਦੇ ਪ੍ਰਗਟਾਵੇ ਲਈ ਬੜਾ ਢੁਕਵਾਂ ਹੈ । ਹੀਰ ਆਪਣਾ ਦੁੱਖੜਾ ਇਸ ਤਰ੍ਹਾਂ ਰੋਂਦੀ ਹੈ :

ਹੀਰ ਸੱਦ ਕੇ ਕੋਲੇ ਅਰਜ਼ਾਂ ਕਰਦੀ ਚਾਕ ਦੀਆਂ,
ਇੰਡਾਂ ਗਿਰ ਕੇ ਲਗੀਆਂ ਸੀ ਕੁੜਤੀ ਪਰ ਪਾਲਾਂ ।
ਮੈਂ ਨਾ ਬਚਦੀ ਮੈਨੂੰ ਚੱਕ ਵੱਢ ਵੱਢ ਖਾਣ ਗੀਆਂ,
ਖੇੜੀਂ ਰਹਿਣ ਰਾਂਝਿਆ ਵੇ ਭੁੱਖੀਆਂ ਸਰਾਲਾਂ ।

'ਕਲੀਆਂ ਵਾਲੀ ਹੀਰ' ਰਜਬ ਅਲੀ ਦੀ ਇੱਕ ਪ੍ਰਤੀਨਿਧ ਰਚਨਾ ਹੈ ਜੋ ਉਸ ਦੇ ਕਾਵਿ-ਗੁਣਾਂ ਨੂੰ ਪ੍ਰਗਟ ਕਰਦੀ ਹੈ ।

### 4. ਮਿਰਜ਼ਾ-ਸਾਹਿਬਾਂ (1933 ਈ.)

ਕਵੀਸ਼ਰ ਜਗਮੇਲ ਸਿੰਘ ਦੀ ਦੱਸ ਅਨੁਸਾਰ ਬਾਬੂ ਜੀ ਨੇ 'ਮਿਰਜ਼ਾ-ਸਾਹਿਬਾ' ਦੇ ਕੁਝ ਕੁ ਛੰਦ 1933 ਈ. ਵਿਚ ਲਿਖੇ । ਇਹ ਲਘੂ ਆਕਾਰ ਦੀ ਰਚਨਾ ਹੈ ।

ਪੀਲੂ ਨੇ 'ਮਿਰਜ਼ਾ-ਸਾਹਿਬਾਂ' ਦੇ ਕਿੱਸੇ ਵਿਚ ਸੱਦ ਨੂੰ ਉਹ ਜਾਦੂ ਬਖਸ਼ਿਆ ਹੈ ਕਿ 'ਮਿਰਜ਼ਾ' ਵਧੇਰੇ ਕਰ ਕੇ ਇਸੇ ਛੰਦ ਵਿਚ ਲਿਖਿਆ ਗਿਆ । ਕਵੀਸ਼ਰੀ-ਪਰੰਪਰਾ ਵਿਚ ਸ਼ਾਇਦ ਪਹਿਲੀ ਵੇਰ 'ਮਿਰਜ਼ਾ' ਛੰਦਾਬੰਦੀ ਵਿਚ ਲਿਖਿਆ ਗਿਆ । ਇਸ ਗੀਤ ਉੱਤੇ ਲਿਖਣ ਵਾਲੇ ਕਵੀਸ਼ਰ ਬਾਬੂ ਜੀ ਤੋਂ ਬਿਨਾਂ ਚੰਦ ਸਿੰਘ ਮਰਾੜ, ਮਾਘੀ ਸਿੰਘ ਆਦਿ ਹਨ । ਬਾਬੂ ਰਜਬ ਅਲੀ ਦੇ ਇਹ ਕਿੱਸੇ ਵਿਚ ਕਟਾਖਸ਼ ਦੀ ਚਾਸ਼ਣੀ ਵੀ ਰਲੀ ਹੋਈ ਹੈ :

ਦੋਹਰਾ

ਭੈਣ ਖੜੋਤੀ ਡੁਸਕਦੀ, ਨੀਰ ਨੇਤਰ ਗੇਰ ।
ਵਿਆ ਕੇ ਛੱਤੀ ਭੈਣ ਨੂੰ, ਤੁਰ ਜੀਂ ਬੇਸ਼ੱਕ ਫੇਰ ।

ਮੁਕੰਦ ਛੰਦ

ਚਲਿਆ ਚੱਕਣ ਕੰਵਾਰੀ ਮਾਮੇ ਦੀ ।
ਸੀਸ ਧੂੜ ਪੈਜੂ ਜੱਗ ਦੇ ਉਲਾਮੇ ਦੀ ।
ਬੱਕੀ ਨੂੰ ਤਬੇਲੇ ਬੰਨ ਆ ਜਾ ਵੀਰਨਾ ।
ਛੱਤੀ ਭੈਣ ਬੂਹੇ ਤੋਂ ਉਠਾ ਜੀਂ ਵੀਰਨਾ ।

ਜੰਡ ਹੇਠ ਹੋਣੀ ਕਿਸ ਤਰ੍ਹਾਂ ਘੇਰਾ ਪਾਉਂਦੀ ਹੈ :

Digitized by Panjab Digital Library | www.panjabdigilib.org

ਜਦੋਂ ਹੇਠ ਜੰਡੋਰੇ ਦੇ, ਖਾਨ ਨੂੰ ਨਸ਼ਾ ਨੀਂਦ ਦਾ ਚੜ੍ਹ ਗਿਆ ।
ਹੋਣੀ ਵਿਰਕਣ ਦੇਵੇ ਨਾ, ਆਣ ਕੇ ਕਾਲ ਸਰ੍ਹਾਣੇ ਖੜ੍ਹ ਗਿਆ ।
ਚੜ੍ਹਿਆ ਕਟਕ ਸਿਆਲਾਂ ਦਾ, ਸਾਰੇ ਨਾਲ ਰਲਗੇ ਜਨੇਤੀ ਜੰਨ ਕੇ ।
ਹੌਲੀ ਹੌਲੀ ਸਾਹਿਬਾਂ ਜੀ, ਜਗਾ ਤਾ ਯਾਰ ਕਾਨੀਆਂ ਭੰਨ ਕੇ ।

**5. ਸੋਹਣੀ-ਮਹੀਂਵਾਲ**

'ਸੋਹਣੀ' ਦੇ ਬਾਬੂ ਜੀ ਕੁਝ ਫੁਟਕਲ ਛੰਦ ਪਾਕਿਸਤਾਨ ਤੋਂ ਲਿਖ ਕੇ ਭੇਜੇ ਹਨ । ਇਹ ਮੁਕੰਮਲ ਕਿੱਸਾ ਨਹੀਂ ਹੈ । ਕਵੀਸ਼ਰੀ ਪਰੰਪਰਾ ਵਿਚ 'ਸੋਹਣੀ' ਦਾ ਕਿੱਸਾ ਬਹੁਤ ਲੋਕ ਪ੍ਰਿਯ ਰਿਹਾ ਹੈ । ਬਾਬੂ ਜੀ ਦੀ ਰਚਨਾ ਦਾ ਨਮੂਨਾ ਇਸ ਪ੍ਰਕਾਰ ਹੈ :

ਲਾਜ ਲਗਦੀ ਇਸ਼ਕ ਨੂੰ ਜੀ, ਪਿਛਾਂ ਨਾ ਮੁੜਨਾ ਦਿਲੋਂ ਗੱਲ ਮੰਨ ਲੀ ।
ਸੋਹਣੀ ਪਹੁੰਚ ਕਿਨਾਰੇ ਤੇ, ਵਾਲ ਖੜ ਸੁਆਰ ਸੁਆਰ ਕੇ ਬੰਨ ਲੀ ।
ਮੇਰੇ ਮਹੀਂਵਾਲ ਨੇ ਜੀ, ਨਦੀ ਤੋਂ ਪਾਰ ਟਿਕਾਣਾ ਮੱਲਿਆ ।
ਲਾਈਂ ਪਾਰ ਝਨਾਂ ਤੋਂ ਨਾ, ਹੁਣੇ ਡੁੱਬ ਚੱਲਿਆ ਹੁਣੇ ਖੁਰ ਚੱਲਿਆ ।

**(ਅ) ਭਾਰਤੀ ਪ੍ਰੀਤ-ਕਿੱਸੇ**

**6. ਸੱਸੀ-ਪੁੰਨੂੰ**

ਬਾਬੂ ਰਜਬ ਅਲੀ ਨੇ ਸੱਸੀ-ਪੁੰਨੂੰ ਦੇ ਫੁਟਕਲ ਛੰਦ ਲਿਖੇ ਹਨ । ਇਹ ਕਿੱਸਾ ਪੂਰਾ ਨਹੀਂ । ਇਸ ਦਾ ਨਮੂਨਾ ਇਸ ਪ੍ਰਕਾਰ ਹੈ :

ਹੱਥ ਮਾਰੇ ਛਾਤੀ 'ਤੇ, ਖਿਲਰ ਗਾਂਆਂ ਕਲੀਆਂ, ਹਾਰ ਜਿਆ ਟੁੱਟ ਗਿਆ ।
ਅੱਗ ਲਗ ਗੀ ਬਦਲ ਨੂੰ ਜੀ, ਗਮਾਂ ਨੇ ਚਰ ਲੀ, ਦਿਲਾਂ ਤੇ ਪੈਣ ਰੇਜ਼ੇ ।
ਸੋਹਣੇ ਮੁੱਖ ਨੂੰ ਤਰਸੂੰ ਗੀ, ਸੁੱਤੀ ਪਈ ਲੁੱਟ ਲੀ, ਰੰਗਲੀਏ ਸੇਜ਼ੇ ।

**7. ਨਲ-ਦਮਯੰਤੀ (1954 ਈ.)**

'ਨਲ-ਦਮਯੰਤੀ' ਹੀ ਬਾਬੂ ਰਜਬ ਅਲੀ ਦਾ ਅਜਿਹਾ ਪ੍ਰੀਤ-ਕਿੱਸਾ ਹੈ ਜੋ ਪ੍ਰਕਾਸ਼ਿਤ ਹੋ ਚੁੱਕਾ ਹੈ[4], ਇਸ ਦੇ 52 ਪੰਨੇ ਹਨ । ਬਾਬੂ ਰਜਬ ਅਲੀ ਨੇ ਇਹ ਕਿੱਸਾ 1954 ਈ. ਵਿਚ ਬੱਤੀ ਚੱਕ, ਪਾਕਿਸਤਾਨ ਤੋਂ ਰਚ ਕੇ ਭੇਜਿਆ । ਛੰਦਾਬੰਦੀ ਵਿਚ ਲਿਖੇ ਇਸ ਕਿੱਸੇ ਵਿਚ ਮੁਕੰਦ, ਕਬਿੱਤ, ਡਿਉਢ, ਦੋ ਭਾਗ, ਤਰਜ਼, ਬੈਂਤ, ਸੋਲਾਂ ਅੱਖਰਾ ਛੰਦ, ਤੇ ਮਨੋਹਰ-ਭਵਾਨੀ ਛੰਦ ਵਰਤੇ ਗਏ ਹਨ । ਇਸ ਦੇ ਛੰਦਾਂ ਦੀ ਗਿਣਤੀ 42 ਹੈ । ਪਰੰਪਰਾ ਅਨੁਸਾਰ ਹਰ ਛੰਦ ਤੋਂ ਪਹਿਲਾਂ ਦੋਹਿਰਾ ਦਿੱਤਾ ਗਿਆ ਹੈ ।

'ਮਹਾਂਭਾਰਤ' ਵਿਚ ਵਰਨਣ ਇਸ ਪ੍ਰੀਤ-ਕਥਾ ਨੂੰ ਪੰਜਾਬੀ ਕਿੱਸਾ-ਕਾਵਿ ਤੇ ਵਿਸ਼ੇਸ਼ ਕਰ ਕੇ ਕਵੀਸ਼ਰੀ-ਪਰੰਪਰਾ ਵਿਚ ਬਹੁਤ ਹੀ ਖ਼ੂਬਸੂਰਤ ਤੇ ਲੌਕਿਕ ਅਨੁਭਵ ਦੇ ਅੰਦਾਜ਼ ਨਾਲ ਕਾਵਿ-ਬੱਧ ਕੀਤਾ ਗਿਆ ਹੈ । ਕਵੀਸ਼ਰੀ ਦੇ ਅਖਾੜਿਆਂ ਵਿਚ ਇਹ ਕਿੱਸਾ ਗਾਇਆ ਜਾਂਦਾ ਹੈ । ਇਸ ਤੋਂ ਪ੍ਰਮਾਣਿਤ ਹੈ ਕਿ ਹਜ਼ਾਰਾਂ ਸਾਲਾਂ ਦੇ ਸਫਰ ਤੋਂ ਬਾਅਦ ਵੀ ਇਸ ਕਥਾ ਨੇ ਆਪਣੀ ਰੰਗਤ ਤੇ ਖੁਸ਼ਬੋਈ ਸਾਂਭ ਕੇ ਰੱਖੀ ਹੋਈ ਹੈ । ਪੰਜਾਬੀ ਵਿਚ 'ਨਲ-ਦਮਯੰਤੀ' ਦਾ ਕਿੱਸਾ ਸਭ ਤੋਂ ਪਹਿਲਾਂ ਅਹਿਮਦਯਾਰ ਨੇ ਲਿਖਿਆ । ਇਸ ਤੋਂ ਪਿੱਛੋਂ ਕਾਲੀ-

Digitized by Panjab Digital Library | www.panjabdigilib.org

ਦਾਸ ਗੁੱਜ਼ਰਾਂਵਾਲੀਆ, ਧਨੀ ਰਾਮ ਚਾਤ੍ਰਿਕ, ਵਿਧਾਤਾ ਸਿੰਘ ਤੀਰ ਆਦਿ ਨੇ ਲਿਖਿਆ । ਕਵੀਸ਼ਰੀ-ਪਰੰਪਰਾ ਵਿਚ ਇਸ ਧਾਰਾ ਨੂੰ ਪੰਡਤ ਪੂਰਨ ਚੰਦ[5], ਪੰਡਤ ਬ੍ਰਹਮਾਨੰਦ ਡਿੱਖਾਂ,[6] ਬਾਬੂ ਰਜਬ ਅਲੀ, ਕਾਸ਼ੀ ਰਾਮ,[7] ਛੱਜੂ ਸਿੰਘ,[8] ਸ਼ੇਰ ਸਿੰਘ[9] ਆਦਿ ਕਵੀਸ਼ਰਾਂ ਨੇ ਭਰਪੂਰ ਕੀਤਾ ।

'ਨਲ-ਦਮਯੰਤੀ' ਬਾਬੂ ਦੀ ਸਾਹਿਤਿਕ ਗੁਣਾਂ ਨਾਲ ਓਤਪੋਤ ਕਲਾਤਮਿਕ ਕ੍ਰਿਤ ਹੈ । ਕਵੀਸ਼ਰ ਨੇ ਚੇਤਨ ਰੂਪ ਵਿਚ ਇਸ ਨੂੰ ਲਿਸ਼ਕਾਉਣ ਦਾ ਯਤਨ ਕੀਤਾ ਹੈ ਅਤੇ ਉਹ ਕਾਵਿ ਦੇ ਜੌਹਰੀਆਂ ਤੋਂ ਆਸ਼ਾਵੰਦ ਹੈ[10] । ਉਹ ਇਸ ਕਿੱਸੇ ਨੂੰ ਅਮੀਂ ਦਾ ਕੁੰਡ ਆਖਦਾ ਹੈ :

ਕਹੇ ਹੱਥ ਬੰਨ ਦਾਸ, ਜਰਾ ਕਰਨੀ ਸਨਾਸ,
ਅਸੀਂ ਗੁਣੀ ਲੋਕਾਂ ਵਾਸਤੇ ਬਣਾਇਆ ਕੁੰਡ ਅਮੀਂ ਹੈ ।

ਦਮਯੰਤੀ, ਜਿਸ ਨੂੰ ਵਰਣ ਲਈ ਦੇਵਤੇ ਰਾਜੇ ਨਲ ਨਾਲ ਅੰਤਾਂ ਦੀ ਦੁਸ਼ਮਣੀ ਰਖਦੇ ਸਨ, ਅੰਤਾਂ ਦੀ ਸੋਹਣੀ ਸੀ । ਬਾਬੂ ਜੀ ਨੇ ਜਿਸ ਰੀਝ ਤੇ ਸੁੰਦਰਤਾ ਨਾਲ ਉਸ ਦੇ ਨਖ਼ਸ਼ਿਖ ਨੂੰ ਅਜਿਹੇ ਵਿਚ ਸ਼ਬਦਾਂ ਬੰਨਿਆ ਹੈ, ਕਿ ਪਾਠਕ ਝੂੰਮ ਉਠਦਾ ਹੈ :

ਸਹੇ ਦਾ ਬਦਨ ਪਤਲੀ ਪਤੰਗ ਜਿਉਂ, ਪੈ ਪਰੀ ਦੇ ਉਝਕੇ ਜਿਉਂ ।
ਲਾਲ ਲਾਲ ਰੰਗ ਲਾਲੜੀ ਦੇ ਰੰਗ ਜਿਉਂ, ਤੇ ਦਾਮਨੀ ਚਮਕੇ ਜਿਉਂ ।
ਨਾਸਕਾ ਸੋਹਣ ਫੁੱਲ ਤਾਂ ਕਪਾਹ ਦੇ ਜੀ, ਤਿੱਖਾ ਨਮੂਨਾ ਨੱਕ ਦਾ ।
ਕੈਮਰਿਉਂ ਬਗੈਰ ਤਸਵੀਰ ਲਾਹ ਦੇ ਜੀ, ਕਵੀਸ਼ਰ ਬੱਤੀ ਚੱਕ ਦਾ ।

ਜਦੋਂ ਰਾਜਾ ਨਲ ਪੁਸ਼ਕਰ ਤੋਂ ਜੂਏ ਵਿਚ ਰਾਜ-ਭਾਗ ਹਾਰ ਜਾਂਦਾ ਹੈ ਤਾਂ ਉਹਨਾਂ ਦੀ ਮੰਦਹਾਲੀ ਤੇ ਦੁਰਦਿਸ਼ਾ ਦਾ ਵਰਨਣ ਦਿਲਾਂ ਨੂੰ ਹਿਲਾ ਦੇਣ ਵਾਲਾ ਹੈ । ਬਾਬੂ ਆਪ ਆਖਦਾ ਹੈ, ਸੁਣ ਕੇ ਦਿਲ ਦੈਹਲ ਜਾਣਗੇ, ਜਿਤਨੇ ਸਰੋਤੇ ਐ ।' ਕਵੀ ਬੰਦੇ ਦੇ ਕੀਤੇ ਕੰਮਾਂ ਤੇ ਦੋਸ਼ਾਂ ਨੂੰ 'ਲਿਖੀਆਂ ਮੱਥੇ 'ਤੇ ਮਿਟਣ ਲਕੀਰਾਂ ਨਾ' ਆਖ ਕੇ ਸਬਰ ਕਰ ਲੈਂਦਾ ਹੈ । ਨਲ ਜਦੋਂ ਦਮਯੰਤੀ ਨੂੰ ਇੱਕਲੀ ਨੂੰ ਜੰਗਲ ਵਿਚ ਸੁੱਤੀ ਪਈ ਨੂੰ ਛੱਡ ਕੇ ਭੱਜ ਜਾਂਦਾ ਹੈ ਤਾਂ ਉਸ ਦੇ ਦਰਦ ਨੂੰ ਰਜਬ ਅਲੀ ਨੇ ਜ਼ਬਾਨ ਦਿਤੀ ਹੈ :

ਜਾ ਓਇ ਪਤੀ ਕੂੜਿਆਂ ਕਰਾਰਾਂ ਵਾਲਿਆ, ਕੁਵੇਲੇ ਪੱਟ ਖੱਡ ਗਿਐਂ ।
ਪੁੰਨੂੰ ਵਾਂਗ ਝੂਠਿਆਂ ਕਰਾਰਾਂ ਵਾਲਿਆ, ਸੱਸੀ ਸੁੱਤੀ ਛੱਡ ਗਿਐਂ ।

ਰਾਜਾ ਨਲ ਰਥ ਨੂੰ ਭਜਾਉਣ ਦੀ ਕਲਾ ਵਿਚ ਬਹੁਤ ਹੀ ਪ੍ਰਵੀਨ ਸੀ ਤੇ ਰਜਬ ਅਲੀ ਇਸ ਉੱਡਦੇ ਜਾਂਦੇ, ਖੜਕਾਟ ਪਾਉਂਦੇ ਰਥ ਨੂੰ ਖੂਬਸੂਰਤ ਸ਼ਬਦਾਂ ਦੇ ਜਾਦੂ ਵਿਚ ਬੰਨ ਲਿਆ ਹੈ :

ਜਿਵੇਂ ਮੱਛਲੀ ਦਰਿਆ ਵਿਚ ਤਰਦੀ, ਅਗਾਂਹ ਲੰਘ ਜਾਣ ਫਰਨ ਦੇ ।......
ਰਾਜਾ ਕੱਢੇ ਬਾਹਰ ਜਾਂ ਉਛਾੜੋਂ ਮੁੱਖ ਜੀ ।
ਭੌਂਦੇ ਅਸਮਾਨ ਤੇ ਦਿਸਣ ਰੁਖ ਜੀ ।
ਜਾਣੀ ਰਥ ਉਡ ਜੂ ਸਮੇਤ ਡਹੀਆਂ ਦੇ ।
ਨੌਂ ਨੌਂ ਕੋਹ ਸੁਨਣ ਖੜਕਾਟ ਪਹੀਆਂ ਦੇ ।
ਬੰਨਤਾ ਘੁਕਾਟ ਅੰਬਰੀ ਜਹਾਜ਼ ਜਿਉਂ ।

Digitized by Panjab Digital Library | www.panjabdigilib.org

ਬਾਬੂ ਰਜਬ ਅਲੀ ਦਾ ਇਹ ਕਿੱਸਾ ਕਵੀਸ਼ਰੀ ਵਿਚ ਲਿਖੇ 'ਨਲ-ਦਮਯੰਤੀ' ਦੀਆਂ ਦੋ ਤਿੰਨ ਸਿੱਖਰਲੀਆਂ ਉਤਮ ਕ੍ਰਿਤਾਂ ਵਿਚੋਂ ਇੱਕ ਹੈ।

2. ਧਾਰਮਿਕ ਪ੍ਰਸੰਗ

(ੳ) ਹਿੰਦੂ ਮਿਥਿਹਾਸ

8. ਰਾਮਾਇਣ (1958 ਈ.)

'ਰਾਮਾਇਣ' ਬਾਬੂ ਰਜਬ ਅਲੀ ਦੀ ਅਣਪ੍ਰਕਾਸ਼ਿਤ ਰਚਨਾ ਹੈ ਜੋ ਇਸ ਨੇ ਬੱਤੀ ਚੱਕ, ਪਾਕਿਸਤਾਨ ਵਿਚ ਲਿਖੀ। ਇਸ ਦਾ ਹੱਥ-ਲਿਖਤ ਉਤਾਰਾ ਜਗਮੇਲ ਸਿੰਘ ਕਵੀਸ਼ਰ ਪਾਸ ਹੈ। ਇਹ ਰਾਮਾਇਣ, ਛੰਦਾਬੰਦੀ ਵਿਚ, ਅਪ੍ਰੈਲ 1958 ਈ. ਵਿਚ ਸੰਪੂਰਨ ਹੋਈ। ਇਸ ਵਿਚ ਦੋਹਰੇ-50, ਮੁਕੰਦ-ਛੰਦ 23, ਦੋ ਭਾਗ ਛੰਦ-4, ਬੈਂਤ-8, ਮਨੋਹਰ ਭਵਾਨੀ-3, ਤਰਜ਼ ਗੱਡੀ-1, ਡੂਢਾ-1, ਡੂਢਾ ਦੋ ਭਾਗ-1, ਤਰਜ਼-4, ਪੰਦਰੀ-1, ਛੰਦ ਵਰਤੇ ਗਏ ਹਨ। ਰਾਮਾਇਣ ਦੇ ਕੁੱਲ ਛੰਦ 101 ਹਨ।

ਰਜਬ ਅਲੀ 'ਰਾਮਾਇਣ' ਦੀ ਕਥਾ ਦੇ ਵਿਧਾਨ ਨੂੰ ਵਧੇਰੇ ਕਰ ਕੇ ਤੁਲਸੀ ਦੇ ਅਨੁਸਾਰ ਉਸਾਰਿਆ ਗਿਆ ਹੈ। ਇਸ ਵਿਚ ਰਾਮ ਨੂੰ ਨਰ ਤੋਂ ਨਰਾਇਣ ਦੇ ਰੂਪ ਵਿਚ ਸਰਬ-ਸ਼ਕਤੀਮਾਨ ਤੇ ਪਰਾਸਰੀਰਕ ਸ਼ਕਤੀਆਂ ਨਾਲ ਭਰਪੂਰ ਦਿਖਾਇਆ ਹੈ ਜੋ 'ਪਾਵੇ ਨਾਲ ਕਾਲ ਬੰਨ੍ਹਿਆ ਲੰਕੇਸ਼ ਨੇ' ਦਾ ਕਾਲ ਬਣਦਾ ਹੈ। 'ਦਸੇ ਸਿਰ ਕਟਤੇ ਹੰਕਾਰੇ ਹੋਣ ਦੇ, ਰਾਮ ਦੀ ਭਵਾਨੀ ਨੇ'।

ਰਜਬ ਅਲੀ ਦੀ ਰਾਮਾਇਣ ਦਾ ਸਾਹਿਤਿਕ ਪ੍ਰਗਟਾ ਤੇ ਮਲਵਈ ਲੋਕ-ਮੁਹਾਵਰੇ ਦਾ ਪੇਂਡੂ ਬਿਆਨ ਰਲ ਕੇ ਨਿਵੇਕਲਾ ਰੰਗ ਬੰਨਦੇ ਹਨ। ਉਸ ਦੇ ਰੂਪਕ ਤੇ ਬਿੰਬਾਵਲੀ ਵਿਚੋਂ ਪੇਂਡੂ ਸਭਿਆਚਾਰ ਦੀ ਅਛੂਤੀ ਤੇ ਅਨੂਠੀ ਤਸਵੀਰ ਰੂਪਮਾਨ ਹੁੰਦੀ ਹੈ :

ਰੋਜ਼ ਹੋਊ ਵੱਜਦੀ ਕਪਾਹ ਨੂੰ ਇਮਣੀ।
ਨੱਕ ਤਿਲਾਂ ਦੇ ਫੁੱਲਾਂ ਤੋਂ ਚੱਕਮਾਂ, ਧਾਰ ਜਾਣੀ ਤਲਵਾਰ ਦੀ।
ਵਾਂਗੂ ਤ੍ਰਿੰਜਣ ਵਲਾਵੇ ਪੈਂਦੇ ਲੱਕ ਮਾਂ, ਜੰਗਲਾਂ ਨੂੰ ਝੱਖ ਮਾਰਦੀ।
ਕੂੰਜ ਵਾਂਗੂ ਪੈਂਦੇ ਲਚਕਾਰੇ ਧੌਣ ਦੇ।
ਆਹਾ ਹੀਰੇ ਹਰਨ ਦੀ ਅਖੀਰਾਂ ਛਾਲ ਜੀ।

'ਰਾਮਾਇਣ' ਵਿਚ ਰਜਬ ਅਲੀ ਯੁੱਧ ਵਰਨਣ ਨੂੰ ਬੀਰ-ਰਸ ਦੀ ਨਿਸਪਤੀ ਨਾਲ ਕੀਤਾ ਹੈ। ਉਸ ਨੇ ਸਾਕਾਰ ਚਿੱਤਰ ਸਰੋਤਿਆਂ ਤੇ ਪਾਠਕਾਂ ਅਗੇ ਪੇਸ਼ ਕੀਤੇ ਹਨ ਇਹਨਾਂ ਤਸਵੀਰਾਂ ਵਿਚ ਆਂਚਲਿਕ ਸਭਿਆਚਾਰ ਦਾ ਰੰਗ ਡੁੱਲ ਡੁੱਲ ਪੈਂਦਾ ਹੈ :

ਰਾਮ ਚੰਦ ਦੱਬ ਕੇ ਪਛਾਹਾਂ ਲੈ ਗਿਆ '
ਜਾਪਿਆ ਜਾਣੀ ਰੇਤ ਦਾ ਬੁਰਜ ਢਹਿ ਗਿਆ।
ਝਟ ਬਹਿਗੀ ਉਸਰੀ ਸਬਾਤ ਗਾਰੇ ਦੀ। ਲੀਰ ਲੀਰ ਕਰਤੀ ਸਰੀਰ ਭਾਰੇ ਦੀ।
ਜਿਵੇਂ ਰਜਬਾਹੇ ਖਿਡਦੇ ਬਠਿੰਡਉਂ। ਵਗੀ ਜਾਂਦੇ ਲਹੂ ਦੇ ਘਰਾਲੇ ਪਿੰਡਿਉਂ।
ਰੂੰ ਦੇ ਵਾਗੂੰ ਕੁੰਭ ਦਾ ਪਿੰਜਰ ਪਿਜਤਾ। ਲਹੂ ਛੀ ਕਨਾਲ ਦਾ ਕਿਆਰਾ ਸਿੰਜਤਾ।

ਰਜਬ ਅਲੀ ਦੀ 'ਰਾਮਾਇਣ' ਇਕ ਸਾਫ ਸੁਥਰੀ ਕ੍ਰਿਤ ਹੈ।

Digitized by Panjab Digital Library | www.panjabdigilib.org

9. **ਸੀਤਾ ਦੀ ਭਾਲ**

ਬਾਬੂ ਰਜਬ ਅਲੀ ਦੀ ਇਸ ਅਣਛੱਪੀ ਰਚਨਾ ਦੇ ਛੰਦ ਅੱਡ ਅੱਡ ਕਈ ਕਵੀਸ਼ਰਾਂ ਕੋਲ ਹਨ। ਇਹ ਰਚਨਾ ਕਵੀਸ਼ਰ ਨੇ ਪਾਕਿਸਤਾਨ ਤੋਂ ਆਪਣੇ ਚੇਲਿਆਂ ਨੂੰ ਲਿਖ ਕੇ ਭੇਜੀ ਸੀ। ਇਸ ਦੇ ਛੰਦਾਂ ਦੀ ਗਿਣਤੀ ਅਜੇ ਨਿਸਚਤ ਕਰਨ ਵਾਲੀ ਹੈ।

10. **ਰਾਣੀ ਸਲੋਚਨਾ**

ਰਾਮਾਇਣ ਨਾਲ ਸੰਬੰਧਿਤ ਇਸ ਪ੍ਰਸੰਗ ਨੂੰ ਬਾਬੂ ਰਜਬ ਅਲੀ ਨੇ ਬੜੀ ਮੁਹੱਬਤ ਤੇ ਲਗਨ ਨਾਲ ਪਾਕਿਸਤਾਨ ਤੋਂ ਆਪਣੇ ਚੇਲਿਆਂ ਲਈ, ਪੰਜ ਵੇਰ ਬਣਾ ਕੇ ਭੇਜਿਆ। ਇਸ ਦਾ ਇਕ ਰੂਪ ਕਵੀਸ਼ਰ ਨਾਜਰ ਸਿੰਘ ਗਿੱਦੜਬਾਹਾ ਤੋਂ ਪ੍ਰਾਪਤ ਹੋਇਆ ਹੈ। ਇਸ ਵਿਚ ਮੁਕੰਦ, ਕਬਿੱਤ ਤੇ ਇਕਤਾਰਾ ਛੰਦ ਵਰਤੇ ਗਏ ਹਨ ਅਤੇ ਕੁੱਲ ਛੰਦਾਂ ਦੀ ਗਿਣਤੀ ਵੀਹ ਹੈ।

ਰਾਮਾਇਣ ਵਿਚ ਰਾਖਸ਼ਾਂ ਦੇ ਰਾਵਣ ਪਰਿਵਾਰ ਦੇ ਸਾਰੇ ਮਰਦ ਪਾਤਰਾਂ (ਇੱਕ ਵਿਭੀਸ਼ਨ ਨੂੰ ਛੱਡ ਕੇ) ਨੂੰ ਅਤਿ ਦੇ ਬੁਰੇ ਦਿਖਾਇਆ ਹੈ ਪਰ ਇਸਤ੍ਰੀ ਪਾਤਰਾਂ ਨੂੰ ਨਿਸਬਿਤਨ ਬਹੁਤ ਹੀ ਚੰਗੀਆਂ ਵਿਖਾਇਆ ਗਿਆ ਹੈ। ਸਲੋਚਨਾ ਵੀ ਜੰਗ ਦੇ ਮੈਦਾਨ ਵਿਚੋਂ ਆਪਣੇ ਪਤੀ ਮੇਘਨਾਥ ਦਾ ਸੀਸ ਲਿਆ ਕੇ ਉਸ ਨਾਲ ਸਤੀ ਹੁੰਦੀ ਹੈ। ਮੰਦੋਦਰੀ ਸਲੋਚਨਾ ਨੂੰ ਮੈਦਾਨਿ ਜੰਗ ਵਿਚੋਂ ਸੀਸ ਲਿਆਉਣ ਦੀ ਪ੍ਰੇਰਨਾ ਦਿੰਦੀ ਹੈ ਪਰ ਰਾਵਣ ਮਨ੍ਹਾ ਕਰਦਾ ਹੈ। ਜਦੋਂ ਉਹ ਰਥ ਵਿਚ ਬੈਠ ਕੇ ਜੰਗ ਦੇ ਮੈਦਾਨ ਵਿਚ ਜਾਂਦੀ ਹੈ ਤਾਂ ਉਸ ਨੂੰ ਹਨੂਮਾਨ ਘੇਰ ਲੈਂਦਾ ਹੈ। ਉਹ ਹਨੂਮਾਨ ਨੂੰ ਮੇਵਾ ਭੇਂਟ ਕਰਦੀ ਹੈ :

ਮੇਵਿਆਂ ਨੂੰ ਦੇਖ ਅੰਗਾਰ ਵਾਂਗੂ ਤੱਖ ਗਿਆ,
ਆਖਦਾ ਸਲੋਚਨਾ ਨੂੰ ਹਨੂਮਾਨ ਅੱਕ ਕੇ।
ਦਹੀਂ ਦੇ ਭਲਾਮੇ ਨਾ ਨਿਗਲੇਂ ਕਪਾਸ ਤਾਂਈ,
ਮੇਥਿਆਂ ਦੇ ਢੇਰ ਕੀ ਲਗਾਏ ਮੈਂਨੂੰਤੱਕ ਕੇ।
ਮੇਘ ਦੀ ਨਾਰ ਤੇ ਮੱਥੇ ਨਾ ਲਗੀ ਸੂਰਜ ਦੇ,
ਤੂੰ ਕੀ ਮੇਰਾ ਪਾ ਲਿਆ ਕਦਰ ਨਿੰਕਮਿਆਂ।
ਸਿੱਧੀ ਬਾਤ ਕਰਾਂ ਵੇ ਮੈਂ ਪੁੱਠੀਆਂ ਸਮਝਦਾ ਤੂੰ,
ਰਸਤੇ ਕਸੂਤੇ ਵੇ ਤੂੰ ਅੰਜਨੀ ਨੂੰ ਜੰਮਿਆ।
ਐਸੇ ਬਿਨਾਂ ਪੁੱਛੇ ਤੂੰ ਵਧ ਗਿਆ ਝਿੰਝਣ ਵਾਂਗੂ,
ਅਕਲ ਨਰਮ ਹੁੰਦੀ ਲੰਮਿਆਂ 'ਚ ਲੰਮਿਆਂ।
ਸੀਸ ਲੈਣ ਜਾਵਾਂ ਤੂੰ ਲਗਾਈ ਦੇਰ ਰਸਤੇ ਮੇਂ,
ਰਜਬਅਲੀ ਰਥ ਤੂੰ ਮੁਫਤ ਮੇਰਾ ਥੰਮਿਆਂ।

ਸੀਸ ਲੈਣ ਲਈ ਸਲੋਚਨਾ ਨੂੰ ਰਾਮ ਚੰਦਰ ਵਲੋਂ ਰਖੀ ਇਕ ਸ਼ਰਤ ਪੂਰੀ ਕਰਨੀ ਪੈਂਦੀ ਹੈ ਕਿ ਸਲੋਚਨਾ ਸੀਸ ਨੂੰ ਹਸਾ ਕੇ ਦਿਖਾਏ। ਇਸ ਤਰ੍ਹਾਂ ਭਿਅਕਰ ਤੇ ਕਠਨ ਸ਼ਰਤ ਨੂੰ ਸਲੋਚਨਾ ਪੂਰੀ ਕਰਦੀ ਹੈ :

Digitized by Panjab Digital Library | www.panjabdigilib.org



ਸਤੀ ਸਲੋਚਨਾ (ਹੱਥ-ਲਿਖਤ) ਬਾਬੂ ਰਜਬ ਅਲੀ

[ਸਾਹਮਣੇ ਪੰਨਾ 38

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਗੋਦ ਵਿਚ ਰੱਖ ਕੇ ਹਲੌਂਦੀ ਸੀਸ ਨੂੰ।
ਪੱਟ ਉੱਤੇ ਰੱਖ ਕੇ ਹਸਾਉਂਦੀ ਸੀਸ ਨੂੰ।
ਸੀਨੇ ਵਿਚ ਮਾਰ ਗਿਆ ਕਟਾਰੀ ਸਾਰ ਦੀ।
ਹਸ ਕੇ ਦਿਖਾ ਦੇ ਲਾਜ ਰੱਖ ਨਾਰ ਦੀ।
ਨੈਣਾਂ ਨੀਰ ਸਿੱਟ ਕੇ ਸਣੌਂਦੀ ਸੀਸ ਨੂੰ।
ਪੱਟ ਉੱਤੇ ਰੱਖ ਕੇ ਹਸਾਉਂਦੀ ਸੀਸ ਨੂੰ।
ਹਸ ਪੈਂਦਾ ਸੀਸ ਮੇਘ ਨਾਥ ਦਾ ਤ੍ਰਰਤ ਫੇਰ,
ਹਿੱਲਿਆ ਜਗਾ ਤੇ ਜਿਵੇਂ ਸੁੱਤੇ ਬੰਦੇ ਜਾਗਦੇ।

ਰਾਣੀ ਸਲੋਚਨਾ ਦਾ ਪ੍ਰਸੰਗ ਕਵੀਸ਼ਰੀ ਵਿਚ ਬਹੁਤ ਸਾਰੇ ਕਵੀਸ਼ਰਾਂ ਦੇ ਛੰਦਬਧ ਕੀਤਾ ਹੈ।

11. (ੳ) **ਵਿਰਾਟ ਪਰਬ** : (1959 ਈ.)

ਪੰਜਾਬੀ ਸਾਹਿਤ ਵਿਚ ਸਮੁੱਚੀ 'ਮਹਾਂਭਾਰਤ' ਤੋਂ ਬਿਨਾਂ ਵਿਰਾਟ ਪਰਬ ਲਿਖਣ ਦੀ ਪਿਤ ਕਵੀਸ਼ਰੀ-ਪਰੰਪਰਾ ਵਿਚ ਹੀ ਪਈ। ਵਿਰਾਟ ਪਰਵ ਮਹਾਂਭਾਰਤ ਦੇ ਅਠਾਰਾਂ ਪਰਵਾਂ ਵਿਚ ਚੌਥਾ ਪਰਵ ਹੈ। ਵਿਰਾਟ ਅਲਵਰ ਤੇ ਜੈਪੁਰ ਦੇ ਪਾਸ ਦਾ ਮਤਸਯਾਂ ਦੇਸ ਹੈ[11]। ਬਾਬੂ ਜੀ ਇਸ ਨੂੰ ਪੰਚਾਲ ਦੇਸ 'ਚ ਆਖਦਾ ਹੈ[12]। ਇੱਥੇ ਪਾਂਡਵਾਂ ਨੇ ਆਪਣੇ ਬਨਵਾਸ ਦਾ ਤੇਰਵਾਂ ਸਾਲ ਗੁਪਤ ਰੂਪ ਵਿਚ ਗੁਜ਼ਾਰਿਆ। ਬਾਬੂ ਰਜਬ ਅਲੀ ਨੇ ਇਸ ਦਾ ਨਾਂ 'ਬਿਰਾਟ-ਪਰਬ' ਵੀ ਲਿਖਿਆ ਹੈ। ਬਾਬੂ ਜੀ ਨੇ ਮਹਾਂਭਾਰਤ ਦਾ ਇਹ ਪਰਬ 1959 ਈ. ਵਿਚ ਪਾਕਿਸਤਾਨ ਤੋਂ ਰਚ ਕੇ ਆਪਣੇ ਚੇਲਿਆਂ ਕੋਲ ਭੇਜਿਆ। ਕਵੀਸ਼ਰ ਨਾਜ਼ਰ ਸਿੰਘ ਗਿੱਦੜਬਾਹਾ ਨੂੰ ਇਹ ਉਤਾਰਾ 11. 12. 1959 ਨੂੰ ਪ੍ਰਾਪਤ ਹੋਇਆ। ਇਸ 'ਵਿਰਾਟ-ਪਰਬ' ਦੇ ਕੁੱਲ 67 ਬੰਦ ਹਨ। ਇਸ ਵਿਚ 11 ਛੰਦ ਵਰਤੇ ਗਏ ਹਨ ਜਿਨ੍ਹਾਂ ਦੇ ਵੇਰਵਾ ਇਸ ਪ੍ਰਕਾਰ ਹੈ: ਦੋਹਰੇ-30, ਡੂਢਾ-1, ਬੈਂਤ-9. ਮੁਕੰਦ ਛੰਦ-14, ਔੜਾ-2, ਦੋਭਾਗ-2, ਮਨੋਹਰ ਭਵਾਨੀ-2, ਤਰਜ਼-3, ਝੋਕ-2, ਤਰਜ਼ ਦੋ ਤਾਰਾ-1, ਸੋਲਾਂ ਅੱਖਰਾਂ ਛੰਦ-1 ਹਨ।

ਕਵੀਸ਼ਰੀ ਪਰੰਪਰਾ ਵਿਚ ਹੋਰ ਵੀ ਕਈ ਕਵੀਸ਼ਰਾਂ ਨੇ 'ਵਿਰਾਟ ਪਰਬ' ਦੀ ਰਚਨਾ ਕੀਤੀ ਹੈ।

ਬਾਬੂ ਰਜਬ ਅਲੀ 'ਵਿਰਾਟ ਪਰਬ' ਦਾ ਆਧਾਰ ਕਵੀਸ਼ਰੀ ਵਿਚ ਪ੍ਰਚਲਤ ਪ੍ਰਸੰਗ ਨੂੰ ਹੀ ਬਣਾਇਆ ਜਾਪਦਾ ਹੈ ਕਿਉਂਕਿ ਮਹਾਂਭਾਰਤ ਦੇ ਅਸਲ ਵਿਰਾਟ ਪਰਬ ਨਾਲੋਂ ਇਸ ਦੇ ਬਿਆਨ ਵਿਚ ਕਈ ਥਾਵਾਂ ਉੱਤੇ ਅੰਤਰ ਹੈ। 'ਵਿਰਾਟ ਪਰਬ' ਬਾਬੂ ਜੀ ਦੀ ਸਾਫ਼-ਸੁਥਰੀ ਤੇ ਕਲਾਤਮਿਕ ਰਚਨਾ ਹੈ। ਬਾਬੂ ਜੀ ਨੇ ਪੂਰੀ ਲਗਨ, ਚੇਤਨਾ ਤੇ ਖੁੱਲ-ਦਿਲੀ ਨਾਲ ਇਸ ਪਰਬ ਨੂੰ ਛੰਦਬਧ ਕੀਤਾ ਹੈ। ਬਾਬੂ ਜੀ ਨੇ ਇਸ ਪਰਬ ਦੀ ਰਚਨਾ ਕਰਦਿਆਂ ਹਿੰਦੂ-ਮਿਥਿਹਾਸ ਦੀ ਭਾਵਨਾ ਨੂੰ ਕਾਇਮ ਰੱਖਿਆ ਹੈ। ਉਸ ਦੇ ਇਹ ਪ੍ਰਸੰਗ ਕਿਸੇ ਸ਼ਰਧਾਵਾਨ ਹਿੰਦੂ ਕਵੀਸ਼ਰ ਦੇ ਪ੍ਰਸੰਗ ਨਾਲੋਂ ਘੱਟ ਭਾਵਪੂਰਨ ਨਹੀਂ ਹਨ। ਬਾਬੂ ਜੀ ਨੇ ਸਰਿੰਦਰੀ ਵਲੋਂ ਨੈਣ ਬਣੀ ਦਰੋਪਤਾਂ ਨੂੰ ਕੀਚਕ ਨਾਲ ਮਾਰਨ ਦੇ ਯਤਨ ਨੂੰ ਕਾਵਿ-ਬੱਧ

Digitized by Panjab Digital Library | www.panjabdigilib.org

ਕੀਤਾ ਹੈ :

ਰਾਨੀ ਕਹੇ ਹੋ ਗਿਆ ਕਹਿਰ, ਵਗੇ ਨੇਤਰਾਂ 'ਚੋਂ ਨੈਹਰ, ਰੋਂਦਾ ਫਿਰੇ ਸ਼ੈਹਰ,
ਨੈਣ ਫਿਰੇ ਹੱਸਦੀ। ਇੱਕ ਗੱਲ ਦੀ ਬਣਾ ਕੇ ਸੌ ਸੌ ਦੱਸਦੀ।
ਉਹਦਾ ਮਰੇ ਪਤੀ ਰੰਡੀ, ਮੈਂ ਗੜੇ ਤੋਂ ਹੋ ਜਾਂ ਠੰਡੀ, ਦਿਨੇ ਰਾਤੇ ਰਹੇ ਲੰਡੀ,
ਸਾਂਟਦੀ ਕਨੂੰਨਾਂ ਨੂੰ। ਫਿਰੇ ਨੈਣ ਖੂੰਨਣ ਕਰੇਂਦੀ ਖੂੰਨਾਂ ਨੂੰ।

ਕੀਚਕ ਨੇ ਵੀ ਤਾਂ ਨੈਣ ਨੂੰ ਰੂਪ ਦੀ ਚੜ੍ਹੀ ਅੰਧੇਰੀ ਦੇ ਰੂਪ ਵਿਚ ਵੇਖਿਆ ਸੀ :

ਖੂਹ ਤੇ ਚਲੀ ਨੈਣ ਘੜਾ ਲੈਣ ਪਾਣੀ ਦਾ।
ਦੇਖ ਮੋਹਤ ਹੋ ਗਿਆ ਭਰਾਤਾ ਰਾਨੀ ਦਾ।
ਦੂਰੋਂ ਨਿਗ੍ਹਾ ਪੈ ਗੀ ਕੀਚਕ ਮਲੇਸ਼ ਦੀ।
ਰੂਪ ਦੀ ਅੰਧੇਰੀ ਆਉਂਦੀ ਕੇਹੜੇ ਦੇਸ਼ ਦੀ।
'ਹੱਲਿਆ ਉਰਫੀ ਜਾਂ ਰੋਹਨੀ ਮੇਨਕਾ।
ਮੈਨੂੰ ਏਹ ਦਾ ਪਤਾ ਨਾ ਦਿਦਾਰ ਦੇਣ ਕਾ।
ਸ਼ੱਕ ਪੈਂਦੀ ਹੋਨੀ ਭਰਜਾਈ ਸ਼ੇਸ਼ ਦਾ।
ਰੂਪ ਦੀ ਅੰਧਰੀ ਆਉਂਦੀ ਕੇਹੜੇ ਦੇਸ ਦੀ।
ਪੁਤਲੀ ਘੜਨ ਵਾਲਿਆਂ ਦੇ ਅਸ਼ਕੇ।
ਮੱਥਾ ਜਿਵੇਂ ਦਾਮਨੀ ਘਟਾ 'ਚੋਂ ਲਸ਼ਕੇ।
ਮੈਥੋਂ ਝੱਲੀ ਜਾਂਦੀ ਨਾ ਮੜਕ ਏਸ ਦੀ।
ਰੂਪ ਦੀ ਅੰਧੇਰੀ ਆਉਂਦੀ ਕੇਹੜੇ ਦੇਸ਼ ਦੀ।

'ਵਿਰਾਟ ਪਰਬ' ਕਲਾਤਮਿਕ ਤੇ ਮਾਂਜੀ ਸੰਵਾਰੀ ਰਚਨਾ ਹੈ।

## 11. (ਅ) ਵਿਰਾਟ ਪਰਬ

ਬਾਬੂ ਰਜਬ ਅਲੀ ਨੇ ਇਸ ਤੋਂ ਪਹਿਲਾਂ ਵੀ ਅਬੋਹਰ ਦੀ ਕੋਠੀ ਵਿਚ 'ਵਿਰਾਟ-ਪਰਬ' ਲਿਖਿਆ ਸੀ ਉਹ ਵੀ ਬਹੁਤ ਸੁੰਦਰ ਤੇ ਕਲਾਤਮਿਕ ਰਚਨਾ ਹੈ। ਇਸ ਦਾ ਉਤਾਰਾ ਪ੍ਰੋ. ਰੁਲੀਆ ਸਿੰਘ ਸਿੱਧੂ ਤੋਂ ਪ੍ਰਾਪਤ ਹੋਇਆ ਹੈ। ਇਸ ਰਚਨਾ ਦੇ ਕੁੱਲ 32 ਛੰਦ ਹਨ। ਇਸ ਵਿਚ ਦੋਹਰੇ ਤੋਂ ਬਿਨਾਂ, ਬਾਬੂ ਚਾਲ, ਡੂਢਾ, ਮੁਕੰਦ, ਤਰਜ਼, ਕਮਾਨੀ, ਗੱਡੀ ਆਦਿ ਛੰਦ ਵਰਤੇ ਗਏ ਹਨ। ਇਸ ਖੂਬਸੂਰਤ ਰਚਨਾ ਦਾ ਬਾਬੂ ਚਾਲ ਛੰਦ ਇਸ ਪ੍ਰਕਾਰ ਹੈ :

ਗੁੰਦਮਾ ਬਦਨ ਚਕਮਾ ਜਿਹਾ ਨੱਕ ਨੀ,
ਧੌਣ ਚਿੱਟੀ ਬੋਤਲੇ, ਤੇ ਕਪੋਲ ਰੱਤੇ ਨੀ।
ਚੀਤੇ ਵਾਂਗੂੰ ਪਤਲਾ ਮੁੱਠੀ ਕੁ ਲੱਕ ਨੀ,
ਤੂੰ ਵਛੇਰੀ ਕੋਤਲੇ, ਮਾਰੇਂਗੀ ਦੁਲੱਤੇ ਨੀ।
ਤੇਰਾ ਰੂਪ ਮਹਾਰਾਣੀਆਂ ਤੋਂ ਵੱਧ ਨੀ,
ਪੱਟ ਦੇਂ ਗੀ ਰਾਜੇ ਨੂੰ, ਨਖਰੇਲੋ ਨੈਣੇ ਨੀ।

ਕਥਾ ਦਾ ਸੂਤਰ ਪਹਿਲੀ ਰਚਨਾ ਵਾਲਾ ਹੀ ਹੈ।

Digitized by Panjab Digital Library | www.panjabdigilib.org

12. **ਅਭਿਮੰਨੂ ਦਾ ਵਿਆਹ**

'ਅਭਿਮੰਨੂ ਦਾ ਵਿਆਹ' ਦੇ ਪ੍ਰਸੰਗ ਬਾਬੂ ਰਜਬ ਅਲੀ ਨੇ ਮਹਾਂਭਾਰਤ ਵਿਚੋਂ ਲਿਆ ਹੈ। ਇਹ ਅਪ੍ਰਕਾਸ਼ਿਤ ਰਚਨਾ ਹੈ। ਇਸ ਦਾ ਹੱਥ-ਲਿਖਤ ਉਤਾਰਾ ਜਗਮੇਲ ਸਿੰਘ ਕਵੀਸ਼ਰ ਪਾਸ ਹੈ। ਇਸ ਵਿਚ ਮੁਕੰਦ, ਦੋ ਭਾਗ ਛੰਦ, ਆਦਿ ਛੰਦ ਵਰਤੇ ਗਏ ਹਨ। ਅਰਜਨ ਦੇ ਪੁੱਤਰ ਅਭਿਮੰਨੂ ਦੀ ਮੰਗੇਤਰ ਰੁਦਰਾ ਕੁਮਾਰੀ ਨੂੰ ਕੈਰੋ ਭਰਾ, ਸ਼ੁਕਨੀ ਦੇ ਚੁੱਕੇ ਚੁਕਾਏ, ਲਛਮ ਕੁਮਾਰ ਨਾਲ ਵਿਆਹੁਣ ਦਾ ਯਤਨ ਕਰਦੇ ਹਨ :

ਬੂਟੇ ਮੋਤੀ ਬਾਗ ਚੋਂ ਪਟਾ ਅੱਕਾਂ ਦੇ।
ਸ਼ੁਕਨੀ ਚੰਡਾਲ ਭਾਣਜੇ ਨੂੰ ਚੁੱਕਾਂ ਦੇ।

13. **ਜੰਗ ਕੈਰੋ ਪਾਂਡੋ**

ਮਹਾਂਭਾਰਤ ਦਾ ਇਹ ਪ੍ਰਸੰਗ ਬਾਬੂ ਰਜਬ ਅਲੀ ਨੇ ਪਾਕਿਸਤਾਨ ਤੋਂ ਬਣਾ ਕੇ ਭੇਜਿਆ। ਇਸ ਦੇ 60 ਦੋਹਿਰੇ ਹਨ। ਛੰਦਾਂ ਵਿਚ ਚੰਫਿਰਨੀ, ਮੁਕੰਦ, ਕਬਿੱਤ, ਕੁੰਡਲੀਆ, ਦੋਭਾਗ ਤੇ ਮਨੋਹਰ ਭਵਾਨੀ ਛੰਦ ਵਰਤੇ ਹਨ। ਇਸ ਦਾ ਖਰੜਾ ਕਵੀਸ਼ਰ ਭਗਤ ਰਾਮ ਤੋਂ ਪ੍ਰਾਪਤ ਹੋਇਆ ਹੈ। ਕਵੀਸ਼ਰ ਭਗਤ ਰਾਮ ਨੇ ਪਹਿਲੇ ਕਈ ਬੰਦਾਂ ਵਿਚ ਆਪਣਾ ਨਾਮ ਪਾ ਲਿਆ ਹੈ ਪਰ ਬਾਅਦ ਵਿਚ ਬਾਬੂ ਰਜਬ ਅਲੀ ਦਾ ਨਾਂ ਕਾਇਮ ਹੈ। ਅਖਾੜਿਆਂ ਵਿਚ ਗਾਉਣ ਲਈ ਚੇਲੇ-ਕਵੀਸ਼ਰ ਕਈ ਵੇਰ ਮੂਲ ਲੇਖਕ ਦੀ ਥਾਂ ਆਪਣਾ ਨਾਂ ਪਾ ਲੈਂਦੇ ਹਨ।

ਇਹ ਲੰਬਾ ਪ੍ਰਸੰਗ ਪਾਂਡਵਾਂ ਦੇ ਜੂਏ ਵਿਚ ਹਾਰਨ ਤੋਂ ਬਾਅਦ ਬਨਵਾਸ, ਵਿਰਾਟ-ਪਰਬ ਤੇ ਕੁਰਸ਼ੇਤਰ ਯੁੱਧ ਦੇ ਵਿਰਤਾਂਤ ਨੂੰ ਵਲੇਟੀ ਬੈਠਾ ਹੈ। ਇਸ ਵਿਚ ਅਰਜਨ ਦੇ ਹਥਿਆਰ ਸੁੱਟਣ ਤੇ ਕ੍ਰਿਸ਼ਨ ਦੇ ਗੀਤਾ ਉਪਦੇਸ਼ ਦੇਣ ਦੀ ਵਿਥਿਆ ਸ਼ਾਮਿਲ ਨਹੀਂ ਹੈ। ਰਜਬ ਅਲੀ ਨੇ ਹਿੰਦੂ-ਮਿਥਿਹਾਸ ਦਾ ਡੂੰਘਾ ਅਧਿਐਨ ਕੀਤਾ ਪ੍ਰਤੀਤ ਹੁੰਦਾ ਹੈ। ਉਸ ਨੇ ਸਾਦੇ ਪੇਂਡੂ ਮੁਹਾਵਰੇ, ਲੋਕਿਕ ਬਿੰਬਾਵਲੀ, ਨਾਟਕੀ ਅੰਦਾਜ਼ ਤੇ ਜਾਨਦਾਰ ਸ਼ੈਲੀ ਵਿਚ ਕਥਾ ਨੂੰ ਗੁੰਦਿਆ ਹੈ, ਜਿਵੇਂ ਅਭਿਮੰਨੂ ਦੀ ਮੌਤ ਉੱਤੇ ਅਰਜਨ ਇਹ ਪ੍ਰਤਿਗਿਆ ਕਰਦਾ ਹੈ :

ਕਲ ਦਿਨੇ ਉਨੂੰ ਸੱਪ ਵਾਙੂ ਲੜ ਜੂੰ। ਨਹੀਂ ਜਿਉਂਦਾ ਸ਼ਾਮ ਨੂੰ ਚਿਖਾ ਤੇ ਚੜ ਜੂੰ।
ਦੋਰਣਾਚਾਰਯ ਜੈਦਰਥ ਨੂੰ ਇਸ ਤਰ੍ਹਾਂ ਬਚਾਉਂਦਾ ਹੈ :

ਚਾਰਜ ਦਰੋਨਾ ਹੁਨਰਾਂ ਦੀ ਪੁਤਲੀ।
ਅਗੇ ਨਾਲੋਂ ਅਕਲ ਦੁੜਾਏ ਉਤਲੀ।
ਫੌਜਾਂ ਦਾ ਬਣਾ ਲਿਆ ਮੱਗਰਮੱਛ ਜੀ।
ਜਿਹੜਾ ਕਰ ਜਾਵੇ ਪਾਂਡਵਾਂ ਨੂੰ ਭੱਛ ਜੀ।
ਪੂਰੇ ਬਲਬੀਰ ਪਾਸਿਆਂ ਤੇ ਸੂਰਮੇਂ।
ਜੈਦਰਥ ਪੂਛ ਨੂੰ ਘੜਾ ਲਿਆ ਦੂਰ ਮੇਂ।

ਰਜਬ ਅਲੀ ਨੇ ਯੁੱਧ ਦਾ ਸਾਕਾਰ ਖਾਕਾ ਉਲੀਕਿਆ ਹੈ। ਕਥਾ ਦੇ ਪੁਰਾਤਨ ਹੋਣ ਦੇ ਬਾਵਜੂਦ ਵੀ ਇਸ ਵਿਚ ਨਵੀਂ ਨਿਕੋਰ ਮੌਲਿਕਤਾ ਦੀ ਝਲਕ ਮਿਲਦੀ ਹੈ, ਤਦੇ ਬਾਬੂ ਜੀ ਇਸ ਰਚਨਾ ਦੇ ਪਿੱਛੋਂ ਆਪਣੀ ਗਿਣਤੀ ਕਵੀਸ਼ਰਾਂ ਵਿਚ ਕਰਦਾ ਹੈ :

ਦਰਜ ਹੋ ਗਿਆ ਨਾਮ ਕਵੀਸ਼ਰਾਂ ਮੇਂ,
ਰਜਬਲੀ ਦੀ ਰਬ 'ਤੇ ਓਟ ਸੀ ਜੀ।

Digitized by Panjab Digital Library | www.panjabdigilib.org

### 14. ਊਖਾ-ਅਨਰੁੱਧ

ਮਹਾਂਭਾਰਤ ਦਾ ਇਹ ਪ੍ਰਸੰਗ, ਭਗਵਾਨ ਕ੍ਰਿਸ਼ਨ ਦੇ ਪੋਤਰੇ ਅਨਰੁੱਧ ਦਾ ਬਾਣਾਸੁਰ ਰਾਖਸ਼ ਦੀ ਪੁੱਤਰੀ ਊਖਾ ਨਾਲ ਇਸ਼ਕ ਦੀ ਦਾਸਤਾਨ ਅਤੇ ਆਰੀਆ ਯੋਧਿਆਂ ਤੇ ਰਾਖਸ਼ਾਂ ਦੇ ਭਿਆਨਕ ਯੁੱਧ ਦਾ ਵਰਨਣ ਕਰਦਾ ਹੈ। ਇਸ ਰਚਨਾ ਦੇ ਆਰੰਭ ਵਿਚ ਇਕ ਮੋਮਨ-ਸ਼ਾਇਰ ਨੇ ਸ਼ਿਵ ਦਾ ਮੰਗਲ ਕੀਤਾ ਹੈ। ਇਸ ਪ੍ਰਸੰਗ ਨੂੰ ਲਿਖਣ ਲਈ ਕਵੀਸ਼ਰ ਨੇ ਮਹਾਂ-ਭਾਰਤ ਤੇ ਹੋਰ ਗ੍ਰੰਥਾਂ ਦਾ ਅਧਿਐਨ ਕੀਤਾ ਹੈ।

ਸ਼ਾਇਰ ਰਜਬਲੀ ਫੜ ਕੇ ਜੀ,
ਭਾਗਵਤ ਦਸਮਾਂ ਸਕੰਧ ਫਰੋਲੇ, ਖੁੱਲੇ ਬੰਦ ਤਾਕੀ।
ਬਾਬੂ ਲਿਖਣ ਨੂੰ ਫੜੀ ਸਫੈਦ ਕਾਪੀ,
ਨਜ਼ਰ ਮਾਰ ਗ੍ਰੰਥ ਇਤਿਹਾਸ ਤੇ ਜੀ।

ਇਸ ਪ੍ਰਸੰਗ ਨੂੰ ਪੰਡਤ ਪੂਰਨ ਚੰਦ, ਛੱਜੂ ਸਿੰਘ ਆਦਿ ਕਵੀਸ਼ਰਾਂ ਨੇ ਲਿਖਿਆ ਹੈ। ਬਾਬੂ ਜੀ ਇਹ ਪ੍ਰਸੰਗ ਆਪਣੇ ਚੇਲਿਆਂ ਦੀ ਫਰਮਾਇਸ਼ ਉੱਤੇ ਪਾਕਿਸਤਾਨ ਤੋਂ ਲਿਖ ਕੇ ਆਪਣੇ ਚੇਲਿਆਂ ਨੂੰ ਭੇਜਿਆ। ਇਸ ਦਾ ਉਤਾਰਾ ਪ੍ਰੋ. ਰੁਲੀਆ ਸਿਘ ਤੋਂ ਪ੍ਰਾਪਤ ਕੀਤਾ ਹੈ। ਇਸ ਪ੍ਰਸੰਗ ਦੇ ਕੁੱਲ 35 ਛੰਦ ਹਨ। ਇਸ ਵਿਚ ਡੂਢਾ, ਦੋਤਾਰਾ ਡੂਢਾ, ਤਰਜ਼, ਤਰਜ਼ ਸਤਾਰੀ, ਕੋਕ, ਮਨੋਹਰ ਭਵਾਨੀ, ਬੈਂਤ ਆਦਿ ਛੰਦ ਵਰਤੇ ਗਏ ਹਨ।

ਊਖਾ ਨੂੰ ਸੁਫਨੇ ਵਿਚ ਅਨਰੁੱਧ ਦੀ ਤਸਵੀਰ ਦਿਸਦੀ ਹੈ ਉਹ ਉਸ ਦੀ ਦੀਵਾਨੀ ਹੋ ਕੇ ਆਪਣੇ ਕਿਸੇ ਦੈਂਤ ਨੂੰ ਭੇਜ ਕੇ ਸੁੱਤੇ ਪਏ ਅਨਰੁੱਧ ਨੂੰ ਚੱਕਵਾ ਲੈਂਦੀ ਹੈ :

ਰਜਬ ਅਲੀ ਖਾਂ ਫੁੱਲ ਗੀ ਫੁੱਲ ਵਾਗੂੰ, ਫੁੱਲੀ ਨਹੀਂ ਸਮਾਵਦੀ ਹੂਰ ਤਾਂ ਜੀ।
ਮੇਰੀ ਝੋਲੀ ਟੁੱਟ ਅਸਮਾਨੋਂ ਤਾਰਾ ਪਿਆ।
ਝਾਕੇ ਜਿਵੇਂ ਭਟਨੇਰ ਦਾ ਸ਼ਿਕਾਰਾ ਪਿਆ।

ਬਾਣਾਸੁਰ, ਜਿਸ ਨੂੰ ਸ਼ਿਵ ਦਾ ਵਰ ਪ੍ਰਾਪਤ ਸੀ, ਅਨਰੁੱਧ ਨੂੰ ਕੈਦ ਕਰ ਲੈਂਦਾ ਹੈ। ਅਨਰੁੱਧ ਨੂੰ ਛੁਡਾਉਣ ਲਈ ਕ੍ਰਿਸ਼ਨ ਮੁਰਾਰੀ ਤੇ ਹੋਰ ਯੋਧੇ ਹਮਲਾ ਕਰਦੇ ਹਨ। ਇਸ ਪ੍ਰਸੰਗ ਵਿਚੋਂ ਦੋ ਗੱਲਾਂ ਉਭਰਦੀਆਂ ਹਨ। ਪਹਿਲੀ ਦੋਵਾਂ ਕੌਮਾਂ ਦਾ ਸਦੀਵੀ ਵਿਰੋਧ। ਦੂਜੀ, ਪ੍ਰੇਮ ਵੱਲੋਂ ਇਸ ਵਿਰੋਧ ਸਵੀਕਾਰਨ ਤੋਂ ਵਿਰੋਧ। ਇਹ ਪ੍ਰੇਮ ਦੋਵਾਂ ਜਾਤੀਆਂ ਵਿਚ ਸੰਬੰਧ ਕਾਇਮ ਨਹੀਂ ਕਰਦਾ ਸਗੋਂ ਭਿਅੰਕਰ ਯੁੱਧ ਨੂੰ ਜਨਮ ਦਿੰਦਾ ਹੈ। ਕਵੀਸ਼ਰ ਨੇ ਬਾਣਾਸੁਰ ਦੀ ਭਿਅੰਕਰ ਸ਼ਕਲ ਤੇ ਰੂਪ ਰੰਗ ਨੂੰ ਬਿਆਨ ਕੀਤਾ ਪਰ ਉਸ ਦੀ ਧੀ ਊਖਾ ਦੇ ਹੁਸਨ ਨੂੰ ਬਿਆਨ ਕਰਨ ਲਗਿਆਂ ਬਾਬੂ ਨੇ ਆਪਣਾ ਸੌਂਦਰਯ ਕਾਵਿ ਸ਼ਾਸਤਰ ਨੂੰ ਕੁਰਬਾਨ ਕਰ ਦਿੱਤਾ :

ਬੜੀ ਸੁਹਲ ਸਿਲੱਤ ਜੇਹੀ ਦੇਹੀ, ਹਿੱਕ ਲੱਕੇ ਜੇ ਕਬੂਤਰ ਜੇਹੀ,
ਧੌਣ ਕੱਚ ਦੀ ਸੁਰਾਹੀ ਜੇਹੀ, ਖਿੜਿਆ ਪੁਸ਼ਪ ਕਮਲ ਦੀ ਨਾਭੀ ਐ।
ਰੰਗ ਰੰਗ ਰੁਖਸਾਰ ਗੁਲਾਬੀ ਐ।
ਪਾਈ ਗਲ ਸੁਨਹਿਰੀ ਗਾਨੀ, ਬੋਲੇ ਤਿੱਤਰ ਜਿਵੇਂ ਸੁਭਾਨੀ,

Digitized by Panjab Digital Library | www.panjabdigilib.org

ਤਿੱਖੀ ਧਾਰ ਖੰਡੇ ਤੋਂ ਨੱਕ ਦੀ, ਜਾਵੇ ਡੋਲ ਪਰੀ ਨੂੰ ਜੋ ਤੱਕ ਦਾ।
ਅੱਡੀ ਗੋਲ ਪਤਾਸਾ ਰੋਹਤਕ ਦਾ।
ਮੱਥੇ ਦਗਦੇ ਲਾਲ ਤੋਂ ਬਾਹਲੇ, ਡੰਗ ਮਾਰਦੇ ਜ਼ੁਲਫ ਸੱਪ ਕਾਲੇ,
ਕੇਰਾਂ ਹੱਸ ਚਿੱਟੀਏ ਦੰਦਰਾਲੇ, ਜੀਭ ਡਲੀ ਮਿਸਰੀ ਦੀਆਂ ਖਰੀਆਂ ਚੋਂ।
ਊਖਾ ਸਬਜ਼ ਸ਼ਹਿਰ ਦੀਆਂ ਪਰੀਆਂ ਚੋਂ।

ਬਾਬੂ ਰਜਬ ਅਲੀ ਇਸ ਯੁੱਧ ਨੂੰ ਨੇਕੀ ਤੇ ਬਦੀ ਦਾ ਯੁੱਧ ਆਖਦਾ ਹੈ ਤੇ ਇਸ ਵਿਚ ਨੇਕੀ ਦਾ ਸਾਥ ਦਿੰਦਾ ਹੈ। ਸ਼ਕਤੀਸ਼ਾਲੀ ਬਾਣਾਸੁਰ ਦਾ ਚਿੱਤਰ ਤੇ ਉਸ ਦਾ ਅੰਤ ਬਹੁਤ ਸੁੰਦਰ ਚਿਤਰਿਆ ਹੈ :

ਪਾਵੇ ਖੌਰੂ ਸਾਨ੍ਹ ਵਾਂਗ ਖੜਕੇ, ਜਿਵੇਂ ਬਿਜਲੀ ਚੇਤ ਦੀ ਕੜਕੇ,
ਪੂਰਾ ਅਰਸ਼ ਜ਼ਮੀਨ ਦਾ ਧੜਕੇ,
ਤੜਾਂ ਸੁਨਣ ਦੂਰ ਤੋਂ ਬੱਬਰ ਦੀਆਂ। ਸਨ ਭੁਜਾਂ ਸਹੰਸਰ ਬਜਰ ਦੀਆਂ।
ਔਂਦੇ ਚੱਕਰ ਚੱਕਰੀਆਂ ਖਾਂਦੇ, ਕਿਸ਼ਨ ਮੁਰਾਰੀ ਦੇ।
ਛਾਂਗ ਦਿੱਤੀਆਂ ਹਜ਼ਾਰਾਂ ਬਾਹਾਂ, ਧਾਰ ਦੇ ਜੰਡੋਹੇ ਵਾਂਗਰਾਂ।
ਭੁੱਜਾਂ ਰੱਤ ਦੀ ਤਲਾ ਵਿਚ ਡੁੱਬੀਆਂ, ਮੱਛਾਂ ਵਾਂਗੂ ਤੜਫਦੀਆਂ।

ਮਿਥਿਹਾਸਿਕ ਕਥਾ ਨੂੰ ਇਸ ਤਰਾਂ ਲੋਕਾਂ ਦੀ ਆਮ-ਭਾਖਾ ਵਿਚ ਕਹਿ ਦੇਣਾ ਤੇ ਉਸ ਦੇ ਜਾਦੂ ਨੂੰ ਕਾਇਮ ਰਖਣਾ ਰਜਬ ਅਲੀ ਵਰਗੇ ਤੇਜ਼ਸਵੀ ਕਵੀਸ਼ਰ ਦਾ ਹੀ ਕੰਮ ਹੈ। ਇਹ ਬਾਬੂ ਦੀ ਬੜੀ ਕਾਮਯਾਬ ਰਚਨਾ ਹੈ।

## (ਅ) ਜੋਗ ਮੱਤ

### 15. ਪੂਰਨ ਭਗਤ

ਬਾਬੂ ਰਜਬ ਅਲੀ ਨੇ ਪੂਰਨ ਭਗਤ ਦੇ ਕੁਝ ਟੁੱਟਵੇਂ ਛੰਦ ਲਿਖੇ ਹਨ। ਬਾਬੂ ਜੀ ਨੇ ਇਹ ਛੰਦ ਪਰੰਪਰਾਗਤਿ ਰੀਤ ਅਨੁਸਾਰ ਹੀ ਲਿਖੇ ਹਨ। ਲੂਣਾ ਪੂਰਨ ਨੂੰ ਆਖਦੀ ਹੈ :

ਬਿਆਗੀ ਕਰੀਂ ਹੀਰਿਆ ਹਰਨਾ ਤਲਾਸ਼ ਨਾ, ਸਬਜ਼ ਅੰਗੂਰੀ ਦੀ।
ਭੋਗ ਲੈ ਖਿੜਿਆਂ ਫੁੱਲਾਂ ਦੀ ਵਾਸਨਾ, ਲਪਟ ਕਸਤੂਰੀ ਦੀ।
ਸਿਉਨੇ ਵਾਂਗ ਭਖਦਾ ਸ਼ੁਕੀਨਾ ਮੱਥਾ ਵੇ, ਜਿਉਂ ਮਿਸਾਲ ਮੱਚਦੀ।
ਢਾਲ ਜਾਣੀ ਹੰਸ ਸਰਾਂ 'ਤੇ ਲੱਭਾਂ ਵੇ, ਧੌਣ ਸੁਰਾਹੀ ਕੱਚ ਦੀ।

## (ੲ) ਸਿੱਖ-ਇਤਿਹਾਸ

### 16. ਗੁਰੂ ਨਾਨਕ ਮੰਗਲ

ਬਾਬੂ ਰਜਬ ਅਲੀ ਨੇ ਗੁਰੂ ਨਾਨਕ ਦੀ ਉਸਤਤਿ ਵਿਚ ਵੱਖੋ-ਵੱਖ ਸਮਿਆਂ ਵਿਚ ਕਈ ਛੰਦ ਲਿਖੇ ਹਨ। ਕਵੀਸ਼ਰ ਨੇ ਗੁਰੂ ਸਾਹਿਬ ਦੀ ਸਿਫ਼ਤ ਸਲਾਹ ਪੂਰੇ ਦਿਲ ਤੇ ਨਿਸ਼ਠਾ ਨਾਲ ਕੀਤੀ ਹੈ। ਇਹ ਛੰਦ ਵੱਖ ਵੱਖ ਕਵੀਸ਼ਰਾਂ ਵਿਸ਼ੇਸ਼ ਕਰ ਕੇ ਕਵੀਸ਼ਰ ਜਗਮੇਲ ਸਿਘ ਕੋਲ ਹੱਥ-ਲਿਖਤ ਰੂਪ ਵਿਚ ਹਨ। ਬਾਬੂ ਜੀ ਦੇ ਇਸ ਰਚਨਾ ਦਾ ਨਮੂਨਾ ਇਸ ਪ੍ਰਕਾਰ ਹੈ :

Digitized by Panjab Digital Library | www.panjabdigilib.org

ਦਿਲ ਦੇ ਸ਼ੀਸ਼ੇ ਵਿਚ ਦੀਂ ਰਬ ਦੇ ਜਲਵੇ ਪੈਂਦੇ ਐ,
ਸਾਫ ਹੋ ਗਿਆ ਵਾਂਗੂ ਬਿੰਧੀਆਚਲ ਦੀ ਯੱਖ ਦੇ ।
ਗੱਲ ਰਬ ਦੇ ਬੰਦੇ ਦੀ ਤੋਰੀ, ਡਾਢੇ ਰੰਗਤ ਬਣਾਤੀ ਗੋਰੀ,
ਅੱਖ ਰਸ ਦੀ ਭਰੀ ਕਟੋਰੀ, ਪਿੰਡਿਓਂ ਕਸਤੂਰੀ ਮਹਿਕੇ ਜੀ ।
ਮੱਥਾ ਚੰਦਰਮਾ ਵਾਂਗੂ ਟਹਿਕੇ ਜੀ ।

## 17. ਪਾਂਚਮੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ (1957 ਈ.)

ਸਿੱਖ-ਧਰਮ ਦੇ ਪਹਿਲੇ ਸ਼ਹੀਦ ਗੁਰੂ ਅਰਜਨ ਦਵ ਜੀ ਦੀ ਸ਼ਹੀਦੀ ਦੀ ਵਿਰਤਾਂਤ ਬਾਬੂ ਰਜਬ ਅਲੀ ਨੇ ਸਿੱਖ ਇਤਿਹਾਸ ਦੀ ਭਾਵਨਾ ਨਾਲ ਇਕਸੁਰ ਹੋ ਕੇ ਕੀਤਾ ਹੈ। ਇਹ ਰਜਨਾ ਅਜੇ ਤਕ ਅਣਛਪੀ ਹੈ ਅਤੇ ਇਹ ਕਵੀ ਨੇ ਪਾਕਿਸਤਾਨ ਵਿਚ ਰੋਜ਼ਿਆਂ ਦੇ ਦਿਨਾਂ ਵਿਚ ਲਿਖੀ । ਇਸ ਵਿਚ ਦੋਹਿਰਾ, ਮਨੋਹਰ ਭਵਾਨੀ, ਮੁਕੰਦ, ਤਰਜ਼ ਆਦਿ ਛੰਦ ਵਰਤੇ ਹਨ । ਇਸ ਪ੍ਰਸੰਗ ਦੇ ਕੁੱਲ 15 ਦੇ ਕਰੀਬ ਛੰਦ ਹਨ । ਰਜਬ ਅਲੀ ਇਸ ਨੂੰ ਧਰਮ ਤੇ ਪਾਪ ਦਾ ਯੁੱਧ ਆਖਦਾ ਹੈ :

ਐਸੀ ਚਾਹੀਏ ਗੁਰ ਸਿੱਖੀ, ਪਾਤੀ ਸੇਵਕਾਂ ਦੀ ਲਿਖੀ, ਤਲਵਾਰਤੋਂ ਵੀ ਤਿੱਖੀ,
ਚੰਦੂ ਕੱਢੇ ਖੁੰਦਰ ਨੂੰ । ਛਾਲ ਮਾਰੀ ਵੇਖ ਅੱਗ ਦੇ ਸਮੁੰਦਰ ਨੂੰ ।
ਆ ਕੇ ਜਮਰਾਜ ਲੱਥੇ, ਕੱਢੇ ਤੀਰ ਖੋਲ੍ਹ ਭੱਥੇ, ਰਜਬ ਅਲੀ ਉਵੇਂ ਮੱਥੇ,
ਤੇ ਦਿਸਣ ਜ਼ੋਹਰ ਪਏ । ਪਾਪ ਤੇ ਧਰਮ ਲੜਨ ਲਾਹੌਰ ਪਏ ।
ਗੁਰੂ ਮਾੜਿਆਂ ਦੇ ਸਾਥੀ, ਮਿੱਠਾ ਖੰਡ ਤੋਂ ਸੁਭਾਅ ਸੀ, ਝੂਲਦੇ ਖੜੋਤੇ ਹਾਥੀ.
ਤੇ ਵਛੇਰੇ ਨੱਚਦੇ । ਵਿਚੇ ਰਬ ਸੁਰਗ ਬਣਾਏ ਸੱਚ ਦੇ ।

ਰਜਬ ਅਲੀ ਦੀਵਾਨ ਚੰਦੂ ਲਾਲ ਵੱਲੋਂ ਚੁਬਾਰੇ ਦੀ ਇੱਟ ਨੂੰ ਮੋਰੀ ਵਿਚ ਲਗਾਉਣ ਦੀ ਸ਼ਕਾਇਤ ਨੂੰ ਦਰਸਾ ਕੇ ਇਹਨਾਂ ਦੀ ਵਿਰੋਧਤਾਈ ਨੂੰ ਸਹੀ ਬਿਆਨ ਕੀਤਾ ਹੈ ।

## 18. ਜੰਗ ਮਰਾੜ

'ਜੰਗ ਮਰਾੜ' ਬਾਬੂ ਰਜਬ ਅਲੀ ਦੀ ਸਿੱਖ-ਇਤਿਹਾਸ ਨਾਲ ਸੰਬੰਧਿਤ ਬਹੁਤ ਕਲਾਤਮਿਕ ਰਚਨਾ ਹੈ ਜੋ ਉਸ ਨੇ ਆਪਣੇ ਚੇਲਿਆਂ ਨੂੰ, ਪਕਿਸਤਾਨ ਤੋਂ, ਲਿਖ ਕੇ ਭੇਜੀ । ਇਸ ਵਿਚ ਬਹੱਤਰ ਕਲਾ, ਦੋ ਭਾਗ, ਔੜਾ, ਮੁਕੰਦ, ਝੋਕ, ਤਰਜ਼, ਡੂਢਾ ਦਾਈਆ, ਬੈਂਤ ਆਦਿ ਛੰਦ ਵਰਤੇ ਗਏ ਹਨ । ਇਸ ਦੇ ਕੁੱਲ 16 ਛੰਦ ਹਨ । ਪਰੰਪਰਾ ਅਨੁਸਾਰ ਹਰ ਛੰਦ ਤੋਂ ਪਹਿਲਾਂ ਦੋਹਿਰਾ ਦਿੱਤਾ ਗਿਆ ਹੈ ।

ਬਾਬੂ ਰਜਬ ਅਲੀ ਨੇ ਛੇਵੇਂ ਪਾਤਸ਼ਾਹ ਤੇ ਮੁਗਲ ਫੌਜਾਂ ਦੇ ਯੁੱਧ ਨੂੰ ਬਹੁਤ ਹਕੀਕੀ ਰੰਗਤ ਵਿਚ ਬਿਆਨ ਕੀਤਾ ਹੈ । ਉਹ ਇਸ ਵਿਚ ਮਾਲਵੇ ਜੱਟਾਂ ਦੇ ਗੋਤਾਂ ਬਾਰੇ ਵੀ ਭਰਪੂਰ ਜਾਣਕਾਰੀ ਦਿੰਦਾ ਹੈ । ਉਸ ਨੇ ਇਸ ਯੁੱਧ ਦਾ ਨਜ਼ਾਰਾ ਬਹੁਤ ਹੀ ਭਾਵਮਈ ਤੇ ਕਲਾਮਈ ਰੰਗ ਵਿਚ ਰੂਪਮਾਨ ਕੀਤਾ ਹੈ । ਰਜਬ ਅਲੀ ਨੇ ਔੜਾ ਤੇ ਬਹੱਤਰਕਲਾ ਛੰਦ ਵਿਚ ਯੁੱਧ ਦਾ ਬਹੁਤ ਬੀਰਤਾ ਭਰਪੂਰ ਨਜ਼ਾਰਾ ਖਿੱਚਿਆ ਹੈ :

Digitized by Panjab Digital Library | www.panjabdigilib.org

ਗੁੱਸਾ ਲੱਲਾ ਬੇਗ ਨੂੰ ਜੀ, ਅੱਗਾਂ ਜਈਆਂ ਲਗੀਆਂ, ਮਿਸਾਲਾਂ ਜਗੀਆਂ,
ਦਿਤਾ ਚੱਕ ਨੇਰਾ. ਜਮਾ ਲਿਆ ਡੇਰਾ, ਪੀੜ ਲੇ ਘੋੜੇ ।
ਸੱਦ ਸੱਦ ਜਰਨੈਲਾਂ ਨੂੰ, ਜ਼ੋਰ ਨਾਲ ਤਾੜੇ, ਜੋਸ਼ ਜਿਹਾ ਚਾੜ੍ਹੇ,
ਬੜਾ ਕੱਠ ਬੱਝ ਗਿਆ, ਪਲਟਣਾਂ ਜੋੜੇ ।
ਗਏ ਵਧਦੇ ਢਾਬ ਵਲ ਜੀ, ਫੜ ਲੀਆਂ ਰਫਲਾਂ, ਲਗੜ ਵਾਂਗ ਝੱਫਲਾਂ,
ਪਿਛਾਂ ਨਾ ਹਟਦੇ, ਧਰਤ ਨੂੰ ਪੱਟਦੇ, ਜ਼ੋਰ ਨਾਲ ਰਿੰਗਦੇ ਉੱਡਦੇ ਰੇਤ ਐ ।
ਜੇਠੇ ਸ਼ੀਹੇ ਭੱਲਣ ਨੇ ਜੀ, ਬਿਧੀ ਚੰਦ ਜੋਧੇ, ਅੰਦਰ ਸੱਤ ਕੋਹ ਦੇ,
ਲੋਥ ਤੇ ਲੋਥ, ਭਰੇ ਪਏ ਖੇਤ ਐ ।
ਜਿਵੇਂ ਜੰਗ ਕੁਰਸ਼ੇਤਰ ਦਾ, ਸੌ ਭਰਾ ਕੈਰੋਂ, ਟਲਣ ਨਾ ਵੈਰੋਂ;
ਪਾਂਡੋ ਕੁੱਲ ਪੰਜ ਸੀ, ਭੀਮ ਨੂੰ ਰੰਜ ਸੀ, ਕਿਤੇ ਜੇ ਮਿਲ ਜੇ, ਦੁਸਾਸਨ ਢਾਹਾਂ ।
ਜੁਆਨ ਫਿਰੇ ਭਾਲਦਾ ਜੀ, ਫੌਜ 'ਚੋਂ ਲੱਭ ਕੇ, ਮਾਰ ਕੇ ਹੱਬਕੇ,
ਸ਼ੇਰ ਨੇ ਪੱਟੀਆਂ, ਜੜ੍ਹਾਂ ਤੋਂ ਬਾਂਹਾਂ ।

ਜੰਗ ਮਰਾੜ ਬਾਬੂ ਰਜਬ ਅਲੀ ਦੀਆਂ ਬਹੁਤ ਹੀ ਕਲਾਮਈ ਤੇ ਖੂਬਸੂਰਤ ਰਚਨਾਵਾਂ ਵਿਚੋਂ ਇੱਕ ਹੈ, ਜਿੰਨਾਂ ਵਿਚ ਅੰਤਾਂ ਦਾ ਵਹਾ ਤੇ ਕਹਿਰਾਂ ਦੀ ਰਵਾਨੀ ਹੈ ।

## 19. ਸੰਮਣ ਮੂਸਣ

ਸਿੱਖ-ਇਤਿਹਾਸ ਨਾਲ ਸੰਬੰਧਿਤ ਇਹ ਪ੍ਰਸੰਗ ਰਜਬ ਅਲੀ ਨੇ 1947 ਈ. ਤੋਂ ਬਾਅਦ, ਪਾਕਿਸਤਾਨ ਵਿਚ ਲਿਖਿਆ । ਇਸ ਰਚਨਾ ਨੇ ਅਜੇ ਛਾਪੇ ਦਾ ਮੂੰਹ ਨਹੀਂ ਵੇਖਿਆ । ਇਸ ਦਾ ਹੱਥ-ਲਿਖਤ ਉਤਾਰਾ ਇਸ ਦੇ ਕਈਂ ਚੇਲਿਆਂ ਪਾਸ ਹੈ । ਗੁਰੂ ਅਰਜਨ ਦੇਵ ਦੇ ਅਨਿਨ ਸ਼ਰਧਾਵਾਨ ਤੇ ਪ੍ਰਾਂਤਵਾਨ ਸਿੱਖਾਂ ਸੰਮਣ ਤੇ ਮੂਸਣ ਨੂੰ ਜੋ ਸਖਤ ਪ੍ਰਿਖਿਆ ਵਿਚੋਂ ਲੰਘਣਾ ਪਿਆ, ਰਜਬ ਅਲੀ ਨੇ ਉਸ ਦਾ ਬਹੁਤ ਸ਼ਰਧਾਮਈ ਸ਼ੈਲੀ ਵਿਚ ਬਿਆਨ ਕੀਤਾ ਹੈ । ਇਸ ਰਚਨਾ ਵਿਚ ਦੋਭਾਗ, ਡੂਢਾ ਆਦਿ ਛੰਦ ਵਰਤੇ ਗਏ ਹਨ । ਦੋ ਭਾਗ ਛੰਦ ਦਾ ਨਮੂਨਾ ਇਸ ਪ੍ਰਕਾਰ ਹੈ :

ਪੁੱਤ ਅਰਜ਼ਾਂ ਕਰਦਾ ਸੀ, ਕਦੇ ਨਾ ਮਿਟਣ ਮੱਥੇ ਦੀਆਂ ਲਿਖੀਆਂ,
ਬਾਬਲਾ ਮੇਰਿਆ ।
ਸਿੱਖ ਪੰਜਵੇਂ ਗੁਰਾਂ ਦਾ ਮੈਂ, ਜਾਨ ਨੂੰ ਵੇਚ ਰਖਣੀਆਂ ਸਿੱਖੀਆਂ,
ਨਹੀਂ ਸਿਰ ਫੇਰਿਆ ।
ਹੁਣ ਝੋਰ ਝੁਰਨ ਦੀ ਨੀ, ਪਲਕ ਨੂੰ ਛੁਟਜੂ ਹੱਥਾਂ ਚੋਂ ਬਾਜ਼ੀ,
ਵਿਛੋੜਾ ਸਹਿ ਜਾ ।
ਜਿੰਦ ਵਾਰੀ ਸਤਿਗੁਰ ਤੋਂ, ਤੇਰੀਆਂ ਮੰਨੀਆਂ ਪਿਤਾ ਰਹਿ ਰਾਜ਼ੀ,
ਸੀਸ ਕੱਟ ਲੈ ਜਾ ।

## 20. ਬਿਧੀ ਚੰਦ ਦੇ ਘੋੜੇ

'ਬਿੱਧੀ ਚੰਦ ਦੇ ਘੋੜੇ' ਛੰਦਾਂਬੰਦੀ ਵਿਚ ਕੁੱਲ, ਸਤਾਈ ਛੰਦਾਂ ਵਿਚ ਲਿਖੀ ਰਚਨਾ ਹੈ । ਇਹ ਰਜਬ ਅਲੀ ਦੀ ਅਪ੍ਰਕਾਸ਼ਿਤ ਰਚਨਾ ਹੈ ਜਿਸ ਦਾ ਉਤਾਰਾ ਪ੍ਰੋ. ਰੁਲੀਆਂ ਸਿੰਘ ਤੋਂ

Digitized by Panjab Digital Library | www.panjabdigilib.org

ਪ੍ਰਾਪਤ ਹੋਇਆ ਹੈ । ਇਸ ਵਿਚ ਦੋਹਿਰਾ ਕਬਿੱਤ, ਝੋਕ, ਕਲੀ, ਤਰਜ਼, ਮੁਕੰਦ, ਬੈਂਤ, ਗੱਡੀ, ਦੋ ਭਾਗ ਛੰਦ, ਡੂਢਾ, ਔੜਾ ਛੰਦ ਵਰਤੇ ਹਨ । ਇਹ ਪ੍ਰਸੰਗ ਕਵੀਸ਼ਰੀ-ਪਰੰਪਰਾ ਵਿਚ ਬਹੁਤ ਲੋਕ-ਪ੍ਰਿਯ ਹੈ ਅਤੇ ਇਸ ਨੂੰ ਬਹੁਤ ਸਾਰੇ ਕਵੀਸ਼ਰਾਂ ਨੇ ਰੀਝਾਂ ਨਾਲ ਲਿਖਿਆ ਹੈ ।

'ਬਿਧੀ ਚੰਦ ਦੇ ਘੋੜੇ' ਪ੍ਰਸੰਗ ਵਿਚ ਗੁਰੂ ਦਰਬਾਰ ਵਲੋਂ ਮੁਗ਼ਲ ਸਰਕਾਰ ਦੀ ਪ੍ਰਭੁਸੱਤਾ ਤੇ ਜ਼ੁਲਮ ਨੂੰ ਵੰਗਾਰ ਦਿੱਤੀ ਗਈ ਹੈ । ਗੁਰੂ ਹਰਿਗੋਬਿੰਦ ਸਾਹਿਬ ਦੀ ਭੇਟ ਕਰਨ ਲਈ ਜਾ ਰਹੇ ਪਸ਼ੌਰ ਤੋਂ ਕਰੋੜੀ ਮੱਲ ਦੇ ਦੋ ਕੋਤਲ ਘੋੜੇ ਸ਼ਹਿਨਸ਼ਾਹ ਵਲੋਂ ਲਾਹੌਰ ਵਿਚ ਖੋਹ ਲੈਣ ਨਾਲ ਇਸ ਪ੍ਰਸੰਗ ਦਾ ਸਕੰਟ ਡੂੰਘਾ ਹੁੰਦਾ ਹੈ । ਬਿਧੀ ਚੰਦ ਆਪਣੀ ਲਾਸਾਨੀ ਬਹਾਦਰੀ, ਬੁੱਧੀਮੱਤ, ਦਲੇਰੀ, ਨੀਤੀ, ਤੇ ਚਾਲਾਕੀ ਨਾਲ ਦਿਲਬਾਗ ਤੇ ਗੁਲਬਾਗ ਦੋਵੇਂ ਘੋੜੇ ਕੱਢ ਲਿਆਉਂਦਾ ਹੈ, ਅਤੇ ਮੁਗ਼ਲ ਪਾਤਸ਼ਾਹ ਦੀ ਸ਼ਕਤੀ ਉੱਤੇ ਕਰਾਰੀ ਚੋਟ ਮਾਰਦਾ ਹੈ । ਇਸੇ ਲਈ ਇਸ ਪ੍ਰਸੰਗ ਦਾ ਨਾਂ 'ਬਿਧੀ ਚੰਦ' ਦੇ ਨਾਂ ਉੱਤੇ ਪੈ ਗਿਆ ਹੈ ।

ਬਾਬੂ ਰਜਬ ਅਲੀ ਨੇ ਇਸ ਪ੍ਰਸੰਗ ਨੂੰ ਬੜੀ ਦਿਆਨਤਦਾਰੀ ਤੇ ਸਿੱਖ-ਇਤਿਹਾਸ ਦੀ ਪਰੰਪਰਾ ਅਨੁਸਾਰ ਲਿਖਿਆ ਹੈ । ਉਸ ਨੇ ਕਮਾਲ ਦੀ ਜੁਗਤੀ ਨਾਲ ਘੋੜਿਆਂ ਦੀ ਸ਼ਬਦ-ਚਿੱਤਰ ਇਸ ਤਰ੍ਹਾਂ ਉਲਕਿਆ ਹੈ :

ਪਿੰਡੇ ਗੁੰਦਵੇਂ ਤਿਲਕ ਜਾਣ ਮੱਖੀਆਂ, ਦੂਰੋਂ ਛਣਕਾਰ ਪਏ ।
ਸੋਹਣੇ ਬਾਗੜਾਂ ਵਰਗੀਆਂ ਅੱਖੀਆਂ, ਵੇਖੋ ਭਾਵੇਂ ਵਾਟ ਪਏ ।
ਨੇੜਉਂ ਨਾ ਮਿਲਦੇ ਘੋੜੇ, ਗਜ਼ਨੀ ਦੀਆਂ ਕਿਸਮਾਂ ਦੇ ।
ਜਾਨੀ ਵਿਚ ਜੌਹਰ ਪੈਂਦੇ, ਦੋਹਾਂ ਦਿਆਂ ਜਿਸਮਾਂ ਦੇ ।
ਚਮਕਦੇ ਦੀਦੇ ਵਾਂਗੂੰ, ਸੂਰਜ ਦੀਆਂ ਰਿਸ਼ਮਾਂ ਦੇ ।
ਨੱਚਦੇ ਪਰ ਗਰਦਨ ਦੇ ਵਿਚ ਪਾ ਕੇ ਮਰੋੜੀ ਨੂੰ ।

ਰਜਬ ਅਲੀ ਨੇ ਸਾਰਾ ਪ੍ਰਸੰਗ ਬੜੀ ਜੁਗਤੀ ਨਾਲ ਗੁੰਦਿਆ ਹੈ । ਡਰੋਲੀ ਭਾਈ ਤੋਂ ਗੁਰੂ ਹਰਿਗੋਬਿੰਦ ਸਾਹਿਬ ਦੀ ਆਗਿਆ ਨਾਲ ਬਿਧੀ ਚੰਦ ਦਾ ਬਘਿਆੜ ਦੇ ਮੂੰਹ ਵਿਚੋਂ ਮਾਸ ਦੀ ਬੋਟੀ ਕੱਢ ਲਿਆਉਣਾ ਤੇ ਸਹੀ ਸਲਮਾਤ ਦੋ ਵੇਰ ਬਚ ਕੇ ਨਿਕਲ ਆਉਣਾ ਬਿਧੀ ਚੰਦ ਦੇ ਸਰੀਰਕ, ਮਾਨਸਿਕ, ਆਤਮਿਕ ਬਲ ਦਾ ਪ੍ਰਗਟਾਵਾ ਕਰਦਾ ਹੈ । ਬਿਧੀ ਚੰਦ ਗੁਰੂ ਸਾਹਿਬ ਦਾ ਨਾਮੀ ਯੋਧਾ ਸੀ ਤੇ ਬੇਹੱਦ ਦਲੇਰ ਸੀ । ਉਹ ਆਪਣੀ ਜਾਨ ਨੂੰ ਤਲੀ ਉੱਤੇ ਰੱਖ ਕੇ ਬਹੁਤ ਠੰਡੇ ਤੇ ਸ਼ਾਂਤ ਸਭਾਅ ਨਾਲ ਸੋਚ ਸਮਝ ਕੇ ਚਲਦਾ ਹੈ । ਉਹ ਮੁਗ਼ਲ-ਸ਼ਹਿਨਸ਼ਾਹ ਦੇ ਤਾਕਤਵਰ ਪਰ ਵਿਚਲੇ ਬੋਦੇ ਨਿਜ਼ਾਮ ਦੀਆਂ ਤਕੜਾਈਆਂ ਤੇ ਕਮਜ਼ੋਰੀਆਂ ਤੋਂ ਵਾਕਿਫ ਹੈ । ਉਹ ਇਹਨਾਂ ਕਮਜ਼ੋਰੀਆਂ ਤੋਂ ਲਾਭ ਉਠਾ ਕੇ ਇੱਕਲਾ ਹੀ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚੋਂ ਬਾਦਸ਼ਾਹ ਤੇ ਉਸਦੀ ਸੈਨਾ ਦੇ ਸਨਮੁਖ ਹੀ, ਓਹਨਾਂ ਨੂੰ ਉਲੂ ਬਣਾ ਕੇ ਦੂਸਰਾ ਘੋੜਾ ਵੀ ਕਢ ਕੇ ਲੈ ਜਾਂਦਾ ਹੈ :

ਬਿਧੀ ਚੰਦ ਜੁਗਤੀ ਬਣਾ ਲੂ ਜੁਗਤਾਂ ।
ਵੈਰੀਆਂ ਦੇ ਭਰੂ ਕਾਲਜੇ ਚੋਂ ਰੁੱਗ ਤਾਂ ।

ਰਜਬ ਅਲੀ ਨੇ ਨਜੂਮੀ ਬਣੇ ਬਿਧੀ ਚੰਦ ਦੇ ਸ਼ਬਦ ਚਿੱਤਰ-ਨੂੰ ਬੜੇ ਹੀ । ਮਨੋਵਿ-ਗਿਆਨਿਕ, ਸਮਾਜਿਕ ਤੇ ਇਤਿਹਾਸਿਕ ਪਸੰਗ ਵਿਚ ਰਖ ਕੇ ਉਲਕਿਆ ਹੈ ।

Digitized by Panjab Digital Library | www.panjabdigilib.org

ਵੇਖਿਆ ਪੰਡਤ ਸਿਆਣਾ, ਮੱਥੇ 'ਤੇ ਤਿਲਕ ਪਠਾਣਾ,
ਗਲ ਮਾਲਾ ਚਿੱਟਾ ਬਾਣਾ ਤੇ ਹੱਥਾਂ 'ਚ ਪੱਤਰੀ :
ਭੱਜ ਭੱਜ ਕਰਦੇ ਸਲਾਮ ਖੱਤਰੀ ।
ਗੁਣੀ ਅਕਲਾਂ ਦੀ ਖਾਨ, ਚੌਦਾਂ ਵਿੱਦਿਆ ਨਧਾਨ,
ਖੰਡ ਵਰਗੀ ਜ਼ਬਾਨ, ਮੋਮ ਵਾਂਗੂ ਢਾਲਦਾ ।
ਹੋਣਾ ਨੀ ਨਜੂਮੀ ਕੋਈ ਇਹਦੇ ਨਾਲ ਦਾ ।
ਮਾਇਆ ਧਰਤੀ 'ਚ ਸਿੱਟ, ਲੱਖਾਂ ਮਣ ਪਾ ਦੇ ਮਿੱਟ,
ਲਾਦੇ ਚੂਨੇ ਵਿਚ ਇੱਟ, ਤਾਂ ਧਰਾ ਕੇ ਉਂਗਲੀ ।
ਲੈ ਗੀ ਜੀਦੀ ਰਾਤ ਨੂੰ ਕੰਨਾਂ ਚੋਂ ਤੁੰਗਲੀ ।

'ਬਿਧੀ ਚੰਦ ਦੇ ਘੋੜੇ,' ਬਾਬੂ ਰਜਬ ਅਲੀ ਦੀ ਖੂਬਸੂਰਤ ਸਾਹਿਤਿਕ ਰਚਨਾ ਹੈ । ਇਸ ਨੂੰ ਬਾਬੂ ਜੀ ਨੇ 20 ਜੂਨ 1958 ਈ. ਨੂੰ ਪਾਕਿਸਤਾਨ ਤੋਂ ਲਿਖ ਕੇ ਭੇਜਿਆ । ਇਸ ਵਿਚ ਤਰਜ਼, ਦੋਤਾਰਾ. ਕਬਿੱਤ, ਮੁਕੰਦ, ਡੂਢਾ, ਮਨੋਹਰ ਭਵਾਨੀ, ਔੜਾ, ਝੋਕ, ਬੈਂਤ ਛੰਦ ਵਰਤੇ ਗਏ ਹਨ । ਇਹ ਪ੍ਰਸੰਗ ਦੋ ਵੇਰ ਲਿਖਿਆ ਗਿਆ ।

### 21, ਬਿਧੀ ਚੰਦ ਦੇ ਦੁਸ਼ਾਲੇ

ਮੁਗ਼ਲ ਸਲਤਨਤ ਦਾ ਅੰਗ ਪੱਟੀ ਦਾ ਨਵਾਬ ਗੁਰੂ ਹਰਿਗੋਬਿੰਦ ਦੇ ਸ਼ਰਧਾਲੂਆਂ ਤੋਂ ਜ਼ਬਰਦਸਤੀ ਦੁਸ਼ਾਲੇ ਖੋਹ ਲੈਂਦਾ ਹੈ । ਇਸ ਬੇ-ਇਨਸਾਫ਼ੀ ਨੂੰ ਠੀਕ ਕਰਨ ਦਾ ਕਠਨ ਬੀੜਾ ਭਾਈ ਬਿਧੀ ਚੰਦ ਚੁੱਕਦਾ ਹੈ । ਫਕੀਰੀ ਦੇ ਸ਼ਹਿਨਸ਼ਾਹੀ ਦੇ ਇਸ ਯੁੱਧ ਵਿਚ ਰਜਬ-ਅਲੀ ਫਕੀਰੀ ਦਾ ਸਾਥ ਦੇ ਕੇ ਸਿੱਖ-ਇਤਿਹਾਸ ਅਨੁਸਾਰ ਇਸ ਪ੍ਰਸੰਗ ਨੂੰ ਬਿਆਨ ਕਰਨ ਵਿਚ ਸਫਲ ਰਹਿੰਦਾ ਹੈ । ਬਹਾਦਰ ਬਿੱਧੀ ਚੰਦ ਦੇ ਹਰ ਕਸ਼ਟ ਨੂੰ ਝੱਲਣ ਲਈ ਗੁਰੂ ਸਾਹਿਬ ਉਸ ਦੇ ਅੰਗ ਸੰਗ ਹਨ :

ਯੂਸਫ ਮਿਸਰ ਵਿਕੇ ਅੱਟੀ ਅੱਟੀ ਨੂੰ ।
ਬਿਧੀ ਚੰਦ ਹੋ ਗਿਆ ਰਵਾਨਾ ਪੱਟੀ ਨੂੰ ।
ਨਰਕਾ ਦੇ ਵਾਂਗਰਾਂ ਤੰਦੂਰ ਦਗਿਆ ।
ਸੇਕ ਜਾ ਡਰੋਲੀ 'ਚ ਗੁਰੂ ਨੂੰ ਲਗਿਆ ।
ਸੱਚੇ ਨੂੰ ਧਿਆਉਂਦੇ ਹਰਿਗੋਬਿੰਦ ਧਰਮੀ ।
ਸਿੱਖ ਠੰਡ ਲਗਦੀ ਗੁਰੂ ਨੂੰ ਗਰਮੀ ।

ਇਸ ਪ੍ਰਸੰਗ ਵਿਚ ਹਾਸ-ਰਸ ਦੀ ਪੁੱਠ ਵੀ ਮਿਲਦੀ ਹੈ ।

### 22. ਗੁਰੂ ਗੋਬਿੰਦ ਸਿੰਘ ਮੰਗਲ

ਬਾਬੂ ਜੀ ਨੇ ਗੁਰੂ ਗੋਬਿੰਦ ਸਿੰਘ ਮੰਗਲ ਦੇ ਛੰਦ ਵੱਖ ਵੱਖ ਸਮਿਆਂ ਵਿਚ ਲਿਖੇ ਹਨ । ਇਹ ਛੰਦ ਵੱਖ ਕਵੀਸ਼ਰਾਂ ਕੋਲ ਖਿੰਡੇ ਹੋਏ ਹਨ । ਇਹਨਾਂ ਨੂੰ ਇੱਕਠੇ ਕਰ ਕੇ ਛਾਪਣਾ ਚਾਹੀਦਾ ਹੈ । ਇਸ ਦੇ ਛੰਦ ਦੇ ਗਿਣਤੀ 12 ਦੇ ਕਰੀਬ ਹੈ । ਬਾਬੂ ਜੀ ਨੇ ਜਿਸ ਪ੍ਰੇਮ ਨਾਲ ਇਸ ਦੀ ਰਚਨਾ ਕੀਤੀ ਹੈ, ਉਸ ਨਾਲ ਇਹ ਬੇਨਜ਼ੀਰ ਬਣ ਗਈ ਹੈ ।

Digitized by Panjab Digital Library | www.panjabdigilib.org

### 23. ਜੰਗ ਪੌਂਟਾ ਸਾਹਿਬ

ਬਾਬੂ ਰਜਬ ਅਲੀ ਦੀ ਇਸ ਰਚਨਾ ਵਿਚ ਭੰਗਾਣੀ ਦੇ ਜੰਗ ਦਾ ਬਿਆਨ ਕਾਵਿ-ਬਧ ਕੀਤਾ ਹੈ। ਇਸ ਰਚਨਾ ਦਾ ਮਤਨ ਇਧਰਲੇ ਕਿਸੇ ਕਵੀਸ਼ਰ ਕੋਲ ਦੇਖਣ ਵਿਚ ਨਹੀਂ ਆਇਆ।

### 24. ਸਾਕਾ ਚਮਕੌਰ ਸਾਹਿਬ (ਪ੍ਰਕਾਸ਼ਤ 1979 ਈ.)

ਬਾਬੂ ਜੀ ਦੀ ਇਹ ਰਚਨਾ ਵੀ ਉਸ ਦੇ ਚੇਲੇ ਜਗਮੇਲ ਸਿਘ ਨੇ 25 ਅਗਸਤ, 1979 ਈ. ਵਿਚ ਪ੍ਰਕਾਸ਼ਿਤ ਕਰਵਾਈ, ਇਸ ਦੇ 24 ਪੰਨੇ ਹਨ[13]। ਬਾਬੂ ਰਜਬ ਅਲੀ ਨੇ ਇਹ ਸਾਕਾ ਪਾਕਿਸਤਾਨ ਤੋਂ ਤਿਆਰ ਕਰ ਕੇ ਭੇਜਿਆ[14]। ਇਸ ਦੇ ਆਰੰਭ ਵਿਚ, ਡੂਢਾ ਛੰਦ ਵਿਚ, ਗੁਰੂ ਗੋਬਿੰਦ ਸਿੰਘ ਦੀ ਸਿਫ਼ਤ ਕੀਤੀ ਹੈ। 'ਸਾਕਾ ਚਮਕੌਰ ਸਾਹਿਬ' ਪੰਜਾਬੀ ਕਵੀਆਂ ਵਿਚ ਏਡਾ ਲੋਕਪ੍ਰਿਯ ਹੈ ਕਿ ਇਸ ਨੂੰ ਕਵੀਸ਼ਰੀ ਦਰਬਾਰਾਂ ਦੇ ਦਰਜਨਾਂ ਕਵੀਸ਼ਰਾਂ ਨੇ ਲਿਖਿਆ ਅਤੇ ਗਾਇਆ ਹੈ। ਇਸ ਰਚਨਾ ਦੇ ਕੁੱਲ ਛੰਦ 23 ਹਨ। ਇਸ ਵਿਚ ਦੋ-ਭਾਗ, ਮੁਕੰਦ, ਡੂਢਾ ਤੇ ਬਹੱਤਰ ਕਲਾ ਦੇ ਦੋ ਦੋ ਛੰਦ ਹਨ ਅਤੇ ਦੋ ਟੇਕਾ ਛੰਦ, ਝੋਕ ਚਾਲ, ਮਨੋਹਰ-ਭਵਾਨੀ, ਤਰਜ਼ ਦੋਤਾਰਾ, ਔੜਾ ਦੇ ਇੱਕ ਇੱਕ ਛੰਦ ਹਨ।

ਬਾਬੂ ਰਜਬ ਅਲੀ ਨੇ ਅੰਨਿਨ ਸ਼ਰਧਾਵਾਨ ਦੀ ਤਰ੍ਹਾਂ ਗੁਰੂ ਗੋਬਿਦ ਸਿਘ ਦੀ ਉਸਤਤਿ ਕੀਤੀ ਹੈ। ਇਸ ਨੇ ਇਤਿਹਾਸਿਕ ਯੁੱਧ ਨੂੰ ਕਮਾਲ ਦੇ ਸ਼ਬਦਾਂ ਵਿਚ ਬੰਨਿਆ ਹੈ।

ਸੂਰਜ ਸਮ ਦਸਮੇਸ਼ ਦੀ, ਸੀ ਮਸਤਕ ਦੀ ਜੋਤ।
ਸਬਰ ਸ਼ੁਕਰ ਸੂਰਮਗਤੀ, ਨਾ ਸਤਿਗੁਰ ਜੀ ਹੋਤ।
ਰਖੇ ਸ਼ਸਤਰ ਲੋਣੇ ਜਾ, ਢਾਲ ਕਿਰਪਾਨ, ਭੱਥੇ ਤੇ ਬਾਣ,
ਮੁੱਛਰੈ ਖਿੱਚਦੇ, ਖੜੇ ਰੋਮ ਗਿੱਚ ਦੇ, ਦੜੇ ਜੁਆਨ ਹਰਖੀ, ਲੜੂੰ ਲੜੂੰ ਕਰਦੇ।
ਵਿਚ ਆ ਕੇ, ਗੜ੍ਹੀ ਦੇ ਜੀ, ਰਹੀ ਨਾ ਸਰਦੀ, ਦੌੜਗੀ ਡਰਦੀ;
ਹੌਸਲੇ ਵਧਦੇ; ਜੋਸ਼ ਨਾਲ ਭਰਦੇ।
ਅਜ ਮਿਲੇ ਦੁਸ਼ਾਸ਼ਨ ਜੇ; ਭੀਮ ਸੈਣ ਵਾਂਗ; ਬਾਂਗ ਦਿਆਂ ਬਾਹਾਂ।
ਸਿਰੋਂ ਕਢ ਮੈਲਾ, ਕਰਦੀਏ ਪੋਲੀ, ਮਾਰ ਕੇ ਗੁਰਜਾਂ ਕਰਨ ਕਰੀਹਾਂ।
ਰਹੇ ਗਰਜ ਬਹਾਦਾਰ ਜਾ, ਜਾਣ ਬਾਣ ਘੁਕਦੇ, ਤੜਾਂ ਮਾਹ ਬੁੱਕਦੇ,
ਗੜੀ ਵਿਚਾਲੇ ਪਹਿਨ ਲੇ ਛੀਹਾਂ।

ਇਹ ਸਾਫ਼ ਸੁਥਰੀ ਤੇ ਕਲਾਤਮਿਕ ਰਚਨਾ ਹੈ।

### 25. ਸਾਕਾ ਸਰਹੰਦ

ਸਿੱਖ ਇਤਿਹਾਸ ਵਿਚ 'ਸਾਕਾ ਸਰਹੰਦ' ਸਭ ਤੋਂ ਖ਼ੂਨੀ ਤੇ ਦਿਲ ਕੰਬਾਊ ਸਾਕਾ ਹੈ ਜੋ ਸਿਖ-ਇਤਿਹਾਸ ਨੂੰ ਨਵੀਆਂ ਦਿਸ਼ਾਵਾਂ ਪ੍ਰਦਾਨ ਕਰਨ ਦਾ ਪ੍ਰੇਰਨਾ ਸਰੋਤ ਬਣਿਆ। ਬਾਬੂ ਰਜਬ ਅਲੀ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਪ੍ਰਸੰਗ ਨੂੰ ਪੂਰੇ ਦਿਲ ਨਾਲ ਭਿਜ ਕੇ ਵਲਵਲੇ ਭਰੀ ਸ਼ੈਲੀ ਵਿਚ ਕਾਵਿਬੱਧ ਕੀਤਾ ਹੈ।

ਰਜਬ ਅਲੀ ਨੇ ਇਹ ਪ੍ਰਸੰਗ ਪਾਕਿਸਤਾਨ ਤੋਂ ਬਣਾ ਕੇ ਭੇਜਿਆ। ਇਸ ਵਿਚ

Digitized by Panjab Digital Library | www.panjabdigilib.org

ਦੋਤਾਰਾ, ਮੁਕੰਦ ਆਦਿ ਛੰਦ ਵਰਤੇ ਗਏ ਹਨ । ਬਾਬੂ ਜੀ ਦੀਆਂ ਹੋਰ ਰਚਨਾਵਾਂ ਵਾਂਗ ਇਹ ਰਚਨਾ ਅਜੇ ਵੀ ਛਪੀ ਨਹੀਂ ਅਤੇ ਇਸ ਦੀ ਹੱਥ-ਲਿਖਤ ਕਾਪੀ ਜਗਮੇਲ ਸਿੰਘ ਕਵੀਸ਼ਰ ਪਾਸ ਹੈ ।

ਤੁਸੀਂ ਸਾਬਤ ਰਹਿਣਾ ਵੇ, ਪੋਤਰਿਓ ਵੱਗੇ ਜ਼ੁਲਮ ਦੀ ਨ੍ਹੇਰੀ ।

26. **ਦੌਰਾ ਦਸਮੇਸ਼ ਜੀ (ਛੰਦਾਬੰਦੀ)**

ਰਜਬ ਅਲੀ ਨੂੰ ਮਾਲਵੇ ਦੀ ਸੰਸਕ੍ਰਿਤੀ ਨਾਲ ਅੰਤਾਂ ਦਾ ਮੋਹ ਹੈ । ਗੁਰੂ ਗੋਬਿੰਦ ਸਿੰਘ ਵਲੋਂ ਲਗਾਏ ਗਏ ਮਾਲਵੇ ਦੇ ਦੌਰੇ ਨੂੰ, ਰਜਬ ਅਲੀ ਨੇ ਬਹੁਤ ਭਾਵਪੂਰਕ ਤਸਵੀਹਾਂ ਤੇ ਰੂਪਕਾਂ ਵਿਚ ਬਿਆਨ ਕੀਤਾ ਹੈ । ਹੋਰ ਰਚਨਾਵਾਂ ਵਾਂਗ ਇਹ ਰਚਨਾ ਵੀ ਅਜੇ ਅਣਛਪੀ ਹੈ ਅਤੇ ਇਸਦਾ ਹੱਥ-ਲਿਖਤ ਉਤਾਰਾ ਪ੍ਰੋ. ਰੁਲੀਆ ਸਿੰਘ ਤੋਂ ਪ੍ਰਾਪਤ ਕੀਤਾ ਗਿਆ ਹੈ । ਇਸ ਪ੍ਰਸੰਗ ਵਿਚ ਦੋਹਰਾ, ਕਲੀ, ਬੈਂਤ, ਕਬਿੱਤ, ਤਰਜ਼ ਸਾਕਾ, ਤਰਜ਼ ਮਿਰਜ਼ਾ, ਗੱਡੀ ਆਦਿ ਛੰਦ ਵਰਤੇ ਗਏ ਹਨ । ਬਾਬੂ ਰਜਬ ਅਲੀ ਨੇ ਇਸ ਪ੍ਰਸੰਗ ਦੀ ਰਚਨਾ ਪਾਕਿਸਤਾਨ ਵਿਚ ਕੀਤੀ ਹੈ । ਇਸ ਦੇ ਕੁੱਲ 26 ਛੰਦ ਹਨ ।

ਚਮਕੌਰ ਸਾਹਿਬ ਤੋਂ ਲੈ ਕੇ ਮੁਕਤਸਰ ਸਾਹਿਬ ਤਕ ਗੁਰੂ ਗੋਬਿੰਦ ਸਿੰਘ ਦੇ ਸਫ਼ਰ ਨੂੰ ਰਜਬ ਅਲੀ ਨੇ ਇਤਿਹਾਸਿਕ ਹਕੀਕਤਾਂ ਅਨੁਸਾਰ ਬਿਆਨ ਕੀਤਾ ਹੈ । ਉਸ ਨੇ ਗੁਰੂ ਸਾਹਿਬ ਦੀ ਕੀਰਤੀ ਲੋਕ-ਸਮਝ ਅਨੁਸਾਰ ਕੀਤੀ ਹੈ ।

ਬਾਬੂ ਰਜਬ ਅਲੀ ਵਿਸ਼ੇ ਦੀ ਚੋਣ ਕਰਨ ਦੀ ਲਿਆਕਤ ਤੇ ਦੂਰ ਦ੍ਰਿਸ਼ਟੀ ਦੀ ਦਾਦ ਦੇਣੀ ਪਵੇਗੀ । ਬਾਅਦ ਵਿਚ ਇਸੇ ਮਾਰਗ ਨੂੰ ਹੀ ਪੰਜਾਬ ਸਰਕਾਰ ਨੇ ਗੁਰੂ ਗੋਬਿੰਦ ਸਿੰਘ ਮਾਰਗ ਦਾ ਨਾਂ ਦਿਤਾ । ਬਾਬੂ ਜੀ ਨੇ ਬੜੀ ਮੁਹੱਬਤ ਨਾਲ ਇਸ ਰਚਨਾ ਦੀ ਸਿਰਜਣਾ ਕੀਤੀ ਹੈ :

ਗੁਰੂ ਵੇਖਦੇ ਫਿਰਨ ਰਣਭੂਮਕਾ, ਕਈ ਸਿੰਘ ਬਹਾਦਰ ਨਾਲ ।
ਮਹਾਂ ਸਿੰਘ ਪਿਆ ਸੀ ਜ਼ਮੀਨ ਤੇ, ਲਈ ਰਖ ਸਿਰ੍ਹਾਣੇ ਢਾਲ ।
ਤੀਰ ਲੰਘਗੇ ਮਾਸ ਨੂੰ ਚੀਰ ਕੇ, ਕੇਸ ਭਿੱਜਗੇ ਰੱਤ ਦੇ ਨਾਲ ।

27. **ਦੌਰਾ ਦਸਮੇਸ਼ ਜੀ (ਕਲੀਆਂ)** (1955 **ਈ.**)

ਬਾਬੂ ਰਜਬ ਅਲੀ ਨੇ ਮਾਲਵੇ ਦੇ ਦਸਮੇਸ਼ ਦੌਰੇ ਨੂੰ ਛੰਦਾਬੰਦੀ ਦੇ ਨਾਲ ਨਾਲ ਕਲੀਆਂ ਵਿਚ ਵੀ ਕਾਵਿਬੱਧ ਕੀਤਾ ਹੈ । ਇਸ ਮਹੱਤਵਪੂਰਨ ਵਿਸ਼ੇ ਉੱਤੇ ਕਲੀਆਂ ਵਿਚ ਲਿਖੀ ਗਈ ਇਹ ਪਹਿਲੀ ਰਚਨਾ ਹੈ । ਇਸ ਦੀਆਂ ਕੁੱਲ 26 ਕਲੀਆਂ ਹਨ । ਇਹ ਕਲੀਆਂ ਵੱਖ ਵੱਖ ਕਵੀਸ਼ਰਾਂ ਕੋਲ ਖਿੰਡੀਆਂ ਪਈਆਂ ਹਨ ! ਇਸ ਰਚਨਾ ਨੂੰ ਸੋਧ ਕੇ ਸੰਪਾਦਨ ਕਰਨ ਦੀ ਲੋੜ ਹੈ । ਇਹ ਕਲੀਆਂ ਬਾਬੂ ਜੀ ਨੇ 20.9. 1955 ਈ. ਨੂੰ ਲਿਖੀਆਂ ਤੇ ਪਾਕਿਸਤਾਨ ਤੋਂ ਇਧਰ ਭੇਜੀਆਂ ।

ਬਾਬੂ ਰਜਬ ਅਲੀ ਨੇ ਗੁਰੂ ਗੋਬਿੰਦ ਸਿੰਘ ਦੀ ਬਹਾਦਰੀ ਚੜ੍ਹਦੀਕਲਾ ਦਾ ਜਸ ਕੀਤਾ ਹੈ ਪਰ ਨਾਲ ਹੀ ਹਰ ਥਾਂ ਮੁਗਲ ਸਰਕਾਰ ਦੇ ਭੈ ਦੇ ਮਾਰੇ ਉਹਨਾਂ ਕੋਲੋਂ ਡਰ ਰਹੇ ਲੋਕਾਂ ਦਾ ਚਿੱਤਰ ਵੀ ਖਿੱਚਿਆ ਹੈ । ਇਹ ਚਿੱਤਰ ਭਾਵੇਂ ਮਸੰਦ ਗੁਲਾਬੇ ਦਾ ਹੋਵੇ, ਭਾਵੇਂ ਹੇਰਾਂ ਵਾਲੇ ਸਾਧ ਦਾ, ਭਾਵੇਂ ਦੀਨੇ ਦੇ ਚੌਬਰ ਸ਼ਮੀਰ ਦੇ ਮਾਮੇ ਲੱਖੇ ਦਾ, ਭਾਵੇਂ ਕਪੂਰ ਸਿੰਘ ਬਰਾੜ ਦਾ :

ਪੰਜ ਰੁਪਈਏ ਰੇਜਾ ਮੱਥਾ ਟੇਕ ਗੁਲਾਬੇ ਨੇ,
ਵਿਦਿਆ ਦੇਤੀ ਸਤਿਗੁਰ ਨੂੰ ਮੁਗਲਾਂ ਤੋਂ ਡਰ ਕੇ ।

Digitized by Panjab Digital Library | www.panjabdigilib.org

ਵੀਰ ਜਕੜਿਆ ਨਾਲ ਜੰਜ਼ੀਰਾਂ ਦੇ, ਲੌ ਮੀਂਹ ਵਰਸਾ ਦਿਓ ਤੀਰਾਂ ਦੇ।
ਰਾਜਪੂਤ ਕਿਰਚਦੇ ਦੰਦੀਆਂ, ਫੜ ਖਿੱਚਦੇ ਧੁਨਸ਼ ਦੀਆਂ ਤੰਦੀਆਂ,
ਤੇਗਾਂ ਸਾਣਾਂ ਤੇ ਚੜ੍ਹਾ ਕੇ ਰੰਦੀਆਂ,
ਜੰਗ ਲਾਹੁਣ ਕਟਾਰ ਜੰਗਾਲੀ ਦੇ। ਪਏ ਝਮਕ ਮੱਥਿਆਂ,
'ਚੋਂ ਜੋ ਲਾਲੀ ਦੇ।

ਇਸ ਪ੍ਰਸੰਗ ਵਿਚ ਦੋ ਕਮਾਲ ਦੀਆਂ ਖ਼ੂਬੀਆਂ ਹਨ। ਪਹਿਲੀ, ਇਕ ਮੁਸਲਮਾਨ ਕਵੀ ਵਲੋਂ ਰਾਜਪੂਤ ਤੇ ਮੁਸਲਮਾਨਾਂ ਦੇ ਯੁੱਧ ਨੂੰ ਬੀਰ ਰਸ ਦੇ ਭਾਵ ਨਾਲ ਰਾਜਪੂਤਾਂ ਦੀ ਸ਼ਾਨ ਨੂੰ ਚਾਰ ਚੰਨ ਲਾਏ ਹਨ। ਦੂਜੀ, ਇਹ ਪ੍ਰਸੰਗ ਇਤਿਹਾਸਿਕ ਦੇ ਰੁਮਾਂਚਿਕ ਖ਼ੂਬੀਆਂ ਦਾ ਦਿਲਕਸ਼ ਸੰਗਮ ਹੈ। ਇਸ ਰਚਨਾ ਦਾ ਹੋਰ ਨਾਂ 'ਭੂਰਾ ਬੱਦਲ' ਵੀ ਹੈ।

'ਰਾਜਾ ਰਤਨ ਸੈਨ' ਪਾਕਿਸਤਾਨ ਵਿਚ ਬੈਠੇ ਇਕ ਮੁਸਲਮਾਨ ਸ਼ਾਇਰ ਦੀ ਰਾਜਪੂਤਾਂ ਦੀ ਬਹਾਦਰੀ ਨੂੰ ਸੱਚੀ ਸਲਾਮ ਹੈ।

42. ਪੈਂਦ ਕਾ ਮਹੱਲਾ

ਇਸ ਕਿੱਸੇ ਦਾ ਹੋਰ ਨਾਂ 'ਆਸੀ ਠਠਿਆਰੀ' ਵੀ ਹੈ[30]। ਬਾਬੂ ਰਜਬ ਅਲੀ ਨੇ ਇਹ ਰਚਨਾ ਪਾਕਿਸਤਾਨ ਵਿਚ ਕਵੀਸ਼ਰ ਜਗਮੇਲ ਸਿੰਘ ਦੀ ਫਰਮਾਇਸ਼[31] ਉੱਤੇ ਰਚੀ। ਇਹ ਅਣਪ੍ਰਕਾਸ਼ਿਤ ਕਿੱਸਾ ਹੈ। ਇਸ ਦਾ ਅਧੂਰਾ ਉਤਾਰਾ ਪ੍ਰੋ. ਰੁਲੀਆ ਸਿੰਘ ਸਿੱਧੂ ਕੋਲ ਵੀ ਹੈ। ਪੈਂਦ ਕਾ ਮਹੱਲਾ' ਦੀ ਕਹਾਣੀ ਪਹਿਲਾਂ ਬ੍ਰਜ-ਭਾਸ਼ਾ ਵਿਚ ਪ੍ਰਚਲਤ ਸੀ। ਕਵੀਸ਼ਰੀ ਪਰੰਪਰਾ ਵਿਚ ਵੀ ਇਹ ਕਿੱਸਾ ਕਾਫ਼ੀ ਪ੍ਰਚਲਤ ਹੋਇਆ।

ਬਾਬੂ ਰਜਬ ਅਲੀ ਦੇ 'ਪੈਂਦ ਕਾ ਮਹੱਲੇ' ਦੀ ਸੰਖੇਪ ਕਹਾਣੀ ਇਸ ਤਰ੍ਹਾਂ ਹੈ : 'ਕੰਚਨਾਪੁਰੀ ਦੇ ਰਾਜੇ ਇੰਦਰਸੈਨ ਦਾ ਪੁੱਤਰ ਜਸਵੰਤ ਆਸੀ ਠਠਿਆਰੀ ਦੇ ਬੇਮਿਸਾਲ ਹੁਸਨ ਉੱਤੇ ਮੋਹਿਤ ਹੋ ਜਾਂਦਾ ਹੈ :

ਚੜ੍ਹ ਕੇ ਠਾਠਾਂ ਮਾਰਦੀ, ਜਦੋਂ ਹੁਸਨ ਦੀ ਠਾਠ।
ਡੋਲ ਜਾਣ ਸਤਵੰਤੀਆਂ ਤੇ ਬਹਾਦਰ ਰਾਠ।

ਆਸੀ ਤੇ ਰਾਜ ਕੁਮਾਰ ਦਾ ਪਿਆਰ ਪੱਕਾ ਹੋ ਜਾਂਦਾ ਹੈ। 'ਸਾਰੀ ਰਾਤ ਕਰਦੀ ਚੈਨਣ ਬਿਜਲੀ, ਜੀ ਚੁਬਾਰੇ ਆਸੀ ਦੇ।' ਵਜ਼ੀਰ ਨੇ ਰਾਜੇ ਨੂੰ ਕਨਸੋਅ ਦਿਤੀ। ਰਾਜਾ ਆਖਦਾ ਹੈ : ਕਸ਼ੱਤਰੀ ਤੇ ਕੁਜਾਤ ਦਾ ਕੀ ਮੇਲ :

ਭੂੰਡ ਗੰਦਾ ਗੋਬਰ ਫਰੋਲੇ ਰਾਤ ਦਾ।
ਮੇਲ ਕੀ ਕਸ਼ੱਤਰੀ ਕੁਜਾਤ ਜਾਤ ਦਾ।
ਬਿਪਰ ਸੇ ਰਲੇ ਸੂਦਰ ਦੀ ਬੁੱਧ ਨਾ।
ਗਾਂ ਦੇ ਸ਼ੀਰ ਵਰਗਾ ਕੁੱਤੀ ਦਾ ਦੁੱਧ ਨਾ।

ਰਾਜਕੁਮਾਰ ਨੂੰ ਮਹਿਲਾਂ ਵਿਚ ਬੰਦ ਕਰ ਲਿਆ ਜਾਂਦਾ ਹੈ ਤਾਂ ਆਸੀ ਮਰਦਾਵੇਂ ਕਪੜੇ ਪਾ ਕੇ ਉਸ ਨੂੰ ਮਿਲਦੀ ਹੈ :

ਅੱਖ ਸੋਹਣੀ ਹਿੱਕ ਉਭਰੀ, ਗਰਦਣ ਗੋਲ ਸੁਰਾਹੀ ਐ।
ਕੋਟ ਸੁਨਹਿਰੀ ਫੱਬਦਾ, ਪੱਗ ਪਟਿਆਲੇ ਸ਼ਾਹੀ ਐ।

Digitized by Panjab Digital Library | www.panjabdigilib.org

ਬਾਬੂ ਰਜਬ ਅਲੀ ਦੀ ਇਹ ਬਹੁਤ ਲੋਕਪ੍ਰਿਯ ਰਚਨਾ ਹੈ ।

43. **ਜਾਨੀ ਚੋਰ** (1945 **ਈ.**)

ਰਜਬ ਅਲੀ ਨੇ 'ਜਾਨੀ ਚੋਰ' ਦਾ ਕਿੱਸਾ 14 ਫਰਵਰੀ 1945 ਈ. ਨੂੰ ਲਿਖਿਆ ਸੀ[32] । ਇਹ ਕਿੱਸਾ ਅਜੇ ਅਣਛਪਿਆ ਹੈ । ਇਸ ਦਾ 1963 ਈ. ਦਾ ਹੱਥ-ਲਿਖਤ ਉਤਾਰਾ ਕਵੀਸ਼ਰ ਬਸੰਤ ਸਿੰਘ ਤੋਂ ਪ੍ਰੋ. ਰੁਲੀਆ ਸਿੰਘ ਸਿੱਧੂ ਰਾਹੀਂ ਪ੍ਰਾਪਤ ਹੋਇਆ ਹੈ । ਇਸ ਦੇ ਕੁੱਲ 40 ਛੰਦ ਹਨ, ਜਿਸ ਵਿਚ ਦੋ ਭਾਗ, ਝੋਕ, ਮੁਕੰਦ, ਡੂਢਾ, ਤਰਜ਼, ਮਨੋਹਰ ਭਵਾਨੀ, ਐੜਾ, ਦੁਤਾਰਾ, ਤਰਜ਼ ਗੱਡੀ, ਬੈਂਤ, ਤੇ ਡੂਢਾ ਛੰਦ ਵਰਤੇ ਗਏ ਹਨ । ਇਹ ਬਾਬੂ ਦੀ ਪੱਕੀ, ਰਸੀਲੀ ਤੇ ਪਰੌਢ ਰਚਨਾ ਹੈ । ਕਵੀਸ਼ਰੀ ਪਰੰਪਰਾ ਵਿਚ 'ਜਾਨੀ ਚੋਰ' ਦਾ ਕਿੱਸਾ ਬਹੁਤ ਹਰਮਨ ਪਿਆਰਾ ਰਿਹਾ ਹੈ ਅਤੇ ਕਿਸ਼ੋਰ ਚੰਦ ਦਾ 'ਜਾਨੀ ਚੋਰ' ਸਭ ਤੋਂ ਉੱਤਮ ਕਿੱਸਾ ਹੈ । ਜਾਨੀ ਚੋਰ ਦੀ ਰੀਸ ਨਾਲ ਹੀ 'ਸ਼ੈਤਾਨੀ ਚੋਰ', 'ਦਿਲਵਰ ਚੋਰ', ਆਦਿ ਕਿੱਸੇ ਵੀ ਕਵੀਸ਼ਰਾਂ ਨੇ ਲਿਖੇ ਹਨ ।

ਰਜਬ ਅਲੀ ਦਾ 'ਜਾਨੀ ਚੋਰ' ਰੁਮਾਂਚਿਕਤਾ ਨਾਲ ਭਰਿਆ ਪਿਆ ਹੈ । ਇਸ ਦੀ ਗੋਂਦ ਕੱਸਵੀਂ ਤੇ ਰਸਭਰੀ ਹੈ । ਜਾਨੀ ਆਪਣੇ ਹੁਨਰ, ਅਕਲ, ਬਹਾਦਰੀ ਤੇ ਜੁਗਤੀ ਨਾਲ ਔਖੀ ਤੋਂ ਔਖੀ ਘਾਟੀ ਸਰ ਕਰਦਾ ਹੈ । ਉਹ ਕਿਸੇ ਨਾ ਕਿਸੇ ਢੰਗ ਨਾਲ ਆਪਣੇ ਨਿਸ਼ਾਨੇ ਨੂੰ ਮਾਰਨ ਵਿਚ ਸਫਲ ਹੋ ਜਾਂਦਾ ਹੈ । ਇਹ ਦੀ ਕਹਾਣੀ ਅਨੇਕ ਪ੍ਰਕਾਰ ਦੇ ਉਤਰਾਵਾਂ ਦੜ੍ਹਾਵਾਂ ਨਾਲ ਭਰਪੂਰ ਹੈ । ਰਜਬ ਅਲੀ ਨੇ ਕਥਾ ਦੇ ਅਨੁਸਾਰ ਕਾਵਿ ਵਿਚ ਰਸ ਭਰਨ ਦਾ ਸੁਚੇਤ ਯਤਨ ਕੀਤਾ ਹੈ :

ਸੋਹਣੇ ਮੂੰਹ ਤੋਂ ਪੱਤਲਾ ਦੁਪੱਟਾ ਲੱਥਾ ਪਿਆ ।
ਚੰਦ ਵਾਂਗੂੰ ਚਮਕੇ ਕੁੜੀ ਦਾ ਮੱਥਾ ਪਿਆ ।
ਕੱਚ ਦੀ ਸੁਰਾਹੀ ਜੋਹਰ ਪੈਣ ਰਾਤ ਨੂੰ ।
ਪਾੜੇ ਮਘੂ ਰਾਜੇ ਦੇ ਭਵਨ ਰਾਤ ਨੂੰ ।
ਪੁੱਤਰੀ ਮੈਂ ਰਾਜੇ ਮੇਘਦੀ, ਖੱਟ ਲੀ ਬਦਨਾਮੀ ਜੱਗ ਦੀ,
ਚੰਦਰੀ ਤਕਦੀਰ ਲਿਖੀ, ਲਿਆ ਦੇ ਤਲਵਾਰ ਤਿੱਖੀ,
ਮਾਰ ਕਰਦੇ ਜਿਗਰ ਦੇ ਫਾੜੇ, ਘੜੀ ਨਾ ਲਗੇ ।
ਸਿਹਰੇ ਬੰਨਦੇ ਫਿਰਨ ਹੀ ਲਾੜੇ, ਘੜੀ ਨਾ ਲਗੇ ।

ਕਵੀਸ਼ਰ ਆਪ ਇਸ ਕਿੱਸੇ ਨੂੰ ਵਿਦਿਆ ਦੇ ਸੀਨੇ ਉੱਤੇ ਬਲਿਆ ਚਿਰਾਗ ਆਖਦਾ ਹੈ :

ਵਿਦਿਆ ਦੇ ਸੀਨੇ ਤੇ ਚਿਰਾਗ ਜਗਿਆ ।
ਰਜਬ ਅਲੀ ਕਵਿਤਾ ਕਰਨ ਲਗਿਆ ।

4. **ਇਤਿਹਾਸਿਕ ਪ੍ਰਸੰਗ**

44. **ਫੇਰੂ ਸ਼ਹਿਰ ਦੀ ਲੜਾਈ** (1959 **ਈ.**)

ਇਕ ਮੁਸਲਮਾਨ ਕਵੀ ਸ਼ਾਹ ਮੁਹੰਮਦ ਨੇ ਫੇਰੂ ਸ਼ਹਿਰ ਦੀ ਲੜਾਈ ਦਾ ਵਿਰਤਾਂਤ ਆਪਣੇ ਖ਼ੂਨ ਨਾਲ ਲਿਖਿਆ ਸੀ ! ਇਸ ਇਤਿਹਾਸਿਕ ਲੜਾਈ ਤੋਂ ਇਕ ਸਦੀ ਤੋਂ ਵਧ ਸਮੇਂ ਮਗਰੋਂ, 1959 ਈ. ਵਿਚ ਪਾਕਿਸਤਾਨ ਤੋਂ ਸ਼ਾਹ ਮੁਹੰਮਦ ਤੋਂ ਪਿਛੋਂ ਦੂਜਾ

Digitized by Panjab Digital Library | www.panjabdigilib.org

ਜਿੱਥੇ ਮੈਂ ਪਾਣੀ ਡੋਲਾਂ ਉੱਥੇ ਰਤ ਡੋਲਣਗੇ।
ਆਪ ਦਿਆਂ ਪੁੱਤਰਾਂ ਵਾਂਗੂ ਦੇਖਾਂ ਇਕ ਅੱਖ ਸੇ ਮੈਂ।

29. **ਬੇਦਾਵਾ ਅਥਵਾ ਜੰਗ ਮੁਕਤਸਰ** (1958 ਈ.)

ਟੁੱਟੀ ਗੰਢਣ ਵਾਲੇ ਇਸ ਪ੍ਰਸੰਗ ਨੂੰ ਰਜਬ ਅਲੀ ਨੇ ਸਿੱਖ-ਇਤਿਹਾਸ ਦੀ ਭਾਵਨਾ ਅਨੁਸਾਰ ਕਾਵਿ-ਬੱਧ ਕੀਤਾ ਹੈ। ਇਹ ਰਚਨਾ 1958 ਈ. ਵਿਚ ਬਾਬੂ ਰਜਬ ਅਲੀ ਨੇ ਬੱਤੀ ਚੱਕ ਪਾਕਿਸਤਾਨ ਵਿਖੇ ਸ੍ਵੈ ਪ੍ਰੇਰਨਾ ਨਾਲ ਲਿਖੀ। ਇਸ ਵਿਚ ਮੁਕੰਦ, ਸੱਲਾਂ ਅੱਖਰਾ ਛੰਦ, ਤਰਜ਼ ਦੋਤਾਰਾ, ਡੂਢਾ, ਔੜਾ ਆਦਿ ਛੰਦ ਵਰਤੇ ਗਏ ਹਨ। ਇਸ ਦੇ ਕੁੱਲ 15 ਛੰਦ ਹਨ। ਇਸ ਦੀ ਹੱਥ-ਲਿਖਤ ਪ੍ਰੋ. ਰੁਲੀਆ ਸਿੰਘ ਤੋਂ ਪ੍ਰਾਪਤ ਕੀਤੀ ਗਈ ਹੈ।

ਰਜਬ ਅਲੀ ਨੇ ਇਸ ਪ੍ਰਸੰਗ ਵਿਚ ਮਾਈ ਭਾਗੋ ਦੀ ਬੀਰਤਾ, ਸਾਹਸ ਤੇ ਕੁਰਬਾਨੀ ਦੀ ਬੜੀ ਸਿਫਤ ਕੀਤੀ ਹੈ। ਇਸ ਰਚਨਾ ਵਿਚ ਮੁਕਤਸਰ ਦੇ ਯੁੱਧ ਦਾ ਵਰਨਣ ਬਹੁਤ ਭਾਵਪੂਰਨ ਤੇ ਬੀਰ ਰਸ ਨੂੰ ਪੈਦਾ ਕਰਨ ਵਾਲਾ ਹੈ, ਜਿਵੇਂ :

ਲੜ ਪੈ ਪਠਾਣਾਂ ਨਾਲ ਜੀ, ਤੇ ਪਈ ਟਿੱਬੇ ਦੀ ਢਾ ਐ,
ਲਹੂ ਦੀ ਧਾਰਾ, ਜਿਵੇਂ ਨਹਿਰ ਤੇ ਸਮਾਲਸਰ ਝਾਲ ਐ, ਲਹੂ ਦੀ ਧਾਰਾ।
ਮਾਰ ਕੇ ਪਠਾਣਾਂ ਨੂੰ ਕੜ੍ਹੈਹਿਰੇ ਰੰਗੇ ਨਾ।
ਰਾਹ 'ਚ ਔਂਦੇ ਕਾਲਿਆਂ ਸੱਪਾਂ ਨੇ ਡੰਗੇ ਨੂੰ।
ਮਾਝੇ ਦੇਸ ਦੀਆਂ ਬੇੜੀਆਂ ਬਹਾ ਗੇ ਐ।
ਜਿਉਂਦੇ ਨਾਵੇਂ ਕਾਗਜ਼ੋਂ ਲੁਹਾ ਕੇ ਆਗੇ ਐ।

ਬਾਬੂ ਜੀ ਦਾਅਵਾ ਕਰਦਾ ਹੈ ਕਿ ਉਸ ਨੇ ਪੱਖਬਾਜ਼ੀ ਰਹਿਤ ਇਹ ਪ੍ਰਸੰਗ ਲਿਖਿਆ ਹੈ। 'ਪੱਖ ਬਾਜ਼ੀ ਛੋੜ ਕੇ ਕਿਤਾਬ ਲਿਖੀ ਦੀ, ਮੋੜ ਸਿੱਖੀ ਜੋੜਤੀ ਗੁਰਾਂ ਨੇ ਸਿੱਖੀ ਦੀ।'

30. **ਸ਼ਹੀਦ ਬਾਬਾ ਦੀਪ ਸਿੰਘ** (1959 ਈ.)

'ਸ਼ਹੀਦ ਬਾਬਾ ਦੀਪ ਸਿੰਘ' ਦਾ ਪ੍ਰਸੰਗ ਬਾਬੂ ਰਜਬ ਅਲੀ ਨੇ 1959 ਈ. ਵਿਚ ਰਚਿਆ ਅਤੇ ਇਸ ਨੂੰ ਅਗਸਤ 1979 ਈ. ਵਿਚ ਕਵੀਸ਼ਰ ਜਗਮੇਲ ਸਿੰਘ ਨੇ ਪ੍ਰਕਾਸ਼ਿਤ[15] ਕੀਤਾ। ਇਸ ਦੇ 24 ਪੰਨੇ ਹਨ। ਇਸ ਵਿਚ ਅੰਮ੍ਰਿਤਸਰ ਮਹਿਮਾ ਦਾ ਦੋਭਾਗ ਛੰਦ ਦਿਤਾ ਗਿਆ ਹੈ ਜੋ ਬਾਬੂ ਜੀ ਨੇ 6. 10. 1959 ਈ. ਨੂੰ ਲਿਖਿਆ ਸੀ। ਬਾਬਾ ਦੀਪ ਸਿੰਘ ਵਾਲੇ ਪ੍ਰਸੰਗ ਕੁੱਲ ਬੰਦ 19 ਹਨ ਅਤੇ ਇਸ ਵਿਚ ਨਿਮਨਲਿਖਿਤ ਵੇਰਵੇ ਅਨੁਸਾਰ ਛੰਦ ਵਰਤੇ ਗਏ ਹਨ :ਦੋਹਰੇ 7, ਡੂਢਾ ਛੰਦ–1, ਦੋਭਾਗ ਛੰਦ–1, ਤਰਜ਼ ਦੋਤਾਰਾ-5, ਭਵਾਨੀ ਛੰਦ-1, ਗੱਡੀ-1, ਔੜਾ-1, ਬੈਂਤ-1 ਹਨ।

ਬਾਬਾ ਦੀਪ ਸਿੰਘ ਦੀ ਬੇਮਿਸਾਲ ਪਵਿਤਰ ਕੁਰਬਾਨੀ ਨੇ ਬਹੁਤ ਸਾਰੇ ਪੰਜਾਬੀ ਕਵੀਆਂ ਨੂੰ ਟੁੰਬਿਆ ਹੈ ਉਹਨਾਂ ਵਿਚੋਂ ਪ੍ਰਮੁੱਖ ਇਹ ਹਨ : ਅਵਤਾਰ ਸਿੰਘ ਬੇਦੀ, ਅਨੂਪ ਸਿੰਘ ਪ੍ਰਦੇਸੀ, ਸੋਹਣ ਸਿੰਘ ਸੀਤਲ ਆਦਿ।

ਬਾਬੂ ਰਜਬ ਅਲੀ ਨੇ ਇਤਿਹਾਸਿਕ ਤੱਥਾਂ ਨੂੰ ਧਿਆਨ ਵਿਚ ਰਖਦਿਆਂ ਸੱਚ ਅਤੇ ਇਨਸਾਫ ਦਾ ਪੱਖ ਲਿਆ ਹੈ। ਉਸ ਨੇ ਇਸ ਨੂੰ ਮੁਸਲਮਾਨ ਤੇ ਸਿੰਘਾਂ ਤੇ ਲੜਾਈ ਨਹੀਂ ਸਗੋਂ ਜ਼ਾਲਮਾਂ ਤੇ ਅਣਖੀਲਿਆਂ ਦੀ ਲੜਾਈ ਕਿਹਾ ਹੈ। ਉਸ ਨੇ ਧਰਮ-ਵੀਰ ਨਿੱਡਰ ਸ਼ਹੀਦ

Digitized by Panjab Digital Library | www.panjabdigilib.org

ਬਾਬਾ ਦੀਪ ਸਿੰਘ ਦੀ ਅਦੁੱਤੀ ਕੁਰਬਾਨੀ ਦੀ ਮਹਿਮਾ ਪੂਰੇ ਦਿਲ ਨਾਲ ਗਾਈ ਹੈ। ਉਸ ਨੇ ਬਾਬਾ ਦੀਪ ਸਿੰਘ ਦੀ ਜੰਗੀ ਤਿਆਰੀ, ਦਿਆਲ ਸਿੰਘ ਤੇ ਜਹਾਨ ਖਾਨ ਅਤੇ ਬਾਬਾ ਦੀਪ ਸਿੰਘ ਅਤੇ ਜਮਾਲ ਖਾਂ ਦੀ ਵਿਅੱਕਤੀਗਤ ਟੱਕਰ ਦਾ ਨਜ਼ਾਰਾ ਬਹੁਤ ਖ਼ੂਬਸੂਰਤ ਸ਼ਬਦਾਂ ਵਿਚ ਬੰਨ੍ਹਿਆ ਹੈ। ਹਰਿਮੰਦਰ ਦੇ ਤਾਲ ਪੂਰੇ ਜਾਣ ਦੀ ਖਬਰ ਸੁਣਕੇ ਬਾਬਾ ਦੀਪ ਸਿੰਘ ਦਾ ਪ੍ਰਭਾਵ ਚਿੱਤਰ ਕਮਾਲ ਦਾ ਹੈ :

ਗੱਲ ਏਲਚੀ ਨੇ ਕੀਤੀ, ਅਬਦਾਲੀ ਦਾ ਪਲੀਤੀ,
ਰੋ ਪਿਆ ਅੱਖੀਂ ਦੇ ਘਸੁੰਨ, ਖੜ ਜਾਂਦਾ ਹੋ ਕੇ ਸੁੰਨ,
ਜਾਂ ਪੱਥਰ ਦਾ ਜਿਉਂ ਬਮਲਾ।
ਲਗੀ ਕਾਲਜੇ ਨੂੰ ਅੱਗ, ਜਾਵੇ ਮੂੰਹ ਦੇ ਵਿਚੋਂ ਝੱਗ,
ਨੈਣੋਂ ਝੜਣ ਚੰਗਿਆੜੇ, ਭਰਮੇਂ ਮਛੈਰੇ ਤਾੜੇ,
ਤੇ ਗੁੱਸੇ 'ਚ ਹੋ ਗਿਆ ਕਮਲਾ।
ਤਾਲ ਪੂਰੇ ਦਾ ਦਰੇਗ, ਕਦੇ ਧੂ ਲੇ ਮਿਆਨੋਂ ਤੇਗ,
ਜ਼ਹਿਰ ਘੋਲੇ ਸੱਪ ਜ਼ਹਿਰੀ, ਗੇਰਿਆ ਮੰਦਰ ਸੁਨੈਹਿਰੀ,
ਜਿਉਂ ਫੁੱਲਾਂ ਦਾ ਸੋਹੇ ਗਮਲਾ।
ਭੁੱਖ ਲੱਗੇ ਬੁੱਲ ਚੱਬੇ, ਪਾਣੀ ਛੱਪੜਾਂ ਦਾ ਲੱਭੇ.
ਮੌਤ ਤੋਂ ਬਨਾ ਕੇ ਗਾਨੇ, ਸੜਨੇ ਨੂੰ ਪਰਵਾਨੇ,
ਛੀ ਹਜ਼ਾਰ ਕੱਠੇ ਕਰ ਲੇ।
ਜ਼ੈਹਰ ਘੋਲਦਾ ਦੋ ਧਾਰਾ ਬਰਛਾ, ਲੜ ਜੂ ਉਡਾਰੀ ਮਾਰ ਕੇ।
ਗੇੜੇ ਕੱਢਦਾ ਦੁਰਾਨੀ ਭਾਰਾ, ਨਾਗ ਦੇ ਸਮਾਨ ਛੂਕ ਕੇ।
ਹੀਰੇ ਜੜੇ ਵੇ ਸੁਨੈਹਿਰੀ ਮੁੱਠ 'ਤੇ, ਬਿਜਲੀ ਸਮਾਨ ਲਿਸ਼ਕੇ।
ਸਰਦਾਰ ਜੀ ਖੰਡੇ ਨੂੰ ਤੋਲੇ, ਮੁੱਖ ਚੋਂ ਜੈਕਾਰੇ ਬੋਲ ਕੇ।
ਅੱਖਾਂ ਕੌੜੀਆਂ ਮੁੱਛੈਰੇ ਫਰਕੇ, ਧੌਣਾਂ 'ਤੇ ਖੜੋਗੀ ਝੰਡ ਜੀ।

ਇਸ ਰਚਨਾ ਬਾਬੂ ਜੀ ਨੇ ਕੁਝ ਇਤਿਹਾਸਿਕ ਉਕਾਈਆਂ ਵੀ ਕੀਤੀਆਂ ਹਨ, ਜਿਵੇਂ ਬਾਬਾ ਦੀਪ ਸਿੰਘ ਦੀ ਸ਼ਹੀਦੀ ਸਮੇਂ ਉਮਰ 50 ਸਾਲ ਦਸਣਾ ਅਤੇ ਦੀਪ ਸਿੰਘ ਨਾਲ ਯੁੱਧ ਵਿਚ 100 ਇਸਤ੍ਰੀਆਂ ਦਾ ਪੱਟੀਆਂ ਬੰਨਣ ਲਈ ਜਾਣਾ[16]।

31 **ਚੰਦੀ-ਭੀਮ ਸਿੰਘ**

'ਚੰਦੀ ਦਾ ਸਾਕਾ' ਬਾਬੂ ਰਜਬ ਅਲੀ ਦੀ ਅਣਪ੍ਰਕਾਸ਼ਿਤ ਰਚਨਾ ਹੈ। ਇਸ ਦਾ ਉਤਾਰਾ ਪ੍ਰੋ. ਗੁਲੀਆ ਸਿੰਘ ਸਿੱਧੂ ਤੋਂ ਪ੍ਰਾਪਤ ਹੋਇਆ ਹੈ। ਸਿੱਖ-ਇਤਿਹਾਸ ਦੇ ਇਸ ਪ੍ਰਸਿੱਧ ਪ੍ਰਸੰਗ ਨੂੰ ਬਾਬੂ ਜੀ ਨੇ ਪਾਕਿਸਤਾਨ ਤੋਂ ਆਪਣੇ ਚੇਲਿਆਂ ਦੀ ਫਰਮਾਇਸ਼ ਉੱਤੇ ਲਿਖਿਆ ਜਾਪਦਾ ਹੈ। ਇਸ ਪ੍ਰਸੰਗ ਦੇ ਕੁੱਲ 30 ਦੇ ਕਰੀਬ ਬੰਦ ਹਨ ਅਤੇ ਇਸ ਵਿਚ ਦੋ ਭਾਗ ਛੰਦ, ਝੋਕ, ਔੜਾ, ਮਨੋਹਰ ਭਵਾਨੀ, ਰਘਬੀਰ, ਬਾਬੂਚਾਲ, ਤਰਜ਼, ਮੁਕੰਦ, ਵਰਗੇ ਛੰਦ ਵਰਤੇ ਗਏ ਹਨ। ਇਸ ਇਤਿਹਾਸਿਕ ਅਤੇ ਖ਼ੂਨੀ ਸਾਕੇ ਨੂੰ ਬਾਬੂ ਰਜਬ ਅਲੀ ਤੋਂ ਬਿਨਾਂ ਹੋਰ ਵੀ ਕਈ ਕਵੀਸ਼ਰਾਂ ਨੇ ਵੀ ਲਿਖਿਆ ਹੈ। ਇਸ ਪ੍ਰਸੰਗ ਦੇ 29 ਛੰਦ ਹਨ।

Digitized by Panjab Digital Library | www.panjabdigilib.org

'ਚੰਦੀ-ਭੀਮ ਸਿੰਘ' ਦਾ ਹੋਰ ਨਾਂ 'ਚੰਦੀ ਦਾ ਸਾਕਾ' ਵੀ ਹੈ। ਵਾਸਤਵ ਵਿਚ ਇਸ ਪ੍ਰਸੰਗ ਦੀਆਂ ਦੋ ਪਰਤਾਂ ਹਨ। ਪਹਿਲੀ ਵਿਚ, ਪਾਣੀ ਭਰਦੀ ਬ੍ਰਾਹਮਣ ਮੁਟਿਆਰ ਚੰਦੀ ਨੂੰ ਮੁਗਲ ਸਰਦਾਰ ਸ਼ੇਰ ਅਲੀ ਚੁੱਕ ਕੇ ਲੈ ਜਾਂਦਾ ਹੈ ਜਿਸ ਨੂੰ ਭੀਮ ਸਿੰਘ ਨਾਂ ਦਾ ਸਿੰਘ ਸੂਰਮਾ ਆਪਣੀ ਜਾਨ ਹੂਲ ਕੇ ਬਚਾਉਂਦਾ ਅਤੇ ਸਹੀ ਸਲਾਮਤ ਉਸ ਦੇ ਮਾਪਿਆਂ ਕੋਲ ਭੇਜ ਦਿੰਦਾ ਹੈ। ਬਾਅਦ ਵਿਚ ਚੰਦੀ ਤੇ ਭੀਮ ਸਿੰਘ ਦਾ ਵਿਆਹ ਹੋ ਜਾਂਦਾ ਹੈ। ਦੂਜੀ ਪਰਤ ਵਿਚ ਭੀਮ ਸਿੰਘ ਗ੍ਰਿਫ਼ਤਾਰ ਹੋਏ ਬੰਦਾ ਬਹਾਦਰ ਦੇ ਸਾਥੀ ਬੰਦੀਆਂ ਵਿਚ ਫੜ ਕੇ ਸ਼ਾਮਲ ਕਰ ਲਿਆ ਜਾਂਦਾ ਹੈ। ਭੀਮ ਸਿੰਘ ਦੀ ਮਾਂ ਫਰਖਸ਼ੀਅਰ ਨੂੰ ਅਰਜ਼ੋਈ ਕਰਦੀ ਹੈ। ਫਰਖਸ਼ੀਅਰ ਨਾ ਕੇਵਲ ਭੀਮ ਸਿੰਘ ਛੱਡ ਦਿੰਦਾ ਹੈ ਸਗੋਂ ਭੀਮ ਸਿੰਘ ਦੇ ਕਹਿਣ ਉੱਤੇ ਸਾਰਿਆਂ ਸਿੰਘਾਂ ਨੂੰ ਛੱਡ ਦਿੰਦਾ ਹੈ ਜੋ ਕਿ ਇਤਿਹਾਸਿਕ ਤੌਰ ਤੇ ਗ਼ਲਤ ਹੈ[17]।

ਬਾਬੂ ਰਜਬ ਅਲੀ ਨੇ ਬ੍ਰਾਹਮਣਾਂ ਦੀ ਲੜਕੀ ਜ਼ਬਰਦਸਤੀ ਚੁੱਕੇ ਜਾਣ ਤੇ ਸਿੰਘ ਸੂਰਮੇ ਦਾ ਯੁੱਧ ਕਰਨ ਦੀ ਦਲੇਰੀ ਨੂੰ ਬਹੁਤ ਖ਼ੂਬਸੂਰਤ ਸ਼ਬਦਾਂ-ਚਿੱਤਰਾਂ ਤੇ ਬਿੰਬਾਂ ਵਿਚ ਬੰਨਿਆ ਹੈ :

ਕੂੰਜ ਕੁਰਲਾਵੇ, ਉੱਚੀ ਉੱਚੀ ਵੈਣ ਪਾਵੇ, ਡੋਲੇ ਨਾਲ ਛਣਕਾਵੇ,
ਚੂੜੀ ਘਰ ਚਾਂਦੀ ਦੀ। ਸੁਣਗੀ ਝੰਗਿਆੜ ਚਚਲਾਂਦੀ ਜਾਂਦੀ ਦੀ।

ਵਿਛੜੀ ਕੂੰਜ ਬਾਜ਼ ਵਰਗੇ ਸਿੰਘ ਸੂਰਮੇ ਦੀ ਦਲੇਰੀ ਉੱਤੇ ਬਲਿਹਾਰ ਜਾਂਦੀ ਹੈ :

ਚੰਦੀ ਕਹਿੰਦੀ, ਦੇਖ ਬਲਵਾਨ ਸੋਹਣਾ ਜੀ,
ਹੈ ਬਚਾ ਲੀ ਅਬਰੂ, ਜ਼ਾਲਮ ਤੁਰੰਡ ਤੇ।
ਕਰਦੀ ਵਡਿਆਈ ਇਹ ਕਿਤੇ ਨਾ ਹੋਣਾ ਜੀ,
ਤੇਰੇ ਜੈਸਾ ਗਭਰੂ, ਧਰਤੀ ਦੀ ਕੰਡ ਤੇ।
ਪੈਰਾਂ ਉੱਤੇ ਸੀਸ ਧਰਤਾ ਰਕਾਨ ਨੇ,
ਖਾਂ ਦੇ ਜੱਥੇ ਭੱਜੇ ਤੋਂ, ਦੇਵੰਦੀ ਦਲੇਰੀ ਨੂੰ।
ਬੀਬੀ ਦੇਵੇ ਥਾਪੀਆਂ ਛੁਡਾ ਲਈ ਜੁਆਨ ਨੇ,
ਲਗੜ ਦੇ ਪੰਜੇ ਤੋਂ, ਤੜਫਦੀ ਬਟੇਰੀ ਨੂੰ।

ਬਾਬੂ ਰਜਬ ਅਲੀ ਇਸ ਪ੍ਰਸੰਗ ਵਿਚ ਬ੍ਰਾਹਮਣ ਸ਼੍ਰੇਣੀ ਤੇ ਖਾਲਸਾ ਪੰਥ ਦੀ ਪਦਾਰਥਕ ਕਾਰਨਾਂ ਕਰ ਕੇ ਟੱਕਰ ਦਾ ਜ਼ਿਕਰ 'ਮਾਤਾ ਰੋਂਦੀ ਆ ਬਾਮਣਾਂ ਦੇ ਵੈਰੀ ਖਾਲਸੇ', ਵਾਲੇ ਛੰਦ ਵਿਚ ਕੀਤਾ ਹੈ ਪਰ ਭੀਮ ਸਿੰਘ ਸਿੱਖਾਂ ਦਾ ਪੱਖ ਪੂਰਦਾ ਹੈ :

ਭੀਮ ਕਹਿੰਦਾ ਮਾਤਾ ਕੂੜ ਦੇ ਉਲਾਮੇ ਐ।
ਸਿੰਘ ਸਰਦਾਰ ਦੁਨੀਆਂ ਚੋਂ ਕਾਮੇ ਐ।
ਲਗੇ ਵੇ ਡਰਾਨ ਨੇ ਤਪਸ਼ ਠੰਡ ਤੋਂ।
ਮੈਨੂੰ ਸਿੱਖ ਲਗਦੇ ਪਿਆਰੇ ਖੰਡ ਤੋਂ।

ਬੰਦੇ ਬਹਾਦਰ ਨਾਲ ਬੰਦੀ ਭੀਮ ਸਿੰਘ ਮੌਤ ਦੇ ਡਰ ਤੇ ਧਨ ਮਾਲ ਦੇ ਲਾਲਚ ਤੋਂ ਸਿੱਖੀ ਕੋਲੋਂ ਮੂੰਹ ਨਹੀਂ ਮੋੜਦਾ।

Digitized by Panjab Digital Library | www.panjabdigilib.org

ਸਿਰੋਂ ਪਰੇ ਮੋਤੀ ਲਾਲ, ਸਿਉਨੇ ਦੇ ਵਗਣ ਖਾਲ, ਮੁੜਾਂ ਲਗ ਚੋਟੀ ਨਾਲ,
ਨਾ ਉਰਾਂ ਤੋਂ ਬਾਦਸ਼ਾਹ। ਮੈਂ ਨੀ ਮੁਖ ਮੋੜਦਾ ਗੁਰਾਂ ਤੋਂ ਬਾਦਸ਼ਾਹ।

ਰਜਬ ਅਲੀ ਨੇ ਭੀਮ ਸਿੰਘ ਦੇ ਕਹਿਣ ਉੱਤੇ ਮੁਗਲ ਬਾਦਸ਼ਾਹ ਫਰਖਸ਼ੀਅਰ ਵਲੋਂ ਬੰਦੇ ਦੇ ਸਾਰੇ ਬੰਦੀ ਸਾਥੀਆਂ ਨੂੰ ਰਿਹਾ ਕਰਨ ਦੀ ਗੱਲ ਕੀਤੀ ਹੈ ਕਿ ਉਹ ਇਸਲਾਮੀ ਜਜ਼ਬੇ ਹੇਠ ਆ ਕੇ ਇਤਿਹਾਸ ਦੀ ਗ਼ਲਤ ਬਿਆਨੀ ਕੀਤੀ ਹੈ। ਬੰਦੇ ਬਹਾਦਰ ਦੇ ਸਾਰੇ ਸਾਥੀ ਕਤਲ ਕੀਤੇ ਗਏ। ਕਿਸੇ ਸਿੱਖ ਨੇ ਨਾ ਮੁਆਫੀ ਮੰਗੀ ਨਾ ਰਿਹਾ ਹੋਣਾ ਪ੍ਰਵਾਨ ਕੀਤਾ। ਸਿਰਫ ਇਕ ਮੁੰਡੇ ਨੂੰ ਉਸਦੀ ਮਾਂ ਨੇ ਇਹ ਕਹਿ ਕੇ ਰਿਹਾ ਕਰਵਾਉਣ ਦੇ ਹੁਕਮ ਪ੍ਰਾਪਤ ਕੀਤੇ ਸਨ ਕਿ ਉਸ ਦੇ ਪੁੱਤਰ ਨੂੰ ਸਿੰਘ ਜ਼ਬਰ ਦਸਤੀ ਚੁੱਕ ਕੇ ਲੈ ਗਏ ਸਨ। ਪਰ ਉਸਦੇ ਪੁੱਤ ਨੇ ਬਾਦਸ਼ਾਹ ਨੂੰ ਕਿਹਾ ਕਿ ਉਹ ਬੰਦੇ ਬਹਾਦਰ ਦਾ ਸਾਥ ਨਹੀਂ ਛੱਡੇਗਾ ਅਤੇ ਉਸ ਨੇ ਆਪਣੀ ਮਾਂ ਨੂੰ ਕਿਹਾ ਕਿ ਇਹ ਉਸਦੀ ਮਾਂ ਹੀ ਨਹੀਂ[18] ਹੈ। ਰਜਬ ਅਲੀ ਲਿਖਦਾ ਹੈ :

ਹੈ ਦੁਸ਼ਮਣ ਨੂੰ ਮਾਰਦੀ ਕੁਲ ਦੁਨੀਆਂ ਦੀ ਕੌਮ।
ਹੁੰਦਾ ਮੋਮ ਅਖੀਰ ਨੂੰ ਦਿਲ ਮੋਮਨ ਦਾ ਮੋਮ।
ਸੁਣ ਪੈ ਗਿਆ ਸ਼ਹਿਨਸ਼ਾਹ ਗੱਲਾਂ ਦੇ ਖਿਲ ਮੇਂ।
ਆਣ ਕੇ ਵਸਗੀ ਮਿਹਰ ਦਿਲ ਮੇਂ।
ਖੁਸ਼ੀ ਹੋ ਗਿਆ ਸੁਣ ਬਚਨ ਕਰਾਰਿਆਂ ਨੂੰ।
ਚੰਗਾ ਛਾਵਾ ਮਰਦਾ! ਛੁਡਾਲਾ ਸਾਰਿਆਂ ਨੂੰ।

ਇਸ ਪ੍ਰਸੰਗ ਦੇ ਅੰਤ ਵਿਚ ਰਜਬ ਅਲੀ ਨੇ ਸਿੱਖ ਇਤਿਹਾਸ ਦੀ ਗ਼ਲਤ ਬਿਆਨੀ ਕੀਤੀ ਹੈ।

32. ਸਿਫਤ ਹਰਿਮੰਦਰ ਸਾਹਿਬ

ਰਜਬ ਅਲੀ ਨੇ ਕਈ ਛੰਦਾਂ ਵਿਚ ਵੱਖ ਵੱਖ ਸਮਿਆਂ ਵਿਚ ਹਰਿਮੰਦਰ ਸਾਹਿਬ ਦੀ ਉਸਤਤ ਕੀਤੀ ਹੈ ਅਤੇ ਇਸ ਦੀ ਸੁੰਦਰਤਾ ਨੂੰ ਕਾਵਿਬਧ ਕੀਤਾ ਹੈ, ਜਿਵੇਂ :

ਭਰਿਆ ਕਰਾਮਾਤ ਦਾ ਜੀ, ਏਸ ਵਿਚ ਕਾਗ ਹੰਸ ਬਣ ਤਰਦਾ।
ਹਰਿਮੰਦਰ ਸੁਨਹਿਰੀ ਜੀ, ਦੂਰ ਤੋਂ ਜਗਮਗ ਜਗਮਗ ਕਰਦਾ।

33 ਸਿਫਤ ਗੁਰੂ ਗ੍ਰੰਥ ਸਾਹਿਬ

ਰਜਬ ਅਲੀ ਨੇ ਕਈ ਛੰਦਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਸਿਫਤ ਕੀਤੀ ਹੈ। ਇਹ ਛੰਦ ਵੱਖ ਵੱਖ ਸਮਿਆਂ ਵਿਚ ਲਿਖੇ ਗਏ ਹਨ। ਇਹ ਛੰਦ ਇਸ ਦੇ ਵੱਖ ਵੱਖ ਕਵੀਸ਼ਰਾਂ ਦੀਆਂ ਹੱਥ-ਲਿਖਤ ਕਾਪੀਆਂ ਵਿਚ ਹਨ।

(ਸ) ਇਸਲਾਮੀ ਪ੍ਰਸੰਗ

34. ਹਜ਼ਰਤ ਮੁਹੰਮਦ ਸਾਹਿਬ (1976 ਈ.)

ਰਜਬ ਅਲੀ ਨੇ 'ਹਜ਼ਰਤ ਮੁਹੰਮਦ ਸਾਹਿਬ' ਦੀ ਵਡਿਆਈ ਇਕ ਸ਼ਰਧਾਵਾਨ ਮੋਮਨ ਬਣ ਕੇ ਕੀਤੀ ਹੈ। ਇਸ ਰਚਨਾ ਦੇ ਥੋੜੇ ਜਿਹੇ ਛੰਦ ਹਨ। ਇਹ ਅਣਪ੍ਰਕਾਸ਼ਿਤ ਰਚਨਾ ਹੈ

Digitized by Panjab Digital Library | www.panjabdigilib.org

ਅਤੇ ਇਸ ਦਾ ਹੱਥ-ਲਿਖਤ ਉਤਾਰਾ ਕਵੀਸ਼ਰ ਬਸੰਤ ਸਿੰਘ ਪਾਸ ਹੈ। ਰਜਬ ਅਲੀ ਨੇ ਹਜ਼ਰਤ ਾਹਿਬ ਦੀ ਸਿਫਤ ਕਰਨ ਲਗਿਆਂ ਸੁੰਦਰ ਤੋਂ ਸੁੰਦਰ ਸ਼ਬਦਾਂ ਦੀ ਚੋਣ ਕੀਤੀ ਹੈ :

ਕਰੇ ਤਾਰੀਫ ਹਜ਼ੂਰ ਦੀ, ਆਪ ਖ਼ੁਦਾਵੰਦ ਪਾਕ।
ਪਹਿਲਾ ਨੂਰ ਹਜ਼ੂਰ ਦਾ, ਮਗਰ ਰਚੀ ਲੌਲਾਕ।
ਦਿਸਦਾ ਗੁਬਾਰ ਧੰਦੂਕਾਰੇ ਦਾ।
ਪਹਿਲਾਂ ਜ਼ੌਹਰ ਕੀਤਾ ਹੁਸਨ ਪਿਆਰੇ ਦਾ।
ਰੰਗਲੀ ਜ਼ਮੀਨ ਆਸਮਾਨ ਨਾ ਹੁੰਦਾ।
ਹੁੰਦੇ ਨਾ ਹਜ਼ੂਰ ਤਾਂ ਜਹਾਨ ਨਾ ਹੁੰਦਾ।

35. **ਹਸਨ ਹੁਸੈਨ**

ਰਜਬ ਅਲੀ ਨੇ ਹਸਨ ਹੁਸੈਨ ਦੀ ਸ਼ਹੀਦੀ ਦਾ ਸਾਕਾ ਲਹੂ ਭਿੱਜੀ ਬੋਲੀ ਵਿਚ ਦੋ ਵੇਰ ਰਚਿਆ। ਇਹ ਰਚਨਾ ਅਜੇ ਤਕ ਪ੍ਰਕਾਸ਼ਿਤ ਨਹੀਂ ਹੋਈ। ਇਸ ਦਾ ਹੱਥ-ਲਿਖਤ ਉਤਾਰਾ ਕਵੀਸ਼ਰ ਬਸੰਤ ਸਿੰਘ ਪਾਸ ਹੈ। ਇਸ ਰਚਨਾ ਦੇ ਕੁੱਲ 36 ਛੰਦ ਹਨ। ਇਸ ਵਿਚ ਦੋ ਭਾਗ, ਬੈਂਤ, ਝੋਕ, ਮਨੋਹਰ ਭਵਾਨੀ ਛੰਦ ਵਰਤੇ ਗਏ ਹਨ।

ਕਰਬਲਾ ਦਾ ਸਾਕਾ ਇਸਲਾਮੀ ਇਤਿਹਾਸ ਵਿਚ ਸਭ ਤੋਂ ਚੰਦਰਾ, ਮਾਰੂ, ਲਹੂਭਿੱਜਾ ਤੇ ਦਰਦ ਭਰਿਆ ਸਾਕਾ ਹੈ। ਰਜਬ ਅਲੀ ਨੇ ਕਰਬਲਾ ਦੇ ਮੈਦਾਨ ਦਾ ਸ਼ਬਦ-ਚਿੱਤਰ ਇਸ ਤਰ੍ਹਾਂ ਖਿੱਚਿਆ ਹੈ :

ਜਿਥੇ ਘੋੜਾ ਪੀਰ ਦਾ ਖੜੋ ਗਿਆ ਆਣ ਜੀ।
ਕੁੱਲ ਦੁਨੀਆਂ ਚੋਂ ਚੰਦਰਾ ਮੈਦਾਨ ਜੀ।
ਉਜੜੀ ਦੀ ਕੂਟ ਨਰ ਦੇਅ ਦੀ ਧਰਤੀ।
ਦੂਰ ਦੂਰ ਤੀਕ ਸੁੰਨਸਾਨ ਵਰਤੀ।
ਜਿਥੇ ਹੋਇਆ ਕੈਰੋਂ ਪਾਂਡਮਾਂ ਦਾ ਜੰਗ ਜਾਂ।
ਏਸ ਦੀ ਜ਼ਮੀਨ ਦਾ ਓਹੋ ਜਿਆ ਰੰਗ ਜੀ।
ਤਲਵਾਰਾਂ ਮਾਰਦੇ ਰੁੱਖਾਂ ਦੇ ਪੱਤ ਜੀ।
ਸਿੰਮ ਸਿੰਮ ਡਿੱਗਦੀ ਫੱਟਾਂ ਚੋਂ ਰੱਤ ਜੀ।
ਜਿੱਥੇ ਪੌੜ ਘੋੜੇ ਦਾ ਰਤਾ ਕੁ ਖੁੱਬ ਲੇ।
ਓਸ ਜਗਾ ਲਹੂ ਦਾ ਫਵਾਰਾ ਉਬਲੇ।
ਵੇਖ ਕੇ ਹੁਸੈਨ ਦਾ ਸਰੀਰ ਕੰਬਿਆ।
ਇਹ ਕੀ ਭਾਣਾ ਘੋੜਾ ਤਾਂ ਕਦੇ ਨਾ ਹੰਭਿਆ।

ਜ਼ੈਨਬ ਆਪਣੇ ਭਰਾ ਹੁਸੈਨ ਦੇ ਦੁੱਖ ਵਿਚ ਇਸ ਤਰ੍ਹਾਂ ਹਮਦਰਦੀ ਕਰਦੀ ਹੈ :

ਸੰਭਲ ਕਰ ਤੁਰਨਾ ਏਥੇ, ਨਾਗਾਂ ਦੀ ਵਰਮੀ ਵੇ।
ਪਾਪਣਾ ਚਲਣ ਲੋਆਂ, ਕਹਿਰ ਦੀ ਗਰਮੀ ਵੇ।
ਦੁਖੜਿਆਂ ਨੂੰ ਛੱਡਿਆ ਭਾਈ, ਅੰਬੜੀ ਪਿਉ ਧਰਮੀ ਵੇ।
ਬਾਬਲ ਪਿਤਾ ਸ਼ੇਰ ਖ਼ੁਦਾ ਦਾ, ਹੁੰਦਾ ਅਜ ਜਿੰਦਾ ਵੇ।
ਤੈਨੂੰ ਵਾ ਤੱਤੀ ਵੀਰ, ਲੱਗਣ ਨਾ ਦਿੰਦਾ ਵੇ।

Digitized by Panjab Digital Library | www.panjabdigilib.org

'ਰਜਬ ਅਲੀ ਖਾਂ ਸ਼ਾਇਰ ਪ੍ਰੀਤ ਲਾ ਕੇ, ਜੰਗ ਕਰਬਲਾ ਦੇ ਖਿੱਚੇ ਖ਼ਾਕਿਆਂ ਨੂੰ।' ਬਾਬੂ ਜੀ ਦੀ ਇਹ ਕਿਰਤ ਦਰਦ ਦੀ ਭੁੱਜੀ ਬੋਟੀ ਹੈ।

36. ਪੀਰਾਂਨਿਪੀਰ (1965 ਈ.)

'ਪੀਰਾਂਨਿਪੀਰ' ਬਾਬੂ ਰਜਬ ਅਲੀ ਦੀ ਅਣਪ੍ਰਕਾਸ਼ਿਤ ਰਚਨਾ ਹੈ, ਜੋ ਇਸ ਨੇ 1965 ਈ. ਵਿਚ ਲਿਖੀ। ਇਸ ਦਾ ਹੱਥ-ਲਿਖਤ ਉਤਾਰਾ ਪ੍ਰੋ. ਰੁਲੀਆਂ ਸਿੰਘ ਸਿਧੂ ਤੋਂ ਪ੍ਰਾਪਤ ਕੀਤਾ ਹੈ। ਇਸ ਦੇ ਕੁੱਲ ਛੰਦ ਤੀਹ ਹਨ। ਇਸ ਵਿਚ ਪਰੰਪਰਾਗਤਿ ਛੰਦ ਵਰਤੇ ਗਏ। ਇਹ ਅਣਛਪੀ ਰਚਨਾ ਹੈ।

ਬਾਬੂ ਰਜਬ ਅਲੀ ਨੇ ਇਸ ਵਿਚ ਪੀਰ ਅਬਦੁਲਕਾਦਰ ਜੀਲਾਨੀ ਦੀ ਸਿਫਤ ਕੀਤੀ ਹੈ। ਇਹ ਇਸਲਾਮੀ ਸ਼ਰਾਅ ਨਾਲ ਸੰਬੰਧਿਤ ਰਚਨਾ ਹੈ ਜਿਸ ਵਿਚ ਪ੍ਰਤੀਕਾਤਮਿਕ ਵਿਧੀ ਨਾਲ ਬੰਦੇ ਨੂੰ ਪ੍ਰਹੇਜ਼ਗਾਰ ਬਨਣ ਦੀ ਸਲਾਹ ਦਿਤੀ ਗਈ। ਇਸ ਵਿਚ ਗਿਆਰੀ ਵਾਲੇ ਪੀਰ ਦੀਆਂ ਕਰਾਮਾਤੀ ਸ਼ਕਤੀਆਂ ਦਾ ਖੁੱਲ੍ਹ ਦੇ ਵਰਨਣ ਕੀਤਾ ਗਿਆ ਹੈ :

ਸੁਣੋ ਨੇਕ ਰੂਹਾਂ ਦੀ ਸੁਣਾਵਾਂ ਗੱਲ ਜੀ।
ਅੱਛਾ ਫਲ ਲਗਦਾ ਧਰਮ ਵਲ ਜੀ।
ਬਹਿਜੋ ਵਾਰੀ ਵੀਰਨੋ ਹਮਾਰੀ ਐਣ ਦਿਓ।
ਗੱਲ ਗਿਆਰ੍ਹੀ ਵਾਲੇ ਪੀਰ ਦੀ ਸਣੇਨ ਦਿਓ।

(ਹ) ਈਸਾਈ ਪ੍ਰਸੰਗ

37. ਹਜ਼ਰਤ ਈਸਾ ਮਸੀਹ

ਬਾਬੂ ਰਜਬ ਅਲੀ ਨੇ ਇਸ ਰਚਨਾ ਵਿਚ ਹਜ਼ਰਤ ਈਸਾ ਮਸੀਹ ਦੀ ਸਿਫਤ ਸਲਾਹ ਕੀਤੀ ਹੈ। ਇਹ ਅਣਪ੍ਰਕਾਸ਼ਿਤ ਤੇ ਲਘੂ ਆਕਾਰ ਦੀ ਰਚਨਾ ਹੈ ਅਤੇ ਇਸ ਦਾ ਖਰੜਾ ਕਵੀਸ਼ਰ ਜਗਮੇਲ ਸਿੰਘ ਕੋਲ ਪਿਆ ਹੈ। ਇਸ ਰਚਨਾ ਦੇ ਕੇਵਲ 6 ਛੰਦ ਹਨ।

ਬਾਬੂ ਜੀ ਨੇ ਕੁਰਾਨ ਸ਼ਰੀਫ ਦੇ ਹਵਾਲਿਆਂ ਦੇ ਅਧਾਰ ਉੱਤੇ ਇਸ ਰਚਨਾ ਦੀ ਉਸਾਰੀ ਕੀਤੀ[9] ਅਤੇ ਮਸੀਹ ਦੀ ਪੈਗੰਬਰੀ ਦੀ ਇਸ ਤਰਾਂ ਵਡਿਆਈ ਕੀਤੀ ਹੈ :

ਸੱਚਾ ਰਬ ਪਛਾਣਦਾ ਕੁਦਰਤਾਂ ਤੋਂ, ਮਾਂ ਤੋਂ ਬਿਨਾਂ ਮੈਰਜ ਤੋਂ ਬਾਲ ਹੋਊ।
ਆਸਮਾਨ ਤੋਂ ਮਿਲੂ ਅੰਜੀਲ ਮੈਨੂੰ, ਮੇਰਾ ਸਾਥ ਪੈਗੰਬਰਾਂ ਨਾਲ ਹੋਊ।
ਕੋਹੜੀ ਪੁਰਸ਼ ਜਮਾਂਦਰੂ ਅੰਨ੍ਹਿਆਂ ਨੂੰ, ਮੇਰੇ ਹੱਥਾਂ ਤੋਂ ਸਫਾ ਕਮਾਲ ਹੋਊ।

3. ਰੁਮਾਂਚਿਕ ਕਿੱਸੇ

38. ਦਹੂਦ ਬਾਦਸ਼ਾਹ (1953 ਈ.)

'ਦਹੂਦ ਬਾਦਸ਼ਾਹ' ਬਾਬੂ ਰਜਬ ਅਲੀ ਦੀ ਅਪ੍ਰਕਾਸ਼ਿਤ ਰਚਨਾ ਹੈ। ਇਹ ਕਿੱਸਾ ਬਾਬੂ ਜੀ ਨੇ ਦੋ ਹਿੱਸਿਆਂ ਵਿਚ ਕ੍ਰਮਵਾਰ 20-7-1953 ਅਤੇ 1954 ਈ. ਵਿਚ ਕਵੀਸ਼ਰ ਬਸੰਤ ਸਿੰਘ ਨੂੰ ਭੇਜਿਆ। ਜ਼ਾਹਿਰ ਹੈ ਇਹ ਕਿੱਸਾ 1953 ਈ. ਵਿਚ ਰਚਿਆ ਗਿਆ। ਦਹੂਦ ਇਸਲਾਮੀ ਪਰੰਪਰਾ ਦਾ ਰੁਮਾਂਚਿਕ ਕਿੱਸਾ ਹੈ। ਇਹ ਪੰਜਾਬ ਵਿਚ, ਵਿਸ਼ੇਸ਼ ਕਰ ਕੇ ਮਾਲਵੇ ਵਿਚ, ਬਹੁਤ ਲੋਕ-ਪ੍ਰਿਯ ਹੋਇਆ। ਇਹ ਕਿੱਸਾ ਪੰਜਾਬੀ ਵਿਚ ਮਹਾਰਾਜਾ ਰਣਜੀਤ ਸਿੰਘ ਕਾਲ ਤੋਂ ਬਾਅਦ ਅਤੇ ਵੀਹਵੀਂ ਸਦੀ ਵਿਚ ਲਿਖਿਆ ਗਿਆ। 'ਦਹੂਦ'

Digitized by Panjab Digital Library | www.panjabdigilib.org

ਲਿਖਣ ਵਾਲੇ ਹੋਰ ਪ੍ਰਸਿਧ ਕਵੀ ਹਨ : ਮਾਘੀ ਸਿੰਘ, ਕਰਨੈਲ ਸਿੰਘ ਰਾਮੂਵਾਲੀਆ, ਆਦਿ ।

ਬਾਬੂ ਰਜਬ ਅਲੀ ਨੇ ਦਹੂਦ ਬਾਦਸ਼ਾਹ ਦੀ ਕਹਾਣੀ ਦਾ ਆਧਾਰ ਇਤਿਹਾਸਿਕ ਤੇ ਪਰੰਪਰਾਗਤ ਰੂੜ੍ਹੀਆਂ ਦਾ ਮਿਸ਼ਰਣ ਬਣਾਇਆ ਹੈ । ਬਗਦਾਦ ਸ਼ਹਿਰ ਦੇ ਬਾਦਸ਼ਾਹ ਜਨੇਜ ਦੀ ਅਚਾਨਕ ਮੌਤ ਪਿੱਛੋਂ ਉਸ ਦੀ ਰਾਣੀ ਹਨਸੀ ਤੇ ਸ਼ਹਿਜ਼ਾਦੇ ਦਹੂਦ ਨੂੰ ਸ਼ਹਿਰ ਵਿਚੋਂ ਭੱਜਣਾ ਪੈਂਦਾ ਹੈ :

ਦੇਹੀ ਬਾਲਣ ਬਣਾਤੀ, ਰਾਣੀ ਮੰਗਣ ਚੜ੍ਹਾਤੀ,
ਤੇ ਤਖਤ ਉਤੋਂ ਲਾਹਤੀ, ਚੂੰਡਿਆਂ ਤੋਂ ਫੜਕੇ ।
ਧਾੜ ਧਾੜ ਕਾਲਜਾ ਬੁੜੀ ਦਾ ਧੜਕੇ ।

ਤੇਲਣ ਦੀ ਇਕ ਤਰਕ ਤੋਂ ਦਹੂਦ ਇਕੱਲਾ ਹੀ ਰੂਮ ਦੇਸ ਵਿਚ ਆਪਣੀ ਮੰਗ ਵਿਆਹੁਣ ਜਾਂਦਾ ਹੈ, ਭਾਵੇਂ ਉਸਦੀ ਮਾਂ ਆਖਦੀ ਸੀ :

ਰੂਮ ਦੀ ਫੌਜ ਬਾਹਲੀ, ਅੱਟ ਦੂਗੀ ਖੂੰਹਿਆਂ ਨੂੰ ।
ਜਾਣ ਬੁਝ ਕੇ ਕਾਹਨੂੰ ਛੇੜਦਾ, ਸਰਪ ਦੋ ਮੂੰਹਿਆਂ ਨੂੰ ।

ਹਜ਼ਰਤ ਮੁਹੰਮਦ ਸਾਹਿਬ ਦਾ ਜਵਾਈ ਤੇ ਚੌਥੇ ਖਲੀਫੇ ਹਜ਼ਰਤ ਅਲੀ ਨਾਲ ਦਹੂਦ ਦੀ ਰਿਸ਼ਤੇਦਾਰੀ ਸੀ । ਉਹ ਉਸ ਦੇ ਨਾਲ ਦੁਲ-ਦੁਲ ਉੱਤੇ ਅਸਵਾਰ ਹੋ ਕੇ ਰੂਮ ਗਿਆ ਅਤੇ ਉਹ ਮਿਸਰ ਦੇ ਸ਼ਹਿਰ ਅੰਦਰ ਜਨਾਨਾ ਬਾਗ ਵਿਚ ਪਹੁੰਚ ਗਏ । ਮਾਲਣ ਤੇ ਮੰਦੇ ਬਚਨ ਬੋਲਣ ਉੱਤੇ ਹਜ਼ਰਤ ਅਲੀ ਨੇ ਬਾਗ਼ ਨੂੰ ਅੱਗ ਲਾ ਦਿੱਤੀ ਤੇ ਫਿਰ ਬਾਗ ਸੁਰਜੀਤ ਕਰ ਦਿੱਤਾ । ਦਹੂਦ ਆਪਣੀ ਮੰਗੇਤਰ ਕੋਲ ਮਾਲਣ ਦੇ ਹੱਥ ਚਿੱਠੀ ਭੇਜਦਾ ਹੈ । ਉਧਰ ਰੂਮ ਤੋਂ ਜੰਞ ਆ ਜਾਂਦੀ ਹੈ । ਹਜ਼ਰਤ ਅਲੀ ਉਸ ਨੂੰ ਇਕ ਅਦ੍ਰਿਸ਼ਟ ਹੋਣ ਵਾਲੀ ਤਸਬੀ ਦਿੰਦਾ ਹੈ । ਪਰ ਤਸਬੀ ਦਾ ਧਾਗਾ ਟੁੱਟ ਜਾਣ ਕਾਰਨ ਦਹੂਦ ਫੜਿਆ ਜਾਂਦਾ ਹੈ ਅਤੇ ਖ਼ੂਨੀ ਖੂਹ ਵਿਚ ਸੁੱਟ ਦਿਤਾ ਜਾਂਦਾ ਹੈ । ਜਿਥੋਂ ਉਸ ਨੂੰ ਹਜ਼ਰਤ ਅਲੀ ਕਰਾਮਾਤੀ ਸ਼ਕਤੀ ਨਾਲ ਬਾਹਰ ਕੱਢਦਾ ਹੈ । ਉਹ ਸੈਂਕੜੇ ਮਣ ਭਾਰੇ ਪੱਥਰ ਨੂੰ ਗੀਟੀ ਵਾਂਗ ਅਸਮਾਨ ਵਿਚ ਪਹੁੰਚਾ ਦਿੰਦਾ ਹੈ :

ਗੀਟੀ ਚੜ੍ਹੀ ਅਸਮਾਨ ਨੂੰ ਉਡ ਕੇ ਤੇ, ਲੈ ਗੀ ਪਾੜ ਪਹਾੜ ਨੂੰ ਚੀਰ ਕੇ ਜੀ ।
ਹੋ ਗੀ ਹੱਦ ਫਕੀਰ ਸੀ ਕਰਾਮਾਤੀ, ਕੁੰਡੇ ਟੁੱਟਗੇ ਕੁੱਲ ਜੰਜੀਰ ਦੇ ਜੀ ।

ਦਹੂਦ ਦੀ ਮੰਗੇਤਰ, ਘਰ ਦਿਆਂ ਨੂੰ ਚਕਮਾ ਦੇ ਕੇ, ਦਹੂਦ ਨੂੰ ਮਿਲਦੀ ਹੈ ਤੇ ਉਸ ਨਾਲ ਭੱਜ ਜਾਂਦੀ ਹੈ । ਰਾਹ ਵਿਚ ਘੋੜੇ ਦੀ ਕਮਰ ਟੁੱਟ ਜਾਂਦੀ ਹੈ । ਪਰ ਪੀਰ ਦੀ ਦੁਆ ਨਾਲ ਆਸਮਾਨੋਂ ਘੋੜਾ ਆ ਜਾਂਦਾ ਹੈ । ਰੂਮ ਦੀ ਫੌਜ ਨੇ ਆ ਕੇ ਉਹਨਾਂ ਨੂੰ ਘੇਰ ਲੈਂਦੀ ਹੈ ਤੇ ਦਹੂਦ ਤੇ ਉਸ ਦੀ ਮੰਗੇਤਰ ਮਾਰੇ ਜਾਂਦੇ ਹਨ । ਹਜ਼ਰਤ ਗੁੱਸੇ ਵਿਚ ਆਖਦਾ ਹੈ :

ਦੇਖ ਕੇ ਖੜੋਗੇ ਰੋਮ ਰੋਮ ਅੰਗ ਦੇ ।
ਹਟੂੰ ਜਾਂ ਰੱਤ ਲਗੂ ਤੇਗ ਨੂੰ ਤੁਰੰਗ ਦੇ ।

ਹਜ਼ਰਤ ਅਲੀ ਦੁਸ਼ਮਣਾਂ ਨੂੰ ਮਾਰ ਕੇ ਦਹੂਦ ਤੇ ਉਸ ਦੀ ਮੰਗੇਤਰ ਨੂੰ ਜੀਵਤ ਕਰਦਾ ਹੈ ਅਤੇ ਕਥਾ ਦੇ ਅੰਤ ਨੂੰ ਸੁਖਾਂਤ ਬਣਾ ਦਿੰਦਾ ਹੈ ।

ਬਾਬੂ ਰਜਬ ਅਲੀ ਨੇ ਬੜੀ ਰੋਚਕਿਤਾ ਨੂੰ ਕਾਇਮ ਰਖਦਿਆਂ ਇਸ ਕਿੱਸੇ ਨੂੰ ਲਿਖਿਆ

Digitized by Panjab Digital Library | www.panjabdigilib.org

ਹੈ ।

39 ਕੌਲਾਂ ਸ਼ਾਹਣੀ ਤੇ ਰਾਜਾ ਰਸਾਲੂ (ਪ੍ਰਕਾਸ਼ਿਤ 1978 ਈ.)

'ਕੌਲਾਂ ਸ਼ਾਹਣੀ' ਦਾ ਪ੍ਰਸੰਗ ਰਜਬ ਅਲੀ ਨੇ ਦੋ ਵੇਰ ਲਿਖਿਆ । 'ਕੌਲਾਂ ਸ਼ਾਹਣੀ ਤੇ ਰਸਾਲੂ' ਸਿਰਲੇਖ ਵਾਲਾ ਕਿੱਸਾ ਉਸ ਨੇ ਚੱਕ ਨੰਬਰ 32, 2 ਐਲ, ਉਕਾੜਾ, ਪਾਕਿਸਤਾਨ ਵਿਚ ਲਿਖਿਆ[21] । ਇਸ ਕਿੱਸੇ ਨੂੰ ਕਵੀਸ਼ਰ ਜਗਮੇਲ ਸਿੰਘ ਨੇ 13 ਅਪ੍ਰੈਲ 1978 ਈ. ਵਿਚ ਪ੍ਰਕਾਸ਼ਿਤ ਕੀਤਾ[22] । ਇਸ ਰੁਮਾਂਚਿਕ ਪ੍ਰਸੰਗ ਦੇ 54 ਬੰਦ ਹਨ ਅਤੇ ਇਸ ਵਿਚ 10 ਛੰਦ ਵਰਤੇ ਗਏ ਹਨ, ਜਿਨ੍ਹਾਂ ਦਾ ਤਫ਼ਸੀਲ ਇਸ ਪ੍ਰਕਾਰ ਹੈ : ਦੋਹਰੇ-27, ਮਨੋਹਰ ਭਵਾਨੀ 2, ਦੋਭਾਗ ਛੰਦ-6, ਦੁਤਾਰਾ-5, ਝੋਕ-1, ਮਕੰਦ-8, ਬੈਂਤ-1 ਡੂਢਾ-1, ਤਰਜ਼-1, ਤਰਜ਼ ਨਮੇ ਭਾਅ ਦੀ-1 ।

ਇਸ ਪ੍ਰਸੰਗ ਦੇ ਹੋਰ ਲੋਕਪ੍ਰਿਯ ਨਾਂ 'ਸ਼ਾਹਣੀ ਕੌਲਾਂ ਤੇ ਸੇਠ ਥੀਜਾ' ਵੀ ਹੈ । ਇਹ ਕਿੱਸਾ ਪੰਜਾਬ ਦੀ ਲੋਕ-ਰੂੜ੍ਹੀ ਵਿਚ ਪ੍ਰਚਲਤ ਸੀ । ਰਾਜਾ ਰਸਾਲੂ ਰਾਜਾ ਸਲਵਾਹਨ ਦਾ ਪੁੱਤਰ ਸਿਆਲਕੋਟ ਦਾ ਰਾਜਾ ਸੀ । ਪੰਜਾਬ ਦਾ ਇਹ ਲੋਕ-ਨਾਇਕ ਆਪਣੇ ਦੀਵਾਨ ਸੇਠ ਥੀਜਾ ਦੀ ਪਤਨੀ ਕੌਲਾਂ ਦੇ ਸਤ ਦੀ ਪ੍ਰੀਖਿਆ ਲੈਂਦਾ ਹੈ । ਇਸ ਕਿੱਸੇ ਵਿਚ ਪਤੀਵਰਤਾ ਇਸਤ੍ਰੀ ਦੀ ਸ਼ਕਤੀ ਵਿਖਾਈ ਗਈ ਹੈ ਪਰ ਔਰਤ ਨੇ ਮਰਦ ਦੀ ਤਸੱਲੀ ਲਈ ਸੀਤਾ ਵਾਂਗ ਅਗਨ-ਪ੍ਰੀਖਿਆ ਵਿਚੋਂ ਗੁਜ਼ਰਨਾ ਪੈਂਦਾ ਹੈ । ਇਹ ਕਿੱਸਾ ਸਿੱਖ ਰਾਜ ਦੇ ਅੰਤ ਤਕ ਨਹੀਂ ਸੀ ਲਿਖਿਆ ਗਿਆ । ਸਰ ਰਿਚਰਡ ਟੈਂਪਲ ਦੀਆਂ 'ਪੰਜਾਬ ਦੀਆਂ ਲੋਕ-ਗਥਾਵਾਂ' ਵਿਚ ਦਿਤੀ ਰਾਜਾ ਰਸਾਲੂ ਦੀ ਗਾਥਾ ਵਿਚ ਕੌਲਾਂ ਵਾਲਾ ਪ੍ਰਸੰਗ ਨਹੀਂ ਹੈ । ਇਹ ਪ੍ਰਸੰਗ ਵਧੇਰੇ ਲੋਕਪ੍ਰਿਯ ਵੀਹਵੀਂ ਸਦੀ ਵਿਚ ਹੋਇਆ । ਇਸ ਨੂੰ ਕਲਮਬੱਧ ਕਰਨ ਵਾਲੇ ਹੋਰ ਕਵੀ ਹਨ : ਮੰਗਲ ਸਿੰਘ[23], ਨੰਦ ਸਿੰਘ[24], ਪੰਡਤ ਰਾਮ ਚੰਦ[25], ਚੰਨਣ ਸਿੰਘ[26], ਕਰਨੈਲ ਸਿੰਘ ਰਾਮੂਵਾਲੀਆ[27], ਠਾਕਰ ਚੰਦ ਸ਼ਰਮਾ[28], ਗੁਰਦਾਸ ਸਿੰਘ[29], ਆਦਿ ਹਨ ।

ਬਾਬੂ ਰਜਬ ਅਲੀ ਨੇ ਇਹ ਕਿੱਸਾ ਪਰੰਪਰਾਗਤਿ ਸ਼ੈਲੀ ਵਿਚ ਲਿਖਿਆ । ਇਹ ਮੰਗਲਾ-ਚਰਣ ਨਾਲ ਆਰੰਭ ਹੁੰਦਾ ਹੈ । ਇਹ ਕਿੱਸਾ ਕਰੁਣਾ ਭਰਪੂਰ, ਦਿਲਚਸਪ ਰਚਨਾ ਹੈ ।

'ਸ਼ਾਹਣੀ ਕੌਲਾਂ' ਦਾ ਕਿੱਸਾ ਸਮੁੱਚੇ ਕਿੱਸਾ-ਕਾਵਿ ਵਿਚ ਵੱਖਰੀ ਵਿਰਤੀ ਦਾ ਧਾਰਨੀ ਹੈ । ਕਿੱਸਾ-ਕਾਵਿ ਵਿਚ ਆਮ ਤੌਰ ਰੰਨ ਭੰਡੀ ਪ੍ਰਧਾਨ ਹੈ ਪਰ ਇਸ ਕਿੱਸੇ ਵਿਚ ਇਸਤ੍ਰੀ ਦੇ ਇਸਤ੍ਰੀਤਵ ਦੀ ਸੁੱਚਤਾ ਦੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ ਹੈ । ਇੱਥੇ ਕੌਲਾਂ ਸਤੀ ਹੈ, ਕੌਲਾਂ ਆਪਣੇ ਸਤ ਦੀ ਪ੍ਰੀਖਿਆ ਦੇਣ ਲਈ ਆਪਣੇ ਪੈਰਾਂ ਦਾ ਚੁੱਲ੍ਹਾ ਬਣਾ ਕੇ ਖੀਰ ਰਿੰਨ੍ਹਦੀ ਹੈ, ਬਲਦੇ ਅੰਗੀਠੇ ਵਿਚ ਬੈਠ ਕੇ ਸਾਬਤ ਨਿਕਲਦੀ ਹੈ ਅਤੇ ਗੁਰੂ ਗੋਰਖ ਵਾਂਗ ਸੂਤ ਦੇ ਕੱਚੇ ਧਾਗੇ ਨਾਲ ਖੂਹ ਵਿਚੋਂ ਪਾਣੀ ਦਾ ਘੜਾ ਖਿੱਚਦੀ ਹੈ ।

ਕਲਾਤਮਿਕ ਪੱਖੋਂ ਇਹ ਬਾਬੂ ਜੀ ਦੀ ਲੋਕ-ਪ੍ਰਿਯ ਤੇ ਪ੍ਰਤੀਨਿਧ ਰਚਨਾ ਹੈ । ਇਸ ਵਿਚ ਕਵੀ ਨੇ ਕਰੁਣਾ ਰਸ ਨੂੰ ਬਹੁਤ ਭਾਵਪੂਰਨ ਸ਼ਬਦਾਂ ਵਿਚ ਬੰਨ੍ਹਿਆ ਹੈ :

ਕੋਈ ਕੈਹੰਦਾ ਹੋਗੀ ਐ ਦਮਨ ਸੜ ਕੇ ।
ਕੇਹੜਾ ਬਚੇ ਅੱਗ ਦੇ ਦਰਿਆ 'ਚ ਵੜ ਕੇ ।
ਕੋਈ ਕੈਹੰਦਾ ਬਹੁਤੀਆਂ ਨਰਮ ਹੱਡੀਆਂ ।

Digitized by Panjab Digital Library | www.panjabdigilib.org

ਮੂੰਹ 'ਚ ਲੈ ਕੇ ਅੱਗ ਨੇ ਮਰੋੜ ਛੱਡੀਆਂ ।
ਕੋਈ ਕੈਂਹਦਾ ਅੱਗ ਨੇ ਭਸਮ ਕਰਤੀ ।
ਕੋਈ ਕੈਂਹਦਾ ਦੇ ਗੀ ਬਿਆੜ ਧਰਤੀ ।
ਕੋਈ ਕੈਂਹਦਾ ਸਾੜ ਤੀ ਵਿਚਾਲੇ ਘੇਰ ਕੇ ।
ਕੋਈ ਕੈਂਹਦਾ ਚੜ੍ਹਗੀ 'ਸਮਾਨ ਵੇਰੁ ਕੇ ।
ਬਣੀ ਕੁਦਰਤ ਮਾਲਕ ਦੀ, ਸ਼ੱਕਰ ਨੇ ਘੁਲਣਾ,
ਨੂਣ ਨੇ ਖਰਨਾ । ਕਰ ਸਬਰ ਬਾਬਲਾ ਤੂੰ,
ਘੜੇ ਨੇ ਭੱਜਣਾ, ਜੰਮੇ ਨੇ ਮਰਨਾ ।

ਸ਼ਬਦਾਂ ਦੀ ਜੜਤ, ਛੰਦ ਦੀ ਪਕਿਆਈ ਤੇ ਰਸ ਦੀ ਨਿਸਪਤੀ ਇਸ ਰਚਨਾ ਦੇ ਖ਼ੂਬਸੂਰਤ ਭੂਸ਼ਣ ਹਨ ।

40. **ਕੌਲਾਂ ਭਗਤਨੀ** (1944 **ਈ.**)

ਬਾਬੂ ਰਜਬ ਅਲੀ ਨੇ 'ਸ਼ਾਹਣੀ ਕੌਲਾਂ ਤੇ ਸੇਠ ਬੀਜਾ' ਤੋਂ ਬਿਨਾਂ ਦੂਜੀ ਵਾਰ ਫੇਰ ਹੋਰ ਇਹ ਕਿਸਾ 'ਕੌਲਾਂ ਭਗਤਣੀ' ਦੇ ਨਾਂ ਹੇਠ 20 ਅਕਤੂਬਰ, 1944 ਈ. ਵਿਚ ਲਿਖਿਆ । ਇਹ ਰਚਨਾ ਅਣਪ੍ਰਕਾਸ਼ਿਤ ਹੈ ਅਤੇ ਇਸ ਦੀ ਹੱਥ-ਲਿਖਤ ਕਾਪੀ ਕਵੀਸ਼ਰ ਬਸੰਤ ਸਿੰਘ ਕੋਲ ਹੈ । ਇਸ ਰਚਨਾ ਦਾ ਮਤਨ ਨਿਚਸਤ ਨਹੀਂ ਸਗੋਂ ਕਈ ਛੰਦ ਇਕ ਦੂਜੇ ਵਿਚ ਗਾਉਣ ਵਾਲੇ ਕਵੀਸ਼ਰ ਲਾ ਜਾਂਦੇ ਹਨ । ਇਸ ਰਚਨਾ ਦਾ ਨਮੂਨਾ ਇਸ ਪ੍ਰਕਾਰ ਹੈ :

ਸਿਆਣੇ ਜ਼ਿਆਦਾ ਹੁੰਦੇ ਐ ਵਪਾਰੀ ਬਾਹਰ ਦੇ ।
ਬਾਜ਼ ਵਾਂਗੂੰ ਨਜ਼ਰ ਚੁਫੇਰੇ ਮਾਰਦੇ ।
ਛੇੜੇ ਜਾਂ ਵਪਾਰੀਆਂ ਜਖਮ ਅੱਲ੍ਹੇ ਜੀ ।
ਨੌਹਾਂ ਵਿਚੋਂ ਚਲ ਗੇ ਲਹੂ ਦੇ ਬੰਬੇ ਜੀ ।
ਕੌਲਾਂ ਕਹਿੰਦੀ ਕੰਤ ਵਜ਼ੀਰ ਭਰਮੀ ।
ਮੇਰੇ ਸਿਰ ਮੜ੍ਹੀ ਰਾਜੇ ਦੀ ਬਿਸ਼ਰਮੀ ।
ਬਣੀ ਕੁਦਰਤ ਮਾਲਕ ਦੀ, ਸ਼ੱਕਰ ਨੇ ਘੁਲਣਾ ਲੂਨ ਨੇ ਖੁਰਣਾ ।
ਕਰ ਸਬਰ ਬਾਬਲਾ ਤੂੰ, ਘੜੇ ਨੇ ਭੱਜਣਾ ਜੰਮੇ ਨੇ ਮਰਨਾ ।
ਭਾਵੇਂ ਕਿਰਿਆ ਨਾ ਕਿਰਿਆ, ਪਾੜਦੂ ਕਾਲ ਛੁਰੀ ਖਰਬੂਜ਼ਾ ।
ਹੋਜੂ ਫਾਇਰ ਸ਼ਿਕਾਰੀ ਦਾ, ਮਾਰ ਲੈ ਚੁੰਗੀਆਂ ਹੀਰਿਆ ਹਰਨਾ ।

41 **ਰਾਜਾ ਰਤਨ ਸੈਨ**(1960 **ਈ.**)

'ਰਾਜਾ ਰਤਨ ਸੈਨ' ਦਾ ਪ੍ਰਸੰਗ ਰਜਬ ਅਲੀ ਨੇ 1960 ਈ. ਵਿਚ ਪਾਕਿਸਤਾਨ ਵਿਚ ਲਿਖ ਕੇ ਆਪਣੇ ਸ਼ਾਗਿਰਦਾਂ ਨੂੰ ਭੇਜਿਆ । ਇਸ ਦਾ ਹੱਥ-ਲਿਖਤ ਉਤਾਰਾ ਕਵੀਸ਼ਰ ਬਸੰਤ ਸਿੰਘ ਪਾਸ ਹੈ । ਇਸ ਪ੍ਰਸੰਗ ਵਿਚ ਦੋਹਰਾ, ਮੁਕੰਦ, ਬਹੱਤਰਕਲਾ, ਕਬਿੱਤ, ਬੈਂਤ, ਡੂਦਾ, ਸੋਲਾਂ ਅੱਖਰਾ ਛੰਦ ਆਦਿ ਛੰਦ ਵਰਤੇ ਗਏ ਹਨ । ਇਸ ਦੇ ਛੰਦਾਂ ਦੀ ਗਿਣਤੀ ਚਾਲੀ ਹੈ । ਕਵੀਸ਼ਰੀ ਪਰੰਪਰਾ ਅਨੁਸਾਰ ਛੰਦ ਤੋਂ ਪਹਿਲਾਂ ਦੋਹਿਰਾ ਦਿਤਾ ਗਿਆ ਹੈ ।

Digitized by Panjab Digital Library | www.panjabdigilib.org

'ਰਾਜਾ ਰਤਨ ਸੈਨ' ਰਾਜਪੂਤੀ ਸ਼ਾਨ ਦੀ ਅਥਾਹ ਬਹਾਦਰੀ ਗਾਥਾ ਹੈ ਜਿਸ ਵਿਚ ਰਾਜਪੂਤ ਆਪਣੀ ਆਣ ਦੀ ਖਾਤਰ ਆਪਣੀ ਜਾਨ ਉੱਤੇ ਖੇਡ ਕੇ ਜੌਹਰ ਵਿਖਾਉਂਦੇ ਹਨ।

'ਰਾਜਾ ਰਤਨ ਸੈਨ' ਦਾ ਪ੍ਰਸੰਗ ਨੂੰ ਕਵੀਸ਼ਰੀ ਵਿਚ ਕਈ ਕਵੀਸ਼ਰਾਂ ਨੇ ਛੰਦਬੱਧ ਕੀਤਾ ਹੈ। ਬਾਬੂ ਰਜਬ ਅਲੀ ਨੇ ਪ੍ਰਚਲਤ ਪਰੰਪਰਾ ਅਨੁਸਾਰ ਇਸ ਪ੍ਰਸੰਗ ਨੂੰ ਕਾਵਿ-ਬੱਧ ਕੀਤਾ ਹੈ। ਉਸਨੇ ਰਾਣੀ ਨਾਗ ਦੇਅ ਦਾ ਨਖ ਸ਼ਿਖ ਵਰਨਣ ਕਮਾਲ ਦੀ ਸ਼ਿੱਦਤ ਨਾਲ ਕੀਤਾ ਹੈ:

ਲੱਕ ਲੈ ਲਿਆ ਚੀਤੇ ਤੋਂ ਉਧਾਰਾ ਆਖਤਾ।
ਖੜੇ ਹਿੱਕ ਕੱਢ ਜਿਉਂ ਖੜੌਂਦੀ ਫ਼ਾਖਤਾ।
ਡੰਗ ਮਾਰੇ ਨਾਗਣੀ ਜ਼ੁਲਫ਼ ਕਾਲੜੀ।
ਮੰਦਰ ਸਜਾ ਲੈ ਲਿਆ ਚੜੌਤੋਂ ਲਾਲੜੀ।
ਗੋਰਾ ਰੰਗ ਜਿਵੇਂ ਰੰਗਣ ਕਪਾਹਾਂ ਦੀ।
ਸੈਂਚੇ ਵਿਚ ਢਾਲ ਲੀ ਗੁਲਾਈ ਬਾਹਾਂ ਦੀ।
ਤਿੰਨ ਲੋਕ ਵਿਚੋਂ ਨਾ ਥਿਆਵੇ ਭਾਲੜੀ।
ਮੰਦਰ ਸਜਾ ਲੈ ਲਿਆ ਚੜੌਤੋਂ ਲਾਲੜੀ।
ਉਹਦੇ ਵਾਂਗੂ ਲਚਕਾਰੇ ਪਾਵੇ ਪੌਣ ਜੀ।
ਜਿਹੜੀ ਲੈ ਗਿਆ ਕੂਟ ਚੋਂ ਚੁਰਾ ਕੇ ਰੌਣ ਜੀ।
ਡੰਗ ਮਾਰੇ ਨਾਗਣੀ ਜ਼ੁਲਫ ਕਾਲੜੀ।
ਮੰਦਰ ਸਜਾ ਲੈ ਲਿਆ ਚੜੌਤੋਂ ਲਾਲੜੀ।

ਬਾਬੂ ਜੀ ਨੇ ਰਤਨ ਸੈਨ ਨੂੰ ਦਿੱਲੀ ਦੇ ਬਾਦਸ਼ਾਹ ਅਲਾਉ ਦੀਨ ਖਿਲਜੀ ਤੋਂ ਛੜਾਉਣ ਲਈ ਕੀਤੀ ਤਿਆਰੀ ਨੂੰ ਖ਼ੂਬਸੂਰਤ ਸ਼ਬਦਾਂ ਵਿਚ, ਬੀਰਰਸ ਦੀ ਨਿਸ਼ਪਤੀ ਨਾਲ, ਬਿਆਨ ਕੀਤਾ ਹੈ:

ਲਓ ਪਹਿਣ ਸ਼ਸਤਰਾਂ ਨੂੰ, ਦਿਲੀ ਨੂੰ ਜਾਣਾ, ਛੁਡਾ ਲੌ ਰਾਣਾ,
ਖੁੱਲੇ ਬਚ ਗੁਰਗੋ, ਪਾ ਦਿਓ ਖੁਰਗੋ, ਉਡਣ ਪਰਚਾਂਡੇ।
ਕਰੋ ਦੰਦੇ ਦਾਤਰੀ ਦੇ, ਤੇਜ਼ ਹੱਥ ਫੇਰ, ਲਾ ਦਿਓ ਢੇਰ, ਕੜਬ ਦੇ ਟਾਂਡੇ।
ਰਹਿਣ ਤੇਗਾਂ ਚਿਲਕਦੀਆਂ, ਕਰ ਦਿਓ ਡੱਕਰੇ, ਕਿਤੇ ਜੇ ਟੱਕਰੇ, ਬਾਦਸ਼ਾਹ ਖਿਲਜੀ।

ਇਸ ਪ੍ਰਸੰਗ ਵਿਚੋਂ ਰਾਜਪੂਤੀ ਸ਼ਾਨ ਤੇ ਮਾਨ ਮਰਯਾਦਾ ਪ੍ਰਗਟ ਹੁੰਦੀ ਹੈ। ਰਤਨ ਸੈਨ ਦਾ ਭਰਾ ਬੂਰਾ ਆਪਣੇ ਵਿਆਹ ਦੀ ਰਸਮ ਵਿਚੇ ਛੱਡ ਕੇ ਆਪਣੇ ਭਰਾ ਨੂੰ ਛੁੱਡਾਉਣ ਲਈ ਜਾਂਦਾ ਹੈ:

ਗਿਆ ਉਤਰ ਚੌਂਕੀਓ ਬੂਰਾ, ਵਿਆਹ ਮਗਰੋਂ ਕਰਾ ਲੂੰ ਸੂਰਾ,
ਕੰਮ ਕਰ ਕੇ ਭਰਾ ਦਾ ਪੂਰਾ,
ਲੈਗੇ ਖਿਲਜੀ ਪਕੜ ਕੇ ਰਾਜੇ ਨੂੰ, ਚੜ ਚਾੜੇ ਸਿਰ ਮੁਲਾਜੇ ਨੂੰ।
ਦੁਖ ਸੁਣ ਕੇ ਕਾਲਜੇ ਘਿਰ ਦੇ, ਨੈਣੋਂ ਕਤਰੇ ਲਹੂ ਦੇ ਕਿਰਦੇ,
ਨਿਜ ਜੰਮੇ ਵੇ ਭਰਾ ਤਿੰਨ ਫਿਰਦੇ,

Digitized by Panjab Digital Library | www.panjabdigilib.org

ਥਰ ਥਰ ਕੰਬਣ ਲਗਾ ਸਾਧ ਡਰਾਕਲ ਡੇਰੇ ਦਾ,
ਚੜ੍ਹ ਕੇ ਆ ਜੇ ਨਾ ਜਗਰਾਵਾਂ ਵਾਲਾ ਠਾਣਾ।
ਦੁਸ਼ਮਣ ਪਾਤਸ਼ਾਹ ਦਾ ਹਿੱਕ ਦੇ ਨਾਲ ਲਾ ਲਿਆ ਤੂੰ,
ਤੇਰੇ ਵਰਗਾ ਹੋਣਾ ਨਾ ਕਿਸੇ ਦਾ ਜੇਰਾ।
ਇਹਨੇ ਭੱਜਣਾ ਸ਼ਾਹ ਨੇ ਵੈਰੀ ਮੰਗਣਾਂ ਵੈਰੀਆ,
ਸਾਰੇ ਪਿੰਡ ਦੇ ਸਿਰ 'ਤੇ ਧਰ ਦੂ ਗਾ ਕੁਹਾੜੀ।
ਜਿਤਨੇ ਕਿਲ੍ਹੇ ਬਣਗੇ ਬਣਗੇ ਜੁੱਧ ਦੇ ਵਾਸਤੇ,
ਸਾਡੇ ਸਾਕੇ ਵੇਖੀਂ ਤੈਂ ਕੀ ਗੜ੍ਹ ਨੂੰ ਚੋਣਾ।

ਇਹਨਾਂ ਕਲੀਆਂ ਦੀ ਇਕ ਹੋਰ ਖ਼ੂਬਸੂਰਤੀ ਰੂਪ-ਪੱਖ ਤੋਂ ਹੈ। ਬਾਬੂ ਰਜਬ ਅਲੀ ਨੇ ਹਰ ਕਲੀ ਅਗੇ ਕਲੀ ਦਾ ਮੁੱਖੜਾ ਵੀ ਦਿਤਾ ਹੈ ਜੋ ਬਹੁਤ ਘੱਟ ਕਵੀਆਂ ਨੇ ਦਿੱਤਾ ਹੈ। ਬਾਬੂ ਕਲੀ ਦੇ ਪਹਿਲੇ ਚਰਨ ਨੂੰ ਮੁਖੜੇ ਦਾ ਪਹਿਲਾ ਚਰਣ ਬਣਾ ਕੇ ਦੁਹਰਾਉਂਦਾ ਹੈ। ਇਹ ਮੁੱਖੜਾ ਕਥਾ ਦੀ ਪ੍ਰਿਸ਼ਠਭੂਮੀ ਅਨੁਸਾਰ ਮਾਹੌਲ ਨੂੰ ਬੰਨਦਾ ਹੈ ਤੇ ਸਰੋਤਿਆਂ ਨੂੰ ਮਾਨਸਿਕ ਤੌਰ ਤੇ ਉਸ ਪੱਧਰ ਉੱਤੇ ਤਿਆਰ ਕਰਦਾ ਹੈ। ਬਾਬੂ ਜੀ ਦਾ ਤੋੜਾ ਬਹੁਤ ਕਰਾਰਾ ਤੇ ਕਲਾਤਮਿਕ ਹੁੰਦਾ ਹੈ, ਜਿਵੇਂ :

**ਮੁਖੜਾ**

ਲੜ ਚਮਕੌਰ ਮੇਂ ਸਭ ਸਿੰਘ ਸ਼ਹੀਦੀ ਪਾ ਗੇ ਐ,
ਆ ਮੁਗ਼ਲਾਂ ਘੇਰੇ ਪਾ ਲਏ ਸੀ,
ਬਾਣ ਮੀਹਾਂ ਦੇ ਵਾਂਗੂ ਵਰਦੇ ਐ,
ਢੇਰ ਲਗ ਗਏ ਬੀਚ ਚੁਗਾਨ ਦੇ।

**ਕਲੀ**

ਲੜ ਚਮਕੌਰ ਮੇਂ ਸਭ ਸਿੰਘ ਸ਼ਹੀਦੀ ਪਾ ਗੇ ਐ,
ਟੁੱਟ ਕੇ ਟੁੱਕੜੇ ਗਿਰਗੇ ਦੋਸਤ ਗੁਰ ਦੇ ਦਿਲ ਦੇ।......

**ਤੋੜਾ**

ਪਈ ਕਾਲੀ ਰਾਤ ਨਿਮਾਣੀ ਐ,
ਕਿਤੇ ਲੰਘਣਾ ਪੈਂਦਾ ਪਾਣੀ ਐ,
ਇਹ ਧਰਤੀ ਮੁਰਦੇ ਖਾਣੀ ਐਂ,
ਬਹਿ ਸੁਣ ਲੋਂ ਗੁਰ ਦੀ ਬਾਣੀ ਐਂ,
ਸੱਤਿਆ ਤਾਰ ਜੂ।
ਮੇਰੀ ਰੂਹ ਜੀ,
ਤੇਰੇ ਸੇਵਕ ਦੀ ਰੂਹ ਜੀ।

ਬਾਬੂ ਜੀ ਦੀ ਇਹ ਵਚਿੱਤਰ ਰਚਨਾ ਅਣਗੌਲਿਆ ਪਰ ਸੁੱਚਾ ਮੋਤੀ ਹੈ।

28. **ਮਾਈਆਂ ਦਾ ਵਿਰਲਾਪ** (1960 ਈ.)

'ਮਾਈਆਂ ਦੇ ਵਿਰਲਾਪ' ਦਾ ਹੋਰ ਨਾਂ 'ਲਾਲਾਂ ਦਾ ਵਿਛੋੜਾ' ਵੀ ਹੈ। ਇਹ ਕੇਵਲ

Digitized by Panjab Digital Library | www.panjabdigilib.org

ਸਤਾਂ ਛੰਦਾਂ ਦੀ ਰਚਨਾ 25 ਜੂਨ 1960 ਈ. ਨੂੰ ਬਾਬੂ ਰਜਬ ਅਲੀ ਨੇ ਆਪਣੇ ਚੇਲੇ ਕਵੀਸ਼ਰ ਨਾਜ਼ਰ ਸਿੰਘ ਨੂੰ ਭੇਜੀ, ਜਿਸ ਤੋਂ ਇਹਦਾ ਖਰੜਾ ਪ੍ਰਾਪਤ ਕੀਤਾ ਗਿਆ ਹੈ। ਇਸ ਵਿਚ ਤਰਜ਼, ਮੁਕੰਦ, ਡੂਢਾ ਤੇ ਔੜਾ ਛੰਦ ਵਰਤੇ ਗਏ ਹਨ। ਇਹ ਅਣਪ੍ਰਕਾਸ਼ਿਤ, ਬਹੁਤ ਭਾਵਭਰੀ, ਜਜ਼ਬੇ ਗੁੱਧੀ ਤੇ ਰਸਦਾਇਕ ਰਚਨਾ ਹੈ ਜਿਸ ਦੇ ਇੱਕ ਇੱਕ ਛੰਦ ਦੀ ਸਾਦਗੀ ਤੇ ਸ਼ਕਤੀ ਦਾ ਕੋਈ ਜੋੜ ਨਹੀਂ ਹੈ। ਇਹ ਪ੍ਰਸੰਗ ਉਸ ਘਟਨਾ ਦੀ ਦਰਦਭਰੀ ਗਾਥਾ ਹੈ ਜਦੋਂ ਮਾਤਾ ਸਾਹਿਬਾਨ ਦਿੱਲੀ ਤੋਂ ਤਲਵੰਡੀ ਸਾਬੋ ਆ ਕੇ ਗੁਰੂ ਗੋਬਿੰਦ ਸਿੰਘ ਤੋਂ ਆਪਣੇ ਚਾਰੇ ਪੁੱਤਰਾਂ ਦੀ ਮੰਗ ਕਰਦੀਆਂ ਹਨ। ਇਹ ਜਿਤਨਾ ਤਿੱਖਾ ਪ੍ਰਸ਼ਨ ਹੈ ਤੇ ਉਤਨਾ ਗਹਿਰ ਗੰਭੀਰ ਇਸ ਦਾ ਉੱਤਰ ਹੈ। ਬਾਬੂ ਰਜਬ ਅਲੀ ਨੇ ਆਪਣੀ ਪੂਰੀ ਸ਼ਰਧਾ ਤੇ ਕਾਵਿ-ਸ਼ਕਤੀ ਨਾਲ ਇਸ ਨੂੰ ਕਲਾਤਮਿਕ ਸ਼ਬਦਾਂ ਵਿਚ ਬੀੜਣ ਦਾ ਯਤਨ ਕੀਤਾ ਹੈ ਜਿਸ ਵਿਚ ਉਹ ਨਿਰਸੰਦੇਹ ਸਫਲ ਰਿਹਾ ਹੈ। ਇਸ ਦੇ ਕਿਸੇ ਵੀ ਛੰਦ ਨੂੰ ਲੈ ਲਵੋ ਪਾਠਕ ਮੰਤਰ-ਮੁਗਧ ਹੋ ਜਾਂਦਾ ਹੈ, ਜਿਵੇਂ :

ਇੰਜੂਆਂ ਨਾਲ ਨੇਤਰ ਭਿਓਂ ਕੇ, ਚਰਨਾਂ ਤੇ ਡਿੱਗੀਆਂ ਨਿਉਂ ਕੇ,
ਬੰਨ ਕੇ ਹੱਥ ਕੱਢਦੀਆਂ ਹਾੜੇ, ਕਿੱਧਰ ਗਏ ਜੰਨ ਦੇ ਲਾੜੇ,
ਔਂਦੇ ਕਿਤੇ ਨਜ਼ਰ ਨਹੀਂ, ਕੋਹਿਨੂਰ ਚਿਲਕਦੇ ਹੀਰੇ, ਜਲਦੀ ਦਸੋ,
ਸੋਹਣੇ ਸਿਰ 'ਤੇ ਰੇਸ਼ਮੀ ਚੀਰੇ, ਜਲਦੀ ਦਸੋ।
ਹਿਰਦੇ ਨਾਲ ਆ ਕੇ ਲਗਣ, ਪੈਜੇ ਠੰਡ ਬੁਝ ਜੇ ਅਗਨ,
ਦੱਸੋ ਸੱਚ ਕਿਉਂ ਨਾ ਮਿਲਦੇ, ਮਾਵਾਂ ਦੇ ਟੁੱਕੜੇ ਦਿਲ ਦੇ,
ਮੋਤੀ ਲਿਆ ਦੇ ਮੁੜਕੇ, ਗੁਰ ਗੁੰਦ ਤਾਜ਼ ਬਣਾਤੇ ਜਿਸ ਦੇ, ਪਰੋਤੇ ਕਿੱਥੇ,
ਹੀਰੇ ਨੀ ਦਮਕਦੇ ਦਿਸਦੇ, ਪਰੋਤੇ ਕਿਥੇ।
ਖਿੱਚ ਖਿੱਚ ਕੇ ਸਾਰੇ ਤਾਨੇ, ਹਿੱਕ ਚੋਂ ਖਾਰ ਕਢ ਤੇ ਕਾਨੇ,
ਫਿੱਕਰਾਂ ਨੇ ਮਾਰੇ ਲੱਪ ਲੇ, ਵਜਦੇ ਨਾ ਛੈਣੇ ਤਬਲੇ,
ਰਾਗੀਆਂ ਰਾਗ ਭੁਲਗੇ, ਕੋਈ ਬੰਦਾ ਨਾ ਜ਼ਬਾਨੋਂ ਬੋਲੇ, ਕਚੈਹਰੀ ਵਿਚ,
ਸੁਣ ਪਿੰਡਿਆਂ ਨੂੰ ਚੜ੍ਹੇ ਥਰਥੋਲੇ, ਕਚੈਹਰੀ ਵਿਚ।
ਸਤਿਗੁਰ ਜੀ ਧੀਰਜ ਦਿੰਦੇ, ਵਿਲਕਦਿਆਂ ਮੈਹਲਾਂ ਨੂੰ।
ਜ਼ੁਲਮ ਨਾਲ ਲੜਣ ਭੇਜਤਾ, ਬੜਿਆਂ ਜਰਨੈਲਾਂ ਨੂੰ।
ਜੇਤ ਪਾ ਕਰਨ ਚਲੇ ਗਏ, ਸੁਰਗ ਦੀਆਂ ਸੈਲਾਂ ਨੂੰ।
ਸਾਬਾਸ਼ੇ ਭਾਗਾਂ ਵਾਲੀਓ ਜਰਮੇ ਦਲੇਰ ਸੀ।
ਲਾਸ਼ ਤੇ ਲਾਸ਼ ਝੜਾਤੀ ਲੜ ਕੇ ਚਮਕੌਰ ਸੀ।
ਪਾਪੀ ਵਾਜੀਦੇ ਦੁਲਾਰੇ, ਚਿਣਤੇ ਵਿਚ ਕੰਧਾਂ ਦੇ।
ਪਲ ਵਿਚ ਛਿਪੇ ਨਮੂਨੇ, ਚਿਟਿਆਂ ਜਿਆਂ ਦੰਦਾਂ ਦੇ।
ਕੱਲੇ ਹਾਅ ਪਤੇ ਮੰਗਾ ਤੇ, ਚਿਲਕਦਿਆਂ ਚੰਦਾਂ ਦੇ।
ਐਧਰ ਨੂੰ ਮੁਖ ਜਿਆ ਧਰ, ਦੀਨੇ ਦੀ ਰੁਖ ਜੇ ਮੈਂ।
ਲੈ ਕੇ ਪੁੱਤ ਚਾਰ ਤੁਮਾਰੇ, ਲੱਖਾਂ ਪੁੱਤ ਬਖ਼ਸ਼ੇ ਮੈਂ।
ਮੈਨੂੰ ਭਰੋਸਾ ਭਾਰਾ, ਸਾਬੋ ਦਿਆਂ ਵਲੀਆਂ ਤੇ।

Digitized by Panjab Digital Library | www.panjabdigilib.org

ਮੁਸਲਮਾਨ ਸ਼ਾਇਰ ਬਾਬੂ ਰਜਬ ਅਲੀ ਇਸ ਰੰਗ ਵਿਚ ਪੰਜਾਬ ਦੇ ਦਰਦ ਨੂੰ ਬੋਲ ਦਿੰਦਾ ਹੈ। ਉਹ ਸਿੰਘਾਂ ਦੀ ਬਹਾਦਰੀ ਤੇ ਚੜ੍ਹਤ ਦੀ ਰਜ ਰਜ ਉਸਤਿਤ ਕਰਦਾ ਹੈ :

ਹੋ ਗੇ ਵੇਖ ਹੈਰਾਨ ਪੰਜਾਬੀਆਂ ਨੂੰ, ਜਿੰਦ ਤਲੀ ਤੇ ਰਖ ਕੇ ਲੜਦਿਆਂ ਨੂੰ।
ਪੈਂਦੇ ਸੂਰਮੇ ਭੱਜ ਕੇ ਬਿੱਜ ਵਾਗੂੰ, ਲੈਂਦੇ ਦੱਬ ਹਥਿਆਰ ਹੱਥ ਫੜਦਿਆਂ ਨੂੰ।
ਬੈਠੇ ਜੁਆਨ ਪੰਜਾਬ ਦੇ ਸੁੱਸਤ ਦੀਂਦੇ, ਹੋਵੇ ਵੇਖਣਾ ਜੰਗ ਤੇ ਚੜ੍ਹਦਿਆਂ ਨੂੰ।
ਬਦੱਲ ਮੋਰ ਚੰਦ ਚਕੋਰ ਨੂੰ ਜਿਉਂ, ਚੜ੍ਹਣ ਲਾਲੀਆਂ ਸਹਮਣੇ ਖੜਦਿਆਂ ਨੂੰ।
ਕੀ ਫਰਕ ਪਤੰਗ ਤੇ ਟਿੱਡੀਆਂ ਦਾ, ਲੈਣਾ ਪਰਖ ਚਿਰਾਗ ਤੇ ਸੜਦਿਆਂ ਨੂੰ।
ਬਾਬੂ ਗੁੰਦ ਦੇ ਹਾਰ ਤਿਆਰ ਕੀਤਾ, ਕਈ ਰੋਜ ਹੋ ਗੇ ਮਣਕੇ ਘੜਦਿਆਂ ਨੂੰ।
ਸਿੰਘਾਂ ਨੇ ਬਰੂਦ ਦੀ ਕਨਾਤ ਤਾਣਤੀ।
ਇਕ ਘੰਟੇ ਵਿਚ ਪਟਮੇਲੀ ਲਿਆਣਤੀ।
ਦਾਗੀਆਂ ਬੰਦੂਕਾਂ ਨਾ ਪਲਕ ਲਗਦਾ।
ਇਕੋ ਵਾਰੀ ਮੇਘਲਾ ਵਸਾਤਾ ਅੱਗ ਦਾ।
ਸਿੰਘਾਂ ਵੈਰੀ ਹੇਠ ਪੈਰਾਂ ਦੇ ਲਿਤਾੜ ਤੇ।
ਗੋਰੇ ਗੋਰੇ ਗੋਰਿਆਂ ਦੇ ਬੱਬਰ ਪਾੜਤੇ।
ਐਣਾ ਨਾ ਪਤਾ ਗਭਰੂ ਬਣੇਵੇ ਕਾਸ ਦੇ।
ਰੁੱਗ ਰੁੱਗ ਉੱਡ ਗੇ ਪਿੰਡਿਆ ਤੋਂ ਮਾਸਦੇ।
ਮੂੰਹ ਦੇ ਵਿਚੋਂ ਚਲਣ ਸਲੂਟੇ ਖ਼ੂਨ ਦੇ।
ਅਗੇ ਵਧੇ ਜਾਣ ਸਿਰਾਂ ਨੂੰ ਹਲੂਣ ਦੇ।
ਹੋਇਆਂ ਨੌਂ ਨੌਂ ਮੋਰੀਆਂ ਵਿਚਾਲੇ ਹਿੱਕ ਦੇ।
ਮੁੜ੍ਹਣ ਪਿਛਾਂਹ ਨਾ ਵਕਤ ਅਟੈਕ ਦੇ।
ਜਿਉਂ ਫੱਟ ਪਿੰਡਿਆਂ ਤੋਂ ਖੁੱਲਣ ਸ਼ੇਰਾਂ ਦੇ।
ਤਿਉਂ ਤਿਉਂ ਵਧਦੇ ਜਾਂਦੇ ਹੌਂਸਲੇ ਦਲੇਰਾਂ ਦੇ।
ਕਰਾਂ ਕੀ ਤਾਰੀਫ ਮੈਂ ਪੰਜਾਬੀ ਮੁੰਡਿਆਂ ਦੀ।
ਸਾਰੀ ਝੰਡ ਧੌਣ ਤੇ ਖੜੋਗੀ ਜੁੰਡਿਆਂ ਦੀ।

## 45 ਜੰਗ ਯੂਰਪ (1953 ਈ.)

ਬਾਬੂ ਰਜਬ ਅਲੀ ਨੇ ਆਪਣੇ ਸ਼ਾਗਿਰਦਾਂ ਦੀ ਫਰਮਾਇਸ਼ ਉੱਤੇ 'ਜੰਗ ਯੂਰਪ' ਪਾਕਿਸਤਾਨ ਵਿਚ 3 ਜੂਨ 1953, ਦਿਨ ਵੀਰਵਾਰ, ਨੂੰ ਸਵੇਰੇ ਪੰਜ ਵਜੇ ਲਿਖਣਾ ਆਰੰਭ ਕੀਤਾ ਅਤੇ 7 ਜੂਨ ਐਤਵਾਰ ਨੂੰ ਸ਼ਾਮ ਦੇ 4 ਵਜੇ ਸਮਾਪਿਤ ਕੀਤਾ। ਇਸ ਤੋਂ ਬਾਬੂ ਜੀ ਦੇ ਸਿਰਜਣ-ਝਰਨੇ ਦੇ ਅਟੁੱਟ ਪ੍ਰਵਾਹ ਦਾ ਗਿਆਨ ਹੁੰਦਾ ਹੈ। ਇਹ ਅਣਪ੍ਰਕਾਸ਼ਿਤ ਰਚਨਾ ਹੈ ਅਤੇ ਇਸ ਦੀ ਹੱਥ-ਲਿਖਤ ਨਕਲ ਪ੍ਰੋ. ਰੁਲੀਆ ਸਿੰਘ ਸਿੱਧੂ ਤੋਂ ਪ੍ਰਾਪਤ ਕੀਤੀ ਗਈ ਹੈ। ਉਸ ਦੇ ਕੁੱਝ 27 ਛੰਦ ਹਨ। ਬਾਬੂ ਜੀ ਤੋਂ ਬਿਨ੍ਹਾਂ 'ਜੰਗ ਯੂਰਪ' ਨੂੰ ਪਾਲ ਸਿੰਘ ਆਦਿ ਕਵੀਆਂ ਨੇ ਆਪਣੀਆਂ ਕਲਮਾਂ ਨਾਲ ਸ਼ਿੰਗਾਰਿਆ ਹੈ। ਬਾਬੂ ਜੀ ਨੇ ਇਸ ਕਿੱਸੇ ਦੇ ਲਿਖਣ ਦਾ ਕਾਰਨ ਚੇਲਿਆਂ ਦੀ ਫਰਮਾਇਸ਼ ਦਸਿਆ ਹੈ :

Digitized by Panjab Digital Library | www.panjabdigilib.org



ਸੁੱਚਾ ਸਿੰਘ ਸੂਰਮਾ—ਬਾਬੂ ਰਜਬ ਅਲੀ

[ਹੱਥ-ਲਿਖਤ ਖਰੜੇ ਵਿਚੋਂ]

Digitized by Panjab Digital Library | www.panjabdigilib.org

ਰਜਬ ਅਲੀ ਖਾਨ ਨਵੇਂ ਜੰਗ ਦਾ ਬਨੌਣਾ ਹਾਲ,
ਤਾਂ ਬਨੌਣਾ ਪੈ ਗਿਆ ਸ਼ਾਗਿਰਦ ਪਿੱਛੇ ਪੈਂਦੇ ਸਨ ।

ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਵਿਚ ਪੰਜਾਬੀ ਪਲਟਨਾਂ ਨੂੰ ਅੰਗ੍ਰੇਜ਼ ਸਾਮਰਾਜੀਆਂ ਵਲੋਂ ਜੰਗ ਵਿਚ ਝੋਕਣ ਕਰ ਕੇ ਪੰਜਾਬੀਆਂ ਦਾ ਇਹਨਾਂ ਲੜਾਈਆਂ ਨਾਲ ਸਿੱਧਾ ਸੰਬੰਧ ਹੈ । ਇਹਨਾਂ ਵੱਡੀਆਂ ਲਾਮਾਂ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਤੇ ਸਿੱਖ ਸਿਪਾਹੀ ਜਾਣ ਕਰ ਕੇ ਪੰਜਾਬੀ ਮਾਨਸਿਕਤਾ ਉੱਤੇ ਇਸ ਦਾ ਗਹਿਰਾ ਪ੍ਰਭਾਵ ਪਿਆ ਸੀ, ਜੋ ਇਸ ਦੇ ਲੋਕ-ਗੀਤਾਂ ਵਿਚੋਂ ਪਗਟ ਹੁੰਦਾ ਹੈ । ਬਾਬੂ ਰਜਬ ਅਲੀ ਨੇ ਦੂਜੇ ਵਿਸ਼ਵ ਯੁੱਧ ਨੂੰ ਕਾਵਿ-ਬੱਧ ਕਰਦਿਆਂ ਜਿੱਥੇ ਜਰਮਨ ਦੇ ਜ਼ੁਲਮ ਤੇ ਅੰਗ੍ਰੇਜ਼ਾਂ ਦੀ ਬੇਵਸੀ ਨੂੰ ਚਿੱਤਰਿਆ ਹੈ ਉੱਥੇ ਪੰਜਾਬੀਆਂ ਦੀ ਬੇਮਿਸਾਲ ਸੂਰਮਗਤੀ ਦੀ ਸਿਫਤ ਕਰ ਕੇ ਚਾਰ ਚੰਨ ਲਾਏ ਹਨ । ਲੰਡਨ ਵਿਚ ਅੰਗ੍ਰੇਜ਼ ਮਿਸਰ ਦੇ ਨਹਿਰ ਸਵੇਜ ਦੇ ਕਠਨ ਮੋਰਚੇ ਉੱਤੇ ਪੰਜਾਬੀ ਸਿਪਾਹੀਆਂ ਨੂੰ ਭੇਜਣ ਦੀ ਸਲਾਹ ਕਰਦਾ ਹੈ :

ਸਾਰੀ ਦੁਨੀਆਂ 'ਚੋਂ ਕਾਠੇ, ਗਜ ਗਜ ਦੇ ਚੁਗਾਠੇ,
ਖਾਹ ਕੇ ਜਵਾਂ ਦੇ ਘਾਠੇ, ਕਰਨ ਯੁਵਾੜਾਂ ਨੂੰ ।
ਸੱਦ ਲੋ ਪੰਜ਼ਾਬੀ, ਭੁਖਿਆਂ ਬਘਿਆੜਾਂ ਨੂੰ ।
ਸੀਸ ਛਵੀ ਨਾਲ ਪਾੜ, ਭਾਵੇਂ ਖੁੱਲ੍ਹ ਜੇ ਭਰਾੜ,
ਇਕ ਜੁੜੀ ਰਹਿਜੇ ਨਾੜ, ਗਲ ਅੱਡ ਕਰਦੇ ।
ਕਿਨੀ ਵੱਢੀ ਜਾਵੇ, ਨਹੀਂ ਵੱਢੀ ਤੋਂ ਮਰਦੇ ।

ਪੰਜਾਬੀ ਸੂਰਮਿਆਂ ਨੇ ਇਟੱਲੀ ਵਾਲਿਆਂ ਦੀਆਂ ਇਸ ਤਰ੍ਹਾਂ ਭਾਜੜਾਂ ਪਾ ਦਿੱਤੀਆਂ :

ਭੱਜਿਆ ਇਟੱਲੀ ਦਾ ਵੱਗ, ਜਾਵੇ ਮੂੰਹਾਂ ਵਿਚੋਂ ਝੱਗ,
ਥੋੜ ਦਿਲਿਆਂ ਜਿਆਂ ਨੂੰ, ਲਗ ਜੇ ਮਰੋੜੇ ਤਾੜਿਆਂ ਤੋਂ ।
ਦੂਰੋਂ ਬੁੱਢੀ ਮੂੰਹੋਂ ਜੇ ਡਰਨ ਦਾੜ੍ਹਿਆਂ ਤੋਂ ।

ਇਸ ਜੰਗ ਵਿਚ ਜਰਮਨ ਵਲੋਂ ਯੂਰਪ ਉੱਤੇ ਚੜ੍ਹਾਈ ਦਾ ਵਿਰਤਾਂਤ ਵੀ ਬੜਾ ਦਿਲਚਸਪ ਹੈ ।

### 46. ਹਿੰਦ ਚੀਨ ਜੰਗ (1962 ਈ.)

ਬਾਬੂ ਰਜਬ ਅਲੀ ਨੇ 1962 ਈ. ਵਿਚ ਲਘੂ ਆਕਾਰ ਇਹ ਰਚਨਾ ਆਪਣੇ ਚੇਲਿਆਂ ਦੀ ਫਰਮਾਇਸ਼ ਉੱਤੇ ਲਿਖੀ । ਇਸ ਦੇ ਚੇਲੇ ਜਗਮੇਲ ਸਿੰਘ ਬਸੰਤ ਸਿੰਘ ਨੇ ਆਪਣੇ ਨਾਂ ਹੇਠ ਪਕਾਸ਼ਿਤ ਕਰਵਾਈ[33] । ਪਰ ਹਰ ਛੰਦ ਵਿਚ ਬਾਬੂ ਜੀ ਦਾ ਨਾਂ ਆਉਣ ਕਰ ਕੇ ਇਸ ਦੇ ਕਰ ਕਰਤ੍ਰਿੱਤਵ ਦੀ ਸ਼ੰਕਾ ਨਹੀਂ ਰਹਿੰਦੀ । ਇਸ ਰਚਨਾ ਵਿਚ ਬੈਂਤ, ਡਿਉਢਾ, ਦੋਤਾਰਾ, ਬਹੱਤਰ ਕਲਾ, ਤੇ ਦੋਹਿਰਾ ਛੰਦ ਵਰਤੇ ਗਏ ਹਨ । ਬਾਬੂ ਰਜਬ ਅਲੀ ਨੇ ਪੰਜਾਬੀਆਂ ਨੂੰ ਚੀਨ ਨਾਲ ਬਹਾਦਰੀ ਨਾਲ ਲੜਨ ਦੀ ਪ੍ਰੇਰਣਾ ਦਿੱਤੀ ਹੈ :

ਭੀਮ ਦੀ ਉਲਾਦ ਪੋਤਰਿਓ ਪਤਾਮਾ ਦਿਓ, ਮੱਲੋ ਪਿੜਾਂ, ਨੂੰ ਮੋੜ ਦਿਓ ।
ਤੁਸੀਂ ਵੀਰ ਅਭਮਨੂ ਜਿਆਂ ਵਰਿਆਮਾਂ ਦੇ, ਚੱਕਰਵਿਊ ਨੂੰ, ਤੋੜ ਦਿਓ ।
ਬੇਰੀ ਜਿਉਂ ਹਲੂਣ ਕੇ ਝਾੜਦੇ ਉਤੋਂ, ਜੀ ਗੜੋਦਿਆਂ ਬੇਰਾਂ ਨੂੰ ।

Digitized by Panjab Digital Library | www.panjabdigilib.org

ਚੀਨ ਦੇ ਹਿਮਾਲੀਆ ਪਹਾੜ ਦੇ ਉਤੋਂ, ਜਗੋਂਦੇ ਸੁੱਤਿਆਂ ਸ਼ੇਰਾਂ ਨੂੰ ।

47. ਹਿੰਦ ਪਾਕ ਜੰਗ (1965 ਈ.)

ਬਾਬੂ ਜੀ ਦੀ ਇਹ ਲਘੂ ਆਕਾਰ ਦੀ ਰਚਨਾ ਹੈ ਜਿਸ ਵਿਚ ਹਿੰਦੁਸਤਾਨ ਪਾਕਿਸਤਾਨ ਦੇ ਜੰਗ ਦਾ ਸੰਖੇਪ ਵਿਰਤਾਂਤ ਦਿੱਤਾ ਗਿਆ ਹੈ । ਇਹ ਅਣਛਪੀ ਰਚਨਾ ਹੈ ।

## 5. ਬਹਾਦਰਾਂ ਤੇ ਵਲੀਆਂ ਦੇ ਪ੍ਰਸੰਗ

### (ੳ) ਬਹਾਦਰਾਂ ਦੇ ਪ੍ਰਸੰਗ

48. **ਜੈਮਲ ਫੱਤਾ** (ਰਚਿਤ 1954 ਈ.)

ਰਾਜਪੂਤੀ ਸ਼ਾਨਾਂ ਨਾਲ ਮੱਤੇ, ਦਲੇਰੀ ਦੇ ਪੁੰਜ ਤੇ ਸ਼ੇਰ ਜਰਨੈਲਾਂ ਜੈਮਲ ਤੇ ਫੱਤੇ ਦੀਆਂ ਵਾਰਾਂ ਰਾਜਸਥਾਨ ਵਿਚ ਹੀ ਨਹੀਂ ਸਗੋਂ ਪੰਜਾਬ ਵਿਚ ਵੀ ਗਾਈਆਂ ਜਾਂਦੀਆਂ ਹਨ । ਜੈਮਲ ਰਾਠੌਰ ਰਾਜਪੂਤ ਬਧਨੌਰ ਅਤੇ ਫੱਤਾ ਭੁੱਲਵਾਰਾ ਦਾ ਜਾਗੀਰਦਾਰ ਸੀ । ਜੈਮਲ ਫੱਤੇ ਦੀਆਂ ਬਹਾਦਰੀ ਦਾ ਜਸ ਵਾਰਾਂ ਰਾਹੀਂ ਕਈ ਵਾਰਕਾਰਾਂ ਨੇ ਅਤੇ ਉਹਨਾਂ ਦੇ ਬਹਾਦਰੀ ਦੇ ਕਾਰਨਾਮਿਆਂ ਨੂੰ ਕਿੱਸਾਕਾਰਾਂ ਤੇ ਕਵੀਆਂ ਨੇ ਕਿੱਸੇ ਤੇ ਵਾਰਾਂ ਬਣਾ ਕੇ ਗਾਇਆ ਹੈ । ਕਵੀਸ਼ਰੀ ਪਰੰਪਰਾ ਵਿਚ ਵੀ ਕਵੀਸ਼ਰਾਂ ਨੇ ਜੈਮਲ ਫੱਤੇ ਦੇ ਪ੍ਰਸੰਗ ਨੂੰ ਛੰਦਬਧ ਕੀਤਾ ਹੈ ।

'ਜੈਮਲ ਫੱਤਾ' ਬਾਬੂ ਜੀ ਦੀ ਅਣਪ੍ਰਕਾਸ਼ਿਤ ਰਚਨਾ ਹੈ ਜੋ ਉਹਨਾਂ ਨੇ ਚੱਕ 32, ਤਹਿਸੀਲ ਉਕਾੜਾ, ਪਾਕਿਸਤਾਨ ਵਿਚ 1954 ਈ. ਵਿਚ ਲਿਖੀ ਤੇ ਫਿਰ ਆਪਣੇ ਸ਼ਾਗਿਰਦਾਂ ਨੂੰ ਭਾਰਤ ਭੇਜੀ । ਇਸ ਦਾ ਉਤਾਰਾ ਪ੍ਰੋ. ਰੁਲੀਆ ਸਿੰਘ ਸਿੱਧੂ ਤੋਂ ਪ੍ਰਾਪਤ ਹੋਇਆ ਹੈ ।

ਬਾਬੂ ਰਜਬ ਅਲੀ ਨੇ ਜੈਮਲ ਫੱਤੇ ਦੀ ਕਹਾਣੀ ਦਾ ਆਧਾਰ ਕਵੀਸ਼ਰੀ-ਪਰੰਪਰਾ ਵਿਚ ਪ੍ਰਕਾਸ਼ਿਤ ਜੈਮਲ ਫੱਤੇ ਦੀ ਪ੍ਰਸੰਗਾਂ ਨੂੰ ਹੀ ਬਣਾਇਆ ਜਾਪਦਾ ਹੈ । ਇਸ ਵਿਚ ਦੋਹਰਿਆਂ ਤੋਂ ਬਿਨਾਂ 34 ਛੰਦ ਹਨ ਇਹਨਾਂ ਛੰਦਾਂ ਵਿਚ ਡੂਢਾ, ਤਰਜ਼, ਐੜਾ, ਬੈਂਤ, ਮੁਕੰਦ, ਮਨੋਹਰ-ਭਵਾਨੀ, ਤਰਜ਼ ਦੋਧਾਰਾ ਆਦਿ ਛੰਦ ਵਰਤੇ ਗਏ ਹਨ । ਜੋਧਪੁਰ ਦਾ ਰਾਜਾ ਮਾਲ ਦੇਅ ਅਕਬਰ ਕੋਲ ਚੁਗਲੀ ਲਾਉਂਦਾ ਹੈ :

ਚਾਰ ਚੀਜ਼ਾਂ ਦਾ ਤੇਰੇ ਘਰ ਤੋੜਾ, ਘਤ ਰਾਮ ਦੀ ਸੁਗੰਧ ਲਾਂ ।
ਚਿੱਟਾ ਹਾਥੀ, ਦਰਿਆਈ ਘੋੜਾ, ਹੰਸਾਂ ਦਾ ਜੋੜਾ, ਸੰਦਲਾਂ ।

ਸੰਦਲਾਂ ਜੈਮਲ ਦੀ ਧੀ ਸੀ । ਜੈਮਲ ਅਕਬਰ ਦਗੱਤੇ ਨੂੰ ਧੀ ਦਾ ਡੋਲਾ ਕਿਵੇਂ ਦੇ ਸਕਦਾ ਸੀ ? ਉਹ ਨਾਨਕੀ ਚਲਾ ਜਾਂਦਾ ਹੈ ਜਿਥੇ ਉਸ ਦੀ ਮਾਮੀ ਤੋਹਮਤ ਲਗਾ ਕੇ ਆਪਣੀ ਪਤੀ ਤੋਂ ਕਢਵਾ ਦਿੰਦੀ ਹੈ । ਜੈਮਲ ਆਪਣੇ ਭੂਆ ਦੇ ਪੁੱਤ ਫੱਤੇ ਕੋਲ ਮੇਵਾੜ ਦੀ ਰਾਜਧਾਨੀ ਚਤੌੜ ਗੜ੍ਹ ਚਲਾ ਜਾਂਦਾ ਹੈ । ਜੈਮਲ ਸ਼ੇਰਾਂ ਦਾ ਸ਼ਿਕਾਰ ਕਰਨ ਚਲਾ ਜਾਂਦਾ ਹੈ । ਫੱਤਾ ਜੈਮਲ ਦੇ ਕੈਂਪ ਨੂੰ ਵੈਰੀ ਦਾ ਕੈਂਪ ਜਾਣ ਕੇ ਵਾਰੀ ਵਾਰੀ ਆਪਣੇ ਭਰਾ ਬਲਵੰਤ ਦੇ ਭਣਵੀਏ ਹਰੀ-ਜੀਤ ਨੂੰ ਭੇਜਦਾ ਹੈ ਜੋ ਹਰੀ ਸਿੰਘ ਦੇ ਹੱਥੋਂ ਕਤਲ ਹੋ ਜਾਂਦੇ ਹਨ । ਫਿਰ ਫੱਤਾ ਆਪ ਤਿਆਰ ਹੁੰਦਾ ਹੈ :

ਮਿਆਨੋਂ ਧੂਣੀ ਪੈਗੀ ਤਲਵਾਰ ਫੱਤੇ ਨੂੰ, ਜਾਨੀ ਅੱਗ ਲੱਗ ਗੀ ਬਰੂਦ ਤੱਤੇ ਨੂੰ ।
ਲਾਹ ਕੇ ਮਾਰੀ ਧੌਣ ਜਿਉਂ ਕਰਦ ਗੱਤੇ ਨੂੰ ।

Digitized by Panjab Digital Library | www.panjabdigilib.org

ਹਰੀ ਸਿੰਘ ਦੀ ਮੌਤ ਦਾ ਬਦਲਾ ਲੈਣ ਲਈ ਹਜ਼ੂਰਾ ਜਾਂਦਾ ਹੈ ਜੋ ਫੱਤੇ ਦੀ ਤਲਵਾਰ ਦੀ ਭੇਟ ਹੋ ਜਾਂਦਾ ਹੈ। ਇਹੀ ਹਾਲ ਸਰਦੂਲ ਦਾ ਹੁੰਦਾ ਹੈ, ਫਿਰ ਧੀ ਲੜਨ ਜਾਂਦੀ ਹੈ :

ਤਪੇ ਅੰਗਿਆਰ ਮੱਥਾ, ਪਸੀਨਾ ਮੂੰਹ ਤੇ ਲੱਬਾ,
ਜਾਵੇ ਖੇਡਦੀ ਭਲੱਥਾ, ਤੇ ਅਣਖ ਛੋਹਰੀ।
ਤਲਵਾਰ ਫੱਬਦੀ ਹਥੇਲੀ ਗੋਰੀ 'ਚ।
ਮੈਂ ਚਲਾ ਕੇ ਮਾਰੂੰ, ਸਲੰਗ ਲਾਂਗੇ ਜਿਓਂ।
ਕਾਲਕਾ ਨੇ ਸੁੰਭ ਤੇ ਨਿਸੁੰਭ ਛਾਂਗੇ ਜਿਓਂ।

ਫਤਿਹ ਖਾਂ ਜੈਮਲ ਦੇ ਡੋਲੇ ਨੂੰ ਲੁੱਟਣ ਲਗਦਾ ਹੈ ਤਾਂ ਜੈਮਲ ਵੀ ਆ ਜਾਂਦਾ ਹੈ। ਬਾਬੂ ਜੀ ਜੈਮਲ ਤੇ ਫੱਤੇ ਦੇ ਯੁੱਧ ਦਾ ਬਹੁਤ ਭਾਵਪੂਰਨ ਚਿਤਰਨ ਕੀਤਾ ਹੈ :

ਫੁਰ ਫੁਰ ਕਰਨ ਮਛੋਹਰੇ ਭਾਰੇ ਜੀ। ਚੜ੍ਹ ਗਿਆ ਹਰਖ ਮਾਰਦਾ ਫੁੰਕਾਰੇ ਜੀ।
ਗੁੱਸੇ ਨਾਲ ਵਾਹੀ ਜ਼ੋਰ ਦੀ ਕਪਾਲ ਤੇ। ਰੋਕ ਗਿਆ ਭਲੱਥੇ ਦਾ ਸ਼ਿਕਾਰ ਢਾਲ ਤੇ।
ਫ਼ੇਰ ਵਾਰੀ ਆਈ ਹੈ ਦਲੇਰ ਫੱਤੇ ਦੀ। ਜ਼ੋਰ ਦੀ ਉਛਾਲੀ ਭਵਾਨੀ ਤੱਤੇ ਦੀ।
ਮਾਰਦਾ ਖੰਘੂਰੇ ਜਿਉਂ ਬੱਦਲ ਬੁੱਕਦਾ। ਆਇਆ ਖੰਡਾ ਦੂਰੋਂ ਜਿਉਂ ਬਰੋਲਾ ਘੁਕਦਾ।
ਜੰਗ ਘਸਮਾਨ ਦੋ ਰਣਾਂ 'ਚ ਮੱਚ ਗਏ। ਦੋਵੇਂ ਪਹਿਲਵਾਨ ਹੋ ਲਹੂ 'ਚ ਗੱਚ ਗਏ।
ਹੋ ਕੇ ਬੇਹੋਸ਼ ਫੇਰ ਆ ਜੇ ਹੋਸ਼ ਜੀ। ਬਾਬੂ ਦੋਹਾਂ ਸ਼ੇਰਾਂ ਦਾ ਨਾ ਘਟਿਆ ਜੋਸ਼ ਜੀ।

'ਜੈਮਲ ਫੱਤਾ' ਬਾਬੂ ਰਜਬ ਅਲੀ ਦਾ ਇਕ ਬੀਰ ਰਸ ਭਰਪੂਰ ਇਕ ਅਨੂਠੀ ਰਚਨਾ ਹੈ ਪਰ ਜੋ ਅਧੂਰੀ ਪ੍ਰਤੀਤ ਹੁੰਦੀ ਹੈ।

### 49. ਦੁੱਲਾ ਭੱਟੀ (1962 ਈ.)

ਦੁੱਲਾ ਭੱਟੀ ਦਾ ਕਿੱਸਾ ਬਾਬੂ ਰਜਬ ਅਲੀ ਨੇ ਅਪ੍ਰੈਲ 21, 1962 ਈ. ਨੂੰ ਪਾਕਿਸਤਾਨ ਵਿਚ ਲਿਖਿਆ।

ਦੁੱਲਾ ਭੱਟੀ ਪੰਜਾਬ ਦੀ ਅਣਖ ਤੇ ਸੂਰਮਗਤੀ ਦਾ ਪ੍ਰਤੀਕ ਹੈ, ਉਹ ਸਾਂਦਲ ਬਾਰ ਦਾ ਰਾਠ ਹੈ ਜੋ ਆਪਣੀ ਆਜ਼ਾਦੀ ਤੇ ਅਣਖ ਲਈ ਮੁਗਲ ਸ਼ਹਿਨਸ਼ਾਹ ਅਕਬਰ ਨਾਲ ਪੂਰੇ ਜ਼ੋਰ ਤੇ ਜੋਸ਼ ਨਾਲ ਟਕਰਾਉਂਦਾ ਹੈ। ਦੁੱਲਾ ਪ੍ਰਤੀਕ ਹੈ ਮਨੁੱਖ ਦਾ ਹੋਣੀ ਨਾਲ ਟਕਰਾਉਣ ਦਾ, ਸਾਧਾਰਨ ਮਨੁੱਖ ਦਾ ਪਾਤਿਸ਼ਾਹ ਨੂੰ ਟਿੱਚ ਕਰ ਕੇ ਜਾਨਣ ਦਾ ਅਤੇ ਆਪਣੇ ਖ਼ਾਨਦਾਨ ਦਾ ਬਦਲਾ ਲੈਣ ਲਈ ਮਰ ਮਿਟਣ ਦਾ। ਦੁੱਲੇ ਨੂੰ ਮੌਤ ਤੇ ਜ਼ਿੰਦਗੀ ਦੋਨਾਂ ਦੀ ਪਰਵਾਹ ਨਹੀਂ। ਉਹ ਸੱਚ ਵਰਗਾ ਗੁਸਤਾਖ ਤੇ ਤਲਵਾਰ ਵਰਗਾ ਤਿੱਖਾ ਹੈ। ਉਸ ਦੀ ਸ਼ਾਨ ਹੈ ਕਿ ਆਪਣੀ ਖੁਦਮੁਖਤਿਆਰੀ ਲਈ ਪਾਤਸ਼ਾਹੀ ਜਲੌਅ ਨੂੰ ਕੱਖ ਨਾ ਸਮਝਣਾ ਤੇ ਫਨਾਹ ਹੋ ਜਾਣਾ। ਦੁੱਲਾ ਮੁਜਸਮਾ ਹੈ ਗ਼ਲਤ ਕਦਰਾਂ ਕੀਮਤਾਂ ਨਾਲ ਸਮਝੌਤਾ ਨਾ ਕਰਨ ਦਾ ਅਤੇ ਆਪਣੀ ਸਚਾਈ ਲਈ ਮਰ ਮਿਟਣ ਦਾ। ਦੁੱਲਾ ਆਜ਼ਾਦੀ ਦੀ ਉਹ ਸ਼ਮਾਅ ਹੈ ਜੋ ਆਪਣੇ ਦਿਲ ਦੇ ਲਹੂ ਨਾਲ ਜਲਦੀ ਹੈ। ਦੁੱਲਾ ਜਾਣ ਬੁੱਝ ਕੇ ਬਿਸੀਅਰ ਨੂੰ ਹੱਥ ਪਾਉਂਦਾ ਹੈ। ਇਸ ਦੇ ਜਨਮ ਤੋਂ ਚਾਰ ਮਹੀਨੇ ਪਹਿਲਾਂ ਇਸ ਦੇ ਪਿਓ ਫਰੀਦ ਤੇ ਦਾਦੇ ਸਾਂਦਲ ਦੀਆਂ ਖੱਲਾਂ ਦੇ ਪੋਸ਼ ਲੁਹਾ ਕੇ ਪਾਤਸ਼ਾਹ ਨੇ ਭੋ ਨਾਲ ਭਰਵਾ ਕੇ ਲਾਹੌਰ ਦੇ ਸ਼ਾਹੀ ਕਿਲ੍ਹੇ ਦੇ ਸਾਹਮਣੇ ਲਟਕਾ ਰੱਖੇ ਸਨ। ਦੁੱਲਾ ਮਰਦ ਪੰਜਾਬੀ ਹੈ ਜੋ ਆਪਣੀ ਹੋਣੀ ਆਪ ਚੁਣਦਾ ਹੈ ਜੋ ਮਾਰੂ ਪਰਸਿਥਤੀਆਂ ਵਿਚੋਂ

Digitized by Panjab Digital Library | www.panjabdigilib.org

ਪੈਦਾ ਹੁੰਦੀ ਹੈ ਅਤੇ ਉਹ ਹੋਰ ਮਾਰੂ ਪਰਸਿਥਤੀਆਂ ਪੈਦਾ ਕਰਦਾ ਹੈ ।

ਦੁੱਲਾ ਸਾਂਦਲਵਾਰ ਦਾ ਸ਼ੇਰ ਹੈ ਜੋ ਸੋਨੇ ਦੇ ਪਿੰਜਰੇ ਵਿਚ ਵੜਣਾ ਪ੍ਰਵਾਨ ਨਹੀਂ ਕਰਦਾ । ਉਹ ਬਹਾਦਰ ਯੋਧਾ, ਨਰ ਨੀਤੀਵਾਨ, ਦਾਨਾ ਤੇ ਦਾਨੀ ਪੁਰਖ ਹੈ ਜੋ ਆਪਣਿਆਂ ਪੁਰਖਿਆਂ ਦਾ ਬਦਲਾ ਲੈਣਾ ਜਾਣਦਾ ਹੈ । ਉਸ ਦੀ ਗੜ੍ਹੀ ਵਿਚ ਰੋਜ਼ ਵਿਦਰੋਹ ਦਾ ਟੰਮਕ ਵਜਦਾ ਹੈ । ਉਹ ਸ਼ਾਹੀ-ਸ਼ਕਤੀ ਨੂੰ ਵੰਗਾਰਦਾ ਹੈ ਪਰ ਗਊ ਗਰੀਬ ਦੀ ਰੱਖਿਆ ਕਰਦਾ ਹੈ । ਉਹ ਲੁੱਟ ਦਾ ਮਾਲ ਗਰੀਬਾਂ ਵਿਚ ਵੰਡਦਾ ਹੈ । ਉਹ ਗਰੀਬਾਂ ਦੀਆਂ ਲੜਕੀਆਂ ਦੀ ਇੱਜ਼ਤ ਨਹੀਂ ਲੁੱਟਦਾ ਸਗੋਂ ਉਹਨਾਂ ਨੂੰ ਆਪਣੀਆਂ ਧੀਆਂ ਬਣਾ ਕੇ ਆਪ ਦਹੇਜ ਦੇ ਕੇ ਵਿਆਹ ਕਰਦਾ ਹੈ । ਉਹ ਗਰੀਬਾਂ ਦੀ ਮੁਸ਼ਕਲ, ਇੱਜ਼ਤ, ਆਜ਼ਾਦੀ ਤੇ ਗੌਰਵ ਦਾ ਜ਼ਾਮਨ ਹੈ । ਇਸੇ ਲਈ ਅਜ ਪੰਚ ਸਦੀਆਂ ਬਾਅਦ ਵੀ ਦੁੱਲਾ ਇੱਧਰਲੇ ਤੇ ਰਾਵੀ ਪਾਰ ਦੇ ਪੰਜਾਬ ਦੇ ਲੋਕ-ਮਾਨਸ ਦਾ ਨਾਇਕ ਹੈ ਅਤੇ ਹਰ ਸਾਲ ਲੋਹੜੀ ਦੇ ਤਿਉਹਾਰ ਉੱਤੇ ਘਰ ਘਰ ਦੁੱਲੇ ਦੇ ਸੋਹਲੇ ਗਾਏ ਜ਼ਾਂਦੇ ਹਨ । ਦੁੱਲੇ ਦੀ ਏਨੀ ਦਹਿਸ਼ਤ ਹੈ ਕਿ ਅਕਬਰ ਦੀ ਸ਼ਾਹੀ ਸੈਨਾ ਨੂੰ ਲੈ ਕੇ ਕੋਈ ਜਰਨੈਲ ਦੁੱਲੇ ਉੱਤੇ ਚੜ੍ਹਾਈ ਕਰਨ ਦਾ ਹੌਂਸਲਾ ਨਹੀਂ ਕਰਦਾ ਤੇ ਸ਼ਾਹੀ ਦਰਬਾਰ ਵਿਚ ਪਾਨ ਬੀੜਾ ਕਈਂ ਦਿਨ ਰੁਲਦੇ ਰਹਿੰਦੇ ਹਨ ।

ਦੁੱਲਾ ਵਿਆਹਿਆ ਹੋਇਆ ਹੈ । ਉਸ ਦੀ ਘਰ ਵਾਲੀ ਹੈ ਉਸ ਦੇ ਪੁੱਤ ਧੀ ਹੈ । ਪਰ ਉਹ ਕਿਸੇ ਦੇ ਮੋਹ ਵਿਚ ਨਹੀਂ ਫਸਦਾ । ਸਗੋਂ ਸਾਂਦਲਵਾਰ ਦਾ ਸਭਿਆਚਾਰ ਏਨਾਂ ਬਲਵਾਨ ਹੈ ਕਿ ਦੁੱਲੇ ਦੀ ਗ਼ੈਰ-ਹਾਜ਼ਰੀ ਵਿਚ ਮਹਿਰੂ ਪੋਸਤੀ, ਉਸ ਦਾ 14 ਸਾਲਾਂ ਦਾ ਪੁੱਤਰ ਨੂਰ ਖਾਂ, ਉਸਦੀ ਮਾਂ ਲੱਧੀ ਤੇ ਘਰ ਵਾਲੀ ਫੁੱਲਰਾਂ, ਸਭ ਮੁਗ਼ਲ ਸੈਨਾਂ ਦਾ ਡੱਟ ਕੇ ਟਾਕਰਾ ਕਰਦੇ ਹਨ । ਦੁੱਲਾ ਅਕਬਰ ਦੇ ਦਰਬਾਰ ਵਿਚ ਜਾ ਕੇ ਵੀ ਅੱਖ ਨਹੀਂ ਝੁਕਾਉਂਦਾ, ਈਨ ਨਹੀਂ ਮੰਨਦਾ । ਉਹ ਨਾ ਤਨ ਕਰ ਕੇ ਝੁੱਕਦਾ ਹੈ ਨਾ ਮਨ ਕਰ ਕੇ । ਝੁੱਕ ਜਾਣਾ ਦੁੱਲੇ ਦੇ ਸੁਭਾਅ ਵਿਚ ਨਹੀਂ ।

ਦੁੱਲਾ ਭੱਟੀ ਦਾ ਕਿੱਸਾ ਮਹਾਰਾਜਾ ਰਣਜੀਤ ਸਿੰਘ ਕਾਲ ਤੋਂ ਬਾਅਦ ਵਿਚ ਲਿਖਿਆ ਗਿਆ । ਬਾਬੂ ਰਜਬ ਅਲੀ ਤੋਂ ਬਿਨਾਂ ਦੁੱਲਾ ਭੱਟੀ ਦਾ ਕਿੱਸਾ ਅਗਿਆਤ, ਕਿਸ਼ਨ ਸਿੰਘ ਆਰਿਫ[34], ਅਗਿਆਤ[35], ਪਾਲੀ ਸਿੰਘ[36], ਕਿਸ਼ਨ ਸਿੰਘ ਗਿੱਲ[37] ਆਦਿ ਕਵੀਆਂ ਨੇ ਲਿਖਿਆ ।

ਬਾਬੂ ਰਜਬ ਅਲੀ ਦਾ ਦੁੱਲਾ ਭੱਟੀ ਦਾ ਕਿੱਸਾ ਦੁੱਲਾ ਭੱਟੀ ਲੋਕ-ਗਾਥਾ ਤੇ ਦੁੱਲਾ ਭੱਟੀ ਕਿੱਸਾ ਧਾਰਾ ਉੱਤੇ ਆਧਾਰਿਤ ਹੈ । ਇਹ ਹੱਥ-ਲਿਖਤ ਰਚਨਾ ਹੈ ਜਿਸਦਾ ਉਤਾਰਾ ਰਜਬ-ਅਲੀ ਦੇ ਚੇਲੇ ਕਵੀਸ਼ਰ ਨਾਜ਼ਰ ਸਿੰਘ ਗਿਦੜਬਾਹਾ ਤੋਂ ਪ੍ਰਾਪਤ ਕੀਤਾ ਗਿਆ ਹੈ । ਰਜਬ ਅਲੀ ਦੇ ਇਸ ਕਿੱਸੇ ਵਿਚ 24 ਦੋਹਰੇ, 4 ਡੂਢਾ ਛੰਦ, 4 ਦੋ ਭਾਗ, 6 ਤਰਜ, 1 ਗੱਡੀ, 6 ਮੁਕੰਦ, ਮਨੋਹਰ ਭਵਾਨੀ ਛੰਦ ਹਨ । ਇਸ ਦੇ ਕੁੱਲ ਛੰਦਾਂ ਦੀ ਗਿਣਤੀ 48 ਹੈ ।

'ਦੁੱਲਾ ਭੱਟੀ' ਰਜਬ ਅਲੀ ਦੀ ਬੀਰ ਰਸ ਭਰਪੂਰ ਰਚਨਾ ਹੈ । ਦੁੱਲਾ ਭੱਟੀ ਅਜਿਹਾ ਕਿੱਸਾ ਹੈ ਜਿਸ ਦੀ ਕਥਾ ਨੇ ਸਮੇਂ ਤੇ ਸਥਾਨ ਦੇ ਫਰਕ ਨਾਲ ਵੀ ਆਪਣੇ ਅਰਥ ਦੇ ਸੱਜਰੇ, ਸਾਵੇਂ ਤੇ ਢੁੱਕਵੇਂ ਹੋਣ ਨੂੰ ਬਣਾਈ ਰਖਿਆ ਹੈ । ਕਈ ਵੇਰ ਇਸ ਕਥਾ ਨੇ ਹੋਰ ਡੂੰਘੇਰੇ ਅਰਥ ਵੀ ਧਾਰਨ ਕੀਤੇ ਹਨ ਜਿਵੇਂ ਸਯਦ ਨਜ਼ਿਮ ਹੁਸੈਨ ਦੀ 'ਭਾਜੜ ਤਖ਼ਤ ਲਾਹੌਰ' ਵਿਚ । ਰਜਬ ਅਲੀ ਦੇ ਇਸ ਕਿੱਸੇ ਦੀ ਕਹਾਣੀ ਪਰੰਪਰਾਗਤਿ ਹੈ ਪਰ ਇਸ ਦੀ ਗੋਂਦ ਬੱਝਵੀਂ ਤੇ ਰੌਚਿਕ ਹੈ ।

Digitized by Panjab Digital Library | www.panjabdigilib.org

ਇਸ ਦਾ ਬਿਆਨ ਕਲਾਤਮਿਕ ਹੈ ਤੇ ਇਹ ਖ਼ੂਬਸੂਰਤ ਸ਼ਬਦ ਚਿਤਰਾਂ ਵਾਲੀ ਮਾਂਜੀ ਸੁਆਰੀ ਸਾਹਿਤਿਕ ਰਚਨਾ ਹੈ। ਇਸ ਵਿਚ ਪੰਜਾਬੀ ਸਭਿਆਚਾਰ ਦੀਆਂ ਕਦਰਾਂ-ਕੀਮਤਾਂ ਦੀ ਪਛਾਣ ਕੀਤੀ ਗਈ ਹੈ। ਇਸ ਰਚਨਾ ਵਿਚ ਰਜਬ ਅਲੀ ਨੇ ਕਮਾਲ ਦਾ ਯੁੱਧ ਚਿਤਰਨ ਕੀਤਾ ਹੈ ਜੋ ਮੁਰਦਾ ਜਿਸਮਾਂ ਵਿਚ ਨਵੀਂ ਰੂਹ ਭਰਨ ਦੀ ਸ਼ਕਤੀ ਰਖਦਾ ਹੈ। ਦੁੱਲੇ ਦੀ ਮਾਂ, ਪਤਨੀ ਤੇ ਦੁੱਲੇ ਦੇ ਯੁੱਧ ਵਿਚੋਂ ਕੁਝ ਝਾਕੀਆਂ ਨਿਮਨ ਪ੍ਰਕਾਰ ਹਨ :

ਲੱਧੀ ਢੁੱਲਰਾਂ ਯੁੱਧ :

ਜਾਂਦੇ ਸਾਰ ਉਡਾਤੇ ਗਰਦੇ, ਬਾਣ ਵਾਂਗ ਕਾਲਕਾ ਵਰਦੇ, ਭੱਜੇ ਜਾਂਦੇ ਰਾਕਸ਼ ਡਰਦੇ,
ਖੁੱਲੇ ਬੱਚ ਭੁੱਖੀਆਂ ਬਘਿਆੜਣੀਆਂ। ਮਾਸ ਖਾਣੇ ਮਮਰਾਂ ਪਾੜਣੀਆਂ।
ਨਾ ਹਟਦੀਆਂ ਬੜੀਆਂ ਕੱਬੀਆਂ, ਵੱਢੇ ਦੁਸ਼ਮਣ ਲਾਈਆਂ ਥੱਬੀਆਂ,
ਦੰਦ ਕਿਰਚਣ ਹੱਡੀਆਂ ਚੱਬੀਆਂ।
ਦੂਰ ਸੁਨਣ ਆਵਾਜ਼ਾਂ ਕਿਲਕਦੀਆਂ। ਹੱਥ ਗੋਰੇ ਕਿਰਚਾਂ ਚਿਲਕਦੀਆਂ।

**ਦੁੱਲੇ ਦੀ ਚੜ੍ਹਾਈ :**

ਕੇਹੜਾ ਬੰਨ ਲੈ ਜੂ ਸੂਰਮੇ ਦੀ ਬਹੂ ਨੂੰ। ਮੱਢੇ ਗੱਡੇ ਵਾਣ੍ਹਾਂ 'ਚ ਝੜਾ ਦੂੰ ਲਹੂ ਨੂੰ।
ਇਕ ਵਾਰੀ ਲਿਆਦੂੰ ਜਾ ਕੇ ਪਟਮੇਲੀ ਐ। ਮੱਥੇ ਉਤੇ ਆ ਗੀ ਗੱਭਰੂ ਦੇ ਤੇਲੀ ਐ।

'ਦੁੱਲਾ ਭੱਟੀ' ਬਾਬੂ ਰਜਬ ਅਲੀ ਦੀ ਸਫਲ ਰਚਨਾ ਹੈ।

**(ਅ) ਸਥਾਨਿਕ ਵੈਲੀਆਂ ਦੇ ਪ੍ਰਸੰਗ**

50. **ਜਿਉਣਾ ਮੌੜ** (1940 ਈ. ਦੇ ਕਰੀਬ)

ਮਾਲਵੇ ਦੇ ਪ੍ਰਸਿਧ ਡਾਕੂ ਜਿਉਣਾ ਮੌੜ ਦਾ ਕਿੱਸਾ ਬਾਬੂ ਜੀ ਨੇ ਪਾਕਿਸਤਾਨ ਤੋਂ ਜਾਣ ਤੋਂ ਪਹਿਲਾਂ ਲਿਖਿਆ ਸੀ ਇਸ ਦੇ 40 ਛੰਦ ਸਨ। ਇਹ ਕਿੱਸਾ ਇਸਦੇ ਭਾਰਤ ਵਿਚਲੇ ਕਿਸੇ ਚੇਲੇ ਪਾਸ ਉਪਲਭਧ ਨਹੀਂ ਹੈ।

51. **ਸੁੱਚਾ ਸਿੰਘ ਸੂਰਮਾ** (ਰਚਿਤ 1940 ਈ.)

'ਸੁੱਚਾ ਸਿੰਘ ਸੂਰਮਾ' ਰਜਬ ਅਲੀ ਦਾ ਅਜਿਹਾ ਕਿੱਸਾ ਹੈ ਜੋ ਉਸ ਨੇ ਨੌਕਰੀ ਕਰਦਿਆਂ ਦੋ ਵੇਰ ਲਿਖਿਆ। ਇਸ ਦੇ ਦੋਵੇਂ ਰੂਪ ਪ੍ਰਕਾਸ਼ਿਤ ਵੀ ਕਰਵਾਏ। ਇਸ ਦਾ ਪਹਿਲਾ ਰੂਪ 'ਸੁੱਚਾ ਸਿੰਘ ਸੂਰਮਾ' ਗੁਰਮੁਖੀ ਲਿੱਪੀ ਵਿਚ ਅਮ੍ਰਿਤਸਰ ਤੋਂ ਛਪਿਆ[38]। ਇਸ ਦੇ 26 ਪੰਨੇ ਹਨ। ਇਸ ਦੇ ਪਹਿਲੇ ਰੂਪ ਵਿਚ ਕੁੱਲ ਛੰਦ 68 ਹਨ। ਇਸ ਵਿਚ 8 ਛੰਦ ਵਰਤੇ ਗਏ ਹਨ ਜਿਨ੍ਹਾਂ ਦਾ ਵੇਰਵਾ ਇਹ ਹੈ : ਦੋਹਰੇ 33, ਵਿਸ਼ਾਲ ਅਤਿਰੂਪ ਪ੍ਰਮੁੱਖ ਜੁਗਤੀ ਛੰਦ 1, ਕਬਿੱਤ 7, ਅਤਿਜੁਗਤੀ ਚੌਫਿਰਨੀ ਛੰਦ 23, ਰਘਬੀਰ ਛੰਦ 1, ਕੁੰਡਲੀਆ 1, ਅਤਿਜੁਗਤੀ ਰੂਪ ਪ੍ਰਮਾਣਿਕਾ ਚੌਫਿਰਨੀ ਛੰਦ 1, । ਇਸ ਰਚਨਾ ਦਾ ਪ੍ਰਮੁੱਖ ਛੰਦ ਚੌਫਿਰਨੀ ਛੰਦ ਹੈ।

'ਸੁੱਚਾ ਸਿੰਘ ਸੂਰਮਾ' ਦਾ ਕਿੱਸਾ ਸਰਬ ਪ੍ਰਥਮ ਬਾਬੂ ਰਜਬ ਅਲੀ ਦੇ ਉਸਤਾਦ ਮਾਨ ਸਿੰਘ[39] ਨੇ ਲਿਖਿਆ ਸੀ। ਇਹ ਮਾਲਵੇ ਦਾ ਬਹੁਤ ਲੋਕਪ੍ਰਿਯ ਕਿੱਸਾ ਹੈ। ਇਸ ਕਿੱਸੇ ਨੂੰ ਰਚਨ ਤੇ ਪ੍ਰਕਾਸ਼ਿਤ ਕਰਨ ਵਾਲੇ ਹੋਰ ਕਵੀ ਹਨ : ਸ਼ੇਰ ਸਿੰਘ, ਤਖ਼ਤੂਪੁਰਾ[40] ਦੌਲਤ ਰਾਮ, (ਦੌਲਤ ਸਿੰਘ), ਭੈਣੀ ਵਿੜ੍ਹੰਗਾਂ[41], ਚਾਨਣ ਰਾਮ[42], ਛੱਜੂ ਸਿੰਘ[43], ਸੰਤਾ

Digitized by Panjab Digital Library | www.panjabdigilib.org

ਸਿੰਘ[44], ਗੁਰਮੁਖ ਸਿੰਘ ਚਮਕ[45], ਰੀਟਾ ਦੀਨ[46], ਅਵਤਾਰ ਸਿੰਘ ਬੇਦੀ[47], ਕਾਸ਼ੀ ਰਾਮ ਆਦਿ ਹਨ। ਜਿਨ੍ਹਾਂ ਕਵੀਸ਼ਰਾਂ ਦਾ ਇਹ ਕਿੱਸਾ ਪ੍ਰਕਾਸ਼ਿਤ ਨਹੀਂ ਹੋਇਆ ਉਹਨਾ ਵਿਚੋਂ ਪ੍ਰਮੁੱਖ ਹਨ : ਮਾਨ ਸਿੰਘ, ਗੰਗਾ ਸਿੰਘ, ਮਾਘੀ ਸਿੰਘ ਗਿੱਲ ਆਦਿ।

ਬਾਬੂ ਰਜਬ ਅਲੀ ਦਾ 'ਸੁੱਚਾ ਸਿੰਘ ਸੂਰਮਾ' ਦਾ ਦੂਜਾ ਕਿੱਸਾ ਇਕ ਕਲਾਤਮਿਕ ਤੇ ਵਿਸਤਾਰਮਈ ਰਚਨਾ ਹੈ। ਇਹਨਾਂ ਗੁਣਾਂ ਵਿਚ ਮਾਘੀ ਸਿੰਘ ਦੇ 'ਸੁੱਚਾ ਸਿੰਘ' ਤੋਂ ਸਿਰ-ਕੱਢ ਹੈ ਜਿਸ ਨੇ ਮਾਲਵੇ ਆਪਣੀ ਧੁੰਮ ਮਚਾ ਰਖੀ ਸੀ। ਬਾਬੂ ਜੀ ਨੇ ਪੂਰਬਲੀਆਂ ਰਚਨਾਵਾਂ ਦਾ ਲਾਭ ਉਠਾ ਕੇ ਕਿੱਸੇ ਦੀ ਗੋਂਦ ਨੂੰ ਚੁਸਤ ਤੇ ਢੁੱਕਵਾਂ ਬਣਾਇਆ ਹੈ। ਸੁੱਚੇ ਦਾ ਸ਼ਬਦ-ਚਿਤਰ ਦੀਆਂ ਛੋਹਾਂ ਬਹੁਤ ਸੁੰਦਰ ਅਤੇ ਭਾਵਪੂਰਨ ਹਨ :

ਸੁੱਚਾ ਜੰਮਿਆ ਸਮੂੰਾਂ 'ਚ ਜਵੰਦਾ ਗੋਤ ਦਾ।
ਚੰਦ ਵਾਂਗੂੰ ਨੂਰ ਸੀ ਮੱਥੇ ਦੀ ਜੋਤ ਦਾ
ਛੈਲ ਬਾਂਕੇ ਗਭਰੂ ਜਵਾਨ ਉੱਚੇ ਦੀ।......
ਸ਼ੀਸ਼ੇ ਵਾਂਗੂੰ ਮੁਖ ਦਿਸ ਆਉਂਦੇ ਪਿੰਡ ਤੋਂ,
ਗੱਡੇ ਲੱਦੇ ਜ਼ੋਰ ਦੇ ਗੁੱਸੇ ਦਾ ਮਾਸਾ ਨਾ।
ਸੁੱਚਾ ਸੱਪ ਉਡਣਾ ਸਰੀ ਦਾ ਟੋਟਾ ਨੀ।......
ਹੋ ਗਿਆ ਭੁੱਜ ਕੇ ਤੇ ਕੋਲੇ,ਸੱਪ ਵਾਂਗੂੰ ਵਿਸ ਘੋਲੇ,
ਔਣ ਅੱਗ ਦੇ ਵਿਰੋਲੇ, ਇੱਕ ਇੱਕ ਬੋਲ ਤੇ।
ਤਸੀਂ ਝੂਟ ਰਹੇ ਪਾਪ ਦੇ ਚੰਡੋਲ ਤੇ।......
ਭੱਜ ਜਾਣ ਡਰ ਸੂਰਮੇ ਦੀ ਸੋਟੀ ਤੋਂ,
ਡੇਲੇ ਜਿਉਂ ਰੁੜ੍ਹਨ ਖਾਜਰੇ ਦੀ ਰੋਟੀ ਤੋਂ
ਸ਼ੇਰ ਵਾਂਗੂ ਗੱਜੇ ਸੂਰਮਾ ਕਚੈਹਰੀ ਮੇਂ।

52. **ਸੁੱਚਾ ਘੁੱਕਰ ਵੀਰੋ** (1942 ਈ.)

ਬਾਬੂ ਰਜਬ ਅਲੀ ਵਲੋਂ ਸੁੱਚਾ ਸਿੰਘ ਸੂਰਮਾ ਦਾ ਕਿੱਸਾ ਦੂਜੀ ਵੇਰ 1942 ਈ. ਵਿਚ ਲਿਖਿਆ ਗਿਆ। ਇਸਦਾ ਨਾਂ 'ਸੁੱਚਾ ਸਿੰਘ ਘੁੱਕਰ' ਵੀ ਹੈ। ਇਹ ਗੁਰਮੁਖੀ[49] ਤੇ ਫ਼ਾਰਸੀ ਲਿੱਪੀ ਵਿਚ ਲਾਹੌਰ ਤੋਂ ਛਪਿਆ। ਇਸ ਕ੍ਰਿਸੇ ਵਿਚ ਪਹਿਲੇ ਕਿੱਸੇ ਨਾਲੋਂ ਵਿਸਤਾਰ ਜ਼ਿਆਦਾ ਹੈ। ਇਸ ਦੀ ਕਥਾ ਪਹਿਲੇ ਰੂਪ ਵਾਂਗ ਘੁੱਕਰ ਤੇ ਬੀਰੋ ਦੇ ਕਤਲ ਉੱਤੇ ਨਹੀਂ ਮੁੱਕਦੀ ਸਗੋਂ ਇਸ ਵਿਚ ਸੁੱਚਾ ਸਿੰਘ ਦੇ ਡਾਕੂ ਬਨਣ, ਗਊਆਂ ਛਡਾਉਣ ਤੇ ਫਾਂਸੀ ਲਗਣ ਦੀ ਵਾਰਤਾ ਵੀ ਸ਼ਾਮਿਲ ਹੈ। ਇਸ ਰਚਨਾ ਦੇ ਕੁਲ 151 ਬੰਦ ਹਨ। ਇਸ ਵਿਚ ਕੁੱਲ ਨੌਂ ਛੰਦ ਵਰਤੇ ਗਏ ਹਨ। ਇਸ ਵਿਚ ਦੋਹਰੇ 66, ਮੁਕੰਦ ਛੰਦ 48, ਕਬਿੱਤ 25, ਵਿਸ਼ਾਲ ਸਰੂਪ ਜੁਗਤੀ ਛੰਦ 1, ਰਘਬੀਰ 2, ਭਵਾਨੀ 3, ਦੋ ਭਾਗ 5, ਅਤਿਜੁਗਤੀ ਪ੍ਰਮਾਣਿਕਾ ਚੌਫਿਰਨੀ ਛੰਦ 1, ਬਾਬੂ ਚਾਲ 1 ਛੰਦ ਦਿਤੇ ਗਏ ਹਨ। ਇਸ ਕਿੱਸੇ ਦੀ ਪ੍ਰਮੁੱਖ ਛੰਦ ਮੁਕੰਦ ਹੈ। ਇਹਨਾਂ ਦੋਵਾਂ ਕਿੱਸਿਆਂ ਵਿਚ ਕੁਝ ਛੰਦਾਂ ਵਿਚ ਪਾਠ ਰਲਦਾ ਮਿਲਦਾ ਵੀ ਹੈ।

Digitized by Panjab Digital Library | www.panjabdigilib.org

53. **ਗੁਰਨਾਮ ਸਿੰਘ ਰਾਊਕੇ** (1937 ਈ.)

ਬਾਬੂ ਜੀ ਨੇ 'ਗੁਰਨਾਮ ਸਿੰਘ ਰਾਊਕੇ' ਦੇ ਪ੍ਰਸੰਗ 24 ਦਸੰਬਰ 1937 ਈ. ਵਿਚ ਲਿਖਿਆ। ਇਹ 1937 ਈ. ਦੀ ਰਚਨਾ ਹੈ। ਇਸ ਪ੍ਰਸੰਗ ਦੇ 40 ਬੰਦ ਹਨ ਅਤੇ ਪ੍ਰਮੁੱਖ ਛੰਦ ਮੁਕੰਦ, ਦੋ ਭਾਗ, ਝੋਕ ਚਾਲ, ਡੂਢਾ ਆਦਿ ਹਨ। ਪਰੰਪਰਾ ਅਨੁਸਾਰ ਹਰ ਛੰਦ ਤੋਂ ਪਹਿਲਾਂ ਦੋਹਿਰਾ ਦਿੱਤਾ ਗਿਆ ਹੈ।

ਇਸ ਪ੍ਰਸੰਗ ਵਿਚ ਗੁਰਨਾਮ ਸਿੰਘ ਦੀ ਬਹਾਦਰੀ ਦਾ ਜਸ ਗਾਇਆ ਗਿਆ ਹੈ ਜੋ ਆਪਣੀ ਜਾਨ ਤੇ ਖੇਡ ਕੇ ਆਪਣੀਆਂ ਭੈਣਾਂ ਨੂੰ ਛੁਡਾ ਕੇ ਲਿਆਉਂਦਾ ਹੈ। ਇਸ ਪ੍ਰਸੰਗ ਦੀ ਇੱਕ ਵਿਸ਼ੇਸ਼ ਮਹੱਤਤਾ ਇਹ ਹੈ ਕਿ ਇਸ ਵਿਚ ਮਾਲਵੇ ਦੇ ਬਹੁਤ ਸਾਰੇ ਪਿੰਡਾਂ ਦੇ ਗੁਣਾਂ ਔਗੁਣਾਂ ਦੀ ਜਾਣਕਾਰੀ ਦਿਤੀ ਗਈ ਹੈ। ਮੋਗਾ ਤਹਿਸੀਲ ਦੇ ਪਿੰਡ ਰਾਊਕੇ, ਜੋ ਮਹਾਰਾਣੀ ਸਦਾ ਕੌਰ ਦਾ ਪਿੰਡ ਸੀ, ਦੇ ਧਾਲੀਵਾਲ ਜੱਟ ਚੌਧਰੀ ਗੁਰਨਾਮ ਸਿੰਘ ਦੀ ਕੁਆਰੀ ਭੈਣ ਸੰਤੋ ਨੂੰ ਉਸ ਦਾ ਬਹਿਨੋਈ ਬਦਨਾ ਬੱਧਨੀ ਦੇ ਰਾਹ ਵਿਚੋਂ ਜ਼ਬਰਦਸਤੀ ਚੁੱਕ ਕੇ ਲੈ ਜਾਂਦਾ ਹੈ ਅਤੇ ਆਖਦਾ ਹੈ 'ਸੰਤੋ ਨੂੰ ਵਸਾਉਣਾ ਜ਼ੋਰ ਦੇ ਕੇ ਹਿੱਕ ਦੇ':

ਵੈਰੀ ਬਣ ਗਿਆ ਜੁਆਈ ਸਾਵਾਂ, ਜੜੋਂ ਨੱਕ ਲਾਹਤਾ ਸੌਹਰੇ ਦਾ।
ਕਿਹਾ ਮੰਨੇ ਨਾ ਮੋੜੀਆਂ ਬਾਹਵਾਂ, ਮਿਲੇ ਨਾ ਪਿਆਲਾ ਜ਼ਹਿਰ ਦਾ।

ਸੰਤੋ ਦੀ ਮਾਂ ਆਪਣੇ ਪੁੱਤ ਗੁਰਨਾਮ ਨੂੰ ਬੀੜਾਂ ਚੁੱਕਣ ਲਈ ਤਰਲਾ ਕਰਦੀ ਹੈ:

ਸਾਰੀ ਰਾਤ ਅੱਖ ਲਗਦੀ ਨਾ ਮੱਚੜੀ। ਚੜੇ ਆਣ ਹਿੱਕ ਤੇ ਨਿਆਣੀ ਬੱਚੜੀ।
ਧੀ ਨੂੰ ਹਵਾ ਪਾਪਿਆਂ ਦੇ ਪਿੰਡ ਦੀ ਭੱਖਣ ਦੇ। ਅਸੀਂ ਗੁਰਨਾਮ ਪੁੱਤ ਤੇਰੇ ਰਖਣ ਦੇ।

ਦਰਸ਼ਨੀ ਜੁਆਨ ਗੁਰਨਾਮ ਉੱਚਾ ਟੌਰਾਅ ਲਸ਼ ਲਸ਼ ਕਰਦਾ। ਇਕ ਤੀਵੀਂ ਨੇ ਉਸ ਨੂੰ ਬੋਲੀ ਮਾਰੀ:

'ਉੱਚੇ ਟੌਰੇ ਵਾਲਿਆ ਮੁੜਾ ਲੈ ਕਾਕੀ ਨੂੰ।'
'ਸਿੱਕੇ ਵਾਂਗੂ ਢਾਲਤਾ ਇਨਾਮੀ ਜੁਆਨ ਨੂੰ।'

ਗੁਰਨਾਮ ਨੇ ਆਪਣੇ ਯਾਰ ਬੇਲੀ ਤੇ ਹਥਿਆਰ ਇੱਕਠੇ ਕੀਤੇ। ਸੁੱਚਾ ਸਿੰਘ ਸੂਰਮੇ ਤੋਂ ਪਸਤੌਲ ਮੰਗਿਆ। ਲਾਹੌਰ ਤੋਂ ਕਾਰਤੂਸਾਂ ਦੀਆਂ ਪੇਟੀਆਂ ਲਿਆਂਦੀਆਂ, ਘੋੜਿਆਂ ਨੂੰ ਕਾਠੀਆਂ ਪਾਈਆਂ, ਉਨ੍ਹਾਂ ਨੂੰ ਸ਼ਿੰਗਾਰਿਆ, ਮਾਲਵੇ ਦੇ ਜੁਆਨ ਨੇ ਪੁਆਧੀਆਂ ਉੱਤੇ ਉਹ ਜੋਰਦਾਰ ਹਮਲਾ ਕੀਤਾ ਕਿ ਬਦਨੇ ਦੇ ਸਭ ਸਾਥੀਆਂ ਨੂੰ ਮਾਰ ਕੇ ਦੋਹਾਂ ਭੈਣਾਂ ਨੂੰ ਛੁੜਾ ਲਿਆਇਆ:

ਬਦਨੇ ਨੂੰ ਮਾਰ ਪੰਜ ਸੱਤ ਫੱਟ ਤੇ। ਮਾਰ ਮਾਰ ਗੋਲੀਆਂ ਬਨੇਰੇ ਪੱਟ ਤੇ।
ਸੰਤੋ ਡਡਿਆ ਕੇ ਚੰਬੜੀ ਭਰਾਵਾਂ ਨੂੰ। ਪੰਜ ਸੱਤ ਲਾਸ਼ਾਂ ਜਾਣ ਜਗਰਾਵਾਂ ਨੂੰ।

'ਗੁਰਨਾਮ ਸਿੰਘ ਰਾਊਕੇ' ਬੀਰ ਰਸ ਭਰਪੂਰ ਪ੍ਰਸੰਗ ਹੈ ਜੋ ਮਲਵਈ ਸਭਿਆਚਾਰ ਦੀ ਮਹਿਕ ਨੂੰ ਕਾਇਮ ਰਖਦਾ ਹੋਇਆ ਬਹੁਤ ਯਥਾਰਥਿਕ ਤੇ ਮਨੁੱਖੀ ਜਜ਼ਬਿਆਂ ਨੂੰ ਬਹੁਤ ਸਿੱਦਤ ਤੇ ਡੂੰਘਿਆਈਂ ਨਾਲ ਪ੍ਰਗਟ ਕਰਦਾ ਹੈ। ਰਜਬ ਅਲੀ ਆਪ ਲਿਖਦਾ ਹੈ। 'ਬੀਰ ਰਸ ਭਰਤਾ ਸਰੋਤਿਓ ਛੰਦ ਮੇਂ।'

ਲਹੂ ਵੀ ਕਢੌਣਾ ਖੋਂਫ ਖਾਣਾ ਪੱਛਾਂ ਤੋਂ।

Digitized by Panjab Digital Library | www.panjabdigilib.org

ਦਰਿਆ ਦੇ ਰਹਿਣ ਵਾਲੇ ਨਾ ਡਰਨ ਮੱਛਾਂ ਤੋਂ ।
ਸੱਪ ਸ਼ੇਰ ਰਹਿਣ ਨਾ ਕਿਸੇ ਦੀ ਘੂਰ ਮੇਂ ।
ਮਾਰ ਮਾਰ ਮੋੜਦੇ ਪਿਛਾਂਹ ਨੂੰ ਸੂਰਮੇ ।
ਸੂਤ ਦੇ ਘਲੋਟੇ ਵਾਂਗੂੰ ਘੂਰ ਕੱਢ ਦੂੰ ।

ਇਸ ਪ੍ਰਸੰਗ ਵਿਚੋਂ ਮਾਲਵੇ ਦੀ ਪੁਰਾਤਨ ਭਾਈਚਾਰਿਕ ਬਣਤਰ ਦੀ ਪਛਾਣ ਹੁੰਦੀ ਹੈ । ਸਥਾਨਿਕ ਵੈਲੀਆਂ ਉੱਤੇ ਬਾਬੂ ਰਜਬ ਅਲੀ ਦਾ ਲਿਖਿਆ ਸਭ ਤੋਂ ਖ਼ੂਬਸੂਰਤ ਪ੍ਰਸੰਗ ਹੈ ।

54. ਹਰਫੂਲ ਸਿੰਘ ਸੂਰਮਾ (1941 ਈ. ਦੇ ਕਰੀਬ)

'ਹਰਫੂਲ ਸਿੰਘ ਸੂਰਮਾ' ਬਾਬੂ ਰਜਬ ਅਲੀ ਦੀ ਅਣਪ੍ਰਕਾਸ਼ਿਤ ਰਚਨਾ ਹੈ ਜੋ ਉਸ ਨੇ ਦੂਜੀ ਵੱਡੀ ਜੰਗ ਤੋਂ ਪਹਿਲਾਂ ਲਿਖੀ । ਇਸ ਦਾ ਹੱਥ-ਲਿਖਤ ਉਤਾਰਾ ਜਗਮੇਲ ਸਿੰਘ ਪਾਸ ਉਪਲਬਧ ਹੈ । ਇਸ ਵਿਚ ਦੋਹਰਾ, ਦੋ ਭਾਗ ਛੰਦ, ਕੋਰੜਾ, ਆਦਿ ਛੰਦ ਵਰਤੇ ਗਏ ਹਨ ।

ਹਰਫੂਲ ਸਿੰਘ ਮਾਲਵੇ ਦਾ ਡਾਕੂ ਸੀ, ਜਿਸ ਦੀ ਦਲੇਰੀ ਤੇ ਸੂਰਮਗਤੀ ਦੇ ਸਾਕੇ ਲੋਕਾਂ ਦੇ ਮੂੰਹ ਉੱਤੇ ਅਜੇ ਵੀ ਚੜ੍ਹੇ ਹੋਏ ਹਨ । ਹਰਫੂਲ ਸਿੰਘ ਭੇਸ ਬਦਲ ਕੇ ਚੋਰੀਆਂ ਕਰਨ ਤੇ ਪੁਲਸ ਵਾਲਿਆਂ ਦਾ ਉੱਲੂ ਬਨਾਣ ਵਿਚ ਮਾਹਿਰ ਸੀ :

ਸੁਣ ਫੂਲ ਜੁਗਤੀ ਚਲਾਵੇ ਜੁਗਤਾਂ ।
ਅਜ ਠਾਣੇਦਾਰ ਦੇ ਤਾਰੀਕ ਭੁਗਤਾਂ ।
ਮੰਡੀ ਨਰੁਆਣੇ ਦੇ ਨਜ਼ੀਕ ਰਾਸਤਾ ।
ਬਣ ਜਾਂਦਾ ਸੇਠ ਕਿਸੇ ਦਾ ਗੁਮਾਸਤਾ ।
ਸੀਸ ਉੱਤੇ ਪੱਗ ਬੰਨ ਲੈਂਦਾ ਢਹੀ ਜੀ ।
ਸਾਫੇ 'ਚ ਵਲੇ ਕੱਛੇ ਮਾਰੀ ਵਹੀ ਜੀ ।
ਬੋਹੜੀ ਬੋਹੜੀ ਕਰਦਾ ਵੇਖ ਕੇ ਸਿਪਾਹੀਆਂ ਨੂੰ ।
ਹਰਫੂਲ ਸਿੰਘ ਲਗਿਆ ਲੁੱਟਣ ਰਾਹੀਆਂ ਨੂੰ ।

55. ਰਾਮ ਸਿੰਘ ਡੋਹਕ ਵਾਲਾ (1940 ਈ. ਦੇ ਕਰੀਬ)

ਇਸ ਡਾਕੂ ਦਾ ਕਿੱਸਾ ਕਵੀਸ਼ਰ ਘੰਗਰੂ ਤੇ ਝਾਂਜਰ ਖਾੜਿਆਂ ਵਿਚ ਗਾਇਆ ਕਰਦੇ ਸਨ । ਵਟਵਾਰੇ ਸਮੇਂ ਇਹ ਦੋਨੋਂ ਕਵੀਸ਼ਰ ਪਾਕਿਸਤਾਨ ਚਲੇ ਗਏ । ਇਧਰਲੇ ਕਿਸੇ ਵੀ ਕਵੀਸ਼ਰ ਕੋਲ ਇਸ ਪ੍ਰਸੰਗ ਦਾ ਮਤਨ ਉਪਲਬਧ ਹੈ ਨਹੀਂ । ਕਵੀਸ਼ਰ ਜਗਮੇਲ ਸਿੰਘ[50] ਅਨੁਸਾਰ ਇਸ ਦੇ 35–36 ਛੰਦ ਹਨ, ਜਿਨ੍ਹਾਂ ਵਿਚ ਦੋ ਭਾਗ ਤੇ ਮੁਕੰਦ ਛੰਦ ਪ੍ਰਮੁੱਖ ਹਨ ।

56 ਰਾਮ ਸਿੰਘ ਝੁੰਬਾਭਾਈ (1938 ਈ.)

ਇਹ ਪ੍ਰਸੰਗ ਬਾਬੂ ਰਜਬ ਅਲੀ ਨੇ 18 ਜਨਵਰੀ 1938 ਈ ਵਿਚ ਲਿਖਿਆ ਸੀ ।[52] ਇਸ ਵਿਚ ਭਾਈ ਰਾਮ ਸਿੰਘ ਝੁੰਬਾ ਦੀ ਬਹਾਦਰੀ ਦੀ ਸਿਫਤ ਕੀਤੀ ਗਈ ਹੈ । ਜਿਸ ਨੇ ਬੇਮਿਸਾਲ ਹੌਸਲਾ ਕਰ ਕੇ ਚਾਰ ਨਾਮੀ ਡਾਕੂਆਂ ਦਾ ਮੁਕਾਬਲਾ ਕਰ ਕੇ ਦੋ ਨੂੰ ਮਾਰ ਦਿਤਾ

Digitized by Panjab Digital Library | www.panjabdigilib.org

ਤੇ ਦੋ ਨੂੰ ਗ੍ਰਿਫਤਾਰ ਕਰ ਲਿਆ ਅਤੇ ਅੰਗ੍ਰੇਜ਼ ਸਰਕਾਰ ਤੋਂ ਆਨਰੇਰੀ ਮੈਜਸਟ੍ਰੇਟ ਦੀ ਪਦਵੀ ਹਾਸਿਲ ਕੀਤੀ। ਇਸ ਪ੍ਰਸੰਗ ਵਿਚ ਮੁਕੰਦ, ਦੋ ਭਾਗ, ਤਰਜ਼, ਤਰਜ਼-ਦੋਤਾਰਾ, ਝੋਕ, ਕਬਿੱਤ, ਡੂਢਾ ਛੰਦ ਵਰਤੇ ਗਏ ਹਨ। ਇਸ ਦੇ ਛੰਦਾਂ ਦੀ ਕੁੱਲ ਗਿਣਤੀ ਚਾਲੀ ਹੈ। ਪਰੰਪਰਾ ਅਨੁਸਾਰ ਹਰ ਛੰਦ ਤੋਂ ਪਹਿਲਾਂ ਇਕ ਦੋਹਿਰਾ ਵੀ ਦਿਤਾ ਗਿਆ ਹੈ, ਇਸ ਦਾ ਹੱਥ ਲਿਖਤ ਖਰੜਾ ਕਵੀਸ਼ਰ ਨਾਜ਼ਰ ਸਿੰਘ ਭਿੱਦੜਬਾਹਾ ਤੋਂ ਪ੍ਰਾਪਤ ਹੋਇਆ ਹੈ।

ਮੰਗਲ, ਲਾਲ, ਦਲੀਪ ਸਿੰਹੁ, ਜਵਾਲਾ ਤੇ ਕਰਤਾਰ, ਨਵੇਂ ਉੱਠੇ ਡਾਕੂਆਂ, ਨੇ ਤੁਫਾਨ ਖੜਾ ਕਰ ਦਿੱਤਾ। ਉਹਨਾਂ ਨੇ ਗਰੀਬ ਬ੍ਰਾਹਮਣਾਂ ਦੀ ਲੜਕੀ ਨੂੰ ਵੀ ਨਾ ਬਖ਼ਸਿਆ :

ਭਾਈ ਕੈਂਹਦਾ ਨਿਜ ਨੂੰ ਜੱਟਾਂ ਦੇ ਜਰਮੇ। ਕਾਕੀਆਂ ਨੂੰ ਲੁਟਦੇ ਫਿਰੋ ਬਿਸ਼ਰਮੋ।
ਡਾਕੂਆਂ ਨੇ ਲੁੱਟ ਲੀ ਦੁਹਾਈ ਪਿੰਡਾ ਵੇ, ਪਿਉਰੀ ਵਾਲੇ ਘਾਟ ਤੇ।
ਮਾਰਨ ਝੰਗਿਆੜਾਂ ਠੱਲੀਆਂ ਨੀ ਜਾਂਦੀਆਂ।
ਲੁਟ ਲੀ ਜਹਾਨਾ ਸ੍ਰੀ ਰਾਮ ਸਿਉਂ ਦੇ ਜਿਉਂਦੇ ਜਿਉਂਦੇ।

ਭਾਈ ਰਾਮ ਸਿੰਘ ਸੁਣ ਕੇ ਗੁੱਸੇ ਨਾਲ ਲਾਲ ਪੀਲਾ ਹੋ ਗਿਆ ਕਿ ਉਸ ਦੇ ਇਲਾਕੇ ਦੀਆਂ ਲੜਕੀਆਂ ਨੂੰ ਲੁੱਟ ਲਿਆ ਗਿਆ ਹੈ ਅਤੇ ਗਿੱਦੜ ਸ਼ੇਰ ਦੀ ਜੂਹ ਵਿਚ ਧਾੜਾਂ ਮਾਰਨ ਲਗ ਪਏ ਹਨ :

ਮਾਰਦੀ ਸ਼ਰਮ ਸ਼ੇਰ ਏਸ ਗੱਲ ਦੀ।
ਫੱਟਗੇ ਗਿੱਦੜ ਮੂਨ ਤੇਰੇ ਝੱਲ ਦੀ।
ਹੋਕੇ ਵਜ ਕੇ ਤਰਿੰਗ, ਬੋਲੇ ਸ੍ਰੀ ਰਾਮ ਸਿੰਘ,
ਕਢੂੰ ਸਾਰਿਆਂ ਦੇ ਵਿੰਗ, ਦੇ ਤੜੀ ਨਾ ਜਾਣ ਜੂ।
ਜੇੜੀ ਮੇਰੀ ਬਿਰਜ ਲੋਟ, ਵਾਲ ਬਿਧੀ ਮਾਰੋ ਚੋਟ,
ਮੈਂ ਅੜਾ ਦੂੰ ਕਲੀ ਕੋਟ ਨੀ ਮੈਦਾਨ ਮਲਜੂ।

ਬਠਿੰਡੇ ਦੇ ਸੇਠ ਕੁੰਦਨ ਲਾਲ ਦੇ ਭਰਾ ਦੇ ਵਿਆਹ ਉੱਤੇ ਡਾਕੂਆਂ ਨੇ ਫਿਰ ਧਾੜਾ ਮਾਰਿਆ। ਭਾਈ ਸਾਹਿਬ ਨੂੰ ਪਿਉਰੀ ਵਾਲੇ ਨੰਬਰਦਾਰ ਨੇ ਖਬਰ ਦਿੱਤੀ ਤੇ ਭਾਈ ਸਾਹਿਬ ਆਪ ਜਾ ਕੇ ਡਾਕੂਆਂ ਨਾਲ ਲੜ੍ਹਿਆ :

ਹੱਥ ਦੇ ਕੇ ਆਪ ਕਰਤਾਰ ਰਖ ਗਿਆ। ਅੱਗ ਤੇ ਬਰੂਦ ਸਰਦਾਰ ਭੱਖ ਗਿਆ।

ਬਾਬੂ ਰਜਬ ਅਲੀ ਨੇ ਇਸ ਕਿੱਸੇ ਮਾਲਵੇ ਦੀ ਇਸ ਖਿੱਤੇ ਦੇ ਬਹਾਦਰਾਂ ਦੀ ਸਿਫਤ ਇਸ ਤਰ੍ਹਾਂ ਕੀਤੀ ਹੈ :

ਮੋਗੇ ਤੋਂ ਬਠਿੰਡੇ ਸੈਹਣੇ ਤੀਰ ਤੱਲਕਾ। ਕੁੱਲ ਤੋਂ ਦਲੇਰ ਸ਼ੇਰ ਏਸ ਝੱਲ ਕਾ।
ਉੜਣੇ ਸੱਪ ਹੁੰਦੇ ਏਸ ਗੁੱਠ ਦੇ। ਇੰਨੀ ਪਿੰਡੀ ਚੋਬਰ ਬੁਰਿਆਰ ਉੱਠਦੇ।
ਮੇਲਿਆਂ ਤੇ ਲੜ੍ਹਦੇ ਬਣਾ ਕੇ ਢਾਣੀਆਂ। ਚੱਕੀ ਫਿਰਦੇ ਬੰਦੇ ਦਾ ਮਾਸ ਖਾਣੀਆਂ।
ਪਹਿਲਾਂ ਡੱਕ ਡੱਕ ਕੇ ਸ਼ਰਾਬਾਂ ਪੀਤੀਆਂ। ਪਸਤੌਲ ਰਫਲਾਂ ਤਿਆਰ ਕੀਤੀਆਂ।
ਤੇਜ਼ ਨਿਗ੍ਹਾ ਹੁੰਦੀ ਕਾਂ ਉਕਾਬ ਵੈਲੀ ਦੀ। ਚੜਦੇ ਚੋਂ ਉਠਦੀ ਗਰਦ ਬੈਲਾਂ ਦੀ।

ਰਜਬ ਅਲੀ ਨੇ ਇਸ ਕਿੱਸੇ ਵਿਚ ਬਾਣੀਆਂ ਦੇ ਰਸਾਲੇ ਦੇ ਵਿਰਤਾਂਤ ਰਾਹੀਂ ਹਾਸ-ਰਸ

Digitized by Panjab Digital Library | www.panjabdigilib.org

ਪੈਦਾ ਕੀਤਾ ਹੈ । ਇਹ ਕਿੱਸਾ ਅਜੇ ਅਣਛਪਿਆ ਹੀ ਹੈ ।

57. **ਬਲਬੀਰ ਸਿੰਘ ਅੱਬਲ ਖੁਰਾਣਾ** (1940 ਈ.)

ਇਸ ਸਾਕੇ ਨਾ 'ਜਗਜੀਤ ਸਿੰਘ ਅੱਬਲ ਖੁਰਾਣਾ' ਵੀ ਹੈ । ਇਹ ਡਾਕੂਆਂ ਦਾ ਪ੍ਰਸੰਗ ਨਹੀਂ । ਇਹ ਅੱਬਲ ਖੁਰਾਣੇ ਪਿੰਡ ਦੇ ਦੋ ਬਹਾਦਰ ਸੂਰਮਿਆਂ ਦੀ ਗਾਥਾ ਹੈ ਜੋ ਆਪਣੇ ਵੈਰ ਕੱਢਣ ਲਈ ਤੇ ਆਪਣੀ ਅਣਖ ਲਈ ਮਰ ਮਿੱਟਦੇ ਹਨ । ਇਸ ਸਾਕੇ ਦਾ ਤਾਣਾ ਪੇਟਾ ਸੰਯੁਕਤ ਜੱਟ ਪਰਿਵਾਰ ਦੀਆਂ ਕਦਰਾਂ-ਕੀਮਤਾਂ ਲਈ ਲੜ੍ਹ ਮਰਨ ਦੀ ਵਿਰਤੀ ਉੱਤੇ ਖਲੋਤਾ ਹੈ । ਜਗਜੀਤ ਤੇ ਬਲਬੀਰ ਦੀ ਵਿਧਵਾ ਪਰ ਮੁਟਿਆਰ ਚਾਚੀ ਇਸ ਲੜ੍ਹਾਈ ਦੀ ਜੜ੍ਹ ਹੈ ਜੋ ਜ਼ੈਲਦਾਰ ਸੁੰਦਰ ਸਿੰਘ ਨਾਲ ਰਲ ਕੇ ਘਰ ਰਹਿੰਦੀ ਹੈ । ਸ਼ਰੀਕ ਉਹਨਾਂ ਨੂੰ ਬੋਲੀ ਮਾਰਦੇ ਹਨ : 'ਚਾਚੀ ਨਾ ਮੁੜਾ ਲੀ ਬਲਬੀਰ ਢੱਕਨਾਂ ।' ਇਥੇ ਜੋਰੂ ਤੇ ਜ਼ਮੀਨ ਦਾ ਰੌਲਾ ਹੈ :

ਨਾਰ ਦੱਬੀ ਬੂਏਂ ਦੱਬਣ ਦੀ, ਕਰੀ ਸਰੀਕਾਂ ਨੀਤ ।
ਹੋ ਗਿਆ ਮਾਰਨ ਮਰਨ ਤੇ, ਤਿਆਰ ਜੁਆਨ ਜਗਜੀਤ ।

ਜਗਜੀਤ ਨੇ ਚਿੱਟੇ ਦਿਨ ਉਸ ਦੇ ਬੰਦਿਆਂ ਦੀ ਹਾਜ਼ਰੀ ਵਿਚ ਜ਼ੈਲਦਾਰ ਹਰਨਾਮ ਸਿੰਘ ਕਤਲ ਕਰ ਦਿਤਾ । ਜ਼ੈਲਦਾਰਾਂ ਨੇ ਜਗਜੀਤ ਨੂੰ ਮਾਰ ਦਿਤਾ । 'ਫਿਰ ਚੱਕ ਲਿਆ ਬਲਬੀਰ ਬੀੜਾ ਵੀਰਨ ਦੇ ਵੈਰ ਦਾ ।' ਮਾਛਣ ਦਾ ਮੇਹਣਾ ਸੁਣ ਕੇ ਬਲਬੀਰ ਆਪਣੀ ਮਾਂ ਕੋਲ ਕੂਕਾਂ ਮਾਰ ਕੇ ਰੋਂਦਾ ਹੈ :

ਮਾਤਾ ਕੋਲ ਰੋ ਪਿਆ, ਮਾਰ ਕੂਕ ਤੇ ਕੂਕ ।
ਰੱਤ ਦੀ ਭਰੀ ਕਮੀਜ਼ ਦੇ, ਸਾਵੀਂ ਬਖਸ਼ ਬੰਦੂਕ ।
ਮਾਂ ਝਟ ਪਕੜਾ ਦੀਏ, ਰਫਲ ਰੌਂਦ ਕੁਲ ਚੀਜ਼ ।
ਉਹ ਪਗੜੀ ਉਹ ਚਾਦਰਾ, ਰੱਤ ਦੀ ਭਰੀ ਕਮੀਜ਼ ।

ਪਰ ਨਾਲ ਹੀ ਪੁੱਤ ਨੂੰ ਕਿਹਾ :

'ਜਾਂਦੀ ਲੋਥ ਗੱਡੇ ਤੇ ਵਿਖਾਏ ਜੇ ਕਰ ਜੰਨ ਨੂੰ । ਮਾਂ ਭੱਥਾ ਤੀਰਾਂ ਜਾ ਫੜਾਤਾ ਅਰਜਨ ਨੂੰ ।' ਬਲਬੀਰ ਆਪਣੇ ਵੀਰ ਜਗਜੀਤ ਦੀ ਲਹੂ ਦੀ ਭਿੱਜੀ ਕਮੀਜ਼ ਪਾ ਕੇ ਇਸ ਤਰ੍ਹਾਂ ਬਦਲਾ ਲੈਣ ਲਈ ਲੜਦਾ ਹੈ :

ਦੇਰ ਦਾ ਫਸਾਦ ਨਿਬੜਿਆ ਕਿ ਨਿਬੜਿਆ ।
ਗਲ ਪਾ ਲਿਆ ਕੁੜਤਾ ਲਹੂ 'ਚ ਲਿਬੜਿਆ ।
ਮਾਰ ਮਾਰ ਗੋਲੀਆਂ ਕਢਾ ਦੂ ਚੀਕਾਂ ਨੂੰ ।
ਚੜ੍ਹਿਆ ਬਲਬੀਰ ਮਾਰਨ ਸ਼ਰੀਕਾਂ ਨੂੰ ।

ਤੇ ਫਿਰ ਹੋਣੀ ਹੋ ਕੇ ਰਹਿੰਦੀ ਹੈ । ਬਾਬੂ ਜੀ ਦੇ ਇਸ ਪ੍ਰਸੰਗ ਦੇ 30 ਛੰਦ ਹਨ । ਇਸ ਪ੍ਰਸੰਗ ਵਿਚ ਉਸਨੇ ਮੁਕੰਦ, ਛੰਦ ਦੋ, ਭਾਗ ਕੇਸਰੀ, ਝੋਕ ਛੰਦ ਵਰਤੇ ਹਨ । ਇਹ ਸਾਕਾ ਉਸ ਨੇ 1940 ਦੇ ਕਰੀਬ ਲਿਖਿਆ । ਇਸ ਦਾ ਹੱਥ-ਲਿਖਤ ਖਰੜਾ ਕਵੀਸ਼ਰ ਜਗਮੇਲ ਸਿੰਘ ਤੋਂ ਪ੍ਰਾਪਤ ਹੋਇਆ । ਇਹ ਰਚਨਾ ਅਜੇ ਅਣਛਪੀ ਹੈ ।

Digitized by Panjab Digital Library | www.panjabdigilib.org

58. ਹਰਨਾਮ ਕੌਰ ਦੀ ਬਹਾਦਰੀ (1939 ਈ.)

ਹਰਨਾਮ ਕੌਰ ਦੀ ਬਹਾਦਰੀ ਦਾ ਪ੍ਰਸੰਗ ਬਾਬੂ ਰਜਬ ਅਲੀ ਨੇ 1939 ਈ. ਦੇ ਕਰੀਬ ਲਿਖਿਆ ਸੀ। ਇਸ ਦਾ ਹੱਥ-ਲਿਖਤ ਉਤਾਰਾ ਬਾਬੂ ਜੀ ਨੇ 3-9-1959 ਨੂੰ ਕਵੀਸ਼ਰ ਜਗਮੇਲ ਸਿੰਘ ਨੂੰ ਭੇਜਿਆ, ਜੋ ਉਸ ਪਾਸ ਸੁਰਖਿਅਤ ਹੈ।[53] ਇਸ ਪ੍ਰਸੰਗ ਦੇ ਕੁੱਲ 11 ਛੰਦ ਹਨ ਅਤੇ ਡੂਢਾ, ਕਾਫ਼ੀ, ਮੁਕੰਦ, ਝੋਕ, ਦੋ ਭਾਗ ਛੰਦ ਵਰਤੇ ਗਏ ਹਨ। ਪਰੰਪਰਾ ਅਨੁਸਾਰ ਹਰ ਛੰਦ ਤੋਂ ਪਹਿਲਾਂ ਇੱਕ ਇੱਕ ਦੋਹਿਰਾ ਦਿੱਤਾ ਗਿਆ ਹੈ। ਪਹਿਲਾ ਛੰਦ ਮੰਗਲਾਚਰਣ ਦਾ ਹੈ; 'ਰੰਗ ਲਾਤਾ ਰਚ ਕੇ ਰੰਗੀਲੀ ਦੁਨੀਆ।'

ਇਸ ਪ੍ਰਸੰਗ ਵਿਚ ਬੀਬੀ ਹਰਨਾਮ ਕੌਰ ਦੀ ਬਹਾਦਰੀ ਦੀ ਜਸ ਵਰਣਨ ਹੈ ਜਿਸ ਨੇ ਪ੍ਰਸਿੱਧ ਡਾਕੂ ਲਾਲ ਸਿੰਘ ਮਧੇ ਤੇ ਉਸ ਦੇ ਦੋ ਹੋਰ ਸਾਥੀਆਂ ਨੂੰ, ਇਕੱਲੀ ਨੇ ਹੀ, ਸਿੱਧੀ ਲੜਾਈ ਵਿਚ ਮਾਰ ਦਿਤਾ ਸੀ। ਡਾਕੂ ਉਸ ਦੀ ਭਰਜਾਈ ਨੂੰ ਜ਼ਬਰਦਸਤੀ ਚੁੱਕਣ ਲਗੇ ਸਨ। ਸਿੱਧੂਆਂ ਦੀ ਕੰਵਾਰੀ ਕੁੜੀ ਹਰਨਾਮ ਕੌਰ ਵਿਚ ਅੰਤਾਂ ਦੀ ਤਾਕਤ ਤੇ ਦਲੇਰੀ ਸੀ। ਕਿ ਉਸਨੇ ਖਾਲੀ ਹੱਥੀਂ ਬੰਦੂਕਧਾਰੀ ਡਾਕੂਆਂ ਨੂੰ ਮਾਰ ਦਿੱਤਾ ਹੈ। ਡਾਕੂਆਂ ਦਾ ਸਰਦਾਰ ਲਾਲ ਸਿੰਘ ਪਹਿਲਾਂ ਤਾਂ ਉਸ ਦੀ ਹੋਰਨਾਂ ਡਾਕੂਆਂ ਨਾਲ ਲੜਾਈ ਦੀ ਬਹਾਦਰੀ ਨੂੰ ਵੇਖ ਕੇ ਹੈਰਾਨ ਤੇ ਪ੍ਰਸ਼ਨ ਹੁੰਦਾ ਰਿਹਾ। ਪਰ ਜਦੋਂ ਉਸ ਨੇ ਬਾਕੀ ਡਾਕੂਆਂ ਨੂੰ ਮਾਰ ਦਿਤਾ ਹੈ ਤਾਂ, ਲਾਲ ਸਿੰਘ ਬਾਜ਼ੀ ਹੱਥੋਂ ਜਾਂਦੀ ਵੇਖ ਕੇ ਉਸ ਨੂੰ ਗੋਲੀਆਂ ਮਾਰ ਕੇ ਫਟੜ ਕਰ ਦਿੰਦਾ ਹੈ :

ਪਹਿਲਾ ਕਾਰਤੂਸ ਸੀ ਨਗਾਤਾ ਵੱਖੀਓਂ।  
ਧੂੰਆਧਾਰ ਹੋ ਗਿਆ ਨਾ ਥਿਆਵੇ ਅੱਖੀਓਂ।  
ਦੂਜੀ ਮਾਰ ਵਿਚ ਦੀ ਟਪਾਤੀ ਲੱਤ ਦੇ।  
ਭਿੱਜ ਗੇ ਤਮਾਮ ਲੀੜੇ ਨਾਲ ਰੱਤ ਦੇ।  
ਤੀਜੀ ਵਾਰੀ ਆਗੀ ਆ ਖੜੀ ਨੂੰ ਘੇਰਨੀ।  
ਪਰ ਬੁਰੀ ਹੁੰਦੀ ਐ ਫਟੜ ਸ਼ੇਰਨੀ।  
ਲਗਾ ਗੋਲੀ ਤੀਸਰੀ ਚਲੌਣ ਭਰ ਕੇ।  
ਜਾ ਪੀ ਹਰਨਾਮ ਕੁਰ ਛੁੱਟ ਕਰ ਕੇ।  
ਕੈਂਠੇ ਨੂੰ ਫੜ ਕੇ ਝੜਾਤਾ ਕੇੜਾ ਸੀ।  
ਜਾ ਪਿਆ ਜ਼ਮੀਨ ਉੱਤੇ ਖਾ ਕੇ ਗੇੜਾ ਜੀ।  
ਦੇ ਕੇ ਗੂਠਾ ਗਲ ਉੱਤੇ ਬਹਿਗੀ ਹਿੱਕ ਦੇ,  
ਏਨੇ ਹੱਥ ਦੇਖੇ ਨੀ ਮਟਿਆਰ ਇੱਕ ਦੇ।  
ਬੁਰੀਆਂ ਬਰਾੜਾਂ ਜੱਟਾਂ ਦੀਆਂ ਕਾਕੀਆਂ।  
ਮਾਰ ਮਾਰ ਪਿੱਛੇ ਤੋਂ ਉਡਾਈਆਂ ਟਾਕੀਆਂ।  
ਬਾਬੂ ਦੀ ਦਰੜ ਦਿਤੇ ਮੋਠ ਕੋਰੜੂ।  
ਲਗ ਪਿਆ ਵਜਣ ਲਾਲ ਸਿਹੁ ਦਾ ਘੋਰੜੂ।

ਇਕ ਲੜਕੀ ਦੀ ਬਹਾਦਰੀ ਦਾ ਕਿੱਸਾ ਵੈਲੀ ਦੇ ਪ੍ਰਸੰਗਾਂ ਵਿਚ ਨਿਆਰੀ ਥਾਂ ਰਖਦਾ ਹੈ। ਇਸ ਤੋਂ ਬਾਬੂ ਜੀ ਤੋਂ ਬਿਨ੍ਹਾਂ[54] ਮਾਘੀ ਸਿੰਘ ਆਦਿ ਕਵੀਸ਼ਰਾਂ ਨੇ ਲਿਖਿਆ ਹੈ। ਇਹ

Digitized by Panjab Digital Library | www.panjabdigilib.org

ਇਤਿਹਾਸਿਕ ਘਟਨਾ ਹੈ ਹਰਨਾਮ ਕੌਰ ਨੂੰ ਅੰਗ੍ਰੇਜ਼ ਸਰਕਾਰ ਨੇ ਦੋ ਕੁ ਮੁਰਬੇ ਜ਼ਮੀਨ ਇਨਾਮ ਵੀ ਦਿਤੀ ਸੀ ।

59. ਰਾਮਣ ਘੁਮਿਆਰ (1938 ਈ.)

'ਰਾਮਣ ਘੁਮਿਆਰ' ਅਜੇ ਅਣਪ੍ਰਕਾਸ਼ਿਤ ਰਚਨਾ ਹੈ । ਇਸ ਦੀ ਹੱਥ-ਲਿਖਤ ਬਾਬੂ ਜੀ ਦੇ ਜੇਠੇ ਚੇਲੇ ਕਵੀਸ਼ਰ ਠਾਣਾ ਸਿੰਘ ਪਾਸ ਹੈ । ਇਸ ਨੂੰ ਬਾਬੂ ਜੀ ਨੇ ਪਾਕਿਸਤਾਨ ਜਾਣ ਤੋਂ 9 ਵਰ੍ਹੇ ਪਹਿਲਾਂ ਲਿਖਿਆ । ਇਸ ਡਾਕੂ ਦੇ ਪ੍ਰਸੰਗ ਦੇ ਕੁੱਲ 40 ਕੁ ਬੰਦ ਹਨ । ਇਸ ਵਿਚ ਮੁਕੰਦ, ਦੋ ਭਾਗ, ਝੋਕ ਆਦਿ ਛੰਦ ਵਰਤੇ ਗਏ ਹਨ, ਛੰਦ ਤੋਂ ਪਹਿਲਾਂ ਇੱਕ ਦੋਹਿਰਾ ਵੀ ਦਿੱਤਾ ਗਿਆ ਹੈ ।

ਰਾਮਣ ਘੁਮਿਆਰ ਮਾਲਵੇ ਦਾ ਪ੍ਰਸਿੱਧ ਡਾਕੂ ਸੀ, ਜਿਸ ਦੀਆਂ ਬਹਾਦਰੀ ਦੇ ਕਾਰਨਾਮੇ ਅਜੇ ਵੀ ਲੋਕਾਂ ਦੇ ਮੂੰਹ ਉੱਤੇ ਚੜ੍ਹੇ ਹਨ । ਰਜਬ ਅਲੀ ਨੇ ਰਾਮਣ ਘੁਮਿਆਰ ਦੀ ਸੂਰਮਗਤੀ ਨੂੰ ਬੜੇ ਪ੍ਰੇਮ ਨਾਲ ਚਮਕਾਇਆ ਹੈ । ਰਾਮਣ ਘੁਮਿਆਰ ਪਿੰਡ ਲੇਲੇ ਵਾਲਾ, ਜ਼ਿਲ੍ਹਾ ਬਠਿੰਡਾ ਦਾ ਰਹਿਣ ਵਾਲਾ ਸੀ ।

60. ਰਾਮ ਕੌਰ (1940 ਈ.)

'ਰਾਮ ਕੌਰ' ਦਾ ਦੂਜਾ ਨਾਂ 'ਕੇਹਰ ਸਿੰਘ ਦੀ ਮੌਤ' ਵੀ ਹੈ । ਬਾਬੂ ਰਜਬ ਅਲੀ ਨੇ 1940 ਈ. ਦੇ ਕਰੀਬ ਇਹ ਕਿੱਸਾ ਲਿਖਿਆ । ਇਸ ਦੇ ਕੁੱਲ 27 ਛੰਦ ਹਨ ਤੇ ਇਸ ਵਿਚ ਕੇਵਲ ਤਿੰਨ ਛੰਦ ਮੁਕੰਦ, ਕਬਿੱਤ, ਦੋ ਭਾਗ ਛੰਦ ਵਰਤੇ ਗਏ ਹਨ । ਇਹ ਕਿੱਸਾ ਅਜੇ ਪ੍ਰਕਾਸ਼ਿਤ ਨਹੀਂ ਹੋਇਆ ਅਤੇ ਇਸ ਦਾ ਹੱਥ-ਲਿਖਤ ਦਾ ਖਰੜਾ ਕਵੀਸ਼ਰ ਜਗਮੇਲ ਸਿੰਘ ਤੋਂ ਪ੍ਰਾਪਤ ਹੋਇਆ ਹੈ । ਬਾਬੂ ਤੋਂ ਬਿਨਾਂ 'ਰਾਮ ਕੌਰ' ਦਾ ਪ੍ਰਸੰਗ ਹੋਰ ਵੀ ਕਈ ਕਵੀਸ਼ਰਾਂ ਜਿਵੇਂ ਸਾਈਂਦਾਸ, ਮਾਘੀ ਸਿੰਘ ਆਦਿ ਨੇ ਲਿਖਿਆ ਹੈ ।

ਰਜਬ ਅਲੀ ਨੇ ਬੜੇ ਵਿਸਤਾਰ ਵਿਚ ਇਸ ਇਕਹਿਰੀ ਗੋਂਦ ਵਾਲੇ ਕਿੱਸੇ ਨੂੰ ਲਿਖਿਆ ਹੈ । ਫਲੌਰ ਦੇ ਨੇੜੇ ਅੱਤਾ ਪਿੰਡ ਦੀ ਬੂਟਾ ਸਿੰਘ ਦੀ ਜਨਾਨੀ ਨੇ ਪੈਸਿਆਂ ਦੇ ਲਾਲਚ ਵਿਚ ਮੁਕਲਾਵਾ ਲੈਣ ਆਏ ਆਪਣੇ ਜੁਆਈ ਕੇਹਰ ਸਿੰਘ ਨੂੰ ਆਪਣੇ ਪੁੱਤਰਾਂ ਨਾਲ ਮਿਲ ਕੇ ਕਤਲ ਕਰ ਦਿਤਾ । ਰਾਮ ਕੌਰ ਆਪਣੀ ਮਾਂ ਦੀ ਸਾਜ਼ਸ ਦਾ ਭਾਂਡਾ ਭੰਨਦੀ ਹੈ । ਪਹਿਲਾਂ ਜਦੋਂ ਸੱਸ ਜੁਆਈ ਨੂੰ ਖੀਰ ਵਿਚ ਜ਼ਹਿਰ ਦੇਣ ਦਾ ਯਤਨ ਕਰਦੀ ਹੈ ਤਾਂ ਰਾਮ ਕੌਰ ਉਸ ਨੂੰ ਮਿੰਨਤ ਨਾਲ ਸਮਝਾ ਦਿੰਦੀ ਹੈ । ਪੈਸੇ ਦੀ ਖਾਤਰ ਸੱਸ ਆਪਣੇ ਜੁਆਈ ਨੂੰ ਕਤਲ ਕਰਵਾ ਸਕਦੀ ਹੈ, ਜਿਵੇਂ 'ਹੱਦ ਪਾਪ ਦੀ ਕਮਾ ਤੀ ਜੱਗ ਤੇ ।' ਰਜਬ ਅਲੀ ਨੇ ਰਾਮ ਕੌਰ ਦੇ ਭੈੜੇ ਸੁਫਨੇ ਰਾਹੀਂ ਹੋਣ ਵਾਲੇ ਦੁਖਾਂਤ ਦਾ ਖਦਸਾ ਕਲਾਤਮਿਕ ਢੰਗ ਨਾਲ ਪ੍ਰਗਟ ਕੀਤਾ ਹੈ :

ਡਿੱਗ ਪੀ ਲਟੈਣ ਆਪਣੇ ਚੋਬਾਰੇ ਦੀ । ਹੇਠ ਆਗੀ ਟੌਟਣੀ ਪਰੌਹਣੇ ਪਿਆਰੇ ਦੀ ।
ਕਿਸੇ ਬੀਆਬਾਨ ਉਜਾੜਾਂ ਨੀ । ਜੂਸਫ ਕਨਿਆਨਾਂ ਘੇਰ ਲਿਆ ਬਘਿਆੜਾਂ ਨੀ ।
ਚਾਰ ਸੱਪ ਉੱਡਣੇ ਸੁਨੈਹਰੀ ਰੰਗ ਨੀ । ਵਾਰੋ ਵਾਰੀ ਕੇਹਰ ਨੂੰ ਚਲਾਉਂਦੇ ਡੰਗ ਨੀ ।
ਖ਼ੂਨ ਦੇ ਖੱਪਰ ਜੋਗਣਾਂ ਭਰਾਗੀਆਂ । ਜਾਣੋ ਮੇਰੇ ਲਾੜੇ ਨੂੰ ਚੜੇਲਾਂ ਖਾਗੀਆਂ ।

ਰਜਬ ਅਲੀ ਨੇ ਕਹਾਣੀ ਦੇ ਬਨਾਵਟੀ ਹੋਣ ਦੀ ਲੋਕਾਂ ਦੀ ਸ਼ੰਕਾਂ ਬਾਰੇ ਕਿਹਾ ਹੈ :

Digitized by Panjab Digital Library | www.panjabdigilib.org

ਲੋਕ ਕੈਂਦੇ ਲੱਖ ਕਵੀਸ਼ਰਾਂ ਦਾ ਮਸਲਾ। ਸੱਚ ਪੁੱਛੋ ਚੰਗਾ ਨੀ ਬੁੜੀ ਦਾ ਅਸਲਾ।

ਕਿਸ ਕਿੱਸੇ ਵਿਚ ਜੋ ਯਥਾਰਥ ਤੇ ਰੁਝਵੀਂ ਹੈ ਕਿ ਪੁਲਸ ਨੇ ਰਾਮ ਕੌਰ ਦੇ ਕਹਿਣ ਉੱਤੇ ਉਸ ਦੇ ਮਾਂ ਬਾਪ ਤੇ ਭਰਾਵਾਂ ਨੂੰ ਕੋਹਲੂ ਵਿਚ ਪੀੜ ਦਿਤਾ। ਪੁਲਸ ਕੋਲ ਅਜਿਹਾ ਕਰਨ ਦਾ ਅਧਿਕਾਰ ਹੀ ਨਹੀਂ ਇਸ ਲਈ ਇਹ ਕੇਵਲ ਚਿੰਨ੍ਹ ਮਾਤਰ ਹੈ।

61. ਭੂਤ ਬਹਾਦਰ (1948 ਈ.)

ਦੇਸ਼ ਦੀ ਵੰਡ ਸਮੇਂ 1947 ਵਿਚ ਹੋਈ ਪੰਜਾਬ ਦੀ ਤਬਾਹੀ ਦਾ ਵਿਰਤਾਂਤ ਇਸ ਲਹੂ-ਭਿੱਜੇ ਵਿਰਤਾਂਤ ਵਿਚ ਦਰਜ ਹੈ। 'ਭੂਤ ਬਹਾਦਰ' ਬਾਬੂ ਰਜਬ ਅਲੀ ਨੇ 25 ਅਗਸਤ 1948 ਈ.ਨੂੰ ਪਾਕਿਸਤਾਨ ਤੋਂ ਬਣਾ ਕੇ ਭੇਜਿਆ। ਇਹ ਅਣਪ੍ਰਕਾਸ਼ਿਤ ਰਚਨਾ ਦਾ ਇੱਕੋ ਇੱਕ ਹੱਥ-ਲਿਖਤ ਖਰੜਾ ਕਵੀਸ਼ਰ ਜਗਮੇਲ ਸਿੰਘ ਤੋਂ ਪ੍ਰਾਪਤ ਕੀਤਾ ਗਿਆ ਹੈ। ਇਸ ਪ੍ਰਸੰਗ ਦੇ ਕੁੱਲ 31 ਛੰਦ ਹਨ ਅਤੇ ਇਸ ਵਿਚ ਮਨੋਹਰ ਭਵਾਨੀ, ਤਰਜ਼, ਬੈਂਤ, ਮੁਕੰਦ, ਬੈਂਤ ਤੇ ਡੂਢਾ ਛੰਦ ਵਰਤੇ ਗਏ ਹਨ। ਕਵੀਸ਼ਰੀ ਪਰੰਪਰਾ ਅਨੁਸਾਰ ਹਰ ਛੰਦ ਤੋਂ ਪਹਿਲਾਂ ਇਕ ਜਾਂ ਦੋ ਦੋਹਰੇ ਦਿਤੇ ਹਨ।

ਇਸ ਪ੍ਰਸੰਗ ਦੇ ਦੋ ਅੰਗ ਹਨ। ਪਹਿਲੇ ਵਿਚ ਮੰਡੀ ਡੱਬਵਾਲੀ ਦੇ ਕੋਲ ਦੇ ਭੂਤ ਜ਼ੈਲਦਾਰ ਸੁਲੇਮਾਨ ਤੇ ਉਸਦੀ ਬਹਾਦਰੀ ਦੇ ਸੋਹਲੇ ਗਾਏ ਹਨ, ਜਿਸ ਤੋਂ ਬਿਸ਼ਨੋਈ ਸਰਦਾਰ ਧਰਮ ਭਰਾ ਬਣ ਕੇ ਹਥਿਆਰ ਲੈ ਲੈਂਦਾ ਹੈ ਅਤੇ ਫਿਰ ਅਬੋਹਰ ਲੰਘ ਕੇ ਨਹਿਰ ਤੋੜ ਕੇ ਹਮਲਾ ਕਰ ਦਿੰਦੇ ਹਨ। ਨਿਹੱਥੇ ਭੂਤ ਬੜੀ ਬਹਾਦਰੀ ਨਾਲ ਲੜਦੇ ਹਨ ਤੇ ਸਾਰੇ ਮਾਰੇ ਜਾਂਦੇ ਹਨ। ਇਸ ਦੇ ਜ਼ੁਲਮ ਦਾ ਚਿਤਰਣ ਜੋ ਰਜਬ ਅਲੀ ਨੇ ਕੀਤਾ ਹੈ ਉਹ ਬੜਾ ਦਰਦਨਾਕ ਤੇ ਕੜਬਾ ਹੈ :

ਛਾਤੀਆਂ ਤੇ ਟਕੂਏ ਮਾਰੇ ਪਾੜਤੀਆਂ ਵੱਖੀਆਂ ਜੀ,
ਆ ਗਿਆ ਵੇਲਾ ਆਖਰ ਦਾ,
ਮੀਟ ਗਿਆ ਅੱਖੀਆਂ ਜੀ।
ਬਾਬਲਾ ਕਿਉਂ ਛਡੀ ਜਾਂਦਾ, ਲਾਡਲੀਆਂ ਰੱਖੀਆਂ ਜੀ।
ਢਿੱਡ ਤੇ ਪਰ ਲਿਟਗੀ ਪੁੱਤਰੀ, ਲਿਬੜਗੇ ਝੱਗੇ ਜੀ।
ਵੇਖੀ ਜਿੰਦ ਪਿਉਂ ਦੀ ਨਿਕਲਦੀ,ਅੱਖੀਆਂ ਦੇ ਅੱਗੇ ਜੀ।
ਜ਼ੁਲਮਾਂ ਦੇ ਬੱਦਲ ਆ ਗੇ ਘਟਾ ਵਸ ਚੜ੍ਹ ਕੇ ਜੀ।
ਥਾਂਵਾਂ ਵਿਚ ਤੜਫੀ ਜਾਂਦੇ, ਲੜਕੀਆਂ ਲੜਕੇ ਜੀ।
ਸੇਲਿਆਂ ਵਿਚ ਟੰਗਣੇ ਪਾਪੀ, ਮਾਂ ਤੋਂ ਪੁੱਤ ਫੜਕੇ ਜੀ।
ਪੱਥਰੋਂ ਦਿਲ ਕਰੜੇ ਹੋਗੇ, 'ਕਾਲੀ ਡੁੱਬ ਜਾਣਿਆਂ ਦੇ।
ਲਹੂ ਦੀ ਨੈਂ ਵਿਚ ਫਿਰਦੇ, ਰੁੜਦੇ ਧੜ ਨਿਆਣਿਆਂ ਦੇ।

ਇਸ ਦੇ ਦੂਜੇ ਪ੍ਰਸੰਗ ਵਿਚ ਰਾਜਪੂਤਾਂ ਦੀ ਲੜਕੀ ਨੂੰ ਧਾੜਵੀ ਚੁੱਕ ਕੇ ਲੈ ਜਾਂਦੇ ਹਨ। ਉਹ ਛੁਡਾਉਣ ਲਈ ਰਾਹੀਆਂ ਨੂੰ ਫਰਿਆਦ ਕਰਦੀ ਹੈ। ਸਰਦਾਰ ਕੌਲ ਸਿੰਘ ਦਾ ਮਜ਼ੇਰ ਹਜ਼ੂਰ ਸਿੰਘ ਧਾੜਵੀ ਨੂੰ ਗੋਲੀ ਨਾਲ ਜ਼ਖਮੀ ਕਰਕੇ, ਲੜਕੀ ਛੁੜਾ ਲੈਂਦਾ ਹੈ। ਜਦੋਂ ਪਤਾ ਲਗਦਾ ਹੈ ਕਿ ਉਹ ਸਾਹੋ ਕਿਆਂ ਦੀ ਲੜਕੀ ਮਸੀਤੀ ਵਿਆਹੀ ਬਾਬੂ ਰਜਬ

Digitized by Panjab Digital Library | www.panjabdigilib.org

ਅਲੀ ਦੀ ਭਤੀਜੀ ਹੈ ਤਾਂ ਉਸ ਨੂੰ ਧਰਮ ਭੈਣ ਬਣਾ ਛਡ ਕੇ ਜਾਂਦੇ ਹਨ :

ਨਾ ਨੀ ਕਾਕੀ ਡੋਲ ਨਾ ਭਰੇ ਵੇ ਨੈਣ ਤੂੰ । ਕੌਲ ਸਿਉਂ ਹਜੂਰੇ ਦੀ ਧਰਮ ਭੈਣ ਤੂੰ ।
ਇਕੋ 'ਵਾਜ਼ ਨਿਕਲੀ ਤਮਾਮ ਨਗਰੋਂ । ਸਾਡੀ ਧੀ ਤੂੰ ਬਾਬੂ ਦੀ ਭਤੀਜੀ ਮਗਰੋਂ ।
ਤੇਰਾ ਤਾਇਆ ਦੋਹਾਂ ਦਾ ਧਰਮ ਭਾਈ ਆ । ਇਕੋ ਥਾਲੀ ਖਾ ਕੇ ਪਗੜੀ ਵਟਾਈ ਆ ।

ਬਾਬੂ ਜੀ ਇਸ ਪ੍ਰਸੰਗ ਵਿਚ ਆਪਣੇ ਖਾਨਦਾਨ ਬਾਰੇ ਵੀ ਮਹੱਤਵ ਪੂਰਨ ਜਾਣਕਾਰੀ ਦਿਤੀ ਹੈ ।

## 6. ਦੇਸ਼ ਭਗਤੀ ਦੀਆਂ ਰਚਨਾਵਾਂ

### 62. ਸ਼ਹੀਦ ਭਗਤ ਸਿੰਘ (ਆਜ਼ਾਦੀ ਤੋਂ ਬਾਅਦ)

ਇਸ ਰਚਨਾ ਦੀਆਂ ਅੰਦਰਲੀਆਂ ਗਵਾਹੀਆਂ ਤੋਂ ਇਸ ਦਾ ਰਚਨ ਕਾਲ ਆਜ਼ਾਦੀ (1947 ਈ.) ਤੋਂ ਪਿੱਛੋਂ ਦਾ ਸਿੱਧ ਹੁੰਦਾ ਹੈ । ਇਸ ਨੂੰ ਬਾਬੂ ਜੀ ਚੇਲੇ ਜਗਮੇਲ ਸਿੰਘ ਨੇ ਅਗਸਤ, 1979 ਈ. ਵਿਚ ਪ੍ਰਕਾਸ਼ਿਤ[55] ਕੀਤੀ । ਬੱਤੀ ਪੰਨਿਆਂ ਦੀ ਇਸ ਲਘੂ ਆਕਾਰ ਦੀ ਰਚਨਾ ਵਿਚ ਦੋਹਰਿਆਂ ਤੋਂ ਬਿਨਾਂ ਕਬਿੱਤ, ਢਾਈਆ, ਡਿਓਢਾ, ਤਰਜ਼ ਦੋਤਾਰਾ, ਬਹੱਤਰ ਕਲਾ ਤੇ ਮਨੋਹਰ ਛੰਦ ਵਰਤੇ ਗਏ ਹਨ ।

'ਸ਼ਹੀਦ ਭਗਤ ਸਿੰਘ' ਦੇ ਵਿਸ਼ੇ ਨੇ ਪੰਜਾਬੀ ਕਵੀਆਂ, ਵਿਸ਼ੇਸ਼ ਕਰ ਕਵੀਸ਼ਰਾਂ ਨੂੰ, ਬਹੁਤ ਟੁੰਬਿਆ ਹੈ । ਇਸ ਆਜ਼ਾਦੀ ਪਰਵਾਨੇ ਨੇ ਆਪਣੀ ਕੁਰਬਾਨੀ ਨਾਲ ਇਨ੍ਹਾਂ ਦੀਆਂ ਕਲਮਾਂ ਨੂੰ ਰੌਸ਼ਨੀ ਦਿਤੀ ਹੈ । ਕਵੀਸ਼ਰੀ ਪਰੰਪਰਾ ਵਿਚ 'ਸ਼ਹੀਦ ਭਗਤ ਸਿੰਘ' ਨੂੰ ਛੰਦ-ਬੱਧ ਕਰਨ ਵਾਲੇ ਕਈ ਪ੍ਰਮੁੱਖ ਕਵੀਸ਼ਰ ਹਨ ।

ਬਾਬੂ ਜੀ ਦੀ ਇਸ ਰਚਨਾ ਦੀ ਗੋਂਦ ਇਕਹਿਰੀ ਹੈ । ਇਸ ਦੇ ਆਰੰਭ ਵਿਚ ਭਗਤ ਸਿੰਘ ਦੀ ਉਪਮਾ ਦਿਤੀ ਹੈ, ਬਾਅਦ ਵਿਚ ਲਾਲਾ ਲਾਜਪਤ ਰਾਇ ਦੀ ਮੌਤ, ਸਾਂਡਰਸ ਦਾ ਕਤਲ ਭਗਤ ਸਿੰਘ ਤੇ ਉਸਦੇ ਸਾਥੀਆਂ ਨੂੰ ਫਾਂਸੀ ਲਗਾਉਣ ਦਾ ਪ੍ਰਸੰਗ ਦਰਜ ਹੈ । ਇਸ ਵਿਚ ਭਗਤ ਸਿੰਘ ਵਲੋਂ ਅਸੈਂਬਲੀ ਵਿਚ ਬੰਬ ਸੁਟਣ ਦੀ ਘਟਨਾ ਦਾ ਜ਼ਿਕਰ ਨਹੀਂ ਹੈ । ਰਜਬ ਅਲੀ ਨੇ ਸ਼ਹੀਦ ਭਗਤ ਸਿੰਘ ਦੀ ਦਲੇਰੀ ਤੇ ਦੇਸ਼-ਭਗਤੀ ਦੀ ਦਿਲ ਵਿਚ ਖੁੱਭ ਕੇ ਅਤੇ ਆਤਮਾ ਨੂੰ ਇਸ ਰੰਗ ਵਿਚ ਰੰਗ ਕੇ ਪ੍ਰਸੰਸਾ ਕੀਤੀ ਹੈ :

ਕਿਲ੍ਹਾ ਨਾ ਚਤੌੜ ਜੈਸਾ, ਕੌਲ ਨਾ ਭਦੌੜ ਜੈਸਾ,
ਡਾਕੂ ਜਿਉਣ ਮੌੜ ਜੈਸਾ, ਕਿਸੇ ਦੇਸ ਹੋਣਾ ਨੀ ।
ਸੂਰਮਾ ਨਾ ਸ਼ੇਰ ਜਿਹਾ, ਭੰਡਾਰੀ ਨਾ ਕੁਬੇਰ ਜਿਹਾ,
ਭਗਤ ਸਿੰਘ ਸਿਉਂ ਦਲੇਰ ਜਿਹਾ, ਦਲੇਰ ਪੈਦਾ ਹੋਣਾ ਨੀ ।

ਬਾਬੂ ਰਜਬ ਅਲੀ ਅੰਗ੍ਰੇਜ਼ੀ ਸਾਮਰਾਜ ਦੀ ਬੁਰੀ ਨੀਤ ਤੋਂ ਜਾਣੂ ਹੈ । ਉਹ ਪ੍ਰਾਧੀਨਤਾ ਤੇ ਸਾਮਰਾਜੀ ਅੰਗ੍ਰੇਜ਼ ਨੂੰ ਸਖ਼ਤ ਨਫਰਤ ਕਰਦਾ ਹੈ :

ਬੁਰੀ ਨੀਤ ਅੰਗਰੇਜ਼ ਦੀ, ਪੌਂਦਾ ਗਲੇ ਜੰਜ਼ੀਰ ।
ਤਿੰਨ ਕੌਮਾਂ ਨੂੰ ਪਾੜ ਕੇ ਕਰਤਾ ਲੀਰੋ ਲੀਰ ।
ਗੋਰੇ ਲੁੱਟ ਕੇ ਖ਼ਜ਼ਾਨੇ ਲੈ ਗੇ ਹਿੰਦ ਦੇ,
ਅਸੀਂ ਜਿੱਤੇ ਸੀ ਜਰਮਨਾਂ ਤੋਂ ਜਿੰਦ ਦੇ,

Digitized by Panjab Digital Library | www.panjabdigilib.org

ਸਹੇ ਜਾਂਦੇ ਨਾ ਜ਼ੁਲਮ ਬਿੰਦ ਬਿੰਦ ਦੇ,
ਨੀਤ ਖੋਟੀ ਅੰਗਰੇਜ਼ ਦੀ ਮੁਲਕ ਸਤ ਗਿਆ।
ਏਥੇ ਆਇਆ ਪਾਪੀ ਜਦੋਂ ਦਾ ਨਚੋੜੀ ਰੱਤ ਗਿਆ।

ਅੰਗ੍ਰੇਜ਼ਾਂ ਵਿਚ ਸਾਂਡਰਸ ਦੇ ਕਤਲ ਪਿੱਛੋਂ ਭੈ ਦਾ ਜੋ ਮਾਹੌਲ ਬਣਿਆ ਸੀ ਉਸ ਦਾ ਦ੍ਰਿਸ਼ ਬਹੁਤ ਕਲਾਤਮਿਕ ਢੰਗ ਨਾਲ ਚਿਤਰਿਆ ਹੈ :

ਪੈ ਗਿਆ ਸੋਗ ਬੰਗਲਿਆਂ ਮੇਂ, ਅੜੇ ਅੰਗਰੇਜ਼, ਲੈਣ ਨਾ ਮੇਜ਼,
ਗੇਟ ਨੂੰ ਜੰਦਰੇ, ਹਾੜ ਨੂੰ ਅੰਦਰੇ, ਸੜਕ ਤੇ ਪੈਹਰੇ, ਕਹਿਣ ਦੜ ਵਟ ਲਓ।
ਭੇਜੇ ਤਾਰ ਵਾਇਸ ਰਾਏ ਜੀ, ਨਵੇਂ ਉੱਠੇ ਛੋਹਰੇ, ਮਾਰਤੇ ਗੋਰੇ,
ਹੁਕਮ ਨਾ ਮੰਨਦੇ, ਛਾਉਣੀਆਂ ਪੱਟ ਲਓ।

7. ਫੁਟਕਲ

63. ਪ੍ਰੇਮ ਦੇਵੀ

'ਪ੍ਰੇਮ ਦੇਵੀ' ਰਜਬ ਅਲੀ ਦੀ ਅਣਪ੍ਰਕਾਸ਼ਿਤ ਰਚਨਾ ਹੈ। ਇਸ ਦਾ ਹੱਥ-ਲਿਖਤ ਪੰਡਤ ਭਗਤੂ ਰਾਮ, ਸਰਦਾਰ ਪੁਰ, ਤਹਿਸੀਲ ਹਨੂਮਾਨ ਗੜ੍ਹ, ਰਾਜਸਥਾਨ ਕੋਲ ਦਸੀਦਾ ਹੈ। ਹੋਰ ਕਿਸੇ ਕਵੀਸ਼ਰ ਨੂੰ ਇਸ ਰਚਨਾ ਬਾਰੇ ਕੋਈ ਜਾਣਕਾਰੀ ਨਹੀਂ ਹੈ।

64. ਪਿੰਗਲ

ਬਾਬੂ ਜੀ ਦੀ ਇਸ ਅਣਛਪੀ ਰਚਨਾ ਦਾ ਬਹੁਤ ਖਸਤਾ ਹਾਲਤ ਵਿਚ ਖਰੜਾ ਕਵੀਸ਼ਰ ਨਾਜ਼ਰ ਸਿੰਘ ਗਿੱਦੜਬਾਹਾ ਕੋਲ ਹੈ। ਇਹ ਪਿੰਗਲ ਕਬਿੱਤਾਂ ਵਿਚ ਹੈ ਜਿਸ ਦਾ ਪਹਿਲਾ ਕਬਿੱਤ ਇਸ ਪ੍ਰਕਾਰ ਹੈ :

ਮਾਤਰ ਗਣ ਸਾਰੇ ਪੰਜ ਹੈਂ ਸ਼ੁਮਾਰ ਵਿਚ,
ਪਿੰਗਲ ਦੀ ਮੱਤ ਮੈਂ ਸੁਣਾਵਾਂ ਕੁੱਲ ਚਾਤਰਾਂ।
ਟਗਣ ਠਗਣ ਔਰ ਡਗਣ ਢਗਣ ਚਾਰੇ,
ਆਖਰੀ ਠਗਣ ਦੋ ਬਤਾਉਂ ਕਰ ਕਾਤਰਾਂ।
ਟਗਣ ਦੇ ਠੀਕ ਪੰਜ ਠਗਣ ਡਗਣ ਚਾਰ,
ਢਗਣ ਨੂੰ ਤਿੰਨ ਨਗਣ ਦੋ ਕੁ ਮਾਤਰਾਂ।
ਮੁਸ਼ਕਲ ਨਾਲ ਆਵੇ ਪਿੰਗਲ ਸਮਝ ਵਿਚ,
ਬਾਬੂ ਜੀ ਨੇ ਰਚਤਾ ਕਬਿੱਤ ਚੇਲਿਆਂ ਖ਼ਾਤਰਾਂ।

65. ਉਜਾੜਾ (1947 ਈ.)

'ਉਜਾੜਾ' ਬਾਬੂ ਜੀ ਦੀ 1947 ਸਮੇਂ ਹੋਏ ਦੇਸ਼ ਦੇ ਉਜਾੜੇ ਤੇ ਕਤਲਿਆਮ ਦੀ ਦਰਦ ਭਰੀ ਤਸਵੀਰ ਹੈ। ਇਹ ਬੈਂਤ ਛੰਦ ਵਿਚ ਲਿਖੀ ਸੀਹਰਫ਼ੀ ਹੈ। ਇਸੇ ਦੇ ਬੰਦ ਵਿਚ ਅੱਡ-ਅੱਡ ਚਰਣ ਹਨ। ਕਿਸੇ ਬੰਦ ਵਿਚ 16 ਤੇ ਕਿਸੇ ਵਿਚ 24 ਚਰਣ ਹਨ। ਉਜਾੜਾ ਪਾਕਿਸਤਾਨ ਵਿਚ ਫ਼ਾਰਸੀ ਲਿੱਪੀ ਵਿਚ ਪ੍ਰਕਾਸ਼ਿਤ ਹੋਈ, ਇਸਦੇ 37 ਬੰਦ ਅਤੇ 56 ਪੰਨੇ ਹਨ।

66. ਆਸ਼ਕਾਂ ਦੇ ਸਵਾਲ ਜਵਾਬ

ਬਾਬੂ ਜੀ ਦੀ ਇਸ ਅਣਪ੍ਰਕਾਸ਼ਿਤ ਰਚਨਾ ਦਾ ਖਰੜਾ ਕਿਸੇ ਵੀ ਕਵੀਸ਼ਰ ਪਾਸ

Digitized by Panjab Digital Library | www.panjabdigilib.org

ਉਪਲਬਧ ਨਹੀਂ ਹੈ ।

67. ਪੱਤਲ

ਬਾਬੂ ਰਜਬ ਅਲੀ ਦੀ 'ਪੱਤਲ' ਵੀ ਛਪੀ ਨਹੀਂ । ਇਸ ਦਾ ਹੱਥ-ਲਿਖਤ ਉਤਾਰਾ ਜਗਮੇਲ ਸਿੰਘ ਕਵੀਸ਼ਰ ਪਾਸ ਹੈ । ਕਵੀਸ਼ਰੀ ਪਰੰਪਰਾ ਵਿਚ 'ਜੰਞ' ਇਕ ਮਹੱਤਵਪੂਰਨ ਗੀਤ ਹੈ ਇਸ ਨੂੰ ਸੌ ਤੋਂ ਵਧੇਰੇ, ਕਵੀਸ਼ਰਾਂ ਨੇ ਮਾਲਾ ਮਾਲ ਕੀਤਾ ਹੈ ।

ਬਾਬੂ ਰਜਬ ਅਲੀ ਦੀ 'ਪੱਤਲ' ਵੀ ਪਰੰਪਰਾਗਤਿ ਵਿਧੀ ਨਾਲ ਲਿਖੀ ਹੋਈ ਹੈ :

ਕਰ ਕੇ ਦਲੀਲ ਹੁਸ਼ਿਆਰ ਨਾਰਾਂ ਨੇ । ਬੰਨਤੀ ਪੱਤਲ ਬੈਠ ਕੇ ਮੁਟਿਆਰਾਂ ਨੇ ।
ਜੰਨ ਨਾ ਛਡਾਈ ਤਾਂ ਕਰਨ ਹਾਨੀਆਂ । ਮੈਨੂੰ ਬਾਹੋਂ ਫੜ ਕੇ ਉਠਾਤਾ ਜਾਨੀਆਂ ।

ਬਾਬੂ ਜੀ ਦੀ ਪੱਤਲ ਵਿਚ ਅਸ਼ਲੀਲ ਅੰਸ਼ ਨਹੀਂ ਹੈ ।

68. ਨੌਕਰ ਦੀ ਨਾਰ

ਬਾਬੂ ਜੀ ਇਹ ਰਚਨਾ ਅਜੇ ਅਣਛਪੀ ਹੈ । ਇਸ ਦਾ ਹੱਥ-ਲਿਖਤ ਖਰੜਾ ਕਿਸੇ ਕਵੀਸ਼ਰ ਪਾਸ ਵੇਖਣ ਵਿਚ ਨਹੀਂ ਆਇਆ ।

69. ਨੀਤੀ ਦੇ ਕਬਿੱਤ

ਇਹ ਅਣ ਪ੍ਰਕਾਸ਼ਿਤ ਤੇ ਵਿਕੋਲਿਤਰੇ ਕਬਿੱਤ ਹਨ, ਜਿਨ੍ਹਾਂ ਵਿਚ ਪੇਂਡੂ ਕਦਰਾਂ-ਕੀਮਤਾਂ ਅਨੁਸਾਰ ਗਿਆਨ ਦੀ ਨਹਿਰ ਚਲਦੀ ਹੈ । ਇਹਨਾਂ ਦੀ ਗਿਣਤੀ ਸੌ ਦੇ ਕਰੀਬ ਹੈ । ਇਹਨਾਂ ਕਬਿੱਤਾਂ ਵਿਚ ਬਾਬੂ ਜੀ ਕਾਵਿ-ਸੰਵੇਦਨਾ ਭਰਪੂਰ ਅਦਾ ਨਾਲ ਉਜਾਗਰ ਹੁੰਦੀ ਹੈ, ਜਿਵੇਂ :

ਚੜ੍ਹਨਾ ਜੇ ਰੇਲ ਪੈਹਲਾਂ ਪੌਹੁੰਚੀਏ ਸਟੇਸ਼ਨ ਤੇ,
ਜੰਨ ਜਾ ਕੇ ਲੜਨਾ ਮਕਾਨ ਜਾ ਕੇ ਗੌਣਾ ਨਾ ।
ਲਾਡ ਨਾਲ ਬੇਟੀ ਮਲਾਈ ਖੁਆਕੇ ਪਾਲੀਏ ਨਾ,
ਪੁੱਤ ਖਾਵੇ ਮੱਖਣੀ ਖਾਣ ਤੋਂ ਹਟੌਣਾ ਨਾ ।
ਨਿਤ ਦੇ ਮੁਕੱਦਮੇ ਪੱਟਣ ਘਰਾਂ ਵਸਦਿਆਂ ਨੂੰ,
ਲੈਂਦੀ ਹੋਵੇ ਸ਼ਰਮ ਪਰਾਣ ਦੋਣੋਂ ਭੌਣਾਂ ਨਾ ।
ਭੀੜ ਬਣੀ ਵੇਲੇ ਜੇ ਮਿੱਤਰ ਨ ਮਦੱਤ ਦੇਵੇ,
ਰਜਬ ਅਲੀ ਓਸ ਸੇ ਲਿਹਾਜ ਸੁੱਕਾ ਪੌਣਾ ਨਾ ।

70. ਗਣਨਾ ਦੇ ਛੰਦ

ਇਹ ਅਣਪ੍ਰਕਾਸ਼ਿਤ ਵਿਕਲਿਤਰੇ ਛੰਦ ਕਵੀਸ਼ਰੀ ਦੀ ਇਕ ਵਿਸ਼ੇਸ਼ ਪ੍ਰਕਾਰ ਦੀ ਗੀਤ ਨੂੰ ਰੂਪਮਾਨ ਕਰਦੇ ਹਨ । ਲਘੂ ਆਕਾਰ ਦੇ ਇਹ ਛੰਦ ਅਣਛਪੇ ਹਨ । ਇਸ ਵਿਚ ਕਵੀ ਆਪਣੇ ਗਿਆਨ ਤੇ ਕਾਵਿ ਦਾ ਜ਼ੋਹਰ ਦਿਖਾਉਂਦਾ ਹੈ, ਜਿਵੇਂ :

ਇਕ ਬਾਣੀਆਂ ਸੂਦ ਸੁਨਿਆਰ ਤੀਜਾ, ਮਹਿੰਗੇ ਧੀ ਦੇ ਵੇਚਦੇ ਹੱਡ ਤਿੰਨੇ ।
ਸਹੁਰੇ ਨਾਨਕੇ ਤੇ ਜਿਥੇ ਭੈਣ ਵਿਆਹੀ, ਹੋਰ ਕੂੜ ਤੇ ਠੀਕ ਸਰਬੰਧ ਤਿੰਨੇ ।
ਪਹਿਰੇਦਾਰ ਰਾਖਾ ਬਿੰਡਾ ਬਾਲ ਕੁੱਤਾ, ਤੇ ਕਾਗਲਾ ਪਾਉਣਗੇ ਡੰਡ ਛੀਏ ।
ਵਾਲਦੈਨ, ਹਕੀਮ ਤੇ ਨਾਰ ਨੌਕਰ, ਮਿੱਤਰ ਪੀਰ ਲੈਂਦੇ ਦੁੱਖ ਵੰਡ ਛੀਏ ।
ਸ਼ੇਰ ਸੂਰਮਾਂ ਨਾਗ ਸੰਸਾਰ ਬਿੱਛੂ, ਬਾਜ਼ ਹਰਖ ਕੇ ਕਰਨ ਨਾ ਕੰਡ ਛੀਏ ।

Digitized by Panjab Digital Library | www.panjabdigilib.org

71. ਸੇਹਰਾ

ਅਣਪ੍ਰਕਾਸ਼ਿਤ ਤੇ ਲਘੂ ਆਕਾਰ ਦੀ ਇਹ ਰਚਨਾ ਬਾਬੂ ਜੀ ਦੇ ਕਾਵਿ ਦੀ ਇੱਕ ਵੱਖਰੀ ਝਲਕ ਨੂੰ ਵਿਖਾਉਂਦੀ ਹੈ। ਇਸ ਦਾ ਉਤਾਰਾ ਪ੍ਰੋ. ਰੁਲੀਆ ਸਿੰਘ ਤੋਂ ਪ੍ਰਾਪਤ ਕੀਤਾ ਗਿਆ ਹੈ। ਇਸ ਦੀ ਵੰਨਗੀ ਇਸ ਪ੍ਰਕਾਰ ਹੈ :

ਨਾਈ ਧੋਈ ਹੋ ਰਹੀ ਜੀ, ਮਲਦੀਆਂ ਵੱਟਣਾ,
ਅਤਰ ਤੇਲ ਸੱਟਣਾ,
ਵਾਰਣ ਵਾਰਿਓ, ਉਤਾਰਿਓ ਖਾਰਿਓ,
ਚੱਪਣੀਆਂ ਭੰਨ ਕੇ, ਜੁਆਨ ਜੰਞ ਚੜ੍ਹਿਆ।
ਸੇਹਰਾ ਬੰਨਤਾ ਮਾਲਣ ਨੇ, ਮੱਥੇ ਪਰ ਸੋਂਹਦਾ, ਅੱਖਾਂ ਨੂੰ ਮੋਹਦਾਂ,
ਸੁੱਚਾ ਲਾ ਗੋਟਾ, ਜਰੀ ਨਾਲ ਮਿਲਿਆ।
ਆ ਗਈ ਖਲਕਤ ਦੇਖਣ ਨੂੰ, ਹੱਥਾਂ ਵਿਚ ਗਾਨਾ,
ਦਰਸ਼ਨੀ ਜੁਆਨ, ਸੋਹਣਿਆਂ ਬਾਹਲਿਆ।
ਰੁਮਾਲਾਂ ਵਾਲਿਆ, ਬੜਾ ਰੂਪ ਚੜ੍ਹਿਆ, ਹੁਸਨ ਬਥੇਰਾ।
ਲੱਗੇ ਨਜ਼ਰ ਵਿਆਂਦੜ ਨੂੰ, ਜਿਵੇਂ ਚੰਦ ਚਮਕੇ, ਮੱਥੇ ਤੇ ਦਮਕੇ,
ਮਾਰਦੀ ਛਮਕਾਂ ਸੁਨਹਿਰੀ ਚਮਕਾਂ।

72. ਇਸ਼ਕ ਮੁਸ਼ਕ ਦੇ ਛੰਦ

ਬਾਬੂ ਰਜਬ ਅਲੀ ਦੇ ਇਹ ਅਣਪ੍ਰਕਾਸ਼ਿਤ ਤੇ ਵਿਕੋਲਿਤਰੇ ਛੰਦ ਹਨ। ਇਹ ਅਲਪ ਆਕਾਰ ਦੀ ਰਚਨਾ ਹੈ। ਇਸ ਦੇ ਖਰੜੇ ਬਾਬੂ ਜੀ ਦੇ ਬਹੁਤ ਸਾਰੇ ਚੇਲੇ ਕਵੀਸ਼ਰਾਂ ਪਾਸ ਹਨ।

73. ਕੋਕ ਸ਼ਾਸਤਰ

ਇਹ ਅਣਪ੍ਰਕਾਸ਼ਿਤ ਰਚਨਾ ਹੈ। ਇਸ ਦੇ ਕੁਝ ਕੁ ਛੰਦ ਹਨ। ਇਸ ਦਾ ਉਤਾਰਾ ਕਵੀਸ਼ਰ ਜਗਮੇਲ ਸਿੰਘ ਪਾਸੋਂ ਪ੍ਰਾਪਤ ਕੀਤਾ ਗਿਆ ਹੈ। ਇਸ ਦਾ ਝਲਕਾਰਾ ਇਸ ਪ੍ਰਕਾਰ ਹੈ ;

ਜਿਹੜੀਆਂ ਜਨਾਨੀਆਂ ਮਿਰਗ ਨੈਣੀਆਂ।
ਕੱਟ ਜਾਣ ਦਿਲਾਂ ਨੂੰ ਪ੍ਰੇਮ ਛੈਣੀਆਂ।
ਜਿਹੜੇ ਨੇਤਰਾਂ ਦੀ ਸ਼ਕਲ ਬਦਾਮ ਦੀ।
ਦੇਖ ਨੀਂਦ ਸੌਣ ਦਿੰਦੇ ਨਾ ਆਰਾਮ ਦੀ।

74. ਚਾਹ ਤੇ ਲੱਸੀ ਦਾ ਝਗੜਾ

ਇਹ ਅਣਪ੍ਰਕਾਸ਼ਿਤ ਤੇ ਛੋਟੇ ਆਕਾਰ ਦੀ ਰਚਨਾ ਹੈ। ਇਸ ਦਾ ਹੱਥ-ਲਿਖਤ ਉਤਾਰਾ ਕਵੀਸ਼ਰ ਜਗਮੇਲ ਸਿੰਘ ਕੋਲ ਸਾਂਭਿਆ ਹੋਇਆ ਹੈ। ਇਹ ਤਰਜ਼ ਛੰਦ ਵਿਚ ਲਿਖਿਆ ਹੋਇਆ ਹੈ।

Digitized by Panjab Digital Library | www.panjabdigilib.org

75. **ਲੰਡੇ ਤੇ ਮੀਣੇ ਦਾ ਝਗੜਾ**

ਬਾਬੂ ਜੀ ਦੀ ਇਸ ਅਣਪ੍ਰਕਾਸ਼ਿਤ ਤੇ ਛੋਟੇ ਆਕਾਰ ਦੀ ਰਚਨਾ ਦਾ ਖਰੜਾ ਕਵੀਸ਼ਰ ਜਗਮੇਲ ਸਿੰਘ ਤੋਂ ਪ੍ਰਾਪਤ ਹੋਇਆ ਹੈ ।

76. **ਤਲਬਣ ਦਾ ਜੰਗ**

ਇਹ ਅਣਪ੍ਰਕਾਸ਼ਿਤ ਰਚਨਾ ਹੈ । ਇਸ ਦਾ ਖਰੜਾ ਬਾਬੂ ਜੀ ਦੇ ਇੱਧਰਲੇ ਕਿਸੇ ਕਵੀਸ਼ਰ ਕੋਲ ਉਪਲਬਧ ਨਹੀਂ ਹੈ ।

77. **ਸਾਹੋਕੇ ਬਾਰੇ ਛੰਦ** (1947 **ਤੋਂ ਬਾਅਦ**)

ਆਪਣੀ ਜਨਮ ਭੂਮੀ ਸਾਹੋਕੇ ਬਾਰੇ ਬਾਬੂ ਰਜਬ ਅਲੀ ਨੇ ਪੂਰੇ ਵੈਰਾਗ ਤੇ ਦਰਦ ਨਾਲ ਭਿੱਜ ਕੇ ਕਵੀਸ਼ਰੀ ਲਿਖੀ ਹੈ । ਇਹ ਆਪ ਮੁਹਾਰੇ ਕਵੀ ਦੇ ਦਿਲ ਵਿਚੋਂ ਫੁੱਟੇ ਛੰਦ ਹਨ । ਇਹ ਛੰਦ ਅਜੇ ਤਕ ਅਣਛਪੇ ਤੇ ਵਿਕ੍ਰੋਲਿਤਰੇ ਖਿੰਡੇ ਹੋਏ ਹਨ । ਇਹਨਾਂ ਨੂੰ ਵਿਧੀ-ਪੂਰਬਕ ਇਕੱਤਰ ਕਰ ਕੇ ਪ੍ਰਕਾਸ਼ਿਤ ਕਰਨ ਦੀ ਲੋੜ ਹੈ ।

78. **ਸ਼ਾਗਿਰਦਾਂ ਬਾਰੇ ਛੰਦ** (1947 **ਤੋਂ ਬਾਅਦ**)

ਬਾਬੂ ਜੀ ਨੇ ਆਪਣੇ ਸ਼ਾਗਿਰਦਾਂ ਦੇ ਪ੍ਰੇਮ ਵਿਚ ਕਈ ਖੂਬਸੂਰਤ ਛੰਦ ਪਾਕਿਸਤਾਨ ਤੋਂ ਲਿਖ ਕੇ ਭੇਜੇ ਹਨ । ਇਹ ਛੰਦ ਅੱਡ ਅੱਡ ਚੇਲਿਆਂ ਕੋਲ ਖਿੰਡੇ ਹੋਏ ਹਨ ਅਤੇ ਹੱਥ-ਲਿਖਤ ਰੂਪ ਵਿਚ ਹਨ । ਇਹਨਾਂ ਨੂੰ ਠੀਕ ਤਰਤੀਬ ਦੇ ਕੇ ਪ੍ਰਕਾਸ਼ਿਤ ਕਰਨਾ ਚਾਹੀਦਾ ਹੈ ।

79. **ਸੁੱਤਾ ਜਾਗ ਕਿਸਾਨਾ**

ਬਾਬੂ ਰਜਬ ਅਲੀ ਦੀ ਇਸ ਛੋਟੀ ਜਿਹੀ ਰਚਨਾ ਨੂੰ ਇਸ ਦੇ ਚੇਲੇ ਬਸੰਤ ਸਿੰਘ ਤੇ ਜਗਮੇਲ ਸਿੰਘ ਨੇ ਆਪਣੇ ਨਾਂ ਹੇਠ ਛਾਪਿਆ । ਪਰ ਇਹ ਬਾਬੂ ਜੀ ਦੀ ਰਚਨਾ ਹੈ ਕਿਉਂਕਿ ਹਰ ਛੰਦ ਦੇ ਅੰਤ ਵਿਚ 'ਬਾਬੂ ਜੀ' ਆਇਆ ਹੈ । ਬਾਬੂ ਜੀ ਸ਼ੈਲੀ ਅਨੁਸਾਰ ਅੰਗ੍ਰੇਜ਼ੀ ਸ਼ਬਦ ਵਰਤੇ ਗਏ ਹਨ । ਇਹ ਕਵਿਤਾ ਬਾਬੂ ਜੀ ਨੇ ਕਿਸਾਨਾਂ ਨੂੰ ਉਤਸ਼ਾਹ ਦੇਣ ਲਈ ਪਾਕਿਸਤਾਨ ਤੋਂ ਲਿਖ ਕੇ ਭੇਜੀ ਹੈ । ਇਹ ਕਵਿਤਾ ਵਿਚ ਕਿਸਾਨਾਂ ਨੂੰ ਹਰੀ ਕ੍ਰਾਂਤੀ ਲਿਆਉਣ ਲਈ ਪ੍ਰੇਰਨਾ ਦਿੱਤੀ ਹੈ :

ਲਾਲਾਂ ਵਰਗੇ ਚੇਹਰੇ ਮਸਤਕ ਦਗਣ ਗੁਲਾਬੀ ਜੇ ।
ਦਾਣਿਆਂ ਦੇ ਹੁੰਡ ਵਰਨੇ ਕੋਸ਼ਿਸ਼ ਕਰਨ ਪੰਜਾਬੀ ਜੇ ।
ਰੂਸ ਅਮਰੀਕਾ ਇਟਲੀ ਜਰਮਣ ਕਰਗੇ ਬਹੁਤ ਤਰੱਕੀ ।
ਇਕ ਕਿੱਲੇ ਚੋਂ ਰਹਿਣ ਝਾੜਦੇ, ਕਣਕ ਪੈਂਹਠ ਮਣ ਪੱਕੀ ।
ਜਿਸ ਢੰਗ ਦੇ ਨਾਲ ਕਾਸ਼ਤ ਕਰਦੇ ਤੂੰ ਵੀ ਉਹ ਅਪਣਾ ਲਾ।
ਹਿੰਮਤ ਕਰ ਬਲ ਧਾਰ ਕਿਸਾਨਾਂ, ਪੈਦਾਵਾਰ ਵਧਾ ਲਾ ।

80. **ਰਿਕਾਰਡਾਂ ਦੀ ਚੋਣਵੀਂ ਕਵਿਤਾ** (1965 **ਈ.**)

ਬਾਬੂ ਰਜਬ ਅਲੀ ਦੇ ਕੁਝ ਛੰਦ ਇਸ ਦੇ ਚੇਲੇ ਕਵੀਸ਼ਰ ਜਗਮੇਲ ਸਿੰਘ ਪਿੰਡ

Digitized by Panjab Digital Library | www.panjabdigilib.org

ਲੁਹਾਰਾ, ਜ਼ਿਲ੍ਹਾ ਫਰੀਦਕੋਟ ਤੋਂ 1965 ਈ. ਵਿਚ ਪ੍ਰਕਾਸ਼ਿਤ ਕੀਤੇ ਹਨ। ਇਸ ਦੇ ਕੁੱਲ 16 ਪੰਨੇ ਹਨ।

81. **ਫੁਟਕਲ ਛੰਦ**

ਬਾਬੂ ਰਜਬ ਅਲੀ ਦੇ ਵਿਵਧ ਪੱਖੀ ਫੁਟਕਲ ਛੰਦ ਇਸ ਦੇ ਚੇਲਿਆਂ ਦੇ ਪਾਸ ਹਨ। ਉਹਨਾਂ ਹੱਥ-ਲਿਖਤ ਛੰਦਾਂ ਨੂੰ ਵਿਗਿਆਨਿਕ ਵਿੱਧੀ ਨਾਲ ਅੱਡ ਅੱਡ ਕਰ ਕੇ ਸੰਪਾਦਨ ਤੇ ਪ੍ਰਕਾਸ਼ਿਤ ਕਰਨਾ ਉਚਿਤ ਹੈ। ਇਹ ਛੰਦ ਕਾਫੀ ਮਾਤਰਾ ਵਿਚ ਮਿਲਦੇ ਹਨ।

**ਟਿੱਪਣੀਆਂ ਤੇ ਹਵਾਲੇ**

1. ਸੁਣੇਂ ਸ਼ੁਕੀਨੋਂ ਸ਼ੌਕ ਸੇ, ਪੈਣਾ ਨਹੀਂ ਫ਼ਸਾਦ।
   ਹਰ ਗੁਣ ਮੇਂ ਮਿਲਤਾ ਨਹੀਂ, ਸ਼ੈਰੀ ਜੇਡ ਸਵਾਦ॥
   ਸ਼ਹੀਦੀ-ਸਰਦਾਰ ਭਗਤ ਸਿੰਘ—ਰਜਬ ਅਲੀ)
2. ਰਜਬ ਅਲੀ ਖਾਨ ਐਸ ਆਦਿ ਦੇ ਕਬਿੱਤ ਸਣੇ, ਯਾਰਾਂ ਪਾ ਕੇ ਪੱਚੀਸ ਛੰਦ ਰਚ ਤੇ।
   (ਹੀਰ-ਰਜਬ ਅਲੀ)
3. ਪਿਆਰਾ ਸਿੰਘ ਪਦਮ, 'ਕਲੀਆਂ ਵਾਲੀ ਹੀਰ', ਪਟਿਆਲਾ, 1968.
4. ਰਜਬ ਅਲੀ, 'ਨਲ-ਦਮਯੰਤੀ', ਪ੍ਰਕਾ. ਜਗਮੇਲ ਸਿੰਘ, ਪਿੰਡ ਬਾਜ਼ਕ, ਬਠਿੰਡਾ, 1954 ਈ.
5. ਪੂਰਨ ਚੰਦ, 'ਨਲ-ਦਮਯੰਤੀ', ਅੰਮ੍ਰਿਤਸਰ, ਮਿਤੀ ਨਹੀਂ।
6. ਇਹ ਕਿੱਸਾ ਅਣਪ੍ਰਕਾਸ਼ਿਤ ਹੈ।
7. ਛੱਜੂ ਸਿੰਘ, 'ਨਲ-ਦਮਯੰਤੀ', ਭਾਈ ਜੋਧ ਸਿੰਘ, ਸਰਦਾਰ ਹੱਟੀ, ਪਟਿਆਲਾ, ਮਿਤੀ ਨਹੀਂ।
8. ਕਾਂਸ਼ੀ ਰਾਮ, 'ਨਲ-ਦਮਯੰਤੀ', ਅੰਮ੍ਰਿਤਸਰ, ਮਿਤੀ ਨਹੀਂ।
9. ਸ਼ੇਰ ਸਿੰਘ, 'ਨਲ-ਦਮਯੰਤੀ', (ਹੱਥ ਲਿਖਤ)।
10. ਗੋਬਰ ਕੂੰਡ ਫਰੋਲਦੇ, ਭੰਵਰ ਲੈਣ ਫੁੱਲ ਸੁੰਗ।
    ਜੌਹਰੀ ਕਦਰ ਪਛਾਣੇ, ਹੈ ਮਾਣਕ ਕੇ ਮੁੰਗ।
    (ਨਲ-ਦਮਯਤੀ-ਰਜਬ ਅਲੀ)
11. ਕਾਨ੍ਹ ਸਿੰਘ, ਭਾਈ, 'ਗੁਰਸ਼ਬਦ ਰਤਨਾਕਰ ਮਹਾਨ-ਕੋਸ਼', ਪਟਿਆਲਾ, 1960, ਪੰਨਾ 827.
12. ਤੇਰਵਾਂ ਬਰਸ਼ ਕੱਟ ਲੋ ਬਰਾਟ ਦੇ, ਮਲਕ ਪੰਚਾਲ 'ਚ। (ਵਿਰਾਟ ਪਰਵ-ਰਜਬ ਅਲੀ)
13. ਰਜਬ ਅਲੀ, ਬਾਬੂ, 'ਸਾਕਾ ਜੰਗ ਚਮਕੌਰ ਸਾਹਿਬ', ਪ੍ਰਕਾਸ਼ਕ ਜਗਮੇਲ ਸਿੰਘ, ਪਿੰਡ ਬਾਜ਼ਕ, ਬਠਿੰਡਾ, 1979 ਈ.।
14. 'ਸਾਕਾ ਚਮਕੌਰ' ਦੇ ਕੁਝ ਕੁ ਪ੍ਰਸਿੱਧ ਕਵੀਸ਼ਰ ਇਹ ਹਨ: ਮਾਘੀ ਸਿੰਘ ਗਿੱਲ, ਮੋਹਣ ਸਿੰਘ ਰੋਡੇ, ਸ਼ੇਰ ਸਿੰਘ ਸੰਦਲ ਆਦਿ।
15. ਰਜਬ ਅਲੀ, 'ਸ਼ਹੀਦੀ-ਬਾਬਾ ਦੀਪ ਸਿਘ', ਪ੍ਰਕਾ. ਜਗਮੇਲ ਸਿਘ, ਬਾਜ਼ਕ, ਬਠਿੰਡਾ, 1979 ਈ., ਪੰਨੇ 24.
16. ਹਰੀ ਰਾਮ ਗੁਪਤਾ, 'ਸਿੱਖ-ਇਤਿਹਾਸ', ਲਾਹੌਰ ਬੁੱਕ ਸ਼ਾਪ, ਲੁਧਿਆਣਾ, ਮਿਤੀ ਨਹੀਂ।
17. ਗੰਡਾ ਸਿੰਘ, 'ਬੰਦਾ ਬਹਾਦਰ', ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1964, ਪੰਨਾ 162.

Digitized by Panjab Digital Library | www.panjabdigilib.org

18. ਖਾਫ਼ੀ ਖ਼ਾਨ, 'ਮੁੰਤਖਬਲ-ਲੁਬਾਬ', ਜਿਲਦ ਦੂਸਰੀ, ਪੰਨਾ 766.
19. ਜਿਵੇਂ ਲਿਖੇ ਕੁਰਾਨ ਸ਼ਰੀਫ ਮੇਂ ਜੋ, ਦਸਾਂ ਹਾਲ ਮੈਂ ਆਲ ਇਮਰਾਕ ਦੇ ਜੀ ।
(ਹਜ਼ਰਤ ਈਸਾ ਮਸੀਹ-ਰਜਬ ਅਲੀ)
20. ਬਾਬੂ ਰਜਬ ਅਲੀ ਦੇ ਚੇਲੇ ਕਵੀਸ਼ਰ ਬਸੰਤ ਸਿੰਘ ਨੂੰ ਲਿਖੇ ਖ਼ਤਾਂ ਦੇ ਆਧਾਰ ਉੱਤੇ ।
21. ਬਾਬੂ ਰਜਬ ਅਲੀ ਵਲੋਂ ਕਵੀਸ਼ਰ ਜਗਮੇਲ ਸਿੰਘ ਨੂੰ ਲਿਖੇ ਖ਼ਤ ਅਨੁਸਾਰ ।
22. ਬਾਬੂ ਰਜਬ ਅਲੀ, 'ਕੌਲਾਂ ਸਾਹਣੀ ਤੇ ਰਾਜਾ ਰਸਾਲੂ', ਪ੍ਰਕਾਸ਼ਿਕ ਜਗਮੇਲ ਸਿੰਘ, ਪਿੰਡ ਬਾਜਕ, ਜ਼ਿਲ੍ਹਾ ਬਠਿੰਡਾ, 1978 ਈ. ਪੰਨੇ 28.
23. ਮੰਗਲ ਸਿੰਘ, 'ਬੋਲੀਆਂ ਸ਼ਾਹਣੀ ਕੌਲਾਂ ਤੇ ਸੇਠ ਬੀਜਾ', ਦੀ ਖ਼ਾਲਸਾ ਬੁੱਕ ਏਜੰਸੀ, ਪਟਿਆਲਾ, 1927, ਪੰਨੇ 24.
24. ਨੰਦ ਸਿੰਘ, 'ਸ਼ਾਹਣੀ ਕੌਲਾਂ ਤੇ ਸੇਠ ਬੀਜਾ'. ਚਤਰ ਸਿੰਘ ਜੀਵਨ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਮਿਤੀ ਨਹੀਂ, (50 ਕੁ ਸਾਲ ਪੁਰਾਣਾ), ਪੰਨੇ 88.
25. ਰਾਮ ਚੰਦ, 'ਸ਼ਾਹਣੀ ਕੌਲਾਂ ਤੇ ਸੇਠ ਬੀਜਾ', ਗੁਰਦਿਆਲ ਸਿੰਘ ਐਂਡ ਸਨਜ਼, ਅੰਬਾਲਾ-ਸ਼ਹਿਰ, ਮਿਤੀ ਹੀਨ, ਪੰਨੇ 38.
26. ਚੰਨਣ ਸਿੰਘ, 'ਸ਼ਾਹਣੀ ਕੌਲਾਂ ਤੇ ਸੇਠ ਬੀਜਾ', ਭਾਈ ਜੋਧ ਸਿੰਘ ਕਰਮਜੀਤ ਸਿੰਘ ਪਟਿਆਲਾ, ਮਿਤੀ ਨਹੀਂ, ਪੰਨੇ 38.
27. ਕਰਨੈਲ ਸਿੰਘ ਰਾਮੂਵਾਲੀਆ, 'ਕੌਲਾਂ ਭਗਤਣੀ', ਮੇਹਰ ਸਿੰਘ ਸੁਰਿੰਦਰ ਸਿੰਘ, ਅੰਮ੍ਰਿਤਸਰ, 1963, ਪੰਨੇ 58.
28. ਠਾਕੁਰ ਚੰਦ ਸ਼ਰਮਾ, 'ਸ਼ਾਹਣੀ ਕੌਲਾਂ', ਮੈਸ਼ਰਜ ਕਵੀ ਰਾਮ ਕੁਲਵੰਤ ਰਾਏ, ਮੰਡੀ ਲਹਿਰਾ-ਗਾਗਾ, ਸੰਗਰੂਰ, 1958 ਈ.
29. ਗੁਰਦਾਸ ਸਿੰਘ, 'ਸਤਵੰਤੀ ਕੌਲਾਂ-ਸੇਠ ਬੀਜਾ', ਭਾਈ ਮੇਹਰ ਸਿੰਘ ਸੁਰਿੰਦਰ ਸਿੰਘ, ਅੰਮ੍ਰਿਤਸਰ, 1962, ਪੰਨੇ 36.
30. ਆਸੀ ਨਠਿਆਰੀ ਜਾਤ ਦੀ. ਤੇ ਆਸੀ ਨਾਂ ਨੈਣ ।
ਸਾਰੇ ਲੋਕ ਪੰਜਾਬ ਦੇ, ਪੈਂਦ ਮਹੱਲਾ ਕਹੈਣ ।
(ਪੈਂਦ ਕਾ ਮਹੱਲਾ-ਰਜਬ-ਅਲੀ)
31. ਟੋਟ ਰਹੇ ਨਾ ਸੱਚੇ ਦੀ ਓਟ ਤੱਕ ਲੀ ।
ਕਹੇ ਜਗਮੇਲ ਦੇ ਕਲਮ ਚੱਕ ਲੀ ।
(ਪੈਂਦ ਕਾ ਮਹੱਲਾ-ਰਜਬ ਅਲੀ)
32. ਕਵੀਸ਼ਰ ਜਗਮੇਲ ਸਿੰਘ ਦੀ ਪੁਰਾਣੀ ਲਿਖਤ ਅਨੁਸਾਰ ।
33. ਜਗਮੇਲ ਸਿੰਘ ਬਸੰਤ ਸਿੰਘ, 'ਮਾਰ ਮੁਕਾਓ ਮਿੱਤਰ ਮਾਰ ਤੇ ਵਿਸਵਾਸ਼ ਘਾਤੀ ਚੀਨ ਨੂੰ', ਪਹਿਲੀ ਵੇਰ, ਮਿਤੀ ਨਹੀਂ, ਪੰਨੇ 12.
34. ਕਿਸ਼ਨ ਸਿੰਘ ਆਰਿਫ਼, 'ਦੁੱਲਾ ਭੱਟੀ', ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼,
35. ਅਹਿਮਦ ਸਲੀਮ, 'ਲੋਕ-ਵਾਰਾਂ', ਆਰਸੀ ਪਬਲਿਸਰਜ਼, ਦਿੱਲੀ, 1973.
36. ਪਾਲੀ ਸਿੰਘ, 'ਦੁੱਲਾ ਭੱਟੀ', ਨਿਊ ਸਟੈਂਡਰਡ ਪਬਲੀਕੇਸ਼ਨ, ਦਿੱਲੀ-7, ਮਿਤੀ ਹੀਣ ।
37. ਕਿਸ਼ਨ ਸਿੰਘ ਗਿੱਲ, 'ਦੁੱਲਾ ਭੱਟੀ', ਅੰਮ੍ਰਿਤਸਰ, ਮਿਤੀ ਨਹੀਂ ।
38. ਰਜਬ ਅਲੀ, 'ਸੁੱਚਾ ਸਿੰਘ ਸੂਰਮਾ', ਭਾਈ ਪ੍ਰਤਾਪ ਸਿੰਘ ਪ੍ਰੀਤਮ ਸਿੰਘ, ਬਾਜ਼ਾਰ ਮਾਈ-ਸੇਵਾ, ਅੰਮ੍ਰਿਤਸਰ, ਮਿਤੀ ਹੀਨ, ਪਨੇ 26.
39. ਮਾਨ ਸਿੰਘ, 'ਸੁੱਚਾ ਸਿੰਘ ਸੂਰਮਾ', ਅਣਪ੍ਰਕਾਸ਼ਿਤ, ਇਸ ਦਾ ਖਰੜਾ ਇਸ ਦੇ ਪੁੱਤਰ ਕੋਲ ਪਿੰਡ ਕਾਹਨ ਸਿੰਘ ਵਾਲਾ, ਜ਼ਿਲ੍ਹਾ ਬਠਿੰਡਾ ਵਿਚ ਹੈ ।

Digitized by Panjab Digital Library | www.panjabdigilib.org

40. ਸ਼ੇਰ ਸਿੰਘ ਤਖਤੂਪੁਰਾ, 'ਸੁੱਚਾ ਸਿੰਘ ਸੂਰਮਾ'. ਭਾਈ ਹਰਨਾਮ ਸਿੰਘ ਕਰਮ ਸਿੰਘ, ਮੋਗਾ, ਮਿਤੀ ਹੀਨ, ਪੰਨੇ 62.

41. ਦੌਲਤ ਰਾਮ (ਸਿੰਘ), 'ਸੁੱਚਾ ਸਿੰਘ ਸੂਰਮਾ ਸਮਾਂਹ ਵਾਲਾ', ਮੇਹਰ ਸਿੰਘ ਸੁਰਿੰਦਰ ਸਿੰਘ ਪੁਸਤਕਾਂ ਵਾਲੇ, ਅੰਮ੍ਰਿਤਸਰ, ਮਿਤੀ ਹੀਨ, ਪੰਨੇ 72.

42. ਚਾਨਣ ਰਾਮ, 'ਬੋਲੀਆਂ ਸੁੱਚਾ ਸਿੰਘ ਡਾਕੂ ਦੀਆਂ', ਭਾਈ ਚਤਰ ਸਿੰਘ ਜੀਵਨ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮਿਤਸਰ, ਮਿਤੀ ਨਹੀਂ, ਪੰਨੇ 16.

43. ਛੱਜੂ ਸਿੰਘ, 'ਸੁੱਚਾ ਸਿਘ ਸੂਰਮਾ',ਭਾਈ ਜੋਧ ਸਿੰਘ, ਕਰਮਜੀਤ ਸਿੰਘ, ਪਟਿਆਲਾ, ਮਿਤੀ-ਹੀਨ, ਪੰਨੇ 16.

44. ਸੰਤਾ ਸਿੰਘ, 'ਸੁੱਚਾ ਸਿੰਘ ਸੂਰਮਾ', ਪ੍ਰਕਾਸ਼ਿਕ ਮਲਕੀਤ ਸਿੰਘ, ਪਿੰਡ ਲੰਮੇ, ਲੁਧਿਆਣਾ, ਅਪ੍ਰੈਲ 1978, ਪੰਨੇ 76.

45. ਗੁਰਮੁਖ ਸਿੰਘ ਚਮਕ, 'ਬੋਲੀਆ ਸੁੱਚਾ ਸਿੰਘ', ਸੰਪੂਰਨ ਸਿੰਘ ਹਰਬੰਸ ਸਿੰਘ, ਅੰਮ੍ਰਿਤਸਰ, ਮਿਤੀ ਹੀਨ, ਪੰਨੇ 16.

46. ਹੀਟਾ ਦੀਨ, 'ਸੁੱਚਾ ਸਿੰਘ', ਸੰਪੂਰਨ ਸਿਘ ਹਰਬੰਸ ਸਿੰਘ, ਅੰਮ੍ਰਿਤਸਰ, ਮਿਤੀ ਹੀਨ, ਪੰਨੇ-16.

47. ਅਵਤਾਰ ਸਿੰਘ ਬੇਦੀ, 'ਸੁੱਚਾ ਸਿੰਘ ਸੂਰਮਾ', (ਫ਼ਾਰਸੀ ਲਿੱਪੀ) ਹਰਭਜਨ ਸਿੰਘ ਹਰਚਰਨ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਮਿਤੀ ਨਹੀਂ. ਪੰਨੇ 16.

48. ਕਾਂਸ਼ੀ ਰਾਮ, 'ਸੁੱਚਾ ਸਿੰਘ, ਸੂਰਮਾ', ਭਾਈ ਚਤਰ ਸਿੰਘ, ਅੰਮ੍ਰਿਤਸਰ. ਮਿਤੀ ਹੀਨ।

49. ਰਜਬ ਅਲੀ, 'ਸੁੱਚਾ ਸਿੰਘ ਸੂਰਮਾ', (ਫ਼ਾਰਸੀ ਲਿਪੀ), ਜੀ. ਐਸ. ਸਿੰਘ ਸੰਤ ਸਿੰਘ ਚੌਕ ਮੋਤੀ, ਲਾਹੌਰ, ਮਿਤੀ ਹੀਨ, ਪੰਨੇ 55.

50. ਮਾਰਚ 7, 1985 ਨੂੰ ਬਠਿੰਡੇ ਵਿਚ ਹੋਈ ਗੱਲ ਬਾਤ ਦੇ ਆਧਾਰ ਉੱਤੇ।

51. ਬਾਬੂ ਰਜਬ ਅਲੀ ਦੀ ਕਵੀਸ਼ਰ ਜਗਮੇਲ ਸਿੰਘ ਨੂੰ ਲਿਖੀ ਚਿੱਠੀ ਦੇ ਆਧਾਰ ਉੱਤੇ।

52. ਬਾਬੂ ਰਜਬ ਅਲੀ ਵੱਲੋਂ ਕਵੀਸ਼ਰ ਜਗਮੇਲ ਸਿੰਘ ਨੂੰ ਲਿਖੇ ਖ਼ਤ ਅਨੁਸਾਰ।

53. ਕਵੀਸ਼ਰ ਮਾਘੀ ਸਿੰਘ ਆਦਿ ਕਵੀਸ਼ਰਾਂ ਨੇ ਹਰਨਾਮ ਕੌਰ ਦਾ ਪ੍ਰਸੰਗ ਲਿਖਿਆ ਹੈ।

54. ਬਾਬੂ ਰਜਬ ਅਲੀ, 'ਸ਼ਹੀਦੀ-ਸਰਦਾਰ ਭਗਤ ਸਿੰਘ', ਪ੍ਰਕਾਸ਼ਿਕ ਜਗਮੇਲ ਸਿੰਘ, ਪਿੰਡ ਬਾਜਕ, ਜ਼ਿਲ੍ਹਾ ਬਠਿੰਡਾ, 1979, ਪੰਨੇ 40.

55. ਬਸੰਤ ਸਿੰਘ, ਜਗਮੇਲ ਸਿੰਘ, 'ਸੁੱਤਾ ਜਾਗ ਕਿਸਾਨਾਂ', ਪ੍ਰਕਾਸ਼ਿਕ ਕਵੀਸ਼ਰ ਖ਼ੁਦ, ਸਾਹੋਕੇ, ਮੋਗਾ, ਪਹਿਲੀ ਵੇਰ, ਪੰਨੇ 12.


Digitized by Panjab Digital Library | www.panjabdigilib.org

## ਅਧਿਆਇ ਤੀਜਾ

# ਵਿਸ਼ੈਗਤ ਅਧਿਐਨ

ਬਾਬੂ ਰਜਬ ਅਲੀ ਦੀਆਂ ਰਚਨਾਵਾਂ ਗਿਣਾਤਮਿਕ ਪੱਖ ਤੋਂ ਵਿਸ਼ਾਲ ਤੇ ਗੁਣਾਤਮਿਕ ਪੱਖ ਤੋਂ ਅਮੀਰ ਤੇ ਵਿਧਵਪੱਖੀ ਹਨ । ਪਿਛਲੇ ਅਧਿਆਇ ਵਿਚ ਅਸਾਂ ਬਾਬੂ ਜੀ ਰਚਨਾਵਾਂ ਨੂੰ ਸੱਤ ਭਾਗਾਂ ਵੰਡਿਆ ਸੀ । ਹਰ ਇਕ ਭਾਗ ਦਾ ਆਪਣਾ ਵੱਖਰਾ, ਵਿਲੱਖਣ, ਖੂਬਸੂਰਤ ਤੇ ਪੱਕਾ ਰੰਗ ਹੈ । ਇਸ ਤਰ੍ਹਾਂ ਕਵੀਸ਼ਰੀ ਦੇ ਉੱਚੇ ਅੰਬਰ ਉੱਤੇ ਰਜਬ ਅਲੀ ਨੇ ਸਤਰੰਗੀ ਪੀਂਘ ਪਾ ਕੇ ਭਾਰਤ ਤੇ ਪਾਕਿਸਤਾਨ ਦੇ ਪੰਜਾਬੀ ਪ੍ਰੇਮੀਆਂ ਦੇ ਮਨਾਂ ਨੂੰ ਮੋਹਿਆ ਹੈ । ਬਾਬੂ ਜੀ ਦੀ ਵਿਚਾਰਧਾਰਾ ਪਿਆਰ ਮੁਹੱਬਤ ਦੀ ਸ਼ੈਦਾਈ ਹੈ, ਨਫਰਤ ਦੀ ਨਹੀਂ । ਉਹ ਮਨੁੱਖ ਮਨੁੱਖ ਵਿਚ ਪਈਆਂ ਹਰ ਤਰ੍ਹਾਂ ਦੀਆਂ ਵੰਡਾਂ ਜਿਵੇਂ ਦੇਸ਼, ਧਰਮ, ਜ਼ਾਤੀ ਆਦਿ ਤੋਂ ਉਪਰ ਉੱਠ ਕੇ ਸੋਚਦਾ ਹੈ । ਉਹ ਸਮੁੱਚੇ ਮਨੁੱਖੀ ਭਾਈਚਾਰੇ ਨੂੰ ਆਪਣੀ ਪਿਆਰ ਭਰੀ ਗਲਵਕੜੀ ਵਿਚ ਲੈਂਦਾ ਹੈ । ਉਸ ਦੇ ਕਲਾਮ ਦੀ ਦੂਜੀ ਖੂਬੀ ਇਹ ਹੈ ਕਿ ਇਸ ਵਿਚ ਘੱਟ ਤੋਂ ਘੱਟ ਅਸ਼ਲੀ-ਲਤਾ ਹੈ ਅਤੇ ਇਹ ਕਿਸੇ ਵੀ ਸਭਾ ਵਿਚ ਗਾਈ ਜਾ ਸਕਦੀ ਹੈ । ਤੀਜੀ ਖੂਬੀ ਇਹ ਹੈ ਕਿ ਇਸ ਨੇ ਧਾਰਮਿਕ ਰਚਨਾਵਾਂ ਵੀ ਇਸ ਸਿਆਣਪ ਤੇ ਸੁਹਿਰਦਤਾ ਨਾਲ ਲਿਖੀਆਂ ਹਨ ਕਿ ਇਹ ਸਭ ਧਰਮਾਂ ਦੇ ਲੋਕਾਂ ਦੇ ਸਾਂਝੇ ਇਕੱਠ ਵਿਚ ਗਾਈਆਂ ਜਾ ਸਕਦੀਆਂ ਹਨ । ਰਜਬ ਅਲੀ ਕਹਿੰਦਾ ਹੈ ਕਿ ਸ਼ਾਇਰ ਸਭ ਦਾ ਸਾਂਝਾ ਹੈ[1] । ਉਸ ਦੇ ਖਿਆਲ ਅਨੁਸਾਰ ਬੁੱਧੀ-ਮਾਨ ਲੋਕ ਉਸੇ ਸ਼ਾਇਰ ਨੂੰ ਸਿਆਣਾ ਸਮਝਦੇ ਹਨ ਜੋ ਹਿੰਦੂ, ਸਿੱਖ, ਇਸਲਾਮ ਆਦਿ ਧਰਮਾਂ ਦੇ ਭੇਦਾਂ ਤੋਂ ਉੱਚਾ ਹੋਵੇ :

ਸਿਆਣੇ ਸਿਆਣਾ ਸਮਝਣ ਉਹਨੂੰ ਜੀ,
ਜੇਹੜਾ ਸ਼ਾਇਰ ਨਜ਼ਮ ਬਣਾਵੇ ਸਾਂਝੀ, ਸੁਨਣ ਤਿਨ ਕੌਮਾਂ ।
(ਸੁੱਖ ਉਰੇ ਫ਼ਿਰੋਜ਼ਪੁਰੋਂ)

ਬਾਬੂ ਰਜਬ ਅਲੀ ਦੀ ਵਿਚਾਰਧਾਰਾ ਦੀ ਟੇਕ ਲੋਕ-ਸੂਝ ਨਾਲ ਵਧੇਰੇ ਜੁੜੀ ਹੋਈ ਹੈ । ਉਸ ਨੇ ਮਲਵਈ ਸਭਿਆਚਾਰ ਦੀਆਂ ਲੋਕ-ਰੂੜ੍ਹੀਆਂ ਤੇ ਲੋਕ-ਸੂਝ ਨੂੰ ਬਹੁਤ ਸ਼ਿੱਦਤ ਨਾਲ ਅਨੁਭਵ ਕੀਤਾ ਹੈ ਅਤੇ ਉਹ ਇਸ ਦੀ ਸ਼ਖ਼ਸੀਅਤ, ਵਿਚਾਰਧਾਰਾ ਤੇ ਕਾਵਿ ਦਾ ਅਟੁੱਟ ਅੰਗ ਬਣ ਗਈ ਹੈ । ਬਾਬੂ ਜੀ ਨੇ ਭਾਵੇਂ ਤਕਨੀਕੀ ਤਾਲੀਮ ਹਾਸਿਲ ਕੀਤੀ ਸੀ ਪਰ ਉਸ ਦਾ ਅੰਦਰਲਾ ਕਾਵਿ-ਮਨ ਪੁਰਾਤਨ ਪੰਜਾਬੀ ਸਭਿਆਚਾਰ ਨਾਲ ਦੀਵਾਨਿਆਂ ਵਾਂਗ ਜੁੜਿਆ ਰਿਹਾ ਹੈ ਜੋ ਉਸ ਦੇ ਹਰ ਇਕ ਛੰਦ ਵਿਚੋਂ ਰੂਪਮਾਨ ਹੁੰਦਾ ਹੈ । ਮਲਵਈ ਸਭਿਆਚਾਰ ਵਿਚ ਜਿਸ ਵਧੀਆ ਮਨੁੱਖ ਤੇ ਸਿਹਤਮੰਦ ਸਮਾਜ ਦੀ ਕਲਪਣਾ ਕੀਤੀ ਜਾਂਦੀ ਸੀ ਉਸ ਅਨੁਸਾਰ ਹੀ ਉਸ ਨੇ ਆਪਣੀਆਂ ਰਚਨਾਵਾਂ ਵਿਚ ਨਾਇਕ ਨਾਇਕਾ ਦਾ ਚਿਤਰਨ ਕੀਤਾ ਹੈ । ਬਾਬੂ

Digitized by Panjab Digital Library | www.panjabdigilib.org

ਜੀ ਸਭਿਅਤਾ ਦੇ ਵਿਕਾਸ, ਆਧੁਨਿਕ ਟੈਕਨਾਲੋਜੀ ਨੂੰ ਅਖਤਿਆਰ ਕਰਨ ਦਾ ਵਿਰੋਧੀ ਨਹੀਂ ਸਗੋਂ ਉਹ ਇਸ ਦਾ ਵੱਡਾ ਅਲੰਬਰਦਾਰ ਹੈ ਪਰ ਉਹ ਸਾਡੇ ਸਭਿਆਚਾਰ ਦੇ ਨੈਤਿਕ ਮੁੱਲਾਂ ਨੂੰ ਕਾਇਮ ਤੇ ਸਥਿਰ ਰੱਖਣ ਦਾ ਹੋਕਾ ਵੀ ਦਿੰਦਾ ਹੈ।

ਬਾਬੂ ਜੀ ਦੀਆਂ ਰਚਨਾਵਾਂ ਦਾ ਸਰੋਤ ਵਧੇਰੇ ਕਰ ਕੇ ਕਵੀਸ਼ਰੀ-ਪਰੰਪਰਾ ਦੀਆਂ ਰਚਨਾਵਾਂ ਹੀ ਹਨ। ਉਸ ਨੇ ਆਪਣੀਆਂ ਕਈ ਰਚਨਾਵਾਂ ਦਾ ਆਧਾਰ ਪੰਜਾਬੀ ਸਾਹਿਤ ਦੀਆਂ ਪੁਰਾਤਨ ਰਚਨਾਵਾਂ ਨੂੰ ਵੀ ਬਣਾਇਆ ਹੈ। ਉਸ ਨੇ ਜ਼ਿਆਦਾ ਉਹਨਾਂ ਰਚਨਾਵਾਂ ਦੀ ਸਿਰਜਣਾ ਕੀਤੀ ਜੋ ਲੋਕਾਂ ਵਿਚ ਪਹਿਲਾਂ ਹੀ ਬਹੁਤ ਹਰਮਨ ਪਿਆਰੀਆਂ ਸਨ। ਬਾਬੂ ਰਜਬ ਅਲੀ ਨੇ 81 ਪ੍ਰਸੰਗ ਲਿਖੇ ਜਿਨ੍ਹਾਂ ਵਿਚੋਂ ਉਸ ਨੇ ਪੰਜਾਬੀ ਵਿਚ ਪੰਜ ਪ੍ਰਸੰਗ ਪਹਿਲੀ ਵੇਰ ਲਿਖੇ।

## 1. ਧਾਰਮਿਕ ਸਹਿਨਸ਼ੀਲਤਾ

ਬਾਬੂ ਰਜਬ ਅਲੀ ਦੀ ਵਿਚਾਰਧਾਰਾ ਦਾ ਸਭ ਤੋਂ ਵਿਲੱਖਣ ਪਰ ਅਤਿਅੰਤ ਪੱਕਾ ਰੰਗ ਧਾਰਮਿਕ ਸਹਿਨਸ਼ੀਲਤਾ ਦਾ ਹੈ ਜੋ ਨਾ ਫ਼ਿਰਕੂ ਲਹਿਰਾਂ ਦੀਆਂ ਹਨੇਰੀਆਂ ਵਿਚ ਉੱਡਿਆ ਅਤੇ ਨਾ ਹੀ ਫ਼ਿਰਕੂ ਕਤਲਿਆਮ ਦੇ ਲਹੂ ਵਿਚ ਖੁਰਿਆ। ਬਾਬੂ ਜੀ ਦੇ ਜੀਵਨ-ਕਾਲ (1894-1979 ਈ.) ਤੇ ਰਚਨਾਕਾਲ (1914–79 ਈ.) ਵਿਚ ਹਿੰਦੁਸਤਾਨ ਵਾਂਗ ਹੀ ਪੰਜਾਬ ਵਿਚ ਵੀ ਆਰੀਆ ਸਮਾਜ, ਮੁਸਲਮ ਲੀਗ ਤੇ ਸਿੰਘ ਸਭਾ ਦਾ ਬੜਾ ਜ਼ੋਰ ਸੀ। ਬਹੁਤ ਸਾਰਾ ਸਾਹਿਤ ਏਨ੍ਹਾਂ ਦੇ ਪ੍ਰਭਾਵ ਹੇਠਾਂ ਲਿਖਿਆ ਗਿਆ। ਦੂਜੀ ਗੱਲ, ਦੇਸ਼ ਦੇ ਵਟਵਾਰੇ ਸਮੇਂ ਹੋਏ ਅਣਮਨੁੱਖੀ ਫ਼ਿਰਕੂ ਕਤਲਿਆਮ ਨੇ ਇੱਕ ਦੂਜੇ ਫ਼ਿਰਕੇ ਦੇ ਮਹੱਲੇ ਸਾੜ ਦਿੱਤ, ਲੋਥਾਂ ਨਾਲ ਛੱਪੜ, ਨਹਿਰਾਂ ਤੇ ਦਰਿਆ ਭਰ ਦਿੱਤੇ, ਸ਼ਰੇ ਬਾਜ਼ਾਰ ਮੁਟਿਆਰਾਂ ਦੀ ਬੇਇਜ਼ਤੀ ਕੀਤੀ ਗਈ ਪਰ ਬਾਬੂ ਜੀ ਦਾ ਮਨੁੱਖਤਾ ਵਿਚੋਂ ਵਿਸ਼ਵਾਸ਼ ਖਤਮ ਨਾ ਹੋਇਆ। ਜਿਹੜਾ ਬੰਦਾ ਆਪ ਇਸ ਦੋਜ਼ਖ ਦੀ ਅੱਗ ਵਿਚੋਂ ਲੰਘਿਆ ਹੋਵੇ ਤੇ ਉਸ ਦਾ ਮਨ ਫ਼ਿਰਕੂ ਉਲਾਰ ਤੇ ਮਲਾਲ ਹੋਣ ਤੋਂ ਬਚ ਜਾਏ, ਇਹ ਸਭ ਤੋਂ ਕਠਨ ਅਗਨ ਪ੍ਰੀਖਿਆ ਹੈ। ਬਾਬੂ ਜੀ ਇਸ ਕਠਨ ਪ੍ਰੀਖਿਆ ਵਿਚੋਂ ਸਫਲ ਰਿਹਾ ਹੈ। ਉਹ ਮਾਨਵ ਜਾਤੀ ਦਾ ਪ੍ਰਤੀਨਿਧ ਕਵੀ ਹੈ। ਤੀਜਾ, ਬਾਬੂ ਜੀ ਇਕ ਧਰਮ ਦੇ ਅਧਾਰ ਉੱਤੇ ਨਵਸਥਾਪਿਤ ਮੁਲਕ ਪਾਕਿਸਤਾਨ ਦਾ ਸ਼ਹਿਰੀ ਸੀ, ਪਰ ਉਸ ਨੇ ਪਾਕਿਸਤਾਨ ਵਿਚ ਬੈਠ ਕੇ ਬੱਤੀ ਸਾਲ ਸਿੱਖ-ਇਤਿਹਾਸ ਤੇ ਹਿੰਦੂ-ਮਿਥਿਹਾਸ ਦੀਆਂ ਕਥਾਵਾਂ ਲਿਖੀਆਂ ਜੋ ਉਸ ਦੀ ਧਾਰਮਿਕ ਸੁਹਿਰਦਤਾ ਪ੍ਰਤੀ ਪੱਕੀ ਪ੍ਰਤੀਬਧਤਾ ਕਾਰਨ ਹੀ ਸੰਭਵ ਹੋ ਸਕਦਾ ਹੈ।

ਬਾਬੂ ਰਜਬ ਅਲੀ ਦਾ ਦਿਲ ਮਾਨਵ ਪਿਆਰ ਨਾਲ ਓਤਪੋਤ ਸੀ। ਉਹ ਕਿਹੜੇ ਕਾਰਨ ਸਨ ਜਿਨ੍ਹਾਂ ਨਾਲ ਨਫ਼ਰਤ ਦੇ ਜੰਗਲ ਵਿਚ ਉਸ ਦੇ ਦਿਲ ਵਿਚਲਾ ਪਿਆਰ ਮਈ ਅੰਮ੍ਰਿਤ ਦਾ ਘੜਾ ਸਾਬਤ ਤੇ ਫਿਰ ਭਰਿਆ ਰਿਹਾ ? ਜੇ ਅਸੀਂ ਬਾਬੂ ਜੀ ਦੇ ਜੀਵਨ ਪ੍ਰਤੀ ਘੋਖਵੀਂ ਨਜ਼ਰ ਨਾਲ ਵੇਖੀਏ ਤਾਂ ਇਸ ਦੀ ਦ੍ਰਿੜ੍ਹਤਾ ਦੇ ਪੰਜ ਪ੍ਰਮੁੱਖ ਕਾਰਨ ਦਿਖਾਈ ਦਿੰਦੇ ਹਨ। ਪਹਿਲਾ, ਮਲਵਈ ਸਭਿਆਚਾਰ ਵਿਚ ਦੂਜੇ ਪੰਜਾਬੀ ਦੀ ਨਿਸਬਤਨ ਫ਼ਿਰਕੂ ਪਾਸਾਰਾ ਘੱਟ ਸੀ। ਦੂਜੇ ਮੁਸਲਮਾਨ ਹਿੰਦੂ ਤੇ ਸਿੱਖ ਕਵੀਸ਼ਰਾਂ ਵਿਚ ਦੂਜੇ ਧਰਮਾਂ ਦੀਆਂ ਰਚਨਾਵਾਂ ਸਿਰਜਣ ਦੀ ਪਰੰਪਰਾ ਸੀ। ਧਾਰਮਿਕ ਸੁਹਿਰਦਤਾ ਕਵੀਸ਼ਰੀ-ਪਰੰਪਰਾ ਦੀ ਇੱਕ ਜੀਵੰਤ ਅੰਗ

Digitized by Panjab Digital Library | www.panjabdigilib.org

ਬਣ ਗਈ ਸੀ । ਤੀਜਾ, ਉਸ ਦਾ ਆਪਣਾ ਉਸਤਾਦ ਇੱਕ ਸਿੱਖ-ਕਵੀਸ਼ਰ (ਮਾਨ ਸਿੰਘ) ਸੀ। ਉਸ ਦੇ ਆਪਣੇ ਬਹੁਤ ਸਾਰੇ ਚੇਲੇ ਸਿੱਖ ਤੇ ਹਿੰਦੂ ਧਰਮ ਨਾਲ ਸੰਬੰਧ ਰਖਦੇ ਸਨ । ਉਸ ਦੇ ਚੇਲੇ ਉਸ ਨੂੰ ਬੇਹੱਦ ਮੁਹੱਬਤ ਤੇ ਸਤਿਕਾਰ ਕਰਦੇ ਸਨ । ਚੌਥਾ, ਸੰਤਾਲੀ ਦੀ ਵੰਡ ਸਮੇਂ ਇਸ ਦੇ ਚੇਲਿਆਂ, ਪਿੰਡਾਂ ਦੇ ਲੋਕਾਂ ਤੇ ਇਸ ਦੇ ਪ੍ਰਸੰਸਕਾਂ ਨੇ ਬਾਬੂ ਰਜਬ ਅਲੀ ਦੇ ਪਰਿਵਾਰ ਤੇ ਰਿਸ਼ਤੇਦਾਰਾਂ ਨੂੰ ਨਾ ਕੇਵਲ ਆਪਣੀ ਸਿਰਧੜ ਦੀ ਬਾਜ਼ੀ ਲਾ ਕੇ ਸਾਂਭ ਕੇ ਰੱਖਿਆ ਸਗੋਂ ਬਾਅਦ ਵਿਚ ਉਸ ਦੇ ਸਾਮਾਨ ਨੂੰ ਵੀ ਪੂਰੀ ਹਿਫ਼ਾਜ਼ਤ ਨਾਲ ਪਾਕਿਸਤਾਨ ਦੀ ਹੱਦ ਪਾਰ ਕਰਵਾ ਕੇ ਆਏ ਸਨ। ਪੰਜਵਾਂ, ਉਸ ਨੂੰ ਆਪਣੇ ਵਤਨ ਨਾਲ ਅੰਤਾਂ ਦਾ ਮੋਹ ਸੀ ਅਤੇ ਇਲਾਕੇ ਦੇ ਲੋਕਾਂ ਨੇ ਉਸ ਨੂੰ ਉਮਰ ਭਰ ਬਹੁਤ ਪਿਆਰ ਤੇ ਸਤਿਕਾਰ ਦਿੱਤਾ ਸੀ ।

ਪੰਜਾਬੀ ਦਾ ਹੋਰ ਕੋਈ ਲੇਖਕ ਪਾਕਿਸਤਾਨ ਜਾਂ ਭਾਰਤੀ ਪੰਜਾਬ ਵਿਚ ਨਹੀਂ ਹੈ ਜਿਸ ਨੇ ਦੂਜੇ ਧਰਮਾਂ ਸੰਬੰਧੀ ਇੰਨੇ ਵਿਸਤਾਰ, ਅਪਣੱਤ ਤੇ ਖ਼ੂਬਸੂਰਤੀ ਨਾਲ ਏਨੀ ਵਧੀਆ ਕਾਵਿ-ਸਿਰਜਣਾ ਕੀਤੀ ਹੋਵੇ । ਬਾਬੂ ਜੀ ਦੀ ਰਚਨਾ ਦਾ ਇਹ ਗੁਣ ਉਸ ਨੂੰ ਆਪਣੇ ਸਮਕਾਲੀ ਕਵੀਸ਼ਰਾਂ ਵਿਚੋਂ ਹੀ ਨਹੀਂ ਸਗੋਂ ਸਮਕਾਲੀ ਪੰਜਾਬੀ ਕਵੀਆਂ ਵਿਚ ਵੀ ਸਿਰ ਕੱਢ ਬਣਾਉਂਦਾ ਹੈ। ਬਾਬੂ ਜੀ ਦਾ ਮਨ ਧਾਰਮਿਕ ਵਖੇਵਿਆਂ ਤੋਂ ਉੱਚਾ ਸੀ । ਉਸ ਦਾ ਦਿਲ ਸਾਫ਼, ਦਿਮਾਗ ਤਿੱਖਾ ਤੇ ਉਸਦੀ ਬੁੱਧ ਚੇਤਨ ਸੀ, ਜਿਸ ਕਰਕੇ ਉਹ ਪੂਰੀ ਦ੍ਰਿੜ੍ਹਤਾ ਨਾਲ ਆਪਣੀ ਵਿਚਾਰਧਾਰਾ ਉੱਤੇ ਅਡੋਲ ਖਲੋਤਾ ਰਿਹਾ । ਉਸ ਨੇ ਮਾਨਵ-ਪਿਆਰ ਦੇ ਮੰਡਲ ਵਿਚ ਨਵੀਆਂ ਸਿਖਰਾਂ ਛੋਹੀਆਂ ਤੇ ਪੰਜਾਬ ਦੇ ਲੋਕਾਂ ਦੀ ਹੀ ਨਹੀਂ ਸਗੋਂ ਪੰਜਾਬ ਦੇ ਸਾਹਿਤਕਾਰਾਂ ਦੀ ਵੀ ਅਗਵਾਈ ਕੀਤੀ । ਬਾਬੂ ਜੀ ਨੇ ਇਨਸਾਨੀਅਤ ਨੂੰ ਪਿਆਰ ਕੀਤਾ । ਉਸ ਦੀ ਝੋਲੀ ਵਿਚ ਨਫ਼ਰਤ ਨਹੀਂ ਸਗੋਂ ਪਿਆਰ ਹੀ ਪਿਆਰ ਸੀ । ਉਸ ਨੇ ਦੇਸ਼, ਧਰਮ ਤੇ ਜਾਤ ਪਾਤ ਦੇ ਭਿੰਨ-ਭੇਦ ਤੋਂ ਉਤਾਂਹ ਉੱਠ ਕੇ ਅੱਲਾਹ ਦੀ ਖਲਕ ਨਾਲ ਮੁਹੱਬਤ ਕੀਤੀ । ਉਹ ਮੁਹੱਬਤਾਂ ਦਾ ਮਰਜੀ-ਵੜਾ ਸੀ ।

ਬਾਬੂ ਰਜਬ ਅਲੀ ਆਪ ਇਸਲਾਮ ਦਾ ਪੈਰੋਕਾਰ ਸੀ । ਉਹ ਆਪ ਮੋਮਨ ਸੀ, ਉਸ ਨੇ ਇਸਲਾਮ ਨਾਲ ਸੰਬੰਧਿਤ ਤਿੰਨ ਰਚਨਾਵਾਂ ਵੀ ਕੀਤੀਆਂ, ਪਰ ਉਹ ਦੂਜੇ ਧਰਮਾਂ ਦਾ ਵੀ ਦਿਲੋਂ ਸਤਿਕਾਰ ਕਰਦਾ ਸੀ । ਉਸ ਨੇ ਸਿੱਖ-ਧਰਮ ਨਾਲ ਸੰਬੰਧਿਤ ਅਠਾਰਾਂ ਪ੍ਰਸੰਗ ਤੇ ਹਿੰਦੂ ਮਿਥਿਹਾਸ ਤੇ ਹਿੰਦੂ ਧਰਮ ਨਾਲ ਸੰਬੰਧਿਤ ਸੱਤ ਅੱਠ ਰਚਨਾਵਾਂ ਦੀ ਰਚਨਾ ਕੀਤੀ । ਉਸ ਨੇ ਸਿੱਖ–ਇਤਿਹਾਸ ਦੇ ਵਲਵਲੇ ਭਰਪੂਰ ਪ੍ਰਸੰਗਾਂ ਨੂੰ ਪੂਰੀ ਇਮਾਨਦਾਰੀ ਤੇ ਨਿਸ਼ਠਾ ਨਾਲ ਛੰਦਬੱਧ ਕੀਤਾ ਹੈ । ਇਕ ਮੁਸਲਮਾਨ ਕਵੀਸ਼ਰ ਹੋਣ ਦੇ ਬਾਵਜੂਦ ਉਸ ਨੇ ਸਿੱਖਾਂ ਤੇ ਮੁਗਲ ਬਾਦਸ਼ਾਹ ਦੀਆਂ ਲੜਾਈਆਂ ਨੂੰ ਸਹੀ ਸਹੀ ਬਿਆਨ ਕੀਤਾ ਹੈ । ਇਕ ਪਾਕਿਸਤਾਨੀ ਕਵੀ ਵਲੋਂ ਅਜਿਹੀਆਂ ਕਿਰਤਾਂ ਦਾ ਕਾਵਿਬੱਧ ਹੋਣਾ ਇਸ ਵਿਚ ਨਵੇਂ ਅਰਥਾਂ ਨੂੰ ਸੰਚਾਰ ਕਰਦਾ ਹੈ ਕਿ ਕਵੀ ਵਿਸ਼ਾਲ ਹਿਰਦੇ ਦਾ ਸੁਆਮੀ ਹੈ ਜੋ ਮਨੁੱਖਤਾ ਦੇ ਰਿਸ਼ਤੇ ਤੇ ਦਰਦ ਨੂੰ ਪਹਿਲ ਦਿੰਦਾ ਹੈ । ਬਾਬੂ ਰਜਬ ਅਲੀ ਤੇ ਮਾਘੀ ਸਿੰਘ ਨੇ ਗੁਰੂ ਸਾਹਿਬਾਨਾਂ ਦੇ ਪ੍ਰਸੰਗਾਂ ਨੂੰ ਇੱਕੋ ਜੇਹੀ ਸ਼ਰਧਾ ਨਾਲ ਲਿਖਿਆ ਹੈ । ਬਾਬੂ ਜੀ ਨੇ 'ਜੰਗ ਮਰਾੜ' ਵਿਚ ਛੇਵੀਂ ਪਾਤਸ਼ਾਹੀ ਦੇ ਜੰਗ ਨੂੰ ਬਹੱਤਰ ਕਲਾ ਛੰਦ ਵਿਚ ਇਸ ਜੁਗਤੀ ਤੇ ਪ੍ਰਵੀਨਤਾ ਨਾਲ ਲਿਖਿਆ ਹੈ ਕਿ ਇਸ

Digitized by Panjab Digital Library | www.panjabdigilib.org

ਦਾ ਕੋਈ ਸਾਨੀ ਨਹੀਂ ਲਗਦਾ। ਬਾਬੂ ਜੀ ਨੇ ਦਸਮ ਪਾਤਸ਼ਾਹ ਦੀ ਗੁਰ-ਕੀਰਤੀ ਇਸ ਪ੍ਰਕਾਰ ਕੀਤੀ ਹੈ :

ਰਬ ਤੋਂ ਡਰਨ ਵਾਲੇ, ਕੋਮਲ ਚਰਨ ਵਾਲੇ,
ਗੱਲ ਤੇ ਮਰਨ ਵਾਲੇ, ਦੇਸ਼ ਦੇ ਨਰੇਸ਼ ਗੁਰ।
ਛਾਂਟਵੇਂ ਸ਼ਰੀਰ ਵਾਲੇ, ਤੇ ਧਨੁਖ ਤੀਰ ਵਾਲੇ,
ਮੋਹਣੀ ਤਸਵੀਰ ਵਾਲੇ, ਚੰਦ ਜੈਸੇ ਭੇਸ ਗੁਰ।
ਗੁਰ ਪੰਜਾਂ ਕੱਕਿਆਂ ਵਾਲੇ, ਤੇ ਕਰਾਰਾਂ ਪੱਕਿਆਂ ਵਾਲੇ,
ਕੰਮ ਅਣਥੱਕਿਆਂ ਵਾਲੇ, ਕਰਨ ਹਮੇਸ਼ ਗੁਰ।
ਬਾਬੂ ਜੀ ਸ਼ਰਮ ਵਾਲੇ, ਦੁਆਰੇ ਤੇ ਧਰਮ ਵਾਲੇ,
ਪਟਨੇ ਜਰਮ ਵਾਲੇ, ਮੇਰੇ ਦਸਮੇਸ਼ ਗੁਰ।
ਰਾਜਧਾਨੀ ਰਾਜਾਂ ਵਾਲੇ, ਜੋੜੇ ਘੋੜੇ ਸਾਜ਼ਾਂ ਵਾਲੇ,
ਚਿੱਟਿਆਂ ਬਾਜ਼ਾਂ ਵਾਲੇ, ਦਾਸ ਦਾ ਆਦੇਸ਼ ਗੁਰ।
ਉਰਿਆਂ ਜੈਕਾਰਿਆਂ ਵਾਲੇ, ਤਾਜ਼ ਝਲਕਾਰਿਆਂ ਵਾਲੇ,
ਸੋਹਣੇ ਦੁਲਾਰਿਆਂ ਵਾਲੇ, ਸੀ ਰਖਾ ਗਏ ਕੇਸ਼ ਗੁਰ।
ਸੱਚ ਤੇ ਅੜਨ ਵਾਲੇ, ਪਾਪ ਸੇ ਲੜਨ ਵਾਲੇ,
ਜੰਗ ਤੇ ਚੜ੍ਹਨ ਵਾਲੇ, ਹਿੰਦ ਰੱਖੀ ਏਸ ਗੁਰ।
ਬਾਬੂ ਜੀ ਸ਼ਰਮ ਵਾਲੇ, ਦੁਆਰੇ ਤੇ ਧਰਮ ਵਾਲੇ,
ਪਟਨੇ ਜਰਮ ਵਾਲੇ, ਮੇਰੇ ਦਸਮੇਸ਼ ਗੁਰ।

(ਮੰਗਲ)

ਸੂਰਜ ਸਮ ਦਸਮੇਸ਼ ਦੀ, ਸੀ ਮਸਤਕ ਦੀ ਜੋਤ।
ਸਬਰ ਸ਼ੁਕਰ ਸੂਰਮਗਤੀ, ਨਾ ਸਤਿਗੁਰ ਦੀ ਹੋਤ।

(ਜੰਗ-ਚਮਕੌਰ)

ਭੌਣ ਅੰਮ੍ਰਿਤਸਰ ਦਾ ਜੀ, ਬੜਾ ਉੱਚਾ ਦਰਜਾ ਪਵਿਤਰ ਸਰ ਦਾ।
ਹਰਮੰਦਰ ਸੁਨਹਿਰੀ ਜੀ, ਦੂਰ ਤੋਂ ਜਗ ਮਗ ਜਗ ਮਗ ਕਰਦਾ।
ਦੀਪ ਸਿੰਘ ਨੇ ਬਣਾਤੇ ਟੋਟੇ, ਬਰਛਾ ਘਬੋ ਦੇ ਘੱਪ ਦੇ।
ਖੰਡਾ ਧੂ ਲਿਆ ਲਹੂ ਦਾ ਲਿੱਬੜਿਆ, ਹਿੱਕ 'ਚ ਬਣਾਈਆਂ ਮੋਰੀਆਂ।

(ਸ਼ਹੀਦੀ-ਬਾਬਾ ਦੀਪ ਸਿੰਘ)

ਇਕ ਮੁਸਲਮਾਨ ਕਵੀ ਨੇ ਗੁਰੂ ਨਾਨਕ ਤੇ ਸੁਰਸਤੀ ਦਾ ਮੰਗਲ ਏਡੇ ਪਿਆਰ ਨਾਲ ਕੀਤਾ ਹੈ ਕਿ ਅਜ ਦੇ ਮਾਹੌਲ ਵਿਚ ਬਿਲਕੁਲ ਅਚੰਭਾ ਲਗਦਾ ਹੈ :

ਦੇਵੇ ਛਤ ਢੁੱਕਣ ਨਾ ਨੇੜੇ, ਵੜੇ ਭੂਤ ਭਰਮ ਨਾ ਵੇਹੜੇ,
ਬਹਿ ਤ੍ਰਿੱਕੜੀ ਰਾਗ ਨੂੰ ਛੇੜੇ, ਪਰ ਨਗਮੇ ਜਿਉਂ ਬੁਲਬੁਲ ਦੇ ਐ।
ਗੁਰੂ ਨਾਨਕ ਸਾਂਝੇ ਕੁਲ ਦੇ ਐ।

(ਗੁਰੂ ਨਾਨਕ ਮੰਗਲ)

Digitized by Panjab Digital Library | www.panjabdigilib.org

**ਸੁਰਸਤੀ ਮੰਗਲ :**

ਫਿਰਦੀ ਚੜ੍ਹੀ ਕੇਹਰ ਤੇ ਸੋਂਹਦੀ, ਨੈਬਣ ਦਿਲ ਨੂੰ ਮੋਂਹਦੀ ।
ਸੂਹਾ ਅੰਗ ਚੋਲਾ ਜਾਦਾ ਭੜਕੀ ।
ਤੂੰ ਵਿਚ ਦੀ ਦੁਨੀਆਂ ਦੇ ਛਮਾਂਛਮ ਆ ਬਰਮਾ ਦੀ ਲੜਕੀ !
ਜੇ ਤੂੰ ਆਣ ਮੱਥੇ 'ਤੇ ਵਸਦੀ, ਜਾਣੀ ਰਹਿਦੀ ਹਸਦੀ ਹਸਦੀ ।
ਬਿਜਲੀ ਵਿਚ ਬੱਦਲਾਂ ਦੇ ਲਸ਼ਕੇ ।
ਫੁੱਲ ਕਿਰਨ ਜ਼ਬਾਨਾਂ ਤੋਂ, ਲਾਲ ਬੁੱਲ ਚਿੱਟਿਆਂ ਦੰਦਾਂ ਦ ਅਸ਼ਕੇ ।

(ਸੁਰਸਤੀ ਮੰਗਲ)

ਬਾਬੂ ਰਜਬ ਅਲੀ ਨੇ ਨੌਂ ਨਵੀਆਂ ਦੀ ਸਿਫਤ ਵੀ ਇਸੇ ਰੰਗ ਤੇ ਲਹਿਜੇ ਵਿਚ ਕੀਤੀ ਹੈ :

ਯੂਸਫ਼ ਸ਼ਕਲਵੰਦ, ਮੱਥਾ ਚੌਦਵੀ ਦਾ ਚੰਦ,
ਗੋਲ ਅੱਖ ਚਿੱਟੇ ਦੰਦ, ਜੀਭ ਖੰਡ ਦੀ ਡਲ੍ਹੀ ।
ਗੰਦਮੀਂ ਪਿੰਡੇ ਨੂੰ ਖੁਸ਼ਬੋਈ ਨਾ ਮਲੀ ।
ਆਖਰੀ ਮੁਹੰਮਦ ਸ੍ਹਾਬ, ਮੁੱਖ ਖਿੜਿਆ ਗੁਲਾਬ,
ਸੱਦੇ ਅਰਸ਼ੀ ਨਵਾਬ, ਐਨਾ ਉੱਚਾ ਦਰਜਾ ।
ਦਸਦੇ ਫਰਿਸ਼ਤੇ ਕੁਰਾਨ ਘਰ ਜਾ ।
ਹੱਥ ਕੌਸਰ ਪਿਆਲੀ, ਸਾਰੀ ਉੱਮਤ ਦਾ ਵਾਲੀ,
ਰਜਬ ਅਲੀ ਰਹਿ ਜੂ ਲਾਲੀ,
ਬਖਸ਼ਾਲੂ ਸਾਰਿਆਂ ਨੂੰ ।
ਮੇਰੀ ਸੌ ਸਲਾਮ ਰਬ ਦੇ ਪਿਆਰਿਆਂ ਨੂੰ ।

ਬਾਬੂ ਜੀ ਨੇ ਹਿੰਦੂ ਮੁਸਲਮਾਨ ਤੇ ਸਿੱਖਾਂ ਨੂੰ ਖੰਡ ਘਿਉ ਖਿੱਚੜੀ ਬਣ ਕੇ ਰਹਿਣ ਦੀ ਅਰਜੋਈ ਕੀਤੀ ਅਤੇ ਆਪਣੀ ਨਿਜੀ ਮਿਸਾਲ ਵੀ ਦਿਤੀ ਹੈ ਕਿ ਕਿਵੇਂ ਰਜਬ ਅਲੀ, ਪੰਡਤ ਪੂਰਨ ਚੰਦ ਅਤੇ ਸੰਪੂਰਨ ਸਿੰਘ ਰਾਮਾ ਦੀ ਅਟੁੱਟ ਮਿੱਤਰਤਾ ਹੈ :

ਹਿੰਦੂ ਸਿੱਖ ਮੋਮਨ ਨੂੰ ਕਹਿਣਾ, ਘਿਉ ਖੰਡ ਖਿੱਚੜੀ ਬਣ ਕੇ ਰਹਿਣਾ,
ਵੀਰਨ ਭੁੱਲ ਜਾਓ ਖੈਰ ਪੁਰਾਣੇ, ਵਧਣ ਪ੍ਰੇਮ-ਬ੍ਰਿਛ ਦੇ ਟਾਹਣੇ,
ਦਿਲ ਦੀਆਂ ਕੱਢ ਲਓ ਗੁੰਝਲੀਆਂ ।
ਰਾਹੋਂ ਜਾਣ ਕੁਰਾਹੇ ਤਾਂ ਪਗਡੰਡੀਆਂ ਖੁੰਝ ਲਈਆ ।
ਜਿਸ ਤਰ੍ਹਾਂ ਬਾਬੂ ਪੂਰਨ ਰਾਮਾ, ਮਿਲ ਕਰ ਮਿੱਠੀਆਂ ਕਰਨ ਕਲਾਮਾਂ,
ਪਾ ਲਓ ਆਪਸ ਦੇ ਵਿਚ ਕੰਘੀਆਂ, ਬਾਤਾਂ ਕਹਿਣ ਕਵੀਸ਼ਰ ਚੰਗੀਆਂ,
ਵੈਰ ਚੌਬਾਰਾ ਢਾਈਦਾ ।
ਖਾਲਕ ਭਲੇ ਪੁਰਸ਼ ਦੇ ਹੱਥ ਤੋਂ, ਕਟਦਾ ਕਸ਼ਟ ਗੁਨਾਹੀ ਦਾ ।

ਧਾਰਮਿਕ ਸੁਹਿਰਦਤਾ ਤੇ ਸਦ ਭਾਵਨਾ ਨੂੰ ਬਿਜਲੀ ਵਾਂਗ ਚਾਨਣ ਕਰਨ ਲਈ ਬਾਬੂ

Digitized by Panjab Digital Library | www.panjabdigilib.org

ਜੀ ਨੇ ਆਪਣੀ ਵਿਚਾਰਧਾਰਾ ਨੂੰ ਗੁਰੂ ਚੇਲੇ ਦੇ ਸਵਾਲ ਜਵਾਬ ਰਾਹੀਂ ਪ੍ਰਗਟ ਕੀਤਾ ਹੈ :

ਦਸ ਮੈਨੂੰ ਉਠਿਆ ਕਦੋਂ ਦਾ ਫਿਤਨਾ।
ਹਿੰਦੂ ਮੋਮਨ 'ਚ ਪਿਆ ਫਰਕ ਇਤਨਾਂ।
ਇਕ ਦੂਜੇ ਨੂੰ ਵੈਰੀ ਵਾਂਗ ਤੱਕਦੇ।
ਗੁਰੂ ਮੇਰੇ ਮਨ ਦਾ ਭਰਮ ਚੱਕ ਦੇ।
ਇਕ ਜਾਂਦਾ ਸੱਜੇ ਦੂਜਾ ਜਾਂਦਾ ਖੱਬੇ ਜੀ।
ਇਕ ਫੂਕੇ ਦੂਸਰਾ ਮਿੱਟੀ 'ਚ ਦੱਬੇ ਜੀ।
ਆਪਸ 'ਚ ਲੱਗਣ ਕੌੜੇ ਵਾਂਗ ਅੱਕ ਦੇ।
ਗੁਰੂ ਮੇਰੇ ਮਨ ਦਾ ਭਰਮ ਚੱਕ ਦੇ।
ਇਹ ਜੋ ਸਰੀਰ ਬਣੇ ਇੱਕ ਮਿੱਟੀ ਦੇ।
ਕਾਹਤੋਂ ਬੰਬ ਇੱਕ ਦੂਸਰੇ ਤੇ ਸਿੱਟੀ ਦੇ।
ਪੜਦਾ ਪਾ ਪਿਛਲੇ ਕਸੂਰ ਚੱਕ ਦੇ।
ਗੁਰੂ ਮੇਰੇ ਮਨ ਦਾ ਭਰਮ ਚੱਕ ਦੇ।

ਗੁਰੂ ਵਲੋਂ ਉੱਤਰ :

ਗੁਰੂ ਕਹਿੰਦਾ ਐਹਮਕਾਂ ਵਿਗਾੜੇ ਕੰਮ ਜੀ। ਰਬ ਦੀ ਰਮਜ਼ ਆਰਿਫ਼ਾਂ ਨੇ ਸਮਝੀ,
ਅਸਮਾਨੋਂ ਉੱਤਰੀ ਖ਼ੁਰਾਕ ਸਭ ਦੀ। ਹਿੰਦੂ ਸਿੱਖ ਮੋਮਨ ਪਦੈਸ਼ ਰਬ ਦੀ।
ਇਕੋ ਜਿਆ ਚਨੈਣ ਤੇ ਚਨੈਣ ਵਾਲਾ ਜੀ। ਲੱਗੇ ਧੁੱਪ ਕੁੱਲ ਨੂੰ ਇੱਕੋ ਜਿਆ ਪਾਲਾ ਜੀ।
ਮੌਤ ਡੈਣ ਕੁੱਲ ਦੇ ਹੱਡਾਂ ਨੂੰ ਚੱਬਦੀ। ਹਿੰਦੂ ਸਿੱਖ ਮੋਮਨ ਪਦੈਸ਼ ਰਬ ਦੀ।

## 2. ਦੇਸ਼ ਭਗਤੀ ਦੀ ਭਾਵਨਾ

ਬਾਬੂ ਰਜਬ ਅਲੀ ਨੇ ਅੱਧੀ ਸਦੀ ਤੋਂ ਵੱਧ ਸਮਾਂ ਅੰਗ੍ਰੇਜ਼ਾਂ ਦੀ ਗੁਲਾਮੀ ਵਾਲਾ ਅਨੁਭਵ ਆਪਣੇ ਹੱਡਾਂ ਨਾਲ ਹੰਡਾਇਆ ਹੈ। ਉਹ ਇੱਕ ਚੇਤਨ ਤੇ ਦੇਸ਼ ਭਗਤ ਕਵੀ ਹੋਣ ਕਰ ਕੇ ਗੁਲਾਮੀ ਦੇ ਜੀਵਨ ਨੂੰ ਨਫਰਤ ਕਰਦਾ ਹੈ ਅਤੇ ਦੇਸ਼ ਭਗਤ ਸ਼ਹੀਦਾਂ ਦਾ ਆਸ਼ਿਕ ਹੈ। ਉਹ ਅੰਗ੍ਰੇਜ਼-ਸਾਮਰਾਜ ਵਲੋਂ ਹਿੰਦੁਸਤਾਨ ਦੇ ਗੁਲਾਮ ਬੰਦਿਆਂ ਨਾਲ ਕੀਤੇ ਜਾਂਦੇ ਅਣਮਨੁੱਖੀ ਵਤੀਰੇ ਤੋਂ ਸਤਿਆ ਹੋਇਆ ਹੈ। ਉਹ ਅੰਗ੍ਰੇਜ਼ ਸਾਮਰਾਜ ਵਲੋਂ ਹਿੰਦੁਸਤਾਨ ਦੀ ਕੀਤੀ ਗਈ ਅਤੇ ਕੀਤੀ ਜਾ ਰਹੀ ਲੁੱਟ ਘਸੁੱਟ ਦਾ ਢਿੰਡੋਰਾ ਦਿੰਦਾ ਹੈ। ਸਾਮਰਾਜੀ ਸਰਮਾਇਦਾਰੀ ਕਿਸ ਤਰ੍ਹਾਂ ਕੌਮੀ ਸਰਮਾਇਦਾਰੀ ਦੇ ਪਰ ਨਹੀਂ ਲੱਗਣ ਦਿੰਦੀ, ਇਸ ਹਕੀਕਤ ਨੂੰ ਬਾਬੂ ਜੀ ਇਸ ਤਰਾਂ ਛੰਦ-ਬੱਧ ਕੀਤਾ ਹੈ :

ਥੋੜਾ ਧਨ ਲੁੱਟ ਕੇ ਬਣਾ ਲੈ ਬੰਗਲੇ, ਵਲੈਤ ਵਾਲਿਆਂ ਗੋਰਿਆਂ ਨੇ।
ਹਿੰਦ ਦੇ ਧਨਾਢ ਸਾਰੇ ਹੋ ਗਏ ਕੰਗਲੇ, ਸੁਕਾਤੇ ਚੰਮ ਝੋਰਿਆਂ ਨੇ।

ਉਹ ਨੌਜਵਾਨਾਂ ਨੂੰ 'ਲਾਹ ਦਿਉ ਗਲਾਂ 'ਚ ਤਵਕ ਗੁਲਾਮੀ ਦੇ' ਅਤੇ 'ਕਰ ਲਓ ਵਤਨ ਨੂੰ ਆਜ਼ਾਦ ਗੱਭਰੂਓ' ਦੀ ਵੰਗਾਰ ਪਾਉਂਦਾ ਹੈ। ਬਾਬੂ ਜੀ ਪੂਰੀ ਤਰ੍ਹਾਂ ਅਨੁਭਵ

Digitized by Panjab Digital Library | www.panjabdigilib.org

ਕਰਦਾ ਹੈ ਕਿ ਆਜ਼ਾਦੀ ਦੀ ਲੜ੍ਹਾਈ ਲੜ੍ਹਨ ਲਈ ਸੰਪਰਦਾਇਕ ਏਕਤਾ ਬਹੁਤ ਜ਼ਰੂਰੀ ਹੈ। ਉਹ ਆਪਸੀ ਮਤਭੇਦਾਂ ਨੂੰ ਆਪੋ ਵਿਚ ਬੈਠ ਕੇ ਹੱਲ ਕਰਨ ਦੇ ਵਾਸਤੇ ਪਾਉਂਦਾ ਹੈ। ਉਹ ਤਾਂ ਆਪਣੇ ਦੇਸ਼ ਦੇ ਕੱਚੇ ਮਾਲ ਦੇ ਹੋ ਰਹੇ ਸ਼ੋਸ਼ਿਤਪੁਣੇ ਵਲ ਵੀ ਝਾਤ ਪਵਾਉਂਦਾ ਹੈ :

ਤਿੰਨੇ ਕੌਮਾਂ ਬਹਿ ਨਬੇੜ ਲਉ ਪੰਚੈਤ ਮੇਂ, ਜਿਦ ਬੁਰੀ ਹਮੇਸ਼ ਦੀ।
ਜਿਨੇ ਕਾਰਖਾਨੇ ਚਲਦੇ ਵਲੈਤ ਮੇਂ, ਕਪਾਸ ਸਾਡੇ ਦੇਸ ਦੀ।
ਹੱਸਣ ਲਾਹਮੀਂ ਛਾਹਮੀ ਦੇ। ਲਾਹ ਦਿਓ ਗਲ੍ਹਾਂ ਚੋਂ ਤਬਕ ਗੁਲਾਮੀ ਦੇ।

ਬਾਬੂ ਰਜਬ ਅਲੀ ਮਨੁੱਖ ਦੀ ਆਜ਼ਾਦੀ ਦਾ ਅਲੰਬਰਦਾਰ ਹੈ। ਉਹ ਹਿੰਦੁਸਤਾਨ ਨੂੰ ਗੁਲਾਮੀ ਦੇ ਹਨੇਰੇ ਵਿਚੋਂ ਨਿਕਾਲ ਕੇ ਆਜ਼ਾਦੀ ਦੀ ਰੌਸ਼ਨੀ ਵਲ ਲਿਜਾਣ ਲਈ ਪ੍ਰਤੀਬੱਧ ਹੈ। ਉਹ ਕਾਂਗਰਸ ਦੇ ਗਰਮ ਧੜੇ ਵਲ ਹਮਦਰਦੀ ਰਖਦਾ ਹੈ ਅਤੇ ਹਿੰਦੁਸਤਾਨ ਦੇ ਸ਼ਹੀਦ ਦੇਸ਼ ਭਗਤਾਂ ਦਾ ਵੱਡਾ ਮੁੱਦਈ ਹੈ। ਰਜਬ ਅਲੀ ਨੇ ਹਿੰਦੁਸਤਾਨ ਦੀ ਆਜ਼ਾਦੀ ਦੇ ਸੰਬੰਧ ਵਿਚ ਕਈ ਬਹੁਤ ਹੀ ਖ਼ੂਬਸੂਰਤ ਕਵਿਤਾਵਾਂ ਲਿਖੀਆਂ ਜਿਹੜੀਆਂ ਇਸ ਦੇ ਦਿਲ ਦੇ ਅੰਦਰੋਂ ਚਸ਼ਮੇਂ ਵਾਂਗ ਆਪ ਮੁਹਾਰੇਆਂ ਫੁੱਟੀਆਂ ਹਨ ਜਿਨ੍ਹਾਂ ਵਿਚ ਬਨਾਵਟੀ ਅੰਸ਼ ਨਾ ਮਾਤਰ ਵੀ ਨਹੀਂ ਹੈ। ਉਸ ਨੇ ਫਿਰੰਗੀ ਸਾਮਰਾਜ ਦੀ ਨਿੰਦਿਆ ਕੀਤੀ ਹੈ ਅਤੇ ਦੇਸ਼ ਭਗਤ ਸ਼ਹੀਦਾਂ ਦਾ ਪੂਰੇ ਮਨ ਨਾਲ ਜਸ ਗਾਇਆ ਹੈ :

ਰਲੇ ਸ਼ਹੀਦੀ ਟੋਲੀ ਦੇ ਵਿਚ ਗਦਰੀ ਬਾਬੇ ਜੀ।
ਊਧਮ ਸਿੰਘ ਤੇ ਸੇਵਾ ਸਿੰਘ ਕਰਤਾਰ ਸਰਾਭੇ ਜੀ।
ਭਾਰਤ ਦੇ ਅਣਖੀਲੇ ਕਿਸੇ ਤਿਨ ਖੋਹਣ ਵਜ਼ਾਰਤ ਨੂੰ।
ਲਖ ਕੁਰਬਾਨੀ ਦੇ ਕਰ ਮਿਲੀ ਆਜ਼ਾਦੀ ਭਾਰਤ ਨੂੰ।
ਛੱਡਤਾ ਭਗਤ ਸਿੰਘ ਨੇ ਭਰ ਕੇ, ਪਾਇਆ ਸ਼ੋਰ ਕਲਰਕਾਂ ਡਰ ਕੇ,
ਅੱਖੀਆਂ ਮੀਚਣ ਸਾਈਕਲ ਭਿੜ ਗਏ,
ਸਿਰ ਤੋਂ ਟੋਪ ਅੰਗਰੇਜ਼ੀ ਰਿੜ੍ਹ ਗਏ,
ਸੁੱਚੀਆਂ ਟਾਈਆਂ ਲਿਬੜਦੀਆਂ।
ਫਿੱਸੀਆਂ ਗੋਰੀਆਂ ਗੋਗੜਾਂ, ਗੋਰੇ ਅੱਧ ਪੱਕ ਚਿੱਬੜ ਦੀਆਂ।

(ਪੰਜ ਪਸਤੌਲਾਂ ਵਾਲੇ)

ਪੈ ਗਿਆ ਸੋਗ ਬੰਗਲਿਆਂ ਮੇਂ, ਅੜੇ ਅੰਗ੍ਰੇਜ਼ ਲਾਉਣ ਨਾ ਮੇਜ਼,
ਹਾੜ ਵਿਚ ਅੰਦਰੇ, ਗੇਟ ਪਰ ਜੰਦਰੇ,
ਸੜਕ ਤੇ ਪਹਿਰੇ, ਕਹਿਣ ਦੜ ਵੱਟ ਲਓ।
ਭੇਜੇ ਤਾਰ ਵਾਇਸਰਾ ਜੀ ! ਨਵੇਂ ਉੱਠੇ ਛੋਹਰੇ,
ਮਾਰਤੇ ਗੋਰੇ, ਹੁਕਮ ਨਾ ਮੰਨਦੇ, ਛਾਉਣੀਆਂ ਪੱਟ ਲਓ।
ਬਾਗੀ ਕਰਨ ਬਗਾਵਤ ਜੀ, ਰਲਣ ਤਿੰਨ ਕੌਮਾਂ, ਪਿਆ ਫੁੱਟ ਸੋਮਾਂ,
ਭਗਤ ਸਿੰਘ ਜੁਆਨ, ਕਰੂ ਨੁਕਸਾਨ,
ਅਰਜ਼ ਕਰ ਕਿੰਗ ਨੂੰ, ਪਿਛਾਂਹ ਨੂੰ ਹਟ ਲਓ।

(ਸ਼ਹੀਦ ਭਗਤ ਸਿੰਘ)

Digitized by Panjab Digital Library | www.panjabdigilib.org

ਗੋਰੇ ਲੁੱਟ ਕੇ ਖ਼ਜਾਨੇ ਲੈ ਗੇ ਹਿੰਦ ਦੇ,
ਅਸੀਂ ਜਿੱਤ ਤੇ ਜਰਮਨਾਂ ਤੋਂ ਜਿੰਦ ਦੇ,
ਸਹੇ ਜਾਂਦੇ ਨਾ ਜ਼ੁਲਮ ਬਿੰਦ ਬਿੰਦ ਦੇ।
ਨੀਤ ਖੋਟੀ ਅੰਗਰੇਜ਼ ਦੀ ਮੁਲਕ ਸੜ ਗਿਆ।
ਏਥੇ ਆਇਆ ਪਾਪੀ ਜਦੋਂ ਦਾ ਨਿੱਚੜੀ ਰੱਤ ਗਿਆ।
(ਕਰੇ ਲਾਲਾ ਜੀ ਸ਼ਹੀਦ)

ਰਜਬ ਅਲੀ ਹਿੰਦੁਸਤਾਨ ਦੀ ਭੂਗੋਲਿਕ ਸੁੰਦਰਤਾ ਦਾ ਆਸ਼ਕ ਹੈ। ਉਸ ਨੇ ਹਿੰਦੁ-ਸਤਾਨ ਦੀ ਸੁੰਦਰਤਾ ਨੂੰ ਕਲਾਤਮਿਕ ਸ਼ਬਦਾਂ ਵਿਚ ਬੰਨਿਆ ਹੈ :

ਕਸ਼ਮੀਰ ਦੇ ਨਜ਼ਾਰੇ, ਆਉਂਦੇ ਸੁਰਗ ਹੁਲਾਰੇ,
ਸੋਂਹਦੇ ਡੱਲ ਦੇ ਕਿਨਾਰੇ, ਤੇ ਚਨਾਰ ਰੰਗਲੇ।
ਪਾਣੀ ਵਿਚ ਤੁਰਦੇ ਫਿਰਨ ਬੰਗਲੇ।
ਉੱਚੀ ਇੰਡੀਆ ਦੀ ਸ਼ਾਨ, ਸਾਰੇ ਹਰੇ ਭਰੇ ਵਾਹਣ,
ਕਿਤੇ ਚੌੜੇ ਜਿਹੇ ਮੈਦਾਨ,
ਜੋ ਗੰਗਾ ਤੇ ਸਿੰਧ ਤੋਂ।
ਰਬ ਕੋਈ ਚੀਜ਼ ਨਾ ਲਕੋਈ ਹਿੰਦ ਤੋਂ।

ਪਾਕਿਸਤਾਨ ਵਿਚ ਬੈਠਾ ਇਹ ਸ਼ਾਇਰ ਹਿੰਦੁਸਤਾਨ ਦੀ ਆਜ਼ਾਦੀ ਨੂੰ ਕਾਇਮ ਰਖਣ ਸੁੱਤੇ ਮੁਲਕ ਨੂੰ ਆਵਾਜ਼ਾਂ ਦੇ ਕੇ ਜਗਾਉਂਦਾ ਹੈ :

ਸੁਣੋ ਅਰਜ਼ ਸਿਆਣਿਆਂ ਦੀ, ਗੱਭਰਿਓ ਲਵਿਓ, ਕਦੇ ਨਾ ਦਬਿਓ,
ਕੁੱਤੇ ਦੁੱਧ ਲੱਕ ਗਏ, ਮਾਰਦੇ ਥੱਕ ਗਏ, ਕਵੀਸ਼ਰ 'ਵਾਜ਼ਾਂ।
ਆਈਆਂ ਨੀਂਦਰਾਂ ਗੂੜ੍ਹੀਆਂ ਜੀ, ਤੁਰਤ ਪੱਟ ਅੱਖ ਲਓ,
ਸੂਰਮਿਓਂ ਰਖ ਲਓ, ਦੇਸ਼ ਦੀਆਂ ਲਾਜਾਂ।
(ਬਾਹਠ ਕਲਾ ਛੰਦ)

ਰਜਬ ਅਲੀ ਹਿੰਦੁਸਤਾਨ ਦੀ ਤਕਸੀਮ ਕਰਨ ਦਾ ਵਿਰੋਧੀ ਹੈ। ਉਹ ਰੰਗਲੇ ਦੇਸ ਨੂੰ ਇਕੱਠਾ ਰਖਣਾ ਚਾਹੁੰਦਾ ਹੈ।

### 3. ਪੰਜਾਬ ਪ੍ਰੇਮ

ਧਨੀ ਰਾਮ ਚਾਤ੍ਰਿਕ ਤੋਂ ਬਾਅਦ ਬਾਬੂ ਰਜਬ ਅਲੀ ਹੀ ਅਜਿਹਾ ਕਵੀ ਹੈ ਜਿਸ ਨੇ ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਬੋਲੀ ਦੀ ਅੰਦਰਲੀ ਸ੍ਵੈ ਪ੍ਰੇਰਨਾ, ਸ਼ਿੱਦਤ ਨਾਲ ਖੁੱਲ ਕੇ ਅਤੇ ਬਚਨਬੱਧਤਾ ਨਾਲ ਨਿੱਠ ਕੇ ਰਸੀਲੇ ਕਾਵਿ-ਬਿੰਬਾਂ ਵਿਚ ਸਿਫਤ ਸਲਾਹ ਕੀਤੀ ਹੈ। ਬਾਬੂ ਪੰਜਾਬੀਅਤ ਦਾ ਸ਼ੈਦਾਈ ਹੈ। ਉਸ ਨੇ ਪੰਜਾਬ ਦੇ ਅਨੂਠੇ ਹੁਸਨ ਨੂੰ ਕਾਵਿ ਦੇ ਅਨੂਠੇ ਜਲਵੇ ਨਾਲ ਸ਼ਬਦ-ਚਿੱਤਰਾਂ ਵਿਚ ਬੰਨ੍ਹ ਲਿਆ ਹੈ। ਉਸ ਨੇ ਪੰਜਾਬੀ ਬੋਲੀ ਦੀ ਅਜਿਹੀ ਸਿਫਤ ਕੀਤੀ ਹੈ ਜਿਸ ਨੂੰ ਪੜ੍ਹ ਕੇ ਪਾਠਕ ਆਪ ਮੁਹਾਰੇ ਹੀ ਅਸ਼ ਅਸ਼ ਕਰ ਉੱਠਦਾ ਹੈ।

Digitized by Panjab Digital Library | www.panjabdigilib.org

ਰਜਬ ਅਲੀ ਨੇ ਪੰਜਾਬ ਨਾਲ ਆਪਣੇ ਧੁਰ ਅੰਦਰਲੇ ਪ੍ਰੇਮ ਨੂੰ ਤਿਨ ਗੱਲਾਂ ਰਾਹੀਂ ਪ੍ਰਗਟਾਇਆ ਹੈ। ਪਹਿਲੀ, ਪੰਜਾਬ ਦੇ ਪ੍ਰਕ੍ਰਿਤਕ ਹੁਸਨ ਦੀ ਸਿਫ਼ਤ; ਦੂਜੀ, ਪੰਜਾਬੀ ਬੋਲੀ ਨਾਲ ਅੰਤਾਂ ਦੀ ਅਪਣੱਤ ਤੇ ਪ੍ਰਫੁੱਲਤਾ ਦੀ ਕਾਮਨਾ; ਤੀਜੀ, ਪੰਜਾਬ ਦੇ ਸਭਿਆਚਾਰ ਦਾ ਆਂਚਲਿਕ ਚਿੱਤਰਣ। ਬਾਬੂ ਰਜਬ ਅਲੀ ਪੰਜਾਂ ਦਰਿਆਵਾਂ ਵਾਲੇ ਪੰਜਾਬ ਨੂੰ ਹੀ ਪੰਜਾਬ ਮੰਨਦਾ ਹੈ ਢਾਈ ਢਾਈ ਦਰਿਆਵਾਂ ਵਾਲੇ ਪੰਜਾਬਾਂ ਨੂੰ ਨਹੀਂ। ਕਵੀ ਆਖਦਾ ਹੈ ਕਿ ਉਸ ਨੇ ਸਾਰੀ ਦੁਨੀਆਂ ਤੁਰ ਫਿਰ ਕੇ ਦੇਖੀ ਹੈ ਕੋਈ ਦੇਸ ਦੇਸ ਪੰਜਾਬ ਤੋਂ ਸੋਹਣਾ ਨਹੀਂ। ਇਹ ਉਸ ਦੇ ਦਿਲ ਦੀ ਮੁਹੱਬਤ ਹੈ ਜਿਹੜੀ ਉਸ ਦੀ ਨਜ਼ਰ ਨੂੰ ਆਪਣੇ ਦੇਸ ਨੂੰ ਸਭ ਤੋਂ ਪਿਆਰ ਵੇਖਣ ਦੀ ਸੂਝ ਦਿੰਦੀ ਹੈ। ਉਸ ਨੂੰ ਆਪਣ ਪਿੰਡ ਦੀ ਖੂਹੀ ਦਾ ਪਾਣੀ ਖੰਡ ਦੇ ਸਰਬਤ ਵਰਗਾ ਮਿੱਠਾ ਲਗਦਾ ਹੈ :

ਜੁਆਨ ਸੋਹਣੇ ਸ਼ਾਮ ਫਰਾਸੋਂ, ਗੋਲ ਗਰਦਨ ਕੰਚ ਗਲਾਸੋਂ,
ਸ਼ੇਰਾਂ ਵਰਗੇ ਉੱਭਰੇ ਸੀਨੇ, ਚਿਹਰੇ ਸੱਜ ਰਹੇ ਨੈਣ ਨਗੀਨੇ,
ਐਸਾ ਗਭਰੂ ਜੱਗ ਵਿਚ ਹੋਣਾ ਨਾ।
ਵੇਖੇ ਦੇਸ ਬਥੇਰੇ ਦੁਨੀਆਂ ਦੇ,
ਕੋਈ ਦੇਸ ਪੰਜਾਬੋਂ ਸੋਹਣਾ ਨਾ।
ਢਲੇ ਬਰਫ਼ ਹਿਮਾਲੇ ਪਰਬਤ, ਜਲ ਮਿੱਠਾ ਖੰਡ ਦਾ ਸਰਬਤ,
ਪੰਜ ਨਦੀਆਂ ਮਾਰਨ ਲਹਿਰਾਂ, ਹੈੱਡ ਬੰਨ ਕੇ ਕੱਢ ਲਈਆਂ ਨਹਿਰਾਂ,
ਛੱਡ ਵਾਟਰ ਮੈਨਰ ਭਰਮੇਂ ਦੇ।
ਵੇਖਣ ਚਾਅ ਜਹੇ ਚੜ੍ਹ ਕਿਸਾਨਾਂ ਨੂੰ, ਖੇਤ ਖਿੜ ਖਿੜ ਹੱਸਦੇ ਨਰਮੇ ਦੇ।
(ਕੋਈ ਦੇਸ ਪੰਜਾਬੋਂ ਸੋਹਣਾ ਨਾ)

ਉਹ ਪੰਜਾਬ ਨੂੰ 'ਰੰਗਲਾ ਦੇਸ' ਤੇ 'ਸਵਰਗ ਦੀ ਖਾਨ' ਆਖਦਾ ਹੈ ਜਿਸ ਦੀ ਵੰਡ ਦਾ ਉਸ ਨੂੰ ਵੱਡਾ ਝੋਰਾ ਹੈ। ਉਹ ਪੰਜਾਬੀ ਬੋਲੀ ਨੂੰ ਦੇਸ ਪੰਜਾਬ ਦੀ ਜਾਨ ਆਖਦਾ ਹੈ :

ਰਹੂ ਏਹੋ ਜ਼ਬਾਨ ਪੰਜਾਬੀਆਂ ਦੀ, ਜਦੋਂ ਤੀਕ ਜ਼ਿਮੀਂ ਅਸਮਾਨ ਹੈ ਜੀ।
ਸਾਨੂੰ ਰੰਗਣਾ ਚੜ੍ਹੀਵੀ ਏਸ ਦੀ ਜੀ, ਏਹੋ ਦੇਸ ਪੰਜਾਬ ਦੀ ਜਾਨ ਹੈ ਜੀ।
ਰਜਬ ਅਲੀ ਜ਼ਬਾਨ ਨਾ ਬਦਲੀਏ, ਸਾਨੂੰ ਹੋਰ ਜ਼ਬਾਨ ਦੀ ਆਨ ਹੈ ਜੀ।

ਪੰਜਾਬੀ ਦਾ ਇਹ ਮਤਵਾਲਾ ਸ਼ਾਇਰ ਪੰਜਾਬੀ ਬੋਲੀ ਨੂੰ ਕੇਵਲ ਸਿੱਖਾਂ ਦੀ ਹੀ ਬੋਲੀ ਨਹੀਂ ਸਮਝਦਾ ਸਗੋਂ ਇਸ ਨੂੰ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਤੇ ਕੁੱਲ ਪੰਜਾਬੀਆਂ ਦੀ ਸਾਂਝੀ ਬੋਲੀ ਆਖਦਾ ਹੈ। ਉਹ ਪੰਜਾਬੀ ਨੂੰ ਸਾਰੀਆਂ ਜ਼ਬਾਨਾਂ ਵਿਚੋਂ ਮਿੱਠੀ ਆਖਦਾ ਹੈ, ਜਿਵੇਂ ਦੁੱਧ ਵਿਚ ਖੰਡ ਦੇ ਪਤਾਸ਼ੇ ਘੋਲੇ ਹੋਣ :

ਏਸ਼ੀਆ 'ਚ ਇਹੋ ਜੀ ਜ਼ਬਾਨ ਮਿੱਠੀ ਨਾ,
ਯੂਰਪ ਫਰੀਕਾ ਅਮਰੀਕਾ ਡਿੱਠੀ ਨਾ,
ਦੁੱਧ ਵਿਚ ਖੰਡ ਦੇ ਪਤਾਸੇ ਘੋਲੀ ਦੇ।
ਮਿੱਠੇ ਬੋਲ ਬੋਲੀਦੇ ਪੰਜਾਬੀ ਬੋਲੀ ਦੇ।

Digitized by Panjab Digital Library | www.panjabdigilib.org

ਇਹ ਪਾਕਿਸਤਾਨੀ ਮੁਸਲਮਾਨ ਕਵੀ ਪੰਜਾਬੀ ਬੋਲੀ ਲਈ ਵਰਤੀ ਜਾਣ ਲਈ ਗੁਰਮੁੱਖੀ ਲਿੱਪੀ ਦਾ ਵੀ ਵੱਡਾ ਮੁੱਦਈ ਹੈ :

ਆ ਜੋ ਜੇ ਗੁਰਮੁਖੀ ਕਿਸੇ ਨੇ ਸਿੱਖਣੀ,
ਪੜਣੀ ਆਸਾਨ ਤੇ ਸੁਖਾਲੀ ਲਿਖਣੀ,
ਅੱਖਰ ਜਿਉਂ ਛਾਗ ਜੇ ਜਲੇਬੀ ਪੋਲੀ ਦੇ।
ਮਿੱਠੇ ਬੋਲ ਬੋਲੀਦੇ ਪੰਜਾਬੀ ਬੋਲੀ ਦੇ।

ਪਾਕਿਸਤਾਨ ਦੇ ਸ਼ਹਿਰੀ ਇਸ ਮੁਸਲਮਾਨ ਕਵੀਸ਼ਰ ਨੂੰ ਦਿਲੋਂ ਦੁੱਖ ਹੈ ਕਿ ਸਾਰੇ ਲੋਕ ਪੰਜਾਬੀ ਦਾ ਦੁੱਖ ਮਹਿਸੂਸ ਨਹੀਂ ਕਰਦੇ ਅਤੇ ਇਸ ਨਾਲ ਦਿਲੀ ਹਮਦਰਦੀ ਤੇ ਪਿਆਰ ਨਹੀਂ ਕਰਦੇ। ਫ਼ਾਰਸੀ ਨੇ ਇਸ ਘਰਬਾਰਨ ਨੂੰ ਗੋਲੀ ਬਣਾਇਆ। ਉਰਦੂ ਨੇ ਇਸ ਨੂੰ ਕਚਹਿਰੀ ਨਹੀਂ ਚੜ੍ਹਣ ਦਿਤਾ। ਗੋਰੇ ਰੰਗ ਤੇ ਕਹਿਰੀ ਅੱਖ ਵਾਲੀ ਅੰਗ੍ਰੇਜ਼ੀ ਨੇ ਇਸ ਨੂੰ ਕਰੜੇ ਲਫੇੜੇ ਮਾਰੇ। ਹੁਣ ਹਿੰਦੀ ਇਸ ਹੋਂਦ ਦੀ ਸੌਂਕਣ ਬਣੀ ਹੋਈ ਹੈ :

ਖੰਡ ਤੋਂ ਮਿੱਠੀ ਬੋਲੀ, ਪਿਆਰੇ ਵਤਨ ਪੰਜਾਬ ਦੀ।
ਮੁੱਖ ਤੋਂ ਲਪਟਾਂ ਮਾਰਨ, ਜੈਸੇ ਅਤਰ ਗੁਲਾਬ ਦੀ।
ਹੋਰ ਸਤਾਉਣ ਜ਼ਬਾਨਾਂ, ਅੱਖੋਂ ਜਲ ਭਰ ਭਰ ਡੋਲ੍ਹੀ ਦਾ।
ਕਰਦੇ ਨਾ ਹਮਦਰਦੋ, ਦਰਦ ਪੰਜਾਬੀ ਬੋਲੀ ਦਾ।
ਅਬ ਹਿੰਦੀ ਨਾ ਪੁਗਦੀ, ਬਾਤ ਮਜਾਜਣ ਸੌਂਕਣ ਦੀ।
ਮੈਂ ਚੁੱਪ ਕੀਤੀ ਫਿਰਦੀ, ਇਸ ਦੀ ਨੇਚਰ ਭੌਂਕਣ ਦੀ।
ਝੁਰੜੀ ਪਏ ਦੰਦ ਨਿਕਲੇ, ਇਹ ਵਕਤ ਘੜੋਲੀ ਦਾ।
ਕਰਦੇ ਨਾ ਹਮਦਰਦੋ, ਦਰਦ ਪੰਜਾਬੀ ਬੋਲੀ ਦਾ।
ਤਕੜੇ ਰਹੋ ਪੰਜਾਬੀਓ, ਕਿਹੜਾ ਛਡਦਾ ਨਿਵਿਆਂ ਤੋਂ।
ਚਿਰ ਦੀ ਫੂਕੀ ਹੋਈ, ਮਰੀ ਉਠਾਲੀ ਸਿਵਿਆਂ ਤੋਂ।
ਅੱਠ ਨੌਂ ਸੂਬੇ ਨਿੰਗਲੇ, ਢਿੱਡ ਨਾ ਭਰੇ ਭੜੋਲੀ ਦਾ।
ਕਰਦੇ ਨਾ ਹਮਦਰਦੋ, ਦਰਦ ਪੰਜਾਬੀ ਬੋਲੀ ਦਾ।

ਪੰਜਾਬੀ ਬੋਲੀ ਦਾ ਏਨੀ ਤੀਖਣਤਾ ਨਾਲ ਉਪਮਾ, ਮਹਿਮਾ, ਸਿਫਤ ਤੇ ਪੈਰਵੀ ਕਰਨ ਵਾਲਾ ਹੋਰ ਕੋਈ ਪੰਜਾਬੀ ਸ਼ਾਇਰ ਅਜੇ ਪੈਦਾ ਹੋਣਾ ਹੈ :

ਮਾਦਰੀ ਜ਼ਬਾਨ ਛੱਡ ਗੈਰਾਂ ਦੇ ਮਗਰ ਲਗਾ,
ਏਦੂੰ ਵੱਧ ਬੇਵਕੂਫ਼ਾ ਕਿਹੜੀ ਗੱਲ ਪਾਪ ਦੀ।
ਬਾਬੂ ਜੀ ਪੰਜਾਬੀ ਫਿਰੇ ਸਿੱਖਦਾ ਜ਼ਬਾਨਾਂ ਹੋਰ,
ਵੀਰ ਜੀ ਪੰਜਾਬੀ ਬੋਲੀ ਤੇਰ ਮਾਂ ਤੇ ਬਾਪ ਦੀ।
ਢੋਲ ਗੱਜ ਪਾਵੇ ਮਿੱਠੀ ਤੁਰਗ ਦੀ ਆਵਾਜ਼ ਹੁੰਦੀ,
ਰੇਲ ਚੀਕਾਂ ਮਾਰਦੀ ਡਰਾਉਣੀ 'ਵਾਜ਼ ਭਾਫ ਦੀ।
ਹਿਣਕੇ ਵਛੇਰਾ ਸ਼ੇਰ ਬੱਬਰ ਚੰਘਿਆੜੇ,

Digitized by Panjab Digital Library | www.panjabdigilib.org

ਮੇਮਣੀ ਦੇ ਨਾਲ 'ਵਾਜ਼ ਰਲੇ ਨਾ ਗੜਾਪ ਦੀ ।
ਕੋਇਲ ਕੂ ਕੂ ਕਰੇ ਸਦਾ ਆਪਣੀ ਜ਼ਬਾਨ ਵਿਚੋਂ,
ਬੁਲਬੁਲ ਆਪਣੀ ਜ਼ਬਾਨ ਕੁਰਲਾਪ ਦੀ ।
ਬਾਬੂ ਜੀ ਪੰਜਾਬੀ ਫਿਰੇ ਸਿੱਖਦਾ ਜ਼ਬਾਨਾਂ ਹੋਰ,
ਵੀਰ ਜੀ ਪੰਜਾਬੀ ਬੋਲੀ ਤੇਰੇ ਮਾਂ ਤੇ ਬਾਪ ਦੀ ।

**4. ਵਤਨ ਦੀ ਖਾਕ ਦਾ ਉਦਰੇਵਾਂ :**

ਬਾਬੂ ਰਜਬ ਅਲੀ ਨੇ ਆਪਣੀ ਸਭ ਤੋਂ ਕਲਾਤਮਿਕ ਕਵਿਤਾ ਵਤਨ ਦੀ ਖਾਕ ਦੇ ਉਦਰੇਵੇਂ ਵਿਚ ਲਿਖੀ । ਉਸ ਦੀ ਇਹ ਕਵਿਤਾ ਵਤਨ ਦੇ ਵਿਛੋੜੇ ਵਿਚ ਆਪ ਮੁਹਾਰੀ ਹੂਕ ਹੈ ਜੋ ਮਨੁੱਖ ਕਦੇ ਕਦੇ ਕਾਲਜੇ ਦੇ ਪਾਟਣ ਉੱਤੇ ਮਾਰਦਾ ਹੈ । ਹੋਰ ਕਿਸੇ ਵੀ ਪੰਜਾਬੀ ਕਵੀ ਨੇ ਦੇਸ਼ ਦੀ ਵੰਡ ਬਾਰੇ ਆਪਣੇ ਨਿਜੀ ਅਨੁਭਵ ਨਾਲ ਓਤਪੋਤ ਅਜਿਹੀ ਦਰਦਭਰੀ ਕਵਿਤਾ ਨਹੀਂ ਸਿਰਜੀ । ਇਹ ਉਹ ਹੂਕ ਹੈ ਜੋ ਰਾਜਨੀਤਿਕ ਚਾਲਾਂ, ਧਰਮਾਂ ਦੇ ਵੇਖਵਿਆਂ, ਦੇਸਾਂ ਦੀਆਂ ਵੰਡਾਂ ਤੋਂ ਉਤਾਂਹ ਵਿਚਰਦੀ ਹੈ । ਇੱਥੇ ਇਹ ਗੱਲ ਵਰਨਣਯੋਗ ਹੈ ਕਿ ਬਾਬੂ ਰਜਬ ਅਲੀ ਦਸ਼ ਦੇ ਵਟਵਾਰੇ ਸਮੇਂ ਹੋਈ ਕਤਲਿਆਮ, ਲੁਟਮਾਰ ਵਿਚ ਆਪਣੇ ਸਕੇ ਸੰਬਧੀਆਂ ਦੀ ਮੌਤ ਤੇ ਆਪਣੇ ਆਰਥਿਕ ਨੁਕਸਾਨ ਦੇ ਕੀਰਨੇ ਨਹੀਂ ਪਾ ਰਿਹਾ । ਵਾਸਤਵ ਵਿਚ ਰਜਬ ਅਲੀ ਉਹਨਾਂ ਕੁਝ ਕੁ ਖੁਸ਼ਨਸੀਬ ਬੰਦਿਆਂ ਵਿਚੋਂ ਇੱਕ ਹੈ ਜਿਸ ਦਾ ਪਰਿਵਾਰ ਤੇ ਸਾਰਾ ਮਾਲ ਅਸਬਾਬ ਸਹੀ ਸਲਾਮਤ ਪਾਕਿਸਤਾਨ ਪਹੁੰਚ ਗਿਆ ਸੀ । ਬਾਬੂ ਜੀ ਦੀ ਚੀਕ ਆਰਥਿਕ ਨੁਕਸਾਨ ਦੇ ਅਫਸੋਸ ਵਿਚੋਂ ਨਹੀਂ ਨਿਕਲੀ । ਉਹਨਾਂ ਨੂੰ ਪਾਕਿਸਤਾਨ ਵਿਚ ਬਹੁਤ ਚੰਗੇ ਮੁਰੱਬੇ ਅਲਾਟ ਹੋ ਗਏ ਸਨ ਅਤੇ ਉਹਨਾਂ ਦਾ ਕੰਮ ਕਾਰ ਠੀਕ ਚਲ ਪਿਆ ਸੀ । ਬਾਬੂ ਰਜਬ ਅਲੀ ਨੂੰ ਉਦਰੇਵਾਂ ਹੈ ਆਪਣੇ ਪਿੰਡ ਸਾਹੋਕੇ ਦੀ ਮਿੱਟੀ ਦਾ ਜਿਸ ਨੂੰ ਉਸ ਤੋਂ ਰਾਜਨੀਤਿਕਾਂ ਨੇ ਜ਼ਬਰਦਸਤੀ ਵਿਛੋੜ ਦਿੱਤਾ ਸੀ । ਉਸ ਨੂੰ ਸਾਹੋਕੇ ਦੀਆਂ ਖਾਕ ਦੀਆਂ ਡੱਲੀਆਂ ਮਿਸ਼ਰੀ ਤੋਂ ਮਿੱਠੀਆਂ ਲਗਦੀਆਂ ਸਨ । ਉਸ ਨੂੰ ਆਪਣੀ ਕਾਨਿਆਂ ਦੀ ਕੁੱਲੀ ਨਾਲ ਮੋਹ ਹੈ ਜਿਸ ਵਿਚ ਉਸ ਦਾ ਜਨਮ ਹੋਇਆ ਸੀ । ਉਸ ਨੂੰ ਆਪਣੇ ਪਿੰਡ ਦੀ ਖੂਹੀ ਵਿਚੋਂ ਅੰਮ੍ਰਿਤ ਨਿਕਲਦਾ ਲਗਦਾ ਹੈ । ਉਸ ਨੂੰ ਪਿਆਰ ਹੈ ਪਿੰਡ ਦੀ ਭੀੜੀ ਕੱਚੀ ਬੀਹੀ ਨਾਲ, ਜਿਸ ਵਿਚ ਉਹ ਅਨੇਕਾਂ ਵੇਰ ਇੱਧਰ ਉੱਧਰ ਤੁਰਿਆ ਫਿਰਿਆ ਹੈ । ਇਸ ਵਿਛੋੜੇ ਦੀ ਤਪਸ਼ ਏਨੀ ਗਰਮ ਹੈ ਕਿ ਉਹ ਭੁੱਜ ਕੇ ਖਿੱਲ ਵਾਂਗ ਹੋ ਗਿਆ ਹੈ । ਉਸ ਦਾ ਆਪਣੇ ਪਿੰਡ ਦੀ ਮਿੱਟੀ ਨਾਲ ਦੀਵਾਨਿਆਂ ਵਰਗੀ ਮੁਹੱਬਤ ਹੈ । ਉਹ ਚਾਹੁੰਦਾ ਹੈ ਕਿ ਇਸ ਵਿਛੜੇ ਨਾਲੋਂ ਤਾਂ ਉਸ ਨੂੰ ਸਾਹੋ ਕੇ ਦੀ ਮਿੱਟੀ ਵਿਚ ਦਫਨ ਕਰ ਦਿਤਾ ਜਾਵੇ । ਉਸ ਲਈ ਪਿੰਡ ਦੀ ਪੌਣ ਫੁੱਲਾਂ ਦੀ ਖੁਸ਼ਬੋ ਹੈ । ਉਸ ਦਾ ਨਿਸਰਾ ਹੈ ਕਿ ਉਸ ਦੇ ਪਿੰਡ ਦੇ ਬੋਹੜਾਂ ਵਰਗੀ ਛਾਂ ਹੈ ਹੋਰ ਕਿਧਰੇ ਨਹੀਂ । ਵਤਨ ਦੇ ਵਿਛੋੜੇ ਨਾਲ ਉਸ ਵਿਚ ਉਹ ਦਰਦ ਤੇ ਉਤੇਜਨਾ ਪੈਦਾ ਹੋਈ ਹੈ ਜੋ ਆਸ਼ਕ ਦੇ ਆਪਣੇ ਮਾਸ਼ੂਕ ਤੋਂ ਵਿਛੜਨ ਨਾਲ ਪੈਦਾ ਹੁੰਦੀ ਹੈ । ਇੱਥੇ ਉਸਦੀ ਕਾਵਿ-ਅਨੁਭੂਤੀ ਆਪਣੇ ਪੂਰੇ ਸਿਰਜਣਾਤਮਿਕ ਜਲੌਅ ਨਾਲ ਰੂਪਮਾਨ ਹੁੰਦੀ ਹੈ :

ਮੰਨ ਲਈ ਜੋ ਕਰਦਾ ਰਬ ਪਾਕਿ ਐ, ਆਉਂਦੀ ਯਾਦ ਵਤਨ ਦੀ ਖਾਕ ਐ ।

Digitized by Panjab Digital Library | www.panjabdigilib.org

ਫੁੱਟ-ਫੁੱਟ ਟੁੱਕੜੇ ਬਣ ਗਏ ਦਿਲ ਦੇ, ਹਾਇ ! ਮੈਂ ਕੁੱਜ ਗਿਆ ਵਾਗੂੰ ਖਿੱਲ ਦੇ,
ਭੁੱੜਬਾ ਬਣ ਗਈ ਦੇਹੀ ਐ। ਵਿਛੜੇ ਯਾਰ ਪਿਆਰੇ ਬਣੀ ਮਸੀਬਤ ਕੇਹੀ ਐ।
ਜਾਂਦੇ ਲੋਕ ਨਗਰ ਦੇ ਰਸਬੂ, ਪਿੰਡ ਦੀ ਪੌਣ ਫੁੱਲਾਂ ਦੀ ਖੁਸ਼ਬੂ,
ਹੋ ਗਿਆ ਜਿਗਰ ਫਾੜੀਓਂ ਫਾੜੀ। ਵੱਢਦੀ ਚੱਕ ਚਿੰਤਾਂ ਬਘਿਆੜੀ,
ਹੱਡੀਆਂ ਸਿੱਟੀਆਂ ਚੱਬ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ,
ਜਦ ਖਿੱਚ ਪਾਉਣ ਮੁਹੱਬਤਾਂ ਜੀ।

(ਆਵੇ ਵਤਨ ਪਿਆਰਾ ਚੇਤੇ)

ਨੰਗ ਕੰਗਲਾ ਹਰੀਜਨ ਤੋਂ, ਭਮੇਂ ਸਰਦਾਰ ਹੋ ਕਰ ਰੈਸੀ।
ਪਤਾ ਲਗਦਾ ਉਜੜ ਕੇ ਤੇ, ਨਹੀਂ ਚੀਜ਼ ਪਿਆਰੇ ਦੇਸ਼ ਦੇ ਜੈਸੀ।
ਬੰਨ੍ਹ ਟੁੱਟ ਗਿਆ ਸਬਰ ਦਾ ਜੀ, ਗਮਾਂ ਦੀ ਨਹਿਰ ਚੜ੍ਹਗੀਆਂ ਕਾਂਗਾਂ।
ਮੈਨੂੰ ਉੱਠਦੇ ਬੈਠਦੇ ਨੂੰ, ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ।
ਢੈ ਗੇ ਕਿਗਰੇ ਦਿਲਾਂ ਦੇ ਜੀ, ਮੇਰੀਆਂ ਰਹਿਣ ਦਲੀਲਾਂ ਡਿੱਗੀਆਂ।
ਮੈਂ ਵਾਂਗ ਸੁਦਾਈਆਂ ਜੀ, ਨੀਵੀਂ ਪਾ ਬਹਿ ਜਾਂ ਢਾਹ ਕੇ ਢਿੱਗੀਆਂ।
ਰੱਤ ਸਿੰਮਦੀ ਅੱਖੀਆਂ 'ਚੋਂ, ਜਿਗਰ ਪਰ ਮਾਰੇ ਵਿਛੋੜਾ ਸਾਂਗਾਂ।
ਮੈਨੂੰ ਉੱਠਦੇ ਬੈਠਦੇ ਨੂੰ, ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ।
ਮੈਨੂੰ ਰਖ ਲੋ ਨਗਰ ਮੇਂ ਜੀ, ਨਗਰ ਦੇ ਲੋਕੋ ਨਗਰ ਦੀਆਂ ਬਾਂਹੋ।
ਬਾਬੂ ਜਾਣ ਦੇਵਨਾ ਨਾ, ਦਾਸ ਦੀ ਕਬਰ ਬਣਾ ਲੋ ਸਾਹੋ।
ਲਾਸ਼ ਦੱਬ ਦਿਓ ਗਾਮ ਮੇਂ ਜੀ, ਸੱਚੇ ਕੋਲ ਭੌਰ ਪਹੁੰਚ ਜੂ 'ਗਾਹਾਂ।
ਮੈਨੂੰ ਉੱਠਦੇ ਬੈਠਦੇ ਨੂੰ, ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ।

(ਵਤਨ ਦੀਆਂ ਤਾਂਘਾਂ)

ਮੇਰੇ ਨਗਰ ਵਾਸੀਆਂ ਨੂੰ, ਜੋੜ ਹੱਥ ਦੇਣ ਸ਼ਾਗਿਰਦ ਸੰਦੇਸ਼ੇ।
ਹੋ ਗਈ ਮੁੱਦਤ ਉਜੜਿਆਂ ਨੂੰ, ਅਜੇ ਤਕ ਰਹਿੰਦੇ ਮਿਰਗ ਹੰਦੇਸੇ।
ਲਗੀ ਚੋਟ ਵਿਛੋੜੇ ਦੀ, ਮੇਰਾ ਦਿਲ ਨਰਮ ਠੋਕਰਾਂ ਸਹਿੰਦਾ।
ਰਿਹਾ ਭੇਜ ਸਲਾਮਾਂ ਨੂੰ, ਏਸ ਪਿੰਡ ਜਰਮਿਆਂ ਹੋਰ ਪਿੰਡ ਰਹਿੰਦਾ।

(ਏਸ ਪਿੰਡ ਜਰਮਿਆਂ)

### 5. ਮਲਵਈ ਸਭਿਆਚਾਰ ਦਾ ਆਂਚਲਿਕ ਰੰਗ

ਬਾਬੂ ਰਜਬ ਅਲੀ ਨੇ ਮਲਵਈ ਸਮਾਜ, ਮਲਵਈ ਸਭਿਆਚਾਰ ਦੇ ਨੈਣ ਨਕਸ਼ਾਂ ਨੂੰ ਖੂਬਸੂਰਤ-ਬਿੰਬਾਂ ਤੇ ਸ਼ਬਦ-ਚਿਤਰਾਂ ਵਿਚ ਰੂਪਮਾਨ ਕੀਤਾ ਹੈ। ਪੰਜਾਬ ਦੇ ਸਮਾਜ ਦੀ ਨੁਹਾਰ ਨੂੰ ਪ੍ਰਗਟ ਕਰਦੇ ਇਹ ਸ਼ਬਦ ਚਿੱਤਰ ਬੋਲਦੇ, ਗਾਉਂਦੇ, ਜਿਉਂਦੇ ਜਾਗਦੇ, ਰੰਗੀਨ, ਸ਼ਾਹ ਲੈਂਦੇ, ਹੱਸਦੇ, ਖੇਡਦੇ ਤੇ ਰੋਂਦੇ ਪ੍ਰਤੀਤ ਹੁੰਦੇ ਹਨ। ਬਾਬੂ ਜੀ ਨੂੰ ਇਸ ਸਮਾਜ ਤੇ ਸਭਿਆਚਾਰ ਦਾ ਬਹੁਤ ਹੀ ਨੇੜਲਾ ਡੂੰਘਾ ਤੇ ਮੌਲਿਕ ਅਨੁਭਵ ਹੈ। ਉਸ ਕੋਲ ਅੱਖ ਹੈ ਕਿ ਜੋ ਇਸ ਸਭਿਆਚਾਰ ਦੀਆਂ ਸੈਂਕੜੇ ਬਾਰੀਕ ਤੈਹਾਂ ਨੂੰ ਵੇਖ ਸਕਦੀ ਹੈ। ਉਸ ਕੋਲ ਕ ਵੀਸ਼ਰੀ ਹੈ ਜੋ ਸ਼ਬਦ ਦੇ ਸਰੂਪ ਵਿਚ ਇਸ ਤੇ ਸੈਂਕੜੇ ਤਰ੍ਹਾਂ ਦੇ ਨੈਣ ਨਕਸ਼ਾਂ ਨੂੰ ਰੂਪਮਾਨ

Digitized by Panjab Digital Library | www.panjabdigilib.org

ਕਰ ਸਕਦੀ ਹੈ। ਉਸ ਨੂੰ ਆਪਣੇ ਸਭਿਆਚਾਰ ਨਾਲ ਬੇਮਿਸਾਲ ਮੁਹੱਬਤ ਹੈ। ਉਸ ਦੀ ਇਹ ਮੁਹੱਬਤ ਕਿਸੇ ਹੋਰ ਸਭਿਆਚਾਰ ਦੇ ਵਿਰੁਧ, ਈਰਖਾ ਜਾਂ ਸਾੜੇ ਵਿਚੋਂ ਪੈਦਾ ਨਹੀਂ ਹੋਈ ਸਗੋਂ ਉਸ ਨੂੰ ਅੱਲ੍ਹਾ ਦੀ ਬਰਕਤ ਹੈ। ਉਹ ਚਾਹੇ ਕਈ ਬਾਹਰਲੇ ਮੁਲਕਾਂ ਵਿਚ ਘੁੰਮਿਆ ਹੈ ਪਰ ਉਸ ਨੂੰ ਆਪਣੇ ਸਭਿਆਚਾਰ ਬਾਰੇ ਕੋਈ ਹੀਣਤਾ ਭਾਵ ਵੀ ਨਹੀਂ ਦਿਖਾਈ ਦਿੱਤਾ।

ਬਾਬੂ ਰਜਬ ਅਲੀ ਨੇ ਮਲਵਈ ਸਭਿਆਚਾਰ ਦਾ ਚਿਤਰਣ ਸਿੱਧਾ ਅਤੇ ਪਰੋਖ ਰੂਪ ਵਿਚ ਕੀਤਾ ਹੈ। ਬਾਬੂ ਜੀ ਉਹਨਾਂ ਕੁਝ ਕੁ ਪੰਜਾਬੀ ਕਵੀਆਂ ਵਿਚੋਂ ਹੈ ਜਿਨ੍ਹਾਂ ਨੇ ਪੰਜਾਬੀ ਸਭਿਆਚਾਰ ਦੇ ਸਰੂਪ ਚਿਤਰਣ ਨੂੰ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾਇਆ ਹੋਵੇ ਅਤੇ ਖ਼ੂਬਸੂਰਤ ਸ਼ੈਲੀ ਵਿਚ ਬੰਨਿਆ ਹੋਵੇ। ਬਾਬੂ ਜੀ ਨੇ ਸੁਚੇਤ ਰੂਪ ਵਿਚ, ਛੰਦਾਂ ਦੇ ਛੰਦ ਸਾਡੇ ਸਭਿਆਚਾਰ ਦੀ ਪੇਸ਼ਕਾਰੀ ਹਿਤ ਸਿਰਜੇ। ਉਸ ਨੇ ਮਾਲਵੇ ਦੇ ਪਿੰਡਾਂ, ਨਗਰਾਂ, ਜਾਤਾਂ ਦੀਆਂ ਵਿਸ਼ੇਸ਼ਤਾਈਆਂ ਨੂੰ ਛੰਦਬੰਧ ਕੀਤਾ ਹੈ। ਉਸ ਨੇ ਪੁਰਾਤਨ ਪੰਜਾਬੀ ਸਮਾਜ ਤੇ ਆਧੁਨਿਕ ਟੈਕਨਾਲੋਜੀ ਨਾਲ ਹੋਈ ਤਬਦੀਲੀ ਬਦਲੇ ਹੋਏ ਮੁਹਾਂਦਰੇ ਨੂੰ ਚਿਤਰਿਆ ਹੈ। ਬਾਬੂ ਜੀ ਨੇ ਪੰਜਾਬ ਸਭਿਆਚਾਰ ਦਾ ਪਰੋਖ ਰੂਪ ਵਿਚ ਚਿਤਰਣ ਕਿੱਸਿਆਂ ਤੇ ਪ੍ਰਸੰਗਾਂ ਵਿਚ ਕੀਤਾ ਹੈ ਉਹਨਾਂ ਨੇ ਜੋ ਸਮਾਜ਼ ਦੀ ਝਾਕੀ ਉਲੀਕੀ ਹੈ ਉਹ ਮਲਵਈ ਸਭਿਆਚਾਰ ਦੀ ਹੈ। ਬਾਬੂ ਜੀ ਨੇ ਜਿਹੜੇ ਡਾਕੂਆਂ ਦੇ ਕਿੱਸੇ ਲਿਖੇ ਹਨ ਉਹਨਾਂ ਵਿਚ ਲਗ-ਭਗ ਸਾਰੇ ਹੀ ਮਾਲਵੇ ਨਾਲ ਸੰਬੰਧ ਰੱਖਣ ਕਰ ਕੇ ਉਹਨਾਂ ਦਾ ਕਥਾਨਿਕ ਮਾਲਵੇ ਦਾ ਹੈ ਜਿਵੇਂ, ਗੁਰਨਾਮ ਰਾਊਕੇ, ਬੀਬੀ ਹਰਨਾਮ ਕੌਰ, ਸੁੱਚਾ ਸਿੰਘ ਸੂਰਮਾ ਆਦਿ।

ਕੋਈ ਵੀ ਲੇਖਕ ਜਦੋਂ ਆਪਣੇ ਸਮਕਾਲੀਨ ਸਮਾਜ ਨੂੰ ਚਿਤਰਦਾ ਹੈ ਤਾਂ ਉਸ ਵਿਚ ਆਲੇ-ਦੁਆਲੇ ਦਾ ਤਿੱਖੇਰੀ ਸਮਝ ਨਾਲ ਅਨੁਭਵ ਤੇ ਕਲਾਤਮਿਕ ਬਿੰਬਾਂ ਰਾਹੀਂ ਰੂਪਮਾਨ ਕਰਨ ਦੀ ਕਲਾ ਵੱਡੀ ਭੂਮਿਕਾ ਨਿਭਾਉਂਦੀ ਹੈ। ਰਜਬ ਅਲੀ ਨੂੰ ਇਹ ਦੋਵੇਂ ਗੁਣ ਕੁਦਰਤ ਵਲੋਂ ਹੀ ਮਿਲੇ ਹੋਏ ਹਨ। ਉਸ ਸਮਾਜੀ ਤਾਣੇ-ਬਾਣੇ ਦੀਆਂ ਸਾਰੀਆਂ ਤੰਦਾਂ ਨੂੰ ਮੇਲਿਆ ਹੈ। ਉਸ ਨੇ ਆਪਣੇ ਵਿਚਾਰ ਮੰਥਨ ਵਿਚ ਮਲਵਈ ਸਮਾਜ, ਮਨੁੱਖ ਤੇ ਭਾਈਚਾਰੇ, ਮਨੁੱਖ ਤੇ ਪਰਿਵਾਰ, ਮਰਦ ਤੇ ਤੀਵੀਂ, ਮਾਪੇ ਤੇ ਸੰਤਾਨ, ਨੂੰਹ ਤੇ ਸੱਸ, ਦੇਵਰ ਤੇ ਭਰਜਾਈ ਆਦਿ ਅਨੇਕ ਰਿਸ਼ਤਿਆਂ ਨੂੰ ਬੜੀ ਸਮਝ ਨਾਲ ਸਮਝਿਆ ਤੇ ਬੜੀ ਜੁਗਤੀ ਨਾਲ ਛੰਦਾਂ ਵਿਚ ਵਰਨਣ ਕੀਤਾ ਹੈ। ਰਜਬ ਅਲੀ ਮਲਵਈ ਜਨ-ਜੀਵਨ ਦਾ ਚਿਤੇਰਾ ਹੈ। ਉਹ ਸਾਧਾਰਣ ਲੋਕਾਂ ਦਾ ਕਵੀਸ਼ਰ ਹੈ ਅਤੇ ਸਾਧਾਰਨ ਲੋਕਾਂ ਦੇ ਜੀਵਨ ਨੂੰ ਅਤਿ ਕਲਾਤਮਿਕ ਛੋਹਾਂ ਨਾਲ ਸਾਕਾਰ ਕਰਦਾ ਹੈ। ਉਹ ਸਾਧਾਰਨ ਵਸਤੂ ਨੂੰ ਅਸਾਧਾਰਨ ਰੂਪ ਦੇਣ ਤੇ ਦੇਖਣ ਦੀ ਸ਼ਕਤੀ ਰੱਖਦਾ ਹੈ। ਉਸ ਨੇ ਸਾਧਾਰਨ ਲੋਕਾਂ ਦੇ ਰਹਿਣ ਸਹਿਣ, ਪਹਿਨਣ ਖਾਣ ਨੂੰ ਸੱਚੇ ਤੇ ਸੁੱਚੇ ਰੰਗਾਂ ਵਿਚ ਸਾਕਾਰ ਕੀਤਾ ਹੈ। ਉਸ ਨੇ ਮਾਲਵੇ ਦੇ ਪਿੰਡਾਂ ਦੀਆਂ ਵਿਸ਼ੇਸ਼ਤਾਈਆਂ ਨੂੰ ਇਸ ਪ੍ਰਕਾਰ ਉਜਾਗਰ ਕੀਤਾ ਹੈ :

ਬੱਧਣੀ ਅਠੂਰ ਦੇ ਵਿਚਾਲੇ ਪੱਖਾ ਹੈ। ਤੇਈ ਪਿੰਡ ਮੀਏਂ ਕੇ ਸਦੌਂਦੇ ਤਪਾ ਹੈ।
ਕੋਲੋ ਕੋਲੀ ਕੁੱਸਾ ਤੇ ਲੁਹਾਰਾ ਰਾਮਾ ਜੀ। ਜਿਥੇ ਨਾਰਾਂ ਪੌਣ ਘੁਟਮਾ ਪਜਾਮਾ ਜੀ।
ਸੈਦੋ ਖਾਈ ਤੇ ਬਿਲਾਸਪੁਰ ਮੀਨੀਆਂ। ਏਥੋਂ ਚਲ ਗਈਆਂ ਫੈਸ਼ਨ ਸ਼ੁਕੀਨੀਆਂ।
ਲੋਪੋ ਤੇ ਨਿਹਾਲੇ ਵਾਲ ਮਾਛੀਕੇ ਮਧੇ। ਏਹੋ ਜੇਹੀਆਂ ਸ਼ਕਲਾਂ ਨਾ ਵੇਖੀਆਂ ਕਦੇ।

Digitized by Panjab Digital Library | www.panjabdigilib.org

ਤਖਤੂਪੁਰੇ 'ਚ ਕਾਂਗੜ ਤੇ ਦੀਨੇ ਜੀ। ਜਿੱਥੇ ਚੋਬਰਾਂ ਦੇ ਗੱਜ ਗੱਜ ਸੀਨੇ ਜੀ।
ਭਾਗੀਕੇ ਗਰਾਮ ਛੋਟੀ ਵੱਡੀ ਬੱਧਣੀ। ਐਸੇ ਕਿਤੇ ਹੋਣੇ ਛੋਹਰੀਆਂ ਦੇ ਕੱਦ ਨੀ।
ਧੂੜ ਕੋਟ ਮੱਲ੍ਹਾ ਤੇ ਰਸੂਲਪੁਰ ਜੀ। ਐਹੋ ਜਿਹਾ ਨਾ ਹੋਣਾ ਨਗਰਾਂ ਦਾ ਸੂਰ ਜੀ।
ਹੋਰ ਰਾਮੂਵਾਲਾ ਰਣਸੀਂ ਤੇ ਰਣੀਆਂ। ਜਿੱਤੇ ਰਬ ਪਾ ਗਿਆ ਰੁਪ ਦੀਆਂ ਕਣੀਆਂ।

ਰਜਬ ਅਲੀ ਨੇ ਮਾਲਵੇ ਵੱਖ-ਵੱਖ ਪਿੰਡਾਂ ਵਿਚ ਕਿਹੜੀ-ਕਿਹੜੀ ਗੱਲ ਦਾ ਜ਼ੋਰ ਹੈ ਜਾਂ ਉਹਨਾਂ ਲੋਕਾਂ ਦਾ ਸੁਭਾਉ ਕਿਸ ਤਰ੍ਹਾਂ ਦਾ ਹੈ ਅਤੇ ਉਹਨਾਂ ਦੀ ਇਲਾਕੇ ਵਿਚ ਕਿਹੜੇ ਗੁਣ ਜਾਂ ਔਗੁਣ ਕਰ ਕੇ ਮਸ਼ਹੂਰੀ ਹੈ, ਉਸ ਨੂੰ ਬਹੁਤ ਵਿਸਤਾਰ ਨਾਲ ਬਿਆਨ ਕੀਤਾ ਹੈ। ਮਾਲਵੇ ਦੀ ਸਮਾਜਿਕ ਬਣਤਰ ਤੇ ਸਭਿਆਚਾਰ ਦੇ ਅਧਿਐਨ ਕਰਨ ਵਾਲੇ ਸਮਾਜ-ਸ਼ਾਸਤਰੀਆਂ ਲਈ ਇਹ ਬਹੁਤ ਲਾਭਦਾਇਕ ਹੈ :

ਧਿਆੜੇ ਵਿਚ ਰੂਪ ਬਾਹਲੇ, ਪੁਆਧ ਵਿਚ ਕੂਪ ਬਾਹਲੇ,
ਦੁਆਬੇ ਵਿਚ ਅੰਬ ਚੂਪ ਬਾਹਲੇ, ਕੀਮਤਾਂ ਨੇ ਰੈਲੀਆਂ।
ਰਾਵੀ ਵਿਚ ਚੋਰ ਬਾਹਲੇ, ਮਾਝੇ ਮੱਲ ਜ਼ੋਰ ਬਾਹਲੇ,
ਬਾਹੀਏ ਵਿਚ ਖ਼ੋਰ ਬਾਹਲੇ, ਅੱਖਾਂ ਰਹਿਣ ਮੈਲੀਆਂ।
ਬਾਰ 'ਚ ਹਨੇਂਟੇ ਬਾਹਲੇ, ਦੰਦੀ ਲੋਕ ਖੋਟੇ ਬਾਹਲੇ,
ਨੈਂ 'ਚ ਵਾਹੁਣ ਝੋਟੇ ਬਾਹਲੇ, ਤੇ ਕਰੜ ਪੈਲੀਆਂ।
ਥਲੀ 'ਚ ਟੱਪ ਬਾਹਲੇ, ਲਈਟੇ ਰਹਿਣ ਸੱਪ ਬਾਹਲੇ,
ਸ਼ਾਇਰ ਲਾਉਣ ਗੱਪ ਬਾਹਲੇ, ਸੱਚ ਗੱਲਾਂ ਕਹਿ ਲੀਆਂ।
ਜੰਘੀਰਾਣੇ ਸ਼ਾਇਰ ਤੇ, ਬੰਬੀਹੇ ਕਨੂੰਨੀ ਬਾਹਲੇ,
ਰਾਇਕੇ ਲੁੱਚੜ ਤੇ ਭੁੱਖੜ ਲੋਕ ਮਾਨਾਂ ਦੇ।
ਕਾਲ ਝਗਨੀ ਪਿੰਡ ਵਿਚ ਜੂਏ ਦਾ ਵਣਜ ਬਾਹਲਾ,
ਬੀਦੋਵਾਲ ਬਾਦਲ ਨਗਰ ਖ਼ਾਨਦਾਨਾਂ ਦੇ।
ਚੱਕ ਦਾਨਾ ਅੜਬ ਪੱਧਰ ਲੋਕ ਜੰਡੀਆਂ ਦੇ,
ਲਾਲ ਲਾਲ ਬਾਰੀ ਸੀਨੇ ਗਜ ਚੌੜੇ ਜੁਆਨਾਂ ਦੇ।
ਝੱਲੀ ਚੱਕ ਸਿਆਣੇ ਲੋਕ ਆਖਦੇ ਗਿੱਦੜਬਾਹੇ,
ਰਜਬ ਅਲੀ ਪਿਉਰੀ ਮਿੱਠ ਬੋਲ ਇਨਸਾਨਾਂ ਦੇ।
ਪਿਉਆਲ ਜੈਲੇ ਸਹਿਣੇ ਖੇੜੇ ਦੇ ਪਿਆਰ ਖੇਰੇ,
ਸਿੱਖ ਵਾਲ ਹੁਨਰੀ, ਸ਼ਕਾਇਤੀ ਲੋਕ ਲੰਮੀ ਦੇ।
ਖੁੰਡੀਏ ਜਨਾਨੀਆਂ ਤੜੀ ਰਖਣ ਮਾਲਕਾਂ ਤੇ,
ਚੰਨੂੰ ਦੇ ਸ਼ਰਾਬੀ ਨਾ ਫਸਾਦੋ-ਥਮੇ ਥੰਮ੍ਹੀ ਦੇ।
ਮਾਰਦੇ ਪਚਾਧੇ ਵਾਧੇ ਜਿਆਸਤੀ ਪਲਾਵੇ ਵਿੱਚ,
ਚੂੜ੍ਹੇ ਤੇ ਜੁਲਾਹੇ ਪੈਂਚ ਜੈਤਰੀ ਨਿਕੰਮੀ ਦੇ।
ਰਜਬ ਅਲੀ ਆਧਨੀਏ ਕਹੀਆਂ ਦੀ ਮਸ਼ਹੂਰੀ ਬਾਹਲੀ,
ਝੱਲੀਦੇ ਨੀ ਨੱਖਰੇ ਪੜ੍ਹੀ-ਖੇੜੇ ਜੰਮੀ ਦੇ।

ਸੰਗਤ ਹਿਸਾਬੀ ਲੋਕ, ਜੈ ਸਿੰਘ ਵਡਿਆਣੀ ਖੋਰ,
ਜੋਧਪੁਰ ਝਾਗੜੂ ਜ਼ਿਆਦਾ ਗਾੜ੍ਹੂ ਦਾਲਾਂ ਦੇ ।
ਅਤਰ ਸਿੰਘ ਵਾਲੇ ਵਿਚ ਕੁੱਤਿਆਂ ਦੇ ਸ਼ਿਕਾਰੀ ਬਾਹਲੇ,
ਨੰਦ ਗੜ੍ਹ ਰੱਜਿਆ ਗੁਰੂ ਕੇ ਮਾਰੇ ਕਾਲਾਂ ਦੇ ।
ਨੱਤੀਵਾਨ ਬਾਂਡੀ ਲੋਕ, ਵੂੱਲੋ ਦੀ ਗਿਆਨੀ ਬਾਹਲੇ,
ਬਾਜਕ ਮੇਂ ਸ਼ੌਕ ਤੂੰਬੇ ਬੀਨ ਖੜਤਾਲਾਂ ਦੇ ।
ਧੂੰਨੀ ਕਿਆਂ ਦੇ ਲੋਕ ਬੇਸ਼ਕਲ ਕੁੱਲ ਦੁਨੀਆਂ ਚੋਂ,
ਰਜਬ ਅਲੀ ਚੰਗੇ ਖਾਣ ਪੀਣ ਮੁਹਾਲਾਂ ਦੇ ।
ਨਰੂਆਣੇ ਸਖੀ ਨਵੇਂ ਪਿੰਡ ਨਰਮ ਬਾਹਲੇ,
ਵਹਿਮਣ ਤੇ ਸਿਵੀਏਂ ਸ਼ੌਕੀਨਣ ਜ਼ਨਾਨੀਆਂ ।
ਚੁੱਘਿਆਂ 'ਚ ਬਲ ਬਾਹਲੇ ਚੁੱਕਦੇ ਮੁਘਦਰਾਂ ਨੂੰ,
ਬੱਲੂਆਣੇ ਸੇਠ ਕੁੱਲ ਦੇਸ 'ਚ ਨਿਸ਼ਾਨੀਆਂ ।
ਘੁੱਦੇ ਵਿਚ ਗੱਪੀ ਲੋਕ ਡੁੱਬ ਦੇ ਚਹੇੜੀ ਬਾਹਲੇ,
ਬਾਉ ਹੁੱਕਾ ਪੀਣ ਤੇ ਮੀਏਂ ਲਾਉਣ ਭਾਨੀਆਂ ।
ਤਿਉਣੇ ਲੋਕ ਸੂਰਮੇ ਮਦਦ ਦੇਣ ਡਾਕੂਆਂ ਨੂੰ,
ਰਜਬ ਅਲੀ ਲਕੜਾਂ ਚਰਾਉਣ ਮੁਲਤਾਨੀਆਂ ।
ਤੁੰਗ ਵਾਲੇ ਨਾਂਗੇ ਫੂਸ ਮੰਡੀ ਦੇ ਕਮਾਊ ਬਾਹਲੇ,
ਗਹਿਰੀ ਲੋਕ ਜ਼ਹਿਰੀ ਦੇ ਘਲੋਟੇ ਜ਼ਿਆਦਾ ਜੱਸੀ ਦੇ ।
ਕੱਚੀ ਭੁੱਚੋ ਭਾਈ ਕਚਹਿਰਿਆਂ ਤੇ ਜ਼ੋਰ ਬਾਹਲਾ,
ਭਾਗੂ ਦੇ ਸਰੋਤੇ ਉਹ ਭੁੱਖੇ ਜੋ ਲੋਕ ਦੱਸੀ ਦੇ ।
ਬੀਬੀ ਵਾਲੇ ਬਾਹਲਾ ਦੁੱਧ ਵੇਚਦੇ ਬਾਜ਼ਾਰ ਵਿਚ,
ਸ਼ਮੀਰ ਘਰ ਵੇਲਾਂ ਦਾ ਪਿਆਕ ਮਹਿਣੇ ਲੱਸੀ ਦੇ ।
ਰਜਬ ਅਲੀ ਸੱਤ ਲੈਣਾਂ ਪੈਂਦੀਆਂ ਬਠਿੰਡੇ ਵਿਚ,
ਰੌਣਕਾਂ ਜ਼ਿਆਦਾ ਜਿਉਂ ਭੰਬੋਰ ਸ਼ਹਿਰ ਸੱਸੀ ਦੇ ।
ਨਿੰਗਰੇ ਦਲੇਰ ਮੱਖੀ ਚੂਸ ਨੇ ਥਰਾਜ ਵਾਲੇ,
ਜੰਮਦੇ ਫਲਾਤੂ ਕੁਤਰਨ ਕੰਨ ਸਿਆਣੇ ਦੇ ।
ਦਾਨੇ ਵਾਲੇ ਮੂੜ ਤੇ ਗਰੀਬ ਲੋਕ ਰੱਬੜੀਆਂ ਦੇ,
ਮੜ੍ਹਕ ਵਾਲੇ ਬਾਹਲੇ ਵਿਚ ਆਬੂਲ ਖੁਰਾਣੇ ਦੇ ।
ਦਿਉਣ ਖੇੜੇ ਖਾਂਟ ਦੱਖ ਵਾਲੀ ਦੇ ਚਲਾਕ ਬਾਹਲੇ,
ਤਪੇ ਬੜੇ ਚੋਰ ਤੜੇ ਰਹਿੰਦੇ ਵਿਚ ਠਾਣੇ ਦੇ ।
ਵੇਚ ਕੇ ਜ਼ਮੀਨਾਂ ਕੁੱਲ ਲਾਰੀਆਂ ਚਲਾਉਣ ਲਗੇ,
ਰਜਬ ਅਲੀ ਬੜੇ ਬੇਲਿਹਾਜ ਮਾਹੂਆਣੇ ਦੇ ।
ਦਿਉਣ ਬਾਹਲੇ ਲੋਕ ਗੱਲਾਂ ਦੇ ਮਿਲਣਸਾਰ,

Digitized by Panjab Digital Library | www.panjabdigilib.org

ਹੱਥ ਜੋਗਾ ਨੰਦ ਮੈਂ ਖਰਚ ਵਲੋਂ ਘੁੱਟੀ ਦੇ।
ਭੋਖੜ ਦੇ ਵਿਚ ਬਾਹਲੀ ਪਰਖ ਕਵੀਸ਼ਰੀ ਦੀ,
ਤੇ ਗੋਬਿੰਦਪੁਰ ਰਹਿ ਅਨੰਦ ਬਾਹਲੇ ਲੁੱਟੀਦੇ।
ਨੇਹੁੰਆਂ ਵਾਲੇ ਦੇ ਦਾਨਿਆਂ 'ਚ ਧਣਨ ਪੈਰ,
ਕਰਦੇ ਭਜਨ ਦਿਨੇ ਰਾਤ ਝੱਬ ਸੁੱਟੀਦੇ।
ਰਜਬ ਅਲੀ ਬੜੇ ਗੋਲੇ ਵਾਲੇ ਸ਼ਰੀਫ ਬਾਹਲੇ,
ਛੋਟੇ ਗੋਲੇਆਣੇ ਦੇ ਹਮੇਸ਼ ਠਾਣੇ ਕੁੱਟੀਦੇ।

ਬਾਬੂ ਰਜਬ ਅਲੀ ਨੇ ਵੱਖ ਵੱਖ ਚੀਜ਼ਾਂ, ਪਿੰਡਾਂ ਤੇ ਸ਼ਹਿਰਾਂ ਆਦਿ ਦੀ ਪ੍ਰਸਿੱਧੀ ਬਾਰੇ ਵੀ ਛੰਦ ਲਿਖੇ ਹਨ। ਇਸ ਦਾ ਖੇਤਰ ਮਾਲਵੇ ਤੱਕ ਹੀ ਸੀਮਤ ਨਹੀ ਸਗੋਂ ਪੂਰੇ ਹਿੰਦਸਤਾਨ ਜ਼ਾਂ ਬਾਹਰ ਤਕ ਜਾਂਦਾ ਹੈ:

ਮੇਰਟ ਜਿਹਾ ਗੁੜ ਬਾਬੂ ਅੰਬ ਨਾ ਅੰਬਾਲੇ ਜੈਸੇ,
ਲਹਿਰੀਏ ਪਟਿਆਲੇ ਤੇ ਜਨਾਨੀ ਜੋਗੇ ਰੱਲੇ ਦੀ।
ਗੱਡਾ ਹਢਿਆਏ ਸੀਰਵਾਲੀ ਦੀ ਗੰਢਾਸੀ ਚੰਗੀ,
ਸਾਰੰਗੀ ਸੰਘੇੜਿਆਂ ਦੀ ਬਣਨ ਕੂੰਡੇ ਰਾਮਤੇ।
ਗੱਡੇ ਇੰਦਗੜ੍ਹ ਤੇ ਨਕੋਦਰ ਚਿਲਮ ਚੰਗੀ,
ਬੱਸ ਹੋ ਗੀ ਨਾਸ ਦੀ ਗਿੱਦੜ ਬਾਹੇ ਗਾਮ ਤੇ।
ਆਧਨੀਏ ਕਹੀ ਮੂਲਿਆਂ ਵਾਲਿਆਂ ਦੀ ਦਰਾਤੀ ਚੰਗੀ,
ਵਿਚੋਂ ਉੱਚੀ ਰਖਦੇ ਬਣਾ ਕੇ ਖਾਨਾ ਲਾਮ੍ਹ ਤੇ।
ਰਜਬ ਅਲੀ ਜਿਹੜੇ ਗੋਲੇਵਾਲੇ ਫਿਰਾਏ ਬੋਤੇ,
ਹਰ ਮੇਲੇ ਜਾ ਕੇ ਲਗ ਜਾਮਦੇ ਅਨਾਮ ਤੇ।
ਲੋਟ ਘੁਮਿਆਰ ਨਿਉਲ ਰਾਮੇ ਦੇ ਬਨਣ ਚੰਗੇ,
ਲਾਪਰਾਂ ਦੀ ਮੱਕੀ ਤੇ ਖਿਡੌਣੇ ਚੰਗੇ ਰੋਪੜ ਦੇ।
ਪਊਏ ਭੈਣੀ ਸਾਹਿਬ, ਜੋੜੀ ਬਣੇ ਨਾ ਘੜੂਏ ਜੈਸੀ,
ਮੱਟ ਜੰਘੀਰਾਣੇ ਬਣਾ ਕੇ ਉੱਤੋਂ ਚੋਪੜ ਦੇ।
ਕੋਟਲੇ ਦੀ ਮੇਥੀ ਨਾ ਮਤੀਰਾ ਰਾਮੂਵਾਲ ਜੈਸਾ,
ਮਿੱਠਾ ਲੱਗੇ ਜਾਣੀ ਚੱਬ ਜਾਂ ਸਣੇ ਖਰੋਪੜ ਦੇ।
ਰਜਬ ਅਲੀ ਮੰਜਾ ਭਾਈ ਕੋਟ ਦਾ ਮਸ਼ਹੂਰ ਬਾਹਲਾ,
ਸਾਰ ਪਾਰ ਲੰਘ ਕੇ ਉਚਾਲੇ ਠੋਕਿਆ ਚੋਪੜ ਦੇ।
ਤੰਗੀ ਰਿਖੀਕੇਸ਼ ਚਾਹ ਮਿਲੇ ਨਾ ਡੇਰਾਦੂਨ ਜੈਸੀ,
ਭੂਰੀ ਖੇਮਕਰਨ ਦੀ ਕਸੂਰ ਚੂੜਾ ਦੰਦ ਦਾ।
ਸੰਗਤ ਪਿੱਪਲ ਲੰਮੀ ਜੈਸੇ ਦਰਵਾਜੇ ਹੈਨੀ,
ਰਖਿਆ ਅਲਾਹਿਦਾ ਜਿਹਾ ਤਰੀਕਾ ਉੱਚੀ ਕੰਧ ਦਾ।
ਸਫਾ ਜੰਗ ਭਾਈ ਬਖਤੌਰ 'ਚ ਬਣਾਉਣ ਸੋਹਣੇ,

Digitized by Panjab Digital Library | www.panjabdigilib.org

ਛੱਜਲੀ ਤੇ ਛੱਜ ਚੰਗਾ ਹੁੰਦਾ ਜੋਗਾ ਨੰਦ ਦਾ ।
ਤਿਉਂ ਦਾ ਹਾਸ ਰਸ ਦਾ ਨਮੂਨਾ ਇੱਕੋ,
ਬਾਊਜੀ ਮਾਘੀ ਸਿਉਂ ਮਰਾਝ ਵਾਲੇ ਚੰਦ ਦਾ ।
ਦੱਖਣ ਦਾ ਹੀਰਾ ਚੰਗਾ ਕਾਬਲੀ ਮਮੀਰਾ ਚੰਗਾ,
ਥਲੀ ਦਾ ਮਤੀਰਾ ਚੰਗਾ ਕਮਾਦ ਚੰਗੇ ਪੁਆਧ ਦੇ ।
ਬਲਦ ਨਗੌਰੀ ਤੇ ਅੰਮ੍ਰਿਤਸਰ ਜੌਹਰੀ ਚੰਗੇ,
ਲੁੰਡੀ ਪਿਸ਼ੌਰੀ ਚੌਲ ਚੰਗੇ ਫਤਿਹਾਬਾਦ ਦੇ ।
ਆਗਰੇ ਦੇ ਰੋਜੇ ਚੰਗੇ, ਸ਼ਿਮਲੇ ਦੇ ਨਿਓਜੇ ਚੰਗੇ,
ਗੰਗਾ ਦੇ ਨਗੌਜੇ ਚੰਗੇ ਵਧ ਕੇ ਖਰਾਦ ਦੇ ।
ਸਾਦਕੀ ਦੇ ਕਾਣੇ ਚੰਗੇ ਰੋਹਤਕ ਮਖਾਣੇ ਚੰਗੇ,
ਸਰਸੇ ਪਲਾਣੇ ਚੰਗੇ ਰਜਬ ਅਲੀ ਆਦਿ ਦੇ ।
ਰੋਪੜ ਦੇ ਤਾਲੇ ਚੰਗੇ ਪਟਿਆਲੇ ਦੇ ਨਾਲੇ ਚੰਗੇ,
ਦਰਿਆ ਅੰਬਾਲੇ ਤੇ ਪਿਆਲੇ ਗੁਜਰਾਤ ਦੇ ।
ਮੇਰਟ ਦਾ ਗੁੜ ਗੰਨੇ ਚੰਗੇ ਉੜਮੁੜ ਜੀ,
ਜਗਾਧਰੀ ਦੇ ਪੂੜ, ਚੰਗੇ ਲਗਦੇ ਪਰਾਤ ਦੇ ।
ਦਿਲੀ ਦੇ ਹਕੀਮ, ਕਲਕੱਤੇ ਦੇ ਮਨੀਮ,
ਬੀਕਾਨੇਰੀ ਅਫੀਮ ਵਿਸਕੀ ਨੂੰ ਕਰ ਮਾਤ ਦੇ ।
ਪੈਰਸ ਮਹੱਲ ਤੇ ਲਾਹੌਰ ਵਿਚ ਮੱਲ ਚੰਗੇ,
ਰਜਬ ਅਲੀ ਫਲ ਕਸ਼ਮੀਰ ਭਾਂਤ ਭਾਂਤ ਦੇ ।
ਲੁਧਿਆਣੇ ਜੀਨ ਦੁਆਬੇ ਦੀ ਜ਼ਮੀਨ ਚੰਗੀ.
ਸਿੰਧ ਦੀ ਮਦੀਨ ਜੀ ਰੁਹਾਲ ਚਾਲ ਤੁਰਦੀ ।
ਹਾਕਮ ਅੰਗਰੇਜ਼ ਤਬਰੇਜ਼ ਦੇ ਦੁਸ਼ਾਲੇ ਚੰਗੇ,
ਵਿੰਦੇ ਦੂਰ ਭੇਜ ਦੂਰ ਕਰਤਾਰ ਪੁਰ ਦੀ ।
ਕੋਇਟੇ ਦੇ ਬਦਾਮ ਤੇ ਕਸੂਰ ਦੇ ਲਗਾਮ ਚੰਗੇ,
ਕਾਨਪੁਰੀ ਆਮ ਬਿਲਟੀ ਮੰਗ ਲੌ ਧੁਰ ਦੀ ।
ਬਾਊ ਵਾਰਤਾ ਕਤੇਬੀ, ਚੀਨ ਦੇਸ ਦੀ ਰਕੇਬੀ,
ਤੇ ਬਠਿੰਡੇ ਦੀ ਜਲੇਬੀ ਜਾਵੇ ਸ਼ਹਿਦ ਵਾਂਗੂ ਖੁਰਦੀ ।

ਬਾਬੂ ਰਚਨ ਅਲੀ ਨੇ ਵੱਖ ਵੱਖ ਪਿੰਡਾਂ ਵਿਚ ਜੱਟਾਂ ਦੇ ਗੋਤਾਂ ਦੀ ਗਿਣਤੀ ਮਿਣਤੀ ਵੀ ਕੀਤੀ ਹੈ । ਉਸ ਨੇ ਜੰਗ ਮਰਾਝ ਵਿਚ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੀ ਮਦੱਦ ਸਮੇਂ ਆਉਣ ਵਾਲੇ ਜੱਟਾਂ ਦੀ ਗਿਣਤੀ ਵਿਸਤਾਰ ਕੀਤੀ ਹੈ । ਉਸ ਨੇ ਬਠਿੰਡੇ ਸ਼ਹਿਰ ਦਾ ਨਜ਼ਾਰਾ ਇਕ ਛੰਦ ਵਿਚ ਵਧੀਆ ਢੰਗ ਨਾਲ ਬੰਨਿਆ ਹੈ, ਜਿਵੇਂ :

ਰਤਨ ਬਠਿੰਡੇ ਦੇ ਸੰਨ ਟਿੱਬੀਆਂ ਜੀਆਂ ਲੰਬੀਆਂ ਜੀ ।
ਅਲੋਹੇ ਨੇ ਚੰਬੜ ਕੇ ਪਾੜਤੀਆਂ ਤੰਬੀਆਂ ਜੀ ।

Digitized by Panjab Digital Library | www.panjabdigilib.org

ਰੋਹੀ ਵਿਚ ਬਾਗ਼ ਬਗੀਚੇ ਲਟਕਦੀਆਂ ਅੰਬੀਆਂ ਜੀ।
ਉੱਚੀਆਂ ਬਹੁਤ ਉੱਚਿਆਂ ਬਿਲਡਿੰਗਾਂ ਅੰਬਰ ਨਾਲ ਖਹਿਣ ਜੀ।

ਕਵੀ ਨੇ ਮਾਲਵੇ ਦੇ ਖਿੱਤੇ ਦੀ ਸਿਫਤ ਅਤੇ ਏਥੇ ਤਕਨੀਕੀ ਵਿਕਾਸ ਨਾਲ ਹੋਈ ਤਰੱਕੀ ਦੀ ਵਡਿਆਈ ਰੀਝਾਂ ਲਾ ਲਾ ਕੀਤੀ ਹੈ :

ਵੇਖੇ ਬਹੁਤ ਇਲਾਕੇ ਮੈਂ, ਕਿੱਥੇ ਠੁੱਕ ਐਸ ਇਲਾਕੇ ਵਰਗੀ, ਖਿੜੇ ਫੁੱਲ ਚਮਨ ਐ।
ਪੱਖੇ ਘੁਕਣ ਦੁਪਹਿਰੇ ਜੀ, ਰਾਤ ਨੂੰ ਬਿਜਲੀ ਰੋਸ਼ਨੀ ਕਰਦੀ, ਰੌਣ ਜੇ ਭਵਨ ਐ।
ਕੋਠੇ ਭਰੇ ਕਣਕ ਕੇ ਜੀ, ਮੂੰਗੀ ਮਾਂਹ ਮੋਠ ਜਨੌਰਾਂ ਜੋਗੇ, ਚਣੇ ਦਲ ਪਾਵੀਂ।
ਸੁਖ ਉਰੇ ਫੀਰੋਜ਼ਪੁਰੋਂ ਮੁਕਤਸਰ ਬੰਗਲੇ. ਬਠਿੰਡੇ ਮੋਗੇ, ਫੂਲ ਜਗਰਾਵੀਂ।
ਰਹੇ ਗੂੰਜ ਟਰੈਕਟਰ ਜੀ, ਵੌਹਣ ਹਲ ਢੋਣ ਮੰਡਲੀਆਂ ਨੀਰੇ, ਗਡੀਰੇ ਫੂਕੇ।
ਵਿਹਲੇ ਖਾਣ ਖੁਰਾਕਾਂ ਨੂੰ, ਲਾਲੜੀ ਵਾਂਗ ਸੋਹਣੇ ਪੁੱਤ ਹੀਰੇ, ਜੀ ਲਾਉ ਬਬੂਕੇ।
ਪੀੜ ਪੀੜ ਕਮਾਦਾਂ ਨੂੰ ਮਣਾਂ ਮੂੰਹ ਗੁੜ ਤੇ ਸ਼ਕਰ ਖੰਡੇ ਚੰਗੇ, ਮੰਡੀ ਲੈ ਜਾਵੀਂ।
ਸੁਖ ਉਰੇ ਫੀਰੋਜ਼ਪੁਰੋਂ, ਮੁਕਤਸਰ ਬੰਗਲੇ ਬਠਿੰਡੇ ਮੋਗੇ, ਫੂਲ ਜਗਰਾਵੀਂ।
(ਸੁਖ ਉਰੇ ਫੀਰੋਜ਼ਪੁਰੋਂ)

ਜਿਥੇ ਬਰਬਰ ਉਡਦੀ ਸੀ, ਵਹਾਂ ਟਿਊਬਵੈਲ ਪਾਂਵਦੇ ਘੂਕਾਂ।
ਪਾਏ ਕਿਆਰੇ ਆਲੂਆਂ ਦੇ, ਖਿੜੀ ਫੁੱਲ ਗੋਭੀ ਲਸਣ ਦੀਆਂ ਭੂਕਾਂ।
ਲਾਏ ਬਾਗ ਸੌਕੀਣਾਂ ਨੇ, ਟਹਿਕਦੇ ਪੁਸ਼ਪ ਕੋਪਲਾਂ ਹਰੀਆਂ।
ਹੋਗੀ ਮੇਹਰ ਖ਼ੁਦਾ ਜੀ, ਨਿੱਕੇ ਜਿਹੇ ਪਿੰਡ ਤੇ ਰਹਿਮਤਾਂ ਵਰ੍ਹੀਆਂ।
(ਨਿੱਕੇ ਜਿਹੇ ਪਿੰਡ ਤੇ)

ਰਜਬ ਅਲੀ ਮਲਵਾਇਣ ਮਾਂ ਦੀ ਸਿਫਤ ਰੱਜ ਰੱਜ ਕਰਦਾ ਹੈ :

ਉਹ ਤਾਂ ਕੁੱਲ ਦੁਨੀਆਂ ਦੀਆਂ ਮਾਵਾਂ, ਹੁੰਦੀਆਂ ਨੇ ਠੰਡੀਆਂ ਛਾਵਾਂ,
ਫੜ ਸੀਰ ਚੁੰਘਾਵਣ ਪਹਿਲਾਂ, ਫੇਰ ਲੱਖ ਲੱਖ ਕਰਦੀਆਂ ਟਹਿਲਾਂ,
ਵਾਰ ਵਾਰ ਪਲੋਸਣ ਪਿਆਰੇ ਨੂੰ।
ਹੋ ਬਲਦ ਜਿਵੇਂ ਕਿਰਸਾਣਾਂ ਨੂੰ ਤੇ ਸਿਉਣਾ ਜਿਵੇਂ ਸੁਨਿਆਰੇ ਨੂੰ।
ਜਗਰਾਵਾਂ ਤੇ ਲੁਧਿਆਣੇ, ਮਾਂ ਪੁੱਤਾਂ ਨੂੰ ਪਾਲਣ ਜਾਣੇ,
ਹੋਰ ਫੂਲ ਮਰਾੜ ਬਠਿੰਡੇ, ਵੇਖ ਲਸ ਲਸ ਕਰਦ ਪਿੰਡ,
ਹੱਥ ਬੰਨ੍ਹ ਕਰ ਅਰਜ਼ ਮਹੈਣਾਂ ਨੂੰ।
ਮਾਵਾਂ ਪਾਲਣ ਅਲਕ ਵਛੇਰੇ ਜੀ, ਪਿਆਰੇ ਜਿੰਦ ਤੋਂ ਪੁੱਤ ਮਲਵੈਣਾਂ ਨੂੰ।
ਜ਼ੀਰੇ ਬੰਗਲੇ ਮੁਕਤਸਰ ਮੋਗੇ, ਕੱਢ ਗਿਰੀਆਂ ਚੁਗਾਵਣ ਚੋਗੇ,
ਲੈ ਧਾਰਾ ਚੁੰਘਦੇ ਬੂਰੀ, ਖੰਡ ਘਿਉ ਵਿਚ ਕੁੱਟਤੀ ਚੂਰੀ,
ਮਾਵਾਂ ਵਾਰਨ ਪੁੱਤ ਤੇ ਜਾਨਾਂ ਨੂੰ।
ਪਾ ਗਲ ਵਿਚ ਕੈਂਠੇ ਦੁੱਲੜੇ ਜੀ, ਦੇਣ ਰੂਪ ਚੜ੍ਹਾ ਪੁੱਤ ਖ਼ਾਨਾਂ ਨੂੰ।
ਦਮਦਮੇ ਸਾਹਿਬ ਮਾਂ ਘੁੰਮਦੀ, ਰਾਮੇ ਮੁੱਖ ਨੂੰ ਮੁੜ ਮੁੜ ਚੁੰਮਦੀ,
ਨੂੰਹਾਂ ਹੀਰਾਂ ਤੇ ਪੁੱਤ ਰਾਂਝੇ, ਪਿੰਡੇ ਸਾਬਨ ਮਲ ਮਲ ਮਾਂਜੇ।

Digitized by Panjab Digital Library | www.panjabdigilib.org

ਪਾਹੜੇ ਮਾਂਜਣ ਜਿਉਂ ਲਾਲਟੈਣਾਂ ਨੂੰ ।
ਮਾਵਾਂ ਪਾਲਣ ਅਲਕ ਵਛੇਰੇ ਜੀ, ਪਿਆਰੇ ਜਿੰਦ ਤੋਂ ਪੁੱਤ ਮਲਵੈਣਾਂ ਨੂੰ ।
(ਪਿਆਰ ਜਿੰਦ ਤੋਂ ਪੁੱਤ ਮਲਵੈਣਾ ਨੂੰ)

ਬਾਬੂ ਰਜਬ ਅਲੀ ਨੇ ਆਪਣੀ ਕਵਿਤਾ ਵਿਚ ਮਾਲਵੇ ਦੇ ਸਭਿਆਚਾਰ ਦੇ ਆਂਚਲਿਕ ਰੰਗ ਦੇ ਅਨੇਕ ਰੂਪਾਂ ਤੇ ਪਰਤਾਂ ਬਹੁਤ ਰੌਚਿਕ, ਭਾਵਮਈ ਤੇ ਕਲਾਮਈ ਵਿਧੀ ਨਾਲ ਉੱਡਦੇ ਰੰਗਾਂ ਨੂੰ ਪੱਕੀ ਤਰ੍ਹਾਂ ਪਕੜਿਆ ਹੈ ।

### 6. ਕਵੀਸ਼ਰਾਂ ਉੱਤੇ ਟਿੱਪਣੀ

ਰਜਬ ਅਲੀ ਨੇ ਆਪਣੀਆਂ ਰਚਨਾਵਾਂ ਵਿਚ ਸਮਕਾਲੀ ਕਵੀਸ਼ਰਾਂ ਬਾਰੇ ਚਲੰਤ ਟਿੱਪਣੀਆਂ ਹੀ ਨਹੀਂ ਕੀਤੀਆਂ ਸਗੋਂ ਉਸ ਨੇ ਆਪਣੇ ਸਮਕਾਲੀਨ ਕਵੀਸ਼ਰਾਂ ਸੰਬੰਧੀ ਆਲੋਚਨਾਤਮਿਕ ਛੰਦ ਵੀ ਲਿਖੇ ਹਨ, ਜਿਨ੍ਹਾਂ ਵਿਚ ਉਹਨਾਂ ਦੇ ਗੁਣ ਦੋਸ਼ ਬਾਰੇ ਆਪਣੇ ਵਿਚਾਰ ਖੁੱਲ ਕੇ ਪ੍ਰਗਟ ਕੀਤੇ ਹਨ । ਰਜਬ ਅਲੀ ਦੀ ਦੂਜੇ ਕਵੀਸ਼ਰਾਂ ਪ੍ਰਤੀ ਨਿੰਦਿਆਂ ਦੀ ਭਾਵਨਾ ਨਹੀਂ ਸਗੋਂ ਉਹਨਾਂ ਦੇ ਚੰਗੇ ਗੁਣਾਂ ਨੂੰ ਉਭਾਰਿਆ ਹੈ । ਉਸ ਨੇ ਦੂਜੇ ਕਵੀਸ਼ਰਾਂ ਦਾ ਕੱਦ ਨੀਵਾਂ ਕਰ ਕੇ ਆਪਣਾ ਕੱਦ ਉੱਚਾ ਕਰਨ ਦਾ ਯਤਨ ਨਹੀਂ ਕੀਤਾ । ਆਪਣੇ ਸਮਕਾਲੀਨ ਕਿੱਸਾਕਾਰਾਂ ਉੱਤੇ ਟਿੱਪਣੀ ਕਰਨ ਦੀ ਪ੍ਰਥਾ ਕਿੱਸਾ-ਕਾਵਿ ਵਿਚ ਵੀ ਪੁਰਾਣੀ ਹੈ ਜਿਸ ਵਿਚ ਅਹਿਮਦਯਾਰ ਅਤੇ ਮੁਹੰਮਦ ਬਖਸ਼ ਜਹਿਲਮੀਂ ਪੇਸ਼ ਪੇਸ਼ ਹਨ । ਕਵੀਸ਼ਰਾਂ ਸੰਬੰਧੀ ਜਾਣਕਾਰੀ ਨਾ ਕੇਵਲ ਬਾਬੂ ਜੀ ਦੇ ਕਵੀਸ਼ਰੀ ਸੰਬੰਧੀ ਪੜਚੋਲ ਦੇ ਨਜ਼ਰੀਏ ਨੂੰ ਉਜਾਗਰ ਕਰਦੀ ਹੈ ਸਗੋਂ ਇਹ ਕਵੀਸ਼ਰੀ ਦੇ ਇਤਿਹਾਸ ਨੂੰ ਮੁਕੰਮਲ ਵਿਚ ਵੀ ਬੇਨਜ਼ੀਰ ਸਮੱਗਰੀ ਹੈ, ਜਿਵੇਂ ਬਾਬੂ ਲਿਖਦਾ ਹੈ :

ਮਾਨ ਸਿਉਂ ਤੇ ਗੰਗਾ ਸਿਉਂ ਦੇਸ਼ ਦੇ ਪੁਰਾਣੇ ਸ਼ਾਇਰ,
ਮਿੱਤੂ ਦੀ ਮਸ਼ਹੂਰੀ ਰਹੀ ਪੁਆਧ ਸਾਬੋ ਤਿਹਾੜੇ ਤੇ ।
ਅਤਰੇ ਦੇ ਜੋਡ ਤਪ ਤੇਜ ਨਾ ਕਿਸੇ ਦਾ ਯਾਰੋ,
ਕਰ ਕਰ ਝੂੱਟੀਆਂ ਦਬਾ ਲਏ ਦਾਬਾ ਖਾੜੇ ਤੇ ।
ਸ਼ੇਰ ਸਿੰਘ ਜੈਸਾ ਨਾ ਜੁਆਨ ਸੋਹਣਾ ਮੰਡਲਾਂ ਮੇਂ,
ਗੈਂਸ ਵਾਂਗੂ ਵੀਰਨੋ ਚਨੈਣ ਹੋ ਜੇ ਖਾੜੇ ਤੇ ।
ਸਿਉਨਾ ਬਣ ਵਿਕਿਆ ਮੁਲੰਮਾ ਬਿਪ੍ਰ ਭਗਤੂ ਦਾ,
ਸਾਰੀ ਹੀ ਉਮਰ ਟੱਟੂ ਲੈ ਕੇ ਵਾਹਿਆ ਭਾੜੇ ਤੇ ।
ਰਾਮ ਵਾਲਾ ਪੂਰਨ ਹੁਸ਼ਿਆਰ ਜ਼ਿਆਦਾ ਪਿੰਗਲਾਂ ਮੇਂ,
ਫੁੱਲੇ ਵਾਲਾ ਮੁਨਸ਼ੀ ਵੰਡਾਵੇ ਨਾਲੋਂ ਅੱਧ ਜੀ ।
ਸੰਤੋ ਖੜਿਆਲੇ ਰਾਗ ਤਾਨ ਦੀ ਖਬਰ ਸਾਰੀ,
ਵੀਰ ਮੀਰ ਲੋਕ ਨੂੰ ਹਸਾਵੇ ਲਾ ਕੇ ਸੱਦ ਜੀ ।
ਹੀਰਾ ਨਾਥ ਕਵਿਤਾ ਸਿਖਾਉਂਦਾ ਸੋਹਣੇ ਮੋਹਣਿਆਂ ਨੂੰ,
ਬੋਲ ਸੋਹਣਿਆਂ ਮੁੰਡਿਆਂ ਦੇ ਮਸ਼ੀਨਾਂ ਨਾਲੋਂ ਵੱਧ ਜੀ ।
ਮਾਘੀ ਸਿੰਘ ਬਾਬੂ ਰਾਮ ਸਿੰਘ ਦੀ ਘੜਤ ਇੱਕੋ,

Digitized by Panjab Digital Library | www.panjabdigilib.org

ਸ਼ਾਇਰੀ ਤਿੰਨਾਂ ਸ਼ਾਇਰਾਂ ਬਣਾਈ ਜਮਾਂ ਹੱਦ ਜੀ ।

ਬਾਬੂ ਜੀ ਨੇ ਇਹ ਵੀ ਲਿਖਿਆ ਹੈ ਕਿਹੜੇ ਕਿਹੜੇ ਕਵੀਸ਼ਰ ਨੇ ਕਿਹੜੇ ਕਿਹੜੇ ਨਵੇਂ ਛੰਦ ਤੇ ਨਵੀਆਂ ਤਰਜ਼ਾਂ ਦੀ ਕਾਢ ਕੱਢੀ । ਉਸ ਨੇ ਇਹ ਵੀ ਲਿਖਿਆ ਹੈ ਕਿ ਕਿਹੜੇ ਕਿਹੜੇ ਕਵੀਸ਼ਰ ਦੇ ਗਾਉਣ ਵਿਚ ਕੀ ਕੀ ਗੁਣ ਤੇ ਕੀ ਕੀ ਦੋਸ਼ ਹਨ । ਇਸ ਤੋਂ ਪ੍ਰਮਾਣਿਤ ਹੁੰਦਾ ਹੈ ਕਿ ਬਾਬੂ ਜੀ ਨੂੰ ਆਪਣੀ ਸਮਕਾਲੀਨ ਕਵੀਸ਼ਰੀ ਬਾਰੇ ਮੁਕੰਮਲ ਬੋਧ ਸੀ ਅਤੇ ਉਹ ਕਵੀਸ਼ਰੀ ਸੌਂਦਰਯ ਸ਼ਾਸਤਰ ਦਾ ਧਨੀ ਵੀ ਸੀ :

ਮਿਤ ਸਿੰਘ ਕਵਿਤਾ ਸੁਣਾਉਂਦਾ ਮੌੜਾਂ ਦਾ ।
ਲਗ ਜਾਂਦਾ ਬੱਦਲ ਵਰ੍ਹਨ ਔੜਾਂ ਦਾ ।
ਉਹਦੇ ਜੈਸਾ ਹੋਰ ਆਂਵਦਾ ਆਨੰਦ ਨਾ ।
ਦੋਊ ਜੋੜ ਸ਼ਾਇਰਾਂ ਨੂੰ ਹਮਾਰੀ ਬੰਦਨਾ ।
ਮਾਘੀ ਸਿਉਂ ਕਵੀਸ਼ਰ ਮਸ਼ਹੂਰ ਗਿੱਲਾਂ ਦਾ ।
ਜਿਨ੍ਹਾਂ ਹੁੰਦਾ ਫਰਕ ਗਨੇਰੀ ਛਿੱਲਾਂ ਦਾ ।
ਉਹਦੇ ਜੈਸਾ ਬਣਦਾ ਕਿਸੇ ਤੋਂ ਛੰਦ ਨਾ ।
ਦੋਊ ਜੋੜ ਸ਼ਾਇਰਾਂ ਨੂੰ ਹਮਾਰੀ ਬੰਦਨਾ ।
ਤਰਜ਼ਾਂ ਮਰਾੜ ਦਾ ਬਣਾਉਂਦਾ ਨਵੀਆਂ ।
ਉਹਨੇ ਪਹਿਲੋਂ ਮਗਰੋਂ ਬਣਾਈਆਂ ਕਵੀਆਂ ।
ਕਰਦੇ ਕੀ ਕੱਟਦਾ ਨਮੂਨੇ ਚੰਤ ਨਾ ।
ਦੋਊ ਜੋੜ ਸ਼ਾਇਰਾਂ ਨੂੰ ਹਮਾਰੀ ਬੰਦਨਾ ।
ਪੂਰਨ ਬਠਿੰਡੇ ਦੇ ਜ਼ਿਲੇ 'ਚੋਂ ਲੱਭਤਾ ।
ਪਿੰਗਲੋਂ ਬਾਹਰ ਨਾ ਬਣਾਵੇ ਕਵਿਤਾ ।
ਸ਼ਾਇਰ ਉਹਦੇ ਜਿਤਨਾ ਅਕਲਮੰਦ ਨਾ ।
ਦੋਊ ਜੋੜ ਸ਼ਾਇਰਾਂ ਨੂੰ ਹਮਾਰੀ ਬੰਦਨਾ ।
ਰਾਮ ਸਿਉਂ ਮਿੱਤਰ ਮੇਰਾ ਜੰਗੀਰਾਣਿਓਂ ।
ਰਸ ਭਰ ਸ਼ਾਇਰੀਆਂ ਬਣੌਂਦਾਂ ਸਿਆਣਿਓਂ ।
ਬਾਬੂ ਜੀ ਦੇ ਸ਼ਾਇਰੀ ਹੋਰ ਦੀ ਪਸੰਦ ਨਾ ।
ਦੋਊ ਜੋੜ ਸ਼ਾਇਰਾਂ ਨੂੰ ਹਮਾਰੀ ਬੰਦਨਾ ।

ਸਮਕਾਲੀਨ ਕਵੀਸ਼ਰਾਂ ਤੋਂ ਬਿਨਾਂ ਬਾਬੂ ਰਜਬ ਅਲੀ ਨੇ ਆਪਣੇ ਚੇਲੇ ਕਵੀਸ਼ਰਾਂ ਉੱਤੇ ਵੀ ਥਾਂ ਥਾਂ ਟਿੱਪਣੀਆਂ ਕੀਤੀਆਂ ਹਨ ਅਤੇ ਮੁਕੰਮਲ ਛੰਦ ਵੀ ਲਿਖੇ ਹਨ ; ਜਿਵੇਂ, 'ਮੈਥੋਂ ਝੱਲੇ ਨਹੀਂ ਵਿਛੋੜੇ ਚੇਲਿਆਂ ਦੇ' ਛੰਦ ਵਿਚ ਬਾਬੂ ਜੀ ਨੇ ਆਪਣੇ ਚੇਲਿਆਂ ਦੀ ਗਿਣਤੀ ਕੀਤੀ ਹੈ :

ਦਿਲਦਾਰ ਜਗਮੇਲ ਸਿਹੁੰ ਲੁਹਾਰੇ ਦਾ,
ਕਦੋਂ ਮੁੱਖ ਦੇਖਾਂ ਜਾਨ ਤੋਂ ਪਿਆਰੇ ਦਾ,
ਕਾਲਾ ਸਿਉਂ ਰੁਪਾਣਿਉਂ ਕੀ ਪਤੇ ਝਮੇਲਿਆਂ ਦੇ ।

Digitized by Panjab Digital Library | www.panjabdigilib.org

ਮੈਥੋਂ ਝੱਲੇ ਜਾਂਦੇ ਨਾ ਵਿਛੋੜੇ ਚੇਲਿਆਂ ਦੇ ।
ਜਾਨਾਂ ਤੇ ਗਿੱਲੜ ਦੋ ਸ਼ਮੀਰ ਕੌਲਾਂ ਨੇ,
ਮੋਹਿਆ ਸਰੋਤਿਆਂ ਨੂੰ ਮਹੀਨ ਬੋਲਾਂ ਨੇ,
ਮੋਘ ਹੋ ਗਏ ਹਿੱਕਾਂ 'ਚ ਫਰਕ ਸੇਲਿਆਂ ਦੇ ।
ਮੈਥੋਂ ਝੱਲੇ ਜਾਂਦੇ ਵਿਛੋੜੇ ਚੇਲਿਆਂ ਦੇ ।
ਸਾਹਿਬ ਚੰਦ ਅਸਲੀਮ ਤੇ ਚਿਰਾਗ ਜੀ,
ਜਿਥੇ ਖੜੇ ਲਗ ਜੇ ਫੁੱਲਾਂ ਦਾ ਬਾਗ ਜੀ,
ਨਗਰੋਂ ਉਜਾੜ ਵਾਂਗਰਾਂ ਸਤੋਲਿਆਂ ਦੇ ।
ਮੈਥੋਂ ਝੱਲੇ ਜਾਂਦੇ ਨਾ ਵਿਛੋੜੇ ਚੇਲਿਆਂ ਦੇ ।

### 7. ਸਦਾਚਾਰਿਕ ਕੀਮਤਾਂ

ਬਾਬੂ ਰਜਬ ਅਲੀ ਜਿੱਥੇ ਸਮਾਜਿਕ ਵਿਕਾਸ ਦਾ ਪ੍ਰਸੰਸਕ ਹੈ ਉੱਥੇ ਪੁਰਾਤਨ ਸਭਿਆਚਾਰ ਕੀਮਤਾਂ ਨੂੰ ਕਾਇਮ ਰੱਖਣ ਦਾ ਵੱਡਾ ਮੁੱਦਈ ਹੈ । ਉਹ ਪੁਰਾਤਨ ਨੈਤਿਕ ਮੁੱਲਾਂ ਦੀ ਕਦਰ ਕਰਨ ਵਾਲਾ ਪ੍ਰਤੀਨਿਧ ਕਵੀਸ਼ਰ ਹੈ । ਉਹ ਇਹਨਾਂ ਕਦਰਾਂ ਕੀਮਤਾਂ ਨਾਲ ਦਿਲ ਦਿਮਾਗ ਨਾਲ ਜੁੜਿਆ ਹੋਇਆ ਹੈ । ਉਸ ਦੀਆਂ ਸਦਾਚਾਰਿਕ ਕੀਮਤਾਂ ਦਾ ਆਧਾਰ ਦਾ ਲੋਕ-ਪਰੰਪਰਾ ਵਿਚ ਚਲੀ ਆ ਰਹੀ ਲੋਕ-ਸਮਝ ਹੈ ; ਉਹਦੀ ਚਿਤ-ਵਿਰਤੀ ਉੱਤੇ ਲੋਕ ਵਿਰਤੀ ਦੀ ਡੂੰਘੀ ਛਾਪ ਲਗੀ ਹੋਈ ਹੈ ਰਜਬ ਅਲੀ ਦੇ ਨੈਤਿਕ ਮੁੱਲ ਦਾ ਸੰਕਲਪ ਲੋਕ ਸੂਝ ਤੇ ਮੌਜੂਦਾ ਸਮਾਜਿਕ ਪਰਿਸਥਿਤੀਆਂ ਦੇ ਸੰਘਰਸ਼ ਵਿਚੋਂ ਲਿਸ਼ਕਿਆ ਹੈ । ਉਹ ਲੋਕ ਵਹਿਣ ਨਾਲ ਜੁੜਿਆ ਹੋਇਆ ਹੈ। ਪਛਮੀ ਪ੍ਰਭਾਵ ਵਾਂਗ ਸਮਾਜ ਜੇ ਪਰਿਵਾਰ ਨਾਲੋਂ ਬਿਲਕੁਲ ਤੋੜਿਆ ਵਿਛੋੜਿਆ ਤੇ ਟੁੱਟਿਆ ਹੋਇਆ ਨਹੀਂ ਹੈ । ਉਹ ਪਿਛਲੇ ਸਮੇਂ ਦੀ ਤਾਰੀਫ ਵਧੇਰੇ ਕਰਦਾ ਹੈ ਪਰ ਹੁਣ ਦੇ ਸਮੇਂ ਦੀ ਨਿੰਦਿਆ ਘੱਟ । ਉਸ ਨੂੰ ਉਹ ਵੇਲੇ ਪਸੰਦ ਹਨ ਜਦੋਂ ਹਰ ਇੱਕ ਦੀ ਧੀ ਕੁੱਲ ਦੀ, ਪਿੰਡ ਦੀ ਧੀ, ਸਮਝੀ ਜਾਂਦੀ ਸੀ । ਕਿਸੇ ਦਾ ਹੱਕ ਨਹੀਂ ਸੀ ਮਾਰਿਆ ਅਤੇ ਰਾਜੇ ਅਦਲ ਕਰਦੇ ਸਨ :

ਪਿਛਲੇ ਜੁਗ ਲੋਕ ਸਾਰੇ ਆਪਣਾ ਹੱਕ ਖਾਂਦੇ ਸੀ ।......
ਇੱਕ ਦੀ ਧੀ ਕੁੱਲ ਦੀ ਧੀ ਸੀ, ਧਰਮ ਦੇ ਰਾਖੇ ਸੀ ।......
ਰਾਜੇ ਕੁੱਲ ਅਦਲੀ ਹੁੰਦੇ, ਅਦਲ ਪਏ ਕਰਦੇ ਸੀ ।

ਰਜਬ ਅਲੀ ਦੀਆਂ ਸਦਾਚਾਰਿਕ ਕੀਮਤਾਂ ਇਸਲਾਮੀ ਦਰਸ਼ਨ ਨਾਲੋਂ ਭਾਰਤੀ ਦਰਸ਼ਨ ਦੇ ਪ੍ਰਭਾਵ ਹੇਠ ਵਧੇਰੇ ਹੈ ਤਦੇ ਹੀ ਉਹ ਇਸਤ੍ਰੀਆਂ ਦੇ ਸਤੀ ਹੋਣ ਦੀ ਗੱਲ ਉਚੇਰੇ ਭਾਵ ਨਾਲ ਕਰਦਾ ਹੈ :

ਬਹੁਤੀਆਂ ਨਾਲ ਕੰਤ ਦੇ ਸਤੀ ਹੋ ਗਈਆਂ ਸੀ ।
ਰਿਖੀਆਂ ਦੀਆਂ ਧੀਆਂ ਬਣ ਕੇ ਰਿਖੀਆਂ ਕੋਲ ਰਹੀਆਂ ਸੀ ।

ਜ਼ਾਹਿਰ ਹੈ ਬਾਬੂ ਦੇ ਵਿਚਾਰਾਂ ਉੱਤੇ ਭੂਪਵਾਦੀ ਸੋਚ ਦਾ ਮਾਰੂ ਪ੍ਰਭਾਵ ਵੀ ਹੈ । ਉਹ ਪਿਛਲੇ ਸਭ ਕੁਝ ਨੂੰ ਹੀ ਆਦਰਸ਼ ਮੰਨਦਾ ਹੈ । ਇਸ ਲਈ ਉਸ ਦਾ ਬਿਆਨ ਅਤਿਕਥਨੀ ਭਰਿਆ ਹੋ ਗਿਆ ਹੈ :

Digitized by Panjab Digital Library | www.panjabdigilib.org

ਬਰਸ ਵਿਚ ਬਾਰਾਂ ਵਾਰੀਂ, ਵਰ੍ਹਦਾ ਘੱਟ ਜੋੜ ਕੇ।
ਸਰਵਾਂ ਦੇ ਪੱਤਰ ਹੁੰਦੇ, ਜਿਵੇਂ ਪੱਤ ਬੋਹੜ ਕੇ।
ਟਿੱਬਿਆਂ ਵਿਚ ਖਿੜਨ ਫਲਾਵਰ, ਸੰਘਣੇ ਫੁੱਲ ਤੋੜ ਕੇ।

ਬਾਬੂ ਜੀ ਦੀ ਕਵਿਤਾ ਵਿਚ ਉਪਦੇਸ਼ਾਤਮਿਕ ਸੁਰ ਦੀ ਕਾਫੀ ਭਾਰੂ ਹੈ। ਉਹ ਬੰਦੇ ਨੂੰ ਮੌਤ ਦਾ ਭੈ ਦੇ ਕੇ ਲੋਭ ਲਾਲਚ ਤ ਹੋਰ ਬਖੀਲੀਆਂ ਨੂੰ ਛੱਡਣ ਦੀ ਦੁਹਾਈ ਪਾਉਂਦਾ ਹੈ :

ਮਨ ਵਿਚ ਕਰ ਲੈ ਵਿਚਾਰ ਬੰਦਿਆ,
ਤੂੰ ਪ੍ਰਾਹੁਣਾ ਜੱਗ ਤੇ, ਖਾਕ ਵਿਚ ਰਲ ਜੇਂਗਾ।
ਲੋਭ ਪਿੱਛੇ ਜ਼ਿੰਦਗੀ ਗਵਾਵੇਂ ਗੰਦਿਆ,
ਤੂੰ ਪੈਰ ਧਰੇ ਅੱਗ ਤੇ, ਓਏ ਨਲੈਕਾ ਬਲ ਜੇਂਗਾ।
ਚਿਤਵੇਂ ਮਹਿਲ ਭੁਲ ਗਈਆਂ ਕਬਰਾਂ,
ਜੋ ਮਕਾਨ ਸੱਚ ਦਾ, ਜਿਥੇ ਰਹਿਣਾ ਮਿੱਤਰਾ।

ਰਜਬ ਅਲੀ ਨੇ ਆਪਣੇ ਵਿਸ਼ਾਲ ਅਧਿਐਨ, ਨਿਜੀ ਅਨੁਭਵ ਤੇ ਲੋਕ-ਸਮਝ ਦੇ ਮੰਥਨ ਕਰ ਕੇ ਮਨੁੱਖ ਤੇ ਸਮਾਜ ਦੀ ਬਿਹਤਰੀ ਲਈ ਕੁਝ ਤੱਤ ਕੱਢ ਕੇ ਨੀਤੀ ਦੇ ਕਬਿੱਤਾਂ ਵਿਚ ਦਰਜ ਕੀਤੇ ਹਨ ਜੋ ਬੰਦੇ ਨੂੰ ਸੇਧ ਦੇਣ ਦੀ ਸਮੱਰਥਾ ਰੱਖਦੇ ਹਨ ਜਿਨ੍ਹਾਂ ਵਿਚੋਂ ਲੋਕ-ਮਨਸਾ ਦੀ ਤਸਵੀਰ ਵੀ ਉਘੜਦੀ ਹੈ, ਜਿਵੇਂ :

ਨਾਮ ਨੂੰ ਸਵੇਰਾ ਚੰਗਾ, ਸੰਤਾਂ ਨੂੰ ਡੇਰਾ ਚੰਗਾ,
ਚੋਰ ਨੂੰ ਹਨੇਰਾ ਚੰਗਾ, ਜਿਥੇ ਚਾਹੇ ਲੁਕ ਜੇ।
ਜੁਆਈ ਭਾਈ ਸਾਊ ਚੰਗਾ, ਪੁੱਤਰ ਕਮਾਊ ਚੰਗਾ,
ਟੱਬਰ ਸੰਗਾਊ ਚੰਗਾ, ਝਿੜਕੇ ਤੋਂ ਹੱਟ ਜੇ।
ਇੱਕ ਗੋਤ ਖੇੜਾ ਚੰਗਾ, ਖੇਤ ਲਾਉਣਾ ਗੇੜਾ ਚੰਗਾ,
ਜੰਗ 'ਚ ਨਬੇੜਾ ਚੰਗਾ, ਜੇ ਕਲੇਸ਼ ਮੁੱਕ ਜੇ।
ਚੌਦਵੀਂ ਦਾ ਚੰਦ ਚੰਗਾ, ਬਾਊ ਜੀ ਦਾ ਛੰਦ ਚੰਗਾ,
ਆਉਂਦਾ ਆਨੰਦ ਚੰਗਾ, ਲਾਉਂਦਾ ਸੋਹਣੀ ਤੁਕ ਜੇ।
ਜੱਟ ਨੇ ਵੈਰੀ ਬੁੱਧ ਦੇ, ਬੁੜੀ ਨਾ ਲਾਹੁਣ ਦੁੱਧ ਦੇ,
ਅਗਰਵਾਲ ਯੁੱਧ ਦੇ, ਕਦੇ ਨਾ ਨੇੜੇ ਢੁਕਦੇ।
ਘੋੜਾ ਨਾ ਵਿਚੋਂ ਲੰਘਣ ਦੇ, ਸੂਰਾ ਨਾ ਅਗੋਂ ਖੰਘਣ ਦੇ,
ਬਿਪਰ ਸੰਗ ਭੰਗਣ ਦੇ, ਰਹੇ ਨਾ ਨਾਲ ਰੁਕਦੇ।
ਕਾਜ਼ੀ ਨਾ ਪਾਸ ਗੌਣ ਦੇ, ਨਾ ਖੰਘ ਵਾਲਾ ਸੌਣ ਦੇ,
ਕਵੀ ਨਾ ਸ਼ੋਰ ਪਾਉਣ ਦੇ, ਸੂਮ ਨਾ ਘਰੋਂ ਟੁੱਕ ਦੇ।
ਸਖੀ ਨਾ ਖ਼ਾਲੀ ਜਾਣ ਦੇ, ਨਾ ਰਜਬ ਅਲੀ ਗਾਲੀ ਦੇ,
ਤੇ ਛੋਟੇ-ਛੋਟੇ ਅਲੀ ਦੇ ਕਦੀ ਨੀ ਕੰਮ ਮੁੱਕਦੇ।
ਨੀਚ ਸੇ ਪਿਆਰ ਹੋ ਜੇ, ਨਾਰ ਬਦਕਾਰ ਹੋ ਜੇ,

Digitized by Panjab Digital Library | www.panjabdigilib.org

ਬਾਲਕਾ ਬੀਮਾਰ ਹੋ ਜੇ, ਉਹ ਨਾ ਰੋਣੋਂ ਥੰਮ ਦਾ ।
ਗੋਂਹੂ 'ਚ ਪਿਆਜ਼ੀ ਹੋ ਜੇ, ਬਾਣੀਆ ਲਿਹਾਜ਼ੀ ਹੋ ਜੇ,
ਭਾਈਆਂ 'ਚ ਨਰਾਜ਼ੀ ਹੋ ਜੇ, ਹਰਜ ਕੁਟੰਬ ਦਾ ।
ਕਣਕ 'ਚ ਗੰਢ ਤੇ, ਗੁੰਥ ਵਲ ਕੰਡ ਹੋ ਜੇ,
ਕਪਾਹ ਜੇ ਕਰੰਡ ਹੋ ਜੇ, ਨਾ ਵੜੇਵਾਂ ਜੰਮ ਦਾ ।
ਬਾਊ ਦੀ ਬੇਰੋਅਬੀ ਹੋ ਜੇ, ਤੇ ਨਿਸਾਰੂ ਗੋਭੀ ਹੋ ਜੇ,
ਤੇ ਫ਼ਕੀਰ ਲੋਭੀ ਹੋ ਜੇ, ਉਹਨੀਂ ਰਹਿੰਦਾ ਕੰਮ ਦਾ ।

ਸੂਰਮੇ ਦੀ ਹਾਨੀ ਹੋ ਜੇ, ਚੂੜਾ ਜੇ ਗਿਆਨੀ ਹੋ ਜੇ,
ਆਗੂ ਜੇ ਜਨਾਨੀ ਹੋ ਜੇ, ਉਹ ਨਾ ਝੁੱਗੀ ਵਸਦੀ ।
ਘਰ ਕਮਜ਼ੋਰ ਹੋ ਜੇ, ਪੁੱਤਰ ਲੰਡੋਰ ਹੋ ਜੇ,
ਜੇ ਸਿਆਣੂੰ ਚੋਰ ਹੋ ਜੇ, ਤਾਂ ਪੁਲਸ ਰੋਜ਼ ਧਸਦੀ ।
ਮੌਤ ਜੇ ਵਿਆਹ 'ਚ ਹੋ ਜੇ, ਮੀਂਹ ਝੜੀ ਸਾਹੇ 'ਚ ਹੋ ਜੇ,
ਜੇ ਜੁਆਕ ਰਾਹ 'ਚ ਹੋ ਜੇ, ਦੁਖੀ ਜਾਨ ਫਸਦੀ ।
ਸੱਪ ਜੇ ਅਸੀਲ ਹੋ ਜੇ, ਖਾਰਜ ਅਪੀਲ ਹੋ ਜੇ,
ਬੌਰੀਆਂ ਵਕੀਲ ਹੋ ਜੇ, ਵੇਖ ਲੋਕੀਂ ਹਸਦੀ ।

ਲੱਤੋਂ ਲੰਙਾ ਬੈਲ ਹੋ ਜੇ, ਬ੍ਰਿਧ ਜੇ ਬੇਟਹਿਲ ਹੋ ਜੇ,
ਫੀਮ ਦਾ ਜੇ ਬੈਲ ਹੋ ਜੇ, ਐਦੂੰ ਦੁੱਖ ਕੋਈ ਨਾ ।
ਕੋੜ੍ਹ ਦਾ ਜੇ ਦੁੱਖ ਹੋ ਜੇ. ਵਾ 'ਚ ਟੇਡਾ ਰੁੱਖ ਹੋ ਜੇ,
ਗੁਰੂ ਤੋਂ ਬੇਮੁੱਖ ਹੋ ਜੇ, ਦੋਨੀਂ ਜਹਾਨੀ ਢੋਈ ਨਾ ।
ਨੀਤ 'ਚ ਫ਼ਰਕ ਤੇ ਰਸੈਣ 'ਚ ਫ਼ਰਕ ਹੋ ਜੇ,
ਬੇੜੀ ਜੇ ਗਰਕ ਹੋ ਜੇ ਨਿਕਲੇ ਡਬੋਈ ਨਾ ।
ਰਾਜੇ 'ਤੇ ਚੜ੍ਹਾਈ ਹੋ ਜੇ, ਜੇ ਖਰਾਬ ਜੁਆਈ ਹੋ ਜੇ,
ਖਾੜੇ 'ਚ ਲੜ੍ਹਾਈ ਹੋ ਜੇ, ਬਾਊ ਚੰਗੀ ਹੋਈ ਨਾ ।

## ਟਿੱਪਣੀਆਂ ਤੇ ਹਵਾਲੇ

1. ਪੰਜ ਦਰਿਆ ਇਸ ਦੇਸ਼ ਦੇ, ਤਾਹੀਉਂ ਕਹਿਣ ਪੰਜਾਬ ।
   ਰਾਵੀ, ਸਤਲੁਜ, ਬਿਆਸ ਜੀ, ਜਿਹਲਮ ਅਤੇ ਚਨਾਬ ।
   (ਕੋਈ ਦੇਸ਼ ਪੰਜਾਬੋਂ ਸੋਹਣਾ ਨਾ—ਰਜਬ ਅਲੀ)

2. ਅੱਗੇ ਰੰਗਲਾ ਦੇਸ਼ ਤਕਸੀਮ ਕਰਤਾ, ਜੀਹਨੂੰ ਨਿਰੀ ਸਵਰਗ ਦੀ ਖਾਨ ਹੈ ਜੀ ।
   (ਬੈਂਤ—ਰਜਬ ਅਲੀ)

ਅਧਿਆਇ ਚੌਥਾ

# ਕਵੀਸ਼ਰੀ ਕਲਾ

ਬਾਬੂ ਰਜਬ ਅਲੀ ਕਵੀਸ਼ਰੀ-ਪਰੰਪਰਾ ਦੇ ਪ੍ਰਮੁੱਖ ਕਵੀਸ਼ਰਾਂ ਵਿਚੋਂ ਸਿਰ-ਕੱਢ ਕਵੀਸ਼ਰ ਸੀ। ਬਾਬੂ ਜੀ ਨੇ ਕਵੀਸ਼ਰੀ ਦੇ ਖੇਤਰ ਵਿਚ ਆਪਣੀ ਵੱਖਰੀ ਪਛਾਣ ਬਣਾਈ। ਉਸ ਦੀ ਕਵੀਸ਼ਰੀ ਸਰੂਪ ਅਤੇ ਸੁਭਾਅ ਦੇ ਪੱਖ ਤੋਂ ਆਪਣੇ ਨਿਆਰੇ ਸਰੂਪ ਦੀ ਧਾਰਣੀ ਹੈ। ਉਸ ਨੇ ਕਵੀਸ਼ਰੀ ਪਰੰਪਰਾ ਦੇ ਚੰਗੇ ਪੱਖਾਂ ਦਾ ਪੂਰਾ ਲਾਭ ਉਠਾਇਆ ਹੈ ਭਾਵੇਂ ਕਵੀਸ਼ਰੀ ਦਾ ਜਨਮ ਮਾਲਵੇ ਦੀਆਂ ਭੂਗੋਲਿਕ, ਰਾਜਨੀਤਿਕ, ਸਮਾਜਿਕ ਤੇ ਸਭਿਆਚਾਰਿਕ ਪਰਿਸਥਤੀਆਂ ਕਾਰਨ, ਇਸ ਖਿੱਤੇ ਵਿਚ, ਤਕਰੀਬਨ ਤਿਨ ਸੌ ਸਾਲ ਪਹਿਲਾਂ ਹੋਇਆ। ਕਵੀਸ਼ਰੀ ਇਕ ਅਜਿਹੀ ਸਾਹਿਤ-ਪਰੰਪਰਾ ਹੈ ਜਿਸ ਵਿਚ ਛੋਟੇ ਵੱਡੇ ਸੱਤ ਸੌ ਦੇ ਕਰੀਬ ਕਵੀਸ਼ਰਾਂ ਨੇ ਆਪਣਾ ਯੋਗਦਾਨ ਪਾਇਆ ਹੈ। ਕਵੀਸ਼ਰੀ ਮਾਲਵੇ ਦੀਆਂ ਖੁਸ਼ਕ ਰੋਹੀਆਂ ਵਿਚ ਸ਼ੂਕਦੀ ਕਾਵਿ-ਨਦੀ ਹੈ, ਜਿਸ ਦੇ ਕੰਢਿਆਂ ਦਾ ਪਾਣੀ ਭਾਵੇਂ ਗੰਧਲਾ ਹੈ ਪਰ ਇਸ ਦੇ ਅੰਦਰ ਨਿਰਮਲ ਗੰਗ-ਧਾਰਾ ਵਗਦੀ ਹੈ। ਕਵੀਸ਼ਰੀ ਵਿਸ਼ਵ ਦੇ ਸਾਹਿਤ ਇਤਿਹਾਸ ਵਿਚ ਇੱਕ ਵਿਚਿੱਤਰ ਲੋਕ-ਕਾਵਿ-ਧਾਰਾ ਹੈ, ਜਿਸ ਵਿਚ ਬਹੁਤ ਸਾਰੇ ਪ੍ਰਸਿੱਧ ਅਤੇ ਅਨੇਕ ਅਪ੍ਰਸਿੱਧ ਕਵੀਸ਼ਰਾਂ ਵਲੋਂ ਬਹੁਤ ਸਾਰੇ ਕਿੱਸੇ ਤੇ ਪ੍ਰਸੰਗ ਲਿਖੇ ਜਾਣ, ਲੱਖਾਂ ਦੀ ਗਿਣਤੀ ਵਿਚ ਛਾਪੇ ਜਾਣ, ਮੇਲਿਆਂ ਵਿਚ ਵੇਚੇ ਜਾਣ, ਸੈਂਕੜੇ ਸਰੋਤਿਆਂ ਦੇ ਮੁਕੰਮਲ ਕਿੱਸੇ ਜ਼ਬਾਨੀ ਕੰਠ ਕੀਤੇ ਜਾਣ ਤੇ ਲੱਖਾਂ ਸਰੋਤਿਆਂ ਵਲੋਂ ਸੁਣੇ ਜਾਣ ਦਾ ਕ੍ਰਿਸ਼ਮਾ ਹੈ। ਇਸ ਤੋਂ ਪ੍ਰਤੱਖ ਹੈ ਕਿ ਇਹ ਧਾਰਾ ਕਿਸ ਸ਼ਿੱਦਤ ਤੇ ਭਾਵਨਾ ਨਾਲ ਲੋਕ-ਰੂੜੀ ਨਾਲ ਜੁੜੀ ਹੋਈ ਹੈ। ਕਵੀਸ਼ਰੀ ਰੇਤਲੇ ਟਿੱਬਿਆਂ ਵਿਚ ਉੱਗਿਆ ਕਾਵਿ-ਕੇਸੂ ਦਾ ਸੂਹਾ ਫੁੱਲ ਹੈ ਜਿਸ ਵਿਚ ਇੱਥੋਂ ਦੇ ਸਿਧ-ਪੱਧਰੇ ਲੋਕਾਂ ਦੀ ਰੱਤੜੀ ਭਾਅ ਲਿਸ਼ਕਦੀ ਹੈ। ਬਾਬੂ ਰਜਬ ਅਲੀ ਨੇ ਆਪਣੀ ਕਵੀਸ਼ਰੀ ਵਿਚ ਇਹ ਗੁਣ ਪੈਦਾ ਕਰਨ ਲਈ ਬੜੀ ਲਗਨ ਨਾਲ ਮਿਹਨਤ ਕੀਤੀ ਹੈ।

ਕਵੀਸ਼ਰੀ ਸ਼ਬਦਾਂ ਦੀ ਮਾਇਆ ਹੈ, ਇਹ ਸ਼ਬਦਾਂ ਦੀ ਖੇਡ ਹੈ। ਸ਼ਬਦ ਕਵੀਸ਼ਰੀ ਦਾ ਪਿੰਡ ਹੈ ਤੇ ਸੁਰ ਇਸ ਦਾ ਪ੍ਰਾਣ, ਸੁਰ ਜੋ ਸ਼ਬਦ ਦੇ ਨਾਦ ਵਿੱਚੋਂ ਪੈਦਾ ਹੋਇਆ ਹੈ। ਛੰਦ ਕਵੀਸ਼ਰੀ ਦਾ ਸਰੀਰ ਹੈ, ਛੰਦ ਜਿਸ ਵਿਚ ਪਿੰਗਲ ਦੇ ਛੰਦ, ਪਿੰਗਲ ਤੋਂ ਬਾਹਰਲੇ ਆਪ ਘੜੇ ਛੰਦ, ਲੋਕ-ਧੁਨਾਂ ਉੱਤੇ ਅਧਾਰਿਤ ਲੋਕ ਛੰਦ, ਨਵੀਆਂ ਤਰਜ਼ਾਂ ਤੇ ਨਵੇਂ ਪ੍ਰਯੋਗ ਸ਼ਾਮਿਲ ਹਨ। ਰਸ ਕਵੀਸ਼ਰੀ ਦੀ ਰੂਹ ਹੈ, ਰਸ ਜੋ ਕਾਵਿ ਦੇ ਰਸ ਤੋਂ ਭਿੰਨ, ਕਹਾਣੀ-ਰਸ, ਸ਼ਬਦਾਂ ਦੀ ਜੜਤ ਤੇ ਟੁਣਕਾਰ, ਸ਼ਬਦ-ਨਾਦ, ਸੁਰ ਦੀ ਗਾਇਕੀ ਦੇ ਰਚਨਾਤਮਿਕ ਮੇਲ ਵਿਚੋਂ ਪੈਦਾ ਹੁੰਦਾ ਹੈ; ਰਸ ਜੋ ਕਾਵਿ ਦੇ ਚਿਤਵਣ, ਸ਼ਬਦ ਦੇ ਗਾਇਨ ਤੇ ਸਰੋਤੇ ਦੇ ਸੁਣਨ ਦੀ ਮਿਲਵੀਂ ਪ੍ਰਕ੍ਰਿਆ ਵਿਚੋਂ ਪੈਦਾ ਹੁੰਦਾ ਹੈ। ਕਵੀਸ਼ਰੀ ਦਾ ਸਰੂਪ ਮਘਦਾ ਅਖਾੜਾ ਹੈ। ਜਿਸ ਦੀ ਵਿਰਤੀ, ਮਰਯਾਦਾ ਤੇ ਟੁਣੇਹਾਰੀ ਅਵਸਥਾ ਵਿਚੋਂ ਕਵੀਸ਼ਰੀ ਦਾ

Digitized by Panjab Digital Library | www.panjabdigilib.org

ਵਿਹਨ-ਚੱਕਰ ਸਿਰਜਿਆ ਜਾਂਦਾ ਹੈ। ਇਹ ਸੰਬੋਧਨੀ-ਕਾਵਿ ਹੈ, ਜਿਸ ਵਿਚ ਕਵੀਸ਼ਰ ਅਖਾੜੇ ਵਿਚ ਬੈਠੇ ਸਰੋਤਿਆਂ ਜਾਂ ਦੀਵਾਨ ਵਿਚ ਸਜੀਆਂ ਸੰਗਤਾਂ ਨੂੰ ਸੰਬੋਧਨ ਕਰਦਾ ਹੋਇਆ ਛੰਦ ਉਚਾਰਦਾ ਹੈ। ਕਵੀਸ਼ਰ ਦਾ ਸੰਬੋਧਨੀ ਲਹਿਜਾ ਉਪਦੇਸ਼ਾਤਮਕ ਨਹੀਂ ਸਗੋਂ ਵਰਨਾਤਮਿਕ ਹੁੰਦਾ ਹੈ। ਅਖਾੜਾ ਕਵੀਸ਼ਰੀ ਤੋਂ ਬਿਨਾਂ ਮੱਲਾਂ ਦੇ ਜ਼ੋਰ ਕਰਨ ਦੀ ਥਾਂ ਹੈ, ਸਾਧਾਂ ਸੰਤਾਂ ਦੇ ਵਸਣ ਰਸਣ ਤੇ ਭਗਤੀ ਕਰਨ ਦੀ ਥਾਂ ਹੈ ਅਤੇ ਵੇਸਵਾ[1] ਦੇ ਰੰਗਰਸ ਤੇ ਭੋਗ ਕਰਨ ਦੀ ਥਾਂ ਵੀ ਹੈ। ਅਖਾੜਾ ਕਰੜੀ ਭੋਇ ਹੈ। ਇੱਥੇ ਕਵੀਸ਼ਰ ਨੇ ਸਰੋਤਿਆਂ ਨੂੰ ਕੀਲ ਕੇ ਆਪਣੇ ਸ਼ਬਦ ਦੀ ਪਟਾਰੀ ਵਿਚ ਬੰਦ ਕਰਨ ਦਾ ਕਠਨ ਕਾਰਜ ਕਰਨਾ ਹੁੰਦਾ ਹੈ, ਜਿਸ ਦੀ ਪ੍ਰਾਪਤੀ ਅਨੁਸਾਰ ਕਿਸੇ ਰਚਨਾ ਦੇ ਵੱਖ-ਵੱਖ ਭਾਗ ਕੀਤੇ ਜਾਂਦੇ ਹਨ ਅਤੇ ਉਸ ਦ ਸਰੂਪ ਨੂੰ ਤਹਿ ਕਰ ਕੇ ਪੂਰ ਦਰ ਪੂਰ ਸਿਰਜਿਆ ਜਾਂਦਾ ਹੈ। ਵਾਰ ਤੇ ਜੰਗਨਾਮੇ ਵਾਂਗ ਕਵੀਸ਼ਰੀ ਦਾ ਸੁਭਾਵ ਮਰਦਾਵਾਂ, ਸਪਸ਼ਟ, ਸਰਲ, ਸਿੱਧਾ ਤੇ ਸੁਸ਼ੀਲ ਹੁੰਦਾ ਹੈ। ਕਵੀਸ਼ਰੀ ਨਿੱਕੀ ਕਹਾਣੀ ਵਾਂਗ ਇਕੱਲੇ ਇੱਕਹਿਰੇ ਪਾਠਕ ਦੇ ਪੜ੍ਹਨ ਦੀ ਵਸਤੂ ਨਹੀਂ। ਸਮੂਹ ਵਿਚ ਗਾਏ ਜਾਣ ਕਰ ਕੇ ਕਵੀਸ਼ਰੀ ਵਿਚ ਅਸ਼ਲੀਲਤਾ ਆ ਹੀ ਨਹੀਂ ਸਕਦੀ। ਕਿਉਂਕਿ ਕਵੀਸ਼ਰੀ ਦੇ ਅਖਾੜੇ ਵਿਚ ਮਨੁੱਖੀ ਰਿਸ਼ਤਿਆਂ, ਆਯੂ, ਤੇ ਔਰਤ-ਮਰਦ ਦੇ ਭੇਦਾਂ ਦੀ ਕੋਈ ਪਾਬੰਦੀ ਨਹੀਂ ਲਗ ਸਕਦੀ। ਕਵੀਸ਼ਰੀ ਉਹਨਾਂ ਲੋਕਾਂ ਦੀ ਬੋਲੀ ਤੇ ਮੁਹਾਵਰੇ ਵਿਚ ਲਿਖੀ ਹੁੰਦੀ ਹੈ ਜਿਸ ਤਰ੍ਹਾਂ ਦੇ ਜਨਸਮੂਹ ਨੂੰ ਕਵੀਸ਼ਰ ਸੰਬੋਧਿਤ ਹੁੰਦਾ ਹੈ। ਕਵੀਸ਼ਰੀ ਵਿਚ ਦਰਬਾਰੀ ਚੋਹਲ, ਲਖਨਵੀਂ ਸਲੀਕਾ ਤੇ ਸ਼ਹਿਰੀ ਫੂੰ-ਫਾਂ ਨਹੀਂ ਹੁੰਦੀ ਸਗੋਂ ਇਸ ਦਾ ਸੁਭਾ ਪੇਂਡੂ ਰੀਤ ਅਨੁਸਾਰ ਖੁੱਲ੍ਹਾ ਖਲਾਸਾ ਹੁੰਦਾ ਹੈ। ਅਲੰਕਾਰ ਕਵੀਸ਼ਰੀ ਦੇ ਭੂਸ਼ਣ ਹਨ, ਜੋ ਕੁਦਰਤੀ ਹੀ ਮਰਦਾਵੇਂ ਭੂਸ਼ਣਾਂ ਵਾਂਗ ਵਿਰਲੇ ਪਰ ਭਾਰੇ-ਭਾਰੇ ਹੁੰਦੇ ਹਨ। ਕਥਾ ਕਵੀਸ਼ਰੀ ਦੀ ਰੀੜ੍ਹ ਦੀ ਹੱਡੀ ਹੈ ਜੋ ਮਨੁੱਖੀ ਰੀੜ੍ਹ ਦੀ ਹੱਡੀ ਵਾਂਗ ਲਚਕੀਲੀ ਪਰ ਸਖਤ ਹੁੰਦੀ ਹੈ। ਡੀਠ-ਵਰਨਣ ਕਵੀਸ਼ਰੀ ਦਾ ਹਥਿਆਰ ਹੈ। ਕਾਵਿ-ਬਿੰਬ ਕਵੀਸ਼ਰੀ ਦੀਆਂ ਗਿਆਨ ਇੰਦਰੀਆਂ ਹਨ। ਮਨੋਰੰਜਨ ਕਵੀਸ਼ਰੀ ਦਾ ਸੁਭਾਓ ਹੈ। ਛੰਦ ਅਤੇ ਗਾਇਨ ਦੇ ਦੋਸ਼ ਕਵੀਸ਼ਰੀ ਦੇ ਸੋਹਣੇ ਚਿਹਰੇ ਨੂੰ ਬੱਜ ਲਾਉਂਦੇ ਹਨ।

ਕਵੀਸ਼ਰੀ ਦਾ ਸੌਂਦਰਯ-ਬੋਧ ਕਿੱਸਾ-ਕਾਵਿ ਜਾਂ ਦੂਜੇ ਹੋਰ ਪੰਜਾਬੀ ਕਾਵਿ ਰੂਪਾਂ ਨਾਲ ਹੂਬਹੂ ਨਹੀਂ ਮਿਲ ਸਕਦਾ ਭਾਵੇਂ ਇਸ ਦੇ ਬੁਨਿਆਦੀ ਆਧਾਰ ਉਹੀ ਰਹਿਣਗੇ। ਕਵੀਸ਼ਰੀ ਦੇ ਸੌਂਦਰਯ-ਬੋਧ ਬਾਰੇ ਵਿਦਵਾਨਾਂ ਤੇ ਸਾਹਿਤ ਆਚਾਰਯਾਂ ਨੇ ਕਵੀਸ਼ਰੀ-ਸੌਂਦਰਯ-ਸ਼ਾਸਤਰ ਤਿਆਰ ਨਹੀਂ ਕੀਤਾ। ਪਰ ਰਜਬ ਅਲੀ ਵਰਗੇ ਸਿਆਣੇ ਕਵੀਸ਼ਰ ਇਸ ਪੱਖ ਤੋਂ ਚੇਤਨ ਜ਼ਰੂਰ ਸਨ, ਜਿਵੇਂ ਰਜਬ ਅਲੀ ਲਿਖਦਾ ਹੈ :

ਬਾਬੂ ਦੀ ਕਵਿਤਾ ਸੋਹਣੀ, ਸਿਆਣਿਆਂ ਦੇ ਦਿਲ ਨੂੰ ਮੋਹਣੀ,
ਬੜੀ ਸੋਹਣੀ ਘਾੜਤ ਘੜੀ, ਲੋਕ ਫੁੱਲ ਬਰਸਾਵਣ ਡਹਿਗੇ ਕਵੀ ਦੇ ਉੱਤੋਂ।

(ਸ਼ਹੀਦੀ-ਗੁਰੂ ਅਰਜਨ ਦੇਵ)

ਬੁਣ ਕੇ ਵਧੀਆ ਛੰਦਾਂ ਦੀ ਬੁਣਤੀ, ਬਾਬੂ ਜੀ ਬਹਾਤੇ ਟੱਕ ਵਿਚ ਟਕਾਂ ਦੇ।

(ਅਭਿਮੰਨੂ ਦਾ ਵਿਆਹ)

Digitized by Panjab Digital Library | www.panjabdigilib.org

ਦੋ ਚਾਰ ਸਾਲ ਮੰਡੇ ਮੇਲਿਆਂ 'ਤੇ ਗੌਣਗੇ।
ਫੇਰ ਬਾਬੂ ਸਾਬ੍ਹ ਕਾਪੀਆਂ ਛਪੌਣਗੇ।
ਵਿਦਿਆ ਸ਼ਾਇਰੀ ਸੁਰ ਮਿੱਠੀ, ਬਖਸ਼ ਖ਼ੁਦਾ ਗੁਣ ਤੀਨ।
ਬਖਸ਼ ਕੁਝ ਜ਼ੋਰ ਸੁਰਸਤੀ ਜੀ, ਮੂੰਹੋ ਫ਼ਿਕਰੇ ਪੁਸ਼ਪ ਬਣ ਬਰਸਣ।
ਮੋਰੀਆਂ ਕਰਦੇ ਪੂਰੀਆਂ ਆਸਾਂ, ਉੱਚੇ ਹੋ ਬੋਲ ਤੋਂ ਫੜਨ ਮਿਠਾਸਾਂ।
ਕਰਦੀਏ ਮਾਤ ਰਕਾਟਾਂ ਨੂੰ, ਲਗੇ ਨਾ ਦਗਧ ਅੱਖਰ ਗਣ ਹੌਲਾ।
ਵਿਚ ਖਾੜੇ ਕਚਹਿਰੀ ਦੇ, ਤੇਰਾ ਨਾਂ ਜਪਣ ਕਵੀਸ਼ਰ ਮੌਲਾ।

(ਮੰਗਲ ਦੇ ਛੰਦ)

ਖੜਦੇ ਸਾਰ ਕਚਹਿਰੀ ਮਘੜੇ,
ਦਿਲ ਤੇ ਜੋਤ ਪਿੰਗਲ ਦੀ ਜਗ ਜੇ।
ਕੋਈ ਦਗਧ ਅੱਖਰ ਨਾ ਲਗ ਜੇ,
ਮੰਦ ਗਣ ਪਾਵਣ ਤਾੜਾਂ ਨੂੰ।
ਛੰਦ ਲਾਉਣ ਕਵੀਸ਼ਰ ਜੀ, ਪੈਣ ਗਰਨਾਟੇ,
ਜੋੜੀ ਤੇ ਜੋੜੀ, ਬਾਬੂ ਸੋਹਣੀ ਬਾਹਲੀ।

(ਅੰਮ੍ਰਿਤਸਰ ਦੀਵਾਲੀ)

ਬਾਬੂ ਜੀ ਆਉਂਦੀਆਂ ਛੰਦਾਂ 'ਚੋਂ ਲਪਟਾਂ, ਮੋਮ ਵਾਂਗੂ ਜਾਂਦੇ ਢਾਲਦੇ।

(ਰਾਮਾਇਣ)

ਜਿਉਂਦੇ ਰਹਿਣ ਕਵੀਸ਼ਰ ਜੀ, ਪੈਣ ਗਰਨਾਟੇ 'ਵਾਜ਼ ਮਨਮੋਹਣੀ।
ਔਖੀ ਹੁੰਦੀ ਬੁਨਣੀ ਛੰਦਾਂ ਦੀ ਬੁਣਤੀ।

(ਵਿਰਾਟ ਪਰਬ)

### 1. ਮਘਦੇ ਅਖਾੜੇ ਦੀ ਸ਼ਾਇਰੀ

ਅਖਾੜੇ ਵਿਚ ਕਵੀਸ਼ਰੀ ਦਾ ਅਸਲੀ ਸਰੂਪ ਤੇ ਜਲੌਅ ਪ੍ਰਗਟ ਹੁੰਦਾ ਹੈ। ਸ਼ਬਦਾਂ ਵਿਚ ਕਵੀਸ਼ਰੀ ਸੁੱਤੀ ਸ਼ਕਤੀ ਦੀ ਤਰ੍ਹਾਂ ਹੈ, ਜੋ ਅਖਾੜੇ ਵਿਚ ਨਿੱਤਰ ਕੇ ਜਾਗਦੀ ਤੇ ਪ੍ਰਚੰਡ ਹੁੰਦੀ ਹੈ। ਅਖਾੜੇ ਤੋਂ ਬਿਨਾ ਕਵੀਸ਼ਰੀ ਗੌਣ ਤੇ ਦੀਵਾਨ ਵਿਚ ਵੀ ਗਾਈ ਜਾਂਦੀ ਹੈ। ਬਾਬੂ ਰਜਬ ਅਲੀ ਨੇ ਅਖਾੜੇ ਲਈ 'ਕਚਹਿਰੀ' ਸ਼ਬਦ ਵੀ ਵਰਤਿਆ ਹੈ। ਅਖਾੜਾ ਲਗਦਾ ਹੈ। ਇਹ ਹੌਲੀ ਹੌਲੀ ਜੰਮ ਜਾਂਦਾ ਹੈ, ਮਘ ਜਾਂਦਾ ਹੈ ਤੇ ਭਰ ਜਾਂਦਾ ਹੈ। ਸਰੋਤਿਆਂ ਤੋਂ ਬਿਨਾਂ ਅਖਾੜਾ ਬਣ ਨਹੀਂ ਸਕਦਾ। ਜੇ ਪੰਜਾਹ ਕੁ ਸਰੋਤੇ ਹੋਣ ਤਾਂ ਉਸ ਨੂੰ ਛਿੱਦਾ-ਅਖਾੜਾ ਆਖਦੇ ਹਨ। ਅਖਾੜੇ ਭਰਨ ਦਾ ਸੰਬੰਧ ਸਰੋਤਿਆਂ ਦੀ ਗਿਣਤੀ ਨਾਲ ਹੈ। ਅਖਾੜਾ ਜੰਮਣ ਤੇ ਮਘਣ ਦਾ ਸੰਬੰਧ ਕਵੀਸ਼ਰ, ਕਵੀਸ਼ਰੀ ਤੇ ਸਰੋਤਿਆਂ ਦਾ ਇੱਕ ਰੌਂਅ ਵਿਚ ਇਕਸੁਰ ਹੋਣ ਨਾਲ ਹੈ। ਕਵੀਸ਼ਰ ਪ੍ਰਸੰਗ ਦੀ ਮੌਲਿਕਤਾ, ਨਵੀਨਤਾ ਤੇ ਲੋਕ-ਪ੍ਰਿਯਤਾ, ਛੰਦ ਦੀ ਨਵੀਨਤਾ ਜਾਂ ਲੋਕ-ਪ੍ਰਿਯਤਾ ਅਤੇ ਗਾਇਕੀ ਦੀ ਮਧੁਰਤਾ ਨਾਲ ਸਰੋਤਿਆਂ ਦੇ ਤਨ ਮਨ ਤੇ ਬੁੱਧ ਉੱਤੇ ਕਾਬੂ ਪਾ ਲੈਂਦਾ ਹੈ। ਇਸ ਤਰ੍ਹਾਂ ਵਕਤ ਦੇ ਕਾਲੇ ਪਰਛਾਵਿਆਂ ਵਿਚ ਕਵੀਸ਼ਰੀ-ਦਰਬਾਰ ਮਘਣ ਨਾਲ ਸ਼ਬਦ ਦੀ ਅਗਨੀ ਤੇ ਸੁਰ ਦਾ ਪ੍ਰਕਾਸ਼ ਪੈਦਾ ਹੁੰਦਾ ਹੈ। ਜੇ ਅਖਾੜੇ ਵਿਚ ਸ਼ੋਰ

Digitized by Panjab Digital Library | www.panjabdigilib.org

ਪੈਣ ਲਗ ਪਵੇ ਤਾਂ ਉਸ ਨੂੰ ਅਖਾੜੇ ਦਾ ਹਿੱਲ ਜਾਣਾ ਤੇ ਅਖਾੜੇ ਦੇ ਖਤਮ ਹੋਣ ਨੂੰ ਅਖਾੜਾ ਵਿਝੱੜਨਾ ਆਖਦੇ ਹਨ। ਵਧੀਆ ਤੇ ਕਲਾਧਾਰੀ ਕਵੀਸ਼ਰ ਅਖਾੜੇ ਦੇ ਸਮੂਹ ਨੂੰ ਮੰਤਰ-ਮੁਗਧ ਕਰ ਕੇ ਕੀਲੀ ਹੋਈ ਇਕਾਈ ਦੀ ਤਰ੍ਹਾਂ ਆਪਣੇ ਅਧਿਕਾਰ ਵਿਚ ਰਖਦੇ ਹਨ। ਸਰਸਵਤੀ ਦੀ ਬਾਣੀ ਦਾ ਜਾਦੂ ਦਾ ਚਾਨਣ ਅਖਾੜੇ ਦੇ ਚੁਫੇਰੇ ਖਿੱਲਰਿਆ ਰਹਿੰਦਾ ਹੈ। ਅਖਾੜਾ ਕਵੀਸ਼ਰੀ ਦੀ ਕਸਵੱਟੀ ਹੈ। ਅਖਾੜੇ ਦੀ ਬਣਤਰ ਤੇ ਮਾਨਸਿਕ ਸਥਿਤੀ ਨੂੰ ਵੇਖ ਕੇ ਕਵੀਸ਼ਰ ਗਾਉਣਾ ਆਰੰਭ ਕਰਦਾ ਹੈ ਅਤੇ ਫਿਰ ਉਹ ਆਪਣੇ ਕਰਤਾਰੀ ਬੋਲ ਦੀ ਸ਼ਕਤੀ ਨਾਲ ਅਖਾੜੇ ਦੀ ਮਾਨਸਿਕ ਸਥਿੱਤੀ ਬਦਲਦਾ ਰਹਿੰਦਾ ਹੈ। ਜੇ ਸ਼ਿੰਗਾਰ ਦਾ ਪ੍ਰਸੰਗ ਗਾਇਆ ਤਾਂ ਅਖਾੜੇ ਤੇ ਹੋਰ ਪ੍ਰਭਾਵ ਹੋਵੇਗਾ, ਜੇ ਵੈਰਾਗ ਦਾ ਪ੍ਰਸੰਗ ਹੋਵੇ ਤਾਂ ਸਰੋਤੇ ਅਥਰੂ ਕੇਰਨਗੇ, ਜੇ ਬੀਰ ਰਸੀ ਪ੍ਰਸੰਗ ਚਲਿਆ ਤਾਂ ਮੁੱਛਾਂ ਨੂੰ ਵੱਟ ਦਿੱਤੇ ਜਾਣਗੇ ਤੇ ਡਾਂਗ ਖੜਕੇਗੀ ਹੀ। ਸਿਆਣਾ ਕਵੀਸ਼ਰ ਅਖਾੜੇ ਦੀ ਨਸ ਨਸ ਨੂੰ ਪਹਿਚਾਨਣ ਲਗ ਪੈਂਦਾ ਹੈ ਅਤੇ ਕਈ ਜੁਗਤਾਂ ਵਰਤ ਕੇ ਸਭ ਨੂੰ ਇੱਕ ਸੁਰ ਤੇ ਇੱਕ ਮੁੱਠ ਕਰੀ ਰਖਦਾ ਹੈ। ਬਾਬੂ ਰਜ਼ਬ ਅਲੀ ਨੇ ਭਾਵੇਂ ਆਪ ਅਖਾੜਿਆਂ ਵਿਚ ਨਹੀਂ ਗਾਇਆ ਪਰ ਉਸ ਨੇ ਆਪਣੇ ਆਪ ਨੂੰ ਅਖਾੜਿਆਂ ਦੀ ਮਾਨਸਿਕਤਾ ਨਾਲ ਰਚਮਿਚ ਕੇ ਕਵੀਸ਼ਰੀ ਦੀ ਸਿਰਜਣਾ ਕੀਤੀ ਹੈ ਅਤੇ ਉਹ ਕਵੀਸ਼ਰੀ ਦੀ ਸਿਰਜਣਾ ਕਰਨ ਸਮੇਂ ਹੀ ਸਰੋਤਿਆਂ ਨੂੰ ਥਾਂ ਪੁਰ ਥਾਂ ਸਿੱਧਾ ਸੰਬੋਧਨ ਹੋ ਕੇ ਉਹਨਾਂ ਦਾ ਧਿਆਨ ਖਿੱਚਦਾ ਹੈ :

ਇਸ ਥਾਂ ਲੱਗਣੀ ਘੜੀ ਦੋ ਰਚਨਾ, ਲੈਕਵੰਦ ਗੱਭਰੂ ਫਸਾਦੋਂ ਬਚਣਾ,
ਦੋਸਤੋਂ ਮੇਲ ਸਬੱਬਾਂ ਦੇ, ਬੈਠ ਕੇ ਨਾਲ ਸ਼ੌਕ ਦੇ ਸੁਣ ਲੋ।
ਹੋਵੇ ਜੋ ਵਰਖਾ ਪੁਸ਼ਪਾਂ ਦੀ, ਆਏ ਜੋ ਲੈਣ ਸੁਗੰਧੀ ਚੁਣ ਲੋ।

(ਮੰਗਲ ਦੇ ਛੰਦ)

ਤੂੰ ਮਿਲ ਕਵਿਤਿਆਂ ਨੂੰ ਜਲਦੀ,
ਊਰੀ ਵਾਂਗ ਜ਼ਬਾਂ ਰਹੇ ਚਲਦੀ,
ਦਾਸ ਦੇ ਮਗਣ ਪੋਰ ਵਿਚ ਗੋਣੇ।
ਸੁਰ ਸੁਹਣੀ ਲਗਦੀ ਐ,
ਆ ਕੇ ਸਭੀ ਬੈਠ ਗਏ ਲੋਣੇ।
ਸ਼ੇਰੀ ਨਿੱਖਰ ਨਿੱਖਰ ਕੇ ਭੁਰਦੀ,
ਆਵੇ ਜਗਾ ਜਗਾ ਤੋਂ ਫੁਰਦੀ,
ਤਰਜ਼ ਦੇ ਸੰਨ ਵਿਚ ਪਵੇ ਮਰੋੜਾ।

ਚਾਦਰੇ ਨੀਵੇ ਧਰਤੀ ਹੂੰਝਣ,
ਮੂੰਹ ਨੂੰ ਨਾਲ ਰੁਮਾਲਾਂ ਪੂੰਝਣ,
ਆ ਕੇ ਭੌਰ ਫੁੱਲਾਂ ਤੇ ਗੂੰਜਣ,
ਆਸ਼ਕ ਹੋ ਗਏ ਸ਼ਾਇਰੀ ਤੇ।
ਟਹਿ ਟਹਿ ਲੜਕੇ ਬੋਲਣ,

Digitized by Panjab Digital Library | www.panjabdigilib.org

ਪਾ ਲਿਆ ਰੋਅਬ ਕਚੈਰੀ 'ਤੇ ।
ਨੱਚਦੀ ਫਿਰਦੀ ਕਵਿਤਾ ਰਾਣੀ,
ਪਿਆ ਦੇ ਆਬਿ ਹਯਾਤੀ ਪਾਣੀ,
ਪਾਣੀ ਬਣ ਕੇ ਤੁਰ ਪਏ ਬਾਣੀ,
ਤੁਰਤ ਮਿਟਾ ਦੇ ਦਾਹਦਾਂ ਨੂੰ ।
ਬੋਲ ਰਕਾਟਾਂ ਵਰਗੇ,
ਕਰਦੇ ਤੇਜ਼ ਆਵਾਜ਼ਾਂ ਨੂੰ ।

(ਸੁਰਸੱਤੀ ਮੰਗਲ)

ਵਿਦਿਆ ਦੀ ਲਾਗ ਲਗਣ ਦੇ, ਪਿੰਗਲ ਜੋਤ ਜਗਣ ਦੇ,
ਸ਼ਾਇਰੀ ਦੀ ਨਹਿਰ ਵਗਣ ਦੇ, ਵਿਚਾਰ ਸਾਰ ਗਿਆਨ ਦੇਹ ।
ਬਾਬੂ ਜੀ ਰਾਗ ਚਲਣ ਦੇ, ਰਿਦੈ ਚਿਰਾਗ਼ ਬਲਣ ਦੇ,
ਰੌਲੇ ਨੂੰ ਜ਼ਰਾ ਠਲਣ ਦੇ, ਸੁਣੋਂ ਸਰੋਤਿਓ ਧਿਆਨ ਦੇਹ ।

(ਮੰਗਲ ਦੇ ਕਬਿੱਤ)

ਬਾਬੂ ਰਜਬ ਅਲੀ ਦੀ ਕਵੀਸ਼ਰੀ ਦੀ ਸਭ ਤੋਂ ਵੱਡੀ ਖ਼ੂਬੀ ਇਹੋ ਹੈ ਕਿ ਉਹ ਅਖਾੜੇ ਵਿਚ ਸਹੀ, ਸਫ਼ਲ ਤੇ ਸ਼ਕਤੀਸ਼ਾਲੀ ਸਾਬਿਤ ਹੁੰਦੀ ਹੈ । ਬਾਬੂ ਜੀ ਦੇ ਸੌ ਦੇ ਕਰੀਬ ਚੇਲਿਆਂ ਨੇ ਇਸ ਨੂੰ ਸਟੇਜਾਂ ਉੱਤੇ ਗਾਉਂਦਿਆਂ ਅਚੇਤ ਰੂਪ ਵਿਚ ਮਾਂਜਿਆ, ਤਰਾਸ਼ਿਆ ਤੇ ਸਟੇਜ ਦੀ ਲੋੜ ਅਨੁਸਾਰ ਢਾਲਿਆ ਵੀ ਹੈ । ਅਖਾੜੇ ਵਿਚ ਕਵੀਸ਼ਰੀ ਦੀ ਲੋਕ-ਪ੍ਰਿਯਤਾ ਕਵੀਸ਼ਰ ਨੂੰ ਲੋਕ-ਮਾਨਤਾ ਦਿੰਦੀ ਹੈ ।

2. ਛੰਦ ਪ੍ਰਬੀਨਤਾ

ਛੰਦ ਦੀ ਪ੍ਰਬੀਨਤਾ ਬਾਬੂ ਰਜਬ ਅਲੀ ਦੀ ਕਵੀਸ਼ਰੀ ਦੀ ਦੂਸਰੀ ਵਿਲੱਖਣ ਵਿਸ਼ੇਸ਼ਤਾਈ ਹੈ । ਬਾਬੂ ਜੀ ਨੇ ਨਾ ਕੇਵਲ ਪਿੰਗਲ ਦੇ ਆਧਾਰ ਤੇ ਸ਼ੁੱਧ ਛੰਦਾਂ ਦੀ ਰਚਨਾ ਕੀਤੀ ਸਗੋਂ ਪਿੰਗਲ ਦੇ ਛੰਦਾਂ ਵਿਚ ਆਪਣੀ ਬੁੱਧੀ ਅਨੁਸਾਰ ਵਿਸਤਾਰ ਵੀ ਪੈਦਾ ਕੀਤਾ ਹੈ । ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਬਾਬੂ ਰਜਬ ਅਲੀ ਆਪ ਪਿੰਗਲ ਦਾ ਧਨੀ ਤੇ ਆਚਰਿਯ ਸੀ । ਉਸ ਨੇ ਆਪ ਨਵੇਂ ਛੰਦ ਤੇ ਨਵੀਆਂ ਨਵੀਆਂ ਤਰਜ਼ਾਂ ਦੀ ਕਾਢ ਕਢੀ । ਬਾਬੂ ਜੀ ਨੇ 'ਬਾਬੂ ਚਾਲ', 'ਬਹੱਤਰ ਕਲਾ', 'ਬਾਹਠ ਕਲਾ', 'ਪੰਦਰੀ', 'ਸਤਾਰੀ', 'ਤਰਜ਼' ਆਦਿ ਨਵੇਂ ਛੰਦ-ਰੂਪਾਂ ਦੀ ਘਾੜਤ ਕੀਤੀ । 'ਬਾਬੂ ਚਾਲ' ਤੇ 'ਬਹੱਤਰ ਕਲਾ' ਇਸ ਦੇ ਬਹੁਤ ਲੋਕਪ੍ਰਿਯ ਤੇ ਸ਼ਕਤੀਸ਼ਾਲੀ ਛੰਦ ਹਨ । ਇਹਨਾਂ ਛੰਦਾਂ ਨੂੰ ਦੂਜੇ ਕਵੀਸ਼ਰਾਂ ਨੇ ਵੀ ਪ੍ਰਵਾਨ ਕੀਤਾ ਹੈ ਅਤੇ ਇਸ ਵਿਧੀ ਅਨੁਸਾਰ ਉਹਨਾਂ ਨੇ ਵੀ 'ਬਾਬੂ ਚਾਲ' 'ਬਹੱਤਰ ਕਲਾ' ਵਿਚ ਆਪਣੀ ਕਵੀਸ਼ਰੀ ਲਿਖੀ ਹੈ । ਬਾਬੂ ਰਜਬ ਅਲੀ ਸਹੀ ਅਰਥਾਂ ਵਿਚ ਛੰਦ ਦਾ ਉਸਤਾਦ ਹੈ । ਉਹ ਲੋਹ-ਸ਼ਬਦਾਂ ਨੂੰ ਮੋਮ ਵਾਂਗ ਪਿਘਲਾ ਕੇ ਨਵੇਂ ਛੰਦਾਂ ਦੇ ਸੰਚੇ ਵਿਚ ਢਾਲਦਾ ਹੈ । ਕੇਵਲ 'ਬਾਬੂ ਚਾਲ' ਤੇ 'ਬਹੱਤਰ ਕਲਾ' ਛੰਦਾਂ ਦੀ ਕਾਢ ਕੱਢਣ ਕਰ ਕੇ ਹੀ ਬਾਬੂ ਰਜਬ ਅਲੀ ਦਾ ਨਾਂ ਪੰਜਾਬੀ ਸਹਿਤ ਵਿਚ ਅਮਰ ਪਦ ਦਾ

Digitized by Panjab Digital Library | www.panjabdigilib.org

ਧਾਰਨੀ ਹੋ ਸਕਦਾ ਹੈ ਕਿਉਂਕਿ ਅਜਿਹੇ ਨਵੇਂ ਛੰਦ ਦੀ ਕਾਢ ਕੱਢਣਾ ਕਿਸੇ ਪ੍ਰਤਿਭਾਸ਼ੀਲ ਕਵੀ ਦੇ ਭਾਗਾਂ ਵਿਚ ਹੀ ਆਉਂਦਾ ਹੈ ।

ਪਿੰਗਲ ਕਵੀਸ਼ਰੀ ਦੀ ਪਹਿਚਾਣ ਹੈ । ਇਹ ਕਵੀਸ਼ਰੀ ਦਾ ਆਧਾਰ ਹੈ । ਕਵੀਸ਼ਰ ਪੇਂਡੂ ਲਹਿਜੇ ਵਾਲੀ ਬੋਲੀ ਤੇ ਮੁਹਾਵਰੇ ਵਿਚ ਸ਼ਾਸਤਰੀਯ ਛੰਦਾਂ ਨੂੰ ਚਕਾਚੌਂਧ ਕਰਨ ਵਾਲੀ ਸਾਦਗੀ ਤੇ ਸਫ਼ਾਈ ਨਾਲ ਘੜ ਲੈਂਦਾ ਹੈ ਅਤੇ ਉਹਨਾਂ ਦਾ ਬੰਧੇਜ ਵੀ ਰਖਦਾ ਹੈ । ਕਵੀਸ਼ਰੀ ਵਿਚ ਪਿੰਗਲ ਦੇ ਮਹੱਤਵ ਨੂੰ ਸਾਰੇ ਕਵੀਆਂ ਨੇ ਨਿਰਵਿਵਾਦ ਸਵੀਕਾਰਿਆ ਹੈ । ਕਵੀਸ਼ਰ ਛੱਜੂ ਸਿੰਘ ਲਿਖਦਾ ਹੈ :

ਪਿੰਗਲ ਸਿੰਧ ਸਮਾਨ ਹੈ, ਛੰਦਾਂ ਭੇਤ ਅਨੰਤ ।
ਮੂੜ ਪੜ੍ਹੇ ਜੜ੍ਹਤਾ ਹਰੇ, ਚਤਰ ਪੜ੍ਹੇ ਗੁਣਵੰਤ ।
ਪਿੰਗਲ ਦਾਤਾ ਸਰਬ ਸੁਖ, ਰਤਨ ਚਾਰ ਦਸ ਖਾਨ ।
ਕਵੀਯਨ ਕੋ ਪਿੰਗਲ ਪ੍ਰਿਯ, ਭਗਵਨ ਕੋ ਹਰਿ ਨਾਮ ।
ਛੰਦ ਵੇਦ ਕਾ ਅੰਗ ਲਧ, ਆਦਿ ਪ੍ਰਤੇ ਰਿਖਿ ਮੱਤ ।
ਜੈਸੇ ਵੇਦ ਵਹੀਨ ਦਿਜ, ਹੀਨ ਲੋਈ ਮੇ ਸੱਤ । ੬ ॥

ਬਾਬੂ ਰਜਬ ਅਲੀ ਨੇ ਨਾ ਕੇਵਲ ਪਿੰਗਲ ਦੀ ਮਹਾਨਤਾ ਤੇ ਮਹਿਮਾ ਨੂੰ ਸਵੀਕਾਰਿਆ ਹੈ, ਸਗੋਂ ਉਹ ਆਪ ਪਿੰਗਲ ਆਚਰਿਯ ਸੀ । ਉਸ ਨੇ ਆਪ ਪਿੰਗਲ ਦੀ ਰਚਨਾ ਕੀਤੀ । ਰਜਬ ਅਲੀ ਦੇ ਉਸਤਾਦ ਕਵੀਸ਼ਰ ਮਾਨ ਸਿੰਘ ਦਾ ਵੀ ਪਿੰਗਲ ਦਾ ਅਧਿਐਨ ਡੂੰਘਾ ਤੇ ਵਿਸ਼ਾਲ ਸੀ । ਉਸ ਨੇ ਆਪਣੇ 63 ਸਾਲਾਂ ਦੇ ਲੰਬੇ ਅਭਿਆਸ ਨਾਲ ਛੰਦ ਉੱਤੇ ਪੂਰਾ ਅਧਿਕਾਰ ਸਥਾਪਿਤ ਕੀਤਾ । ਪਿੰਗਲ ਤੋਂ ਬਿਨਾਂ ਉਹ ਫ਼ਾਰਸੀ ਦੇ ਅਰੂਜ਼ ਤੇ ਅੰਗ੍ਰੇਜ਼ੀ ਮੀਟਰ ਵਿਚ ਵੀ ਗਹਿਰੀ ਦਿਲਚਸਪੀ ਰੱਖਦਾ ਸੀ :

ਬਾਬੂ ਜੀ ਪਿੰਗਲ-ਅੰਗਰੇਜ਼ੀ ਪੜਿਆ ਵਿਆ ।

(ਸੁੱਚਾ ਸਿੰਘ ਸੂਰਮਾ)

ਰਜਬ ਅਲੀ ਆਪਣੇ 'ਪਿੰਗਲ' ਵਿਚ ਪਿੰਗਲ ਦੀ ਉਪਮਾ ਇਸ ਤਰ੍ਹਾਂ ਕਰਦਾ ਹੈ :

ਟਗਣ ਦੇ ਤੇਰਾਂ ਅੱਠ ਠਗਣ ਡਗਣ ਪੰਜ,
ਢਗਣ ਤਿੰਨ ਤੇ ਣਗਨ ਦੋ ਕੁ ਰੂਪ ਹੈ ।
ਕਵਿਤਾ ਘੜੋਲਾ ਲੱਜ ਪਿੰਗਲ ਸਮਝ ਲੈਣਾ,
ਵਿਦਿਆ ਤਾਂ ਜਲ ਦਾ ਭਰਿਆ ਜਾਨੋ ਕੂਪ ਹੈ ।
ਪਿੰਗਲ ਛਤਰ ਛਾਇਆ ਰਖਦਾ ਕਵੀਸ਼ਰੀ 'ਤੇ,
ਪਿੰਗਲ ਬਗ਼ੈਰ ਲਗੇ ਕਵਿਤਾ ਕੋ ਧੂਪ ਹੈ ।
ਸੈਨਾ ਦੇ ਸਮਾਨ ਜੰਗ ਚਲਦਾ ਹੈ ਇਸ਼ਾਰਿਆਂ ਤੇ,
ਰਜਬ ਅਲੀ ਰਬ ਨੇ ਬਣਾਇਆ ਕਵੀ ਭੂਪ ਹੈ ।

(ਪਿੰਗਲ)

ਰਜਬ ਅਲੀ ਪਿੰਗਲ ਦਾ ਜਨਮ ਸ਼ੇਸ਼ਨਾਗ ਤੋਂ ਹੀ ਹੋਇਆ ਦਸਦਾ ਹੈ :

ਰੋਕੀ ਗਿਆ ਕ੍ਰਿਸ਼ਨ ਦੀ ਸਵਾਰੀ ਹੇਠਲਾ ।

Digitized by Panjab Digital Library | www.panjabdigilib.org

ਖੱਡ ਤੀਕ ਪਿੰਗਲ ਸੁਣਾਤਾ ਠੇਠ ਲਾ ।
ਪੁੱਛੀ ਗਿਆ ਗਰੜ ਬਾਬੂ ਸ਼ੇਸ਼ ਨਾਗ ਤੋਂ ।
ਜੀਵੇ ਗੁਰੂ ਹੰਸ ਬਣਾਤੇ ਕਾਗ ਤੋਂ ।

ਭਾਰਤੀ ਛੰਦ-ਵਿਧਾਨ ਤੇ ਕਵੀਸ਼ਰੀ ਦਾ ਘਿਉ-ਖਿਚੜੀ ਦਾ ਰਿਸ਼ਤਾ ਹੈ । ਕਵੀਸ਼ਰੀ-ਪਰੰਪਰਾ ਪਿੰਗਲ ਦੇ ਛੰਦਾਂ ਦੇ ਬੰਧਨ ਨੂੰ ਧਾਰਮਿਕ ਅਕੀਦੇ ਦੇ ਬੰਧਨ ਦੀ ਤਰ੍ਹਾਂ ਸਵੀਕਾਰ ਕਰਦੀ ਹੈ ਪਰ ਇਸ ਨੇ ਪਿੰਗਲ ਦੇ ਛੰਦਾਂ ਵਿਚ ਵਿਸਤਾਰ ਵੀ ਕੀਤਾ ਹੈ ਅਤੇ ਉਸ ਲਈ ਨਵੇਂ ਨਿਯਮ ਘੜ ਕੇ ਉਸ ਨੂੰ ਸਾਂਝੇ ਤੌਰ ਤੇ ਪ੍ਰਵਾਨ ਕੀਤਾ ਹੈ, ਜਿਵੇਂ ਡਿਉਢ ਤੇ ਬੈਂਤ ਛੰਦ ਵਿਚ । ਇਸ ਨਾਲ ਪਿੰਗਲ ਦਾ ਵਿਕਾਸ ਹੋਇਆ ਹੈ । ਕਵੀਸ਼ਰੀ-ਪਰੰਪਰਾ ਉੱਤੇ ਅਰੂਜ਼ ਦਾ ਪ੍ਰਭਾਵ ਵੀ ਮਿਲਦਾ ਹੈ ਪਰ ਕਵੀਸ਼ਰੀ ਨੇ ਉਸਦੇ ਵਿਧਾਨ ਨੂੰ ਮੁਕੰਮਲ ਤੌਰ 'ਤੇ ਸਵੀਕਾਰਿਆ ਨਹੀਂ । ਪੁਰਾਣੇ ਮੁਸਲਮਾਨ ਕਿੱਸਾਕਾਰਾਂ ਵਿਚ ਮਸਨਵੀ ਦੀ ਧਾਰਨਾ ਉੱਤੇ ਜਾਂ ਫਿਰ ਇੱਕੋ ਹੀ ਛੰਦ ਵਿੱਚ ਸਾਰਾ ਕਿੱਸਾ ਮੁਕੰਮਲ ਕਰਨ ਦੀ ਰੀਤ ਸੀ ਪਰ ਕਵੀਸ਼ਰੀ ਵਿਚ ਛੰਦ ਦੀ ਵੰਨ-ਸੁਵੰਨਤਾ ਨੂੰ ਜ਼ਿਆਦਾ ਪਹਿਲ ਦਿਤੀ ਗਈ । ਛੰਦ ਦੀ ਵਿਵਧਤਾ ਅਖਾੜੇ ਵਿਚ ਜੁੜੇ ਸਰੋਤਿਆਂ ਨੂੰ ਕੀਲਣ ਤੇ ਉਹਨਾਂ ਦੇ ਵਧੀਆ ਮਨੋਰੰਜਨ ਕਰਨ ਵਿਚ ਸਹਾਇਤਾ ਕਰਦੀ ਹੈ ਕਿਉਂਕਿ ਉਸ ਵਿਚ ਭਾਂਤ-ਭਾਂਤ ਦੇ ਲੋਕ ਹੁੰਦੇ ਹਨ । ਵਿਵਧਤਾ ਸਰੋਤਿਆਂ ਦੇ ਅਕੇਵੇਂ ਨੂੰ ਦੂਰ ਕਰਦੀ ਹੈ । ਕਵੀਸ਼ਰੀ ਵਿਚ ਵੀ ਕਲੀ, ਕਬਿੱਤ ਅਤੇ ਬੋਲੀ ਆਦਿ ਅਜਿਹੇ ਛੰਦ ਹਨ ਜਿਨਾਂ ਵਿਚ ਕਈ ਕਵੀਸ਼ਰਾਂ ਨੇ ਪੂਰੇ-ਪੂਰੇ ਕਿੱਸੇ ਲਿਖੇ ਹਨ । ਕਵੀਸ਼ਰੀ ਦੇ ਉਸਤਾਦਾਂ ਨੇ ਛੰਦ-ਪ੍ਰਣਾਲੀ ਤੋਂ ਬਿਨਾਂ ਲੋਕ-ਗੀਤ ਦੇ ਰੂਪਾਂ ਤੇ ਧੁਨਾਂ ਨੂੰ ਵੀ ਪੂਰੀ ਖੁੱਲ-ਦਿਲੀ ਤੇ ਜਨੂਨ ਨਾਲ ਅਪਣਾਇਆ ਹੈ । ਬਾਬੂ ਰਜਬ ਅਲੀ ਨੇ ਉਪਰਲੀਆਂ ਸਭ ਧਾਰਾਵਾਂ ਤੋਂ ਪੂਰਾ ਪੂਰਾ ਲਾਭ ਉਠਾਇਆ ਹੈ ਅਤੇ ਇਹਨਾਂ ਵਿਚ ਵਾਧਾ ਵੀ ਕੀਤਾ ਹੈ । ਬਾਬੂ ਜੀ ਦੀਆਂ ਰਚਨਾਵਾਂ ਵਿਚ ਜੋ ਛੰਦ ਵਰਤੇ ਗਏ ਹਨ ਉਹਨਾਂ ਨੂੰ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

(ੳ) **ਪਿੰਗਲ ਦੇ ਛੰਦ :**
ਦੋਹਿਰਾ, ਮੁਕੰਦ, ਔੜਾ, ਕਬਿੱਤ, ਬੈਂਤ, ਡਿਉਢ, ਦਵੈਯਾ, ਕੋਰੜਾ, ਸੱਦ ਆਦਿ ।

(ਅ) **ਪਿੰਗਲ ਵਿਚ ਵਿਸਤਾਰ ਕੀਤੇ ਛੰਦ :**
ਡੂਢਾ, ਢਾਈਆ, ਮਨੋਹਰ ਭਵਾਨੀ, ਰਘਬੀਰ, ਦੋ ਭਾਗ ਆਦਿ ।

(ੲ) **ਲੋਕ-ਗੀਤਾਂ ਉੱਤੇ ਆਧਾਰਿਤ ਛੰਦ :**
ਕਲੀ, ਝੋਕ ਚਾਲ, ਦੋਤਾਰਾ ਡੂਢਾ, ਬੋਲੀ, ਗੱਡੀ, ਤਰਜ਼ ਕਮਾਨੀ, ਤਰਜ਼-ਅਮੋਲਿਕ, ਤਰਜ਼, ਸ਼ਬਦ, ਆਦਿ ।

(ਸ) **ਨਵੇਂ ਈਜਾਦ ਕੀਤੇ ਛੰਦ**
ਬਾਬੂ ਚਾਲ, ਬਹੱਤਰ ਕਲਾ, ਬਾਹਠ ਕਲਾ, ਤਰਜ਼, ਪੰਦਰੀ, ਸੋਲਾਂ ਅੱਖਰਾ ਛੰਦ ।

ਬਾਬੂ ਰਜਬ ਅਲੀ ਦੇ ਛੰਦ ਪ੍ਰਯੋਗ ਨੂੰ ਵੇਖਦਿਆਂ ਇਹ ਧਿਆਨ ਸਹਿਜੇ ਹੀ ਆਉਂਦਾ ਹੈ ਕਿ ਉਸਨੇ ਪਿੰਗਲ ਦੇ ਸ਼ੁਧ ਛੰਦ ਘੱਟ ਵਰਤੇ ਹਨ ਪਰ ਦੂਜੀਆਂ ਵੰਨਗੀਆਂ ਦੇ ਛੰਦਾਂ ਨੂੰ ਵਧੇਰੇ ਸਫਲਤਾ ਨਾਲ ਵਰਤਿਆ ਹੈ । ਪਿੰਗਲ ਦੇ ਸ਼ੁਧ ਛੰਦਾਂ ਵਿਚ ਮੁਕੰਦ ਉਸ ਦਾ ਸਭ ਤੋਂ ਪਿਯ ਛੰਦ ਹੈ । ਕਵੀਸ਼ਰੀ-ਪਰੰਪਰਾ ਵਿਚ ਛੰਦ ਵਿਚ ਕੁਝ ਹੋਰ ਰਲਾ ਮਿਲਾ ਕੇ ਵਿਸਤਾਰ

Digitized by Panjab Digital Library | www.panjabdigilib.org

ਕਰਨ ਦੀ ਪਰੰਪਰਾ ਮੌਜੂਦ ਸੀ। ਕਵੀਸ਼ਰ ਸੰਪੂਰਨ ਸਿੰਘ ਰਾਮਾ,[3] ਚੰਦ ਸਿੰਘ ਮਰਾੜ੍[4] ਤੇ ਮਾਘੀ ਸਿੰਘ[5] ਨੇ ਕ੍ਰਮਵਾਰ ਮਨੋਹਰ ਭਵਾਨੀ ਛੰਦ, ਝੋਕ ਤੇ ਡੂਢਾ ਛੰਦ ਨੂੰ ਆਪਣੀ ਪ੍ਰਤਿਭਾ ਨਾਲ ਵਿਸਤਾਰ ਦਿਤਾ ਜੋ ਬਾਅਦ ਵਿਚ ਕਵੀਸ਼ਰਾਂ ਵਿਚ ਪ੍ਰਚਲਤ ਹੋਇਆ। ਬਾਬੂ ਰਜਬ ਅਲੀ ਨੇ ਵੀ ਇਹਨਾਂ ਛੰਦਾਂ ਨੂੰ ਖੁਲ੍ਹੇ ਦਿਲ ਨਾਲ ਆਪਣੀਆਂ ਰਚਨਾ ਵਿਚ ਅਪਣਾਇਆ ਹੈ। ਲੋਕ-ਗੀਤਾਂ ਤੇ ਲੋਕ-ਧੁਨਾਂ ਉੱਤੇ ਰਜਬ ਅਲੀ ਨੇ ਬਹੁਤ ਰਚਨਾ ਕੀਤੀ। ਉਸ ਨੇ ਪਹਿਲੀ ਵੇਰ ਕਲੀ ਨੂੰ ਦਸਮ ਪਾਤਸ਼ਾਹ ਨਾਲ ਸੰਬੰਧਿਤ ਰਚਨਾ ਲਈ ਵਰਤਿਆ। ਉਸ ਦੀ ਕਲੀ ਦਾ ਮੁਖੜਾ ਵੀ ਕਲੀ-ਪਰੰਪਰਾ ਤੋਂ ਵੱਖਰਾ ਹੈ। ਇਸ ਦੀ ਕਲੀ ਦਾ ਮੁਖੜਾ ਵੀ ਚਾਰ ਚਰਣ ਵਾਲਾ ਹੁੰਦਾ ਹੈ ਅਤੇ ਤੋੜਾ ਵੀ ਆਮ ਤੋਰ ਤੇ ਚਾਰ ਚਰਣ ਦਾ ਹੁੰਦਾ ਹੈ। ਰਾਮ ਸਿੰਘ ਜੰਗੀਰਾਣੇ ਦੀ ਕਲੀ ਦਾ ਤੋੜਾ ਬਹੁਤ ਲੰਬਾ ਹੁੰਦਾ ਹੈ, 20–20 ਚਰਣ ਦਾ। ਬਾਬੂ ਰਜਬ ਅਲੀ ਕਲੀ ਦੇ ਮੁਖੜੇ ਵਿਚ ਕਲੀ ਦੀ ਪਹਿਲੀ ਅਰਧ ਪੰਗਤੀ ਨੂੰ ਲੈ ਕੇ ਤਿੰਨ ਹੋਰ ਚਰਣ ਜੋੜਦਾ ਹੈ, ਜਿਵੇਂ :

ਕਲੀ ਦਾ ਮੁਖੜਾ :

ਪਹਿਲਾਂ ਅੰਮ੍ਰਿਤਸਰ ਨੂੰ ਸੁਧਾਸਰ ਕਹਿੰਦੇ ਸੀ
ਕਹਾਂ ਸਿਫਤ ਪਵਿਤਰ ਤਾਲ ਦੀ
ਵਿਚ ਮੰਦਰ ਸੋਹਣਾ ਸਵਰਨ ਦਾ
ਪਿਆ ਜਗ ਮਗ ਜਗ ਮਗ ਕਰਦਾ ਹੈ।

ਕਲੀ :

ਪਹਿਲਾਂ ਅੰਮ੍ਰਿਤਸਰ ਨੂੰ ਸੁਧਾਸਰ ਕਹਿੰਦੇ ਸੀ,
ਛੋਟੇ ਬੜੇ ਪੈਂਦੇ ਸੀ ਬਾਰਸ਼ ਦੇ ਖਾਲੇ।.........

(ਰਜਬ ਅਲੀ)

ਮੁਖੜੇ ਵਿਚ ਕਲੀ ਦੇ ਭਾਵ ਅਨੁਸਾਰ ਸਰੋਤਿਆਂ ਦੇ ਮਨ ਵਿਚ ਜ਼ਮੀਨ ਤਿਆਰ ਕੀਤੀ ਜਾਂਦੀ ਹੈ ਤਾਂ ਕਿ ਉਸ ਦਾ ਪ੍ਰਭਾਵ ਦੂਣਾ ਹੋਵੇ ਤੇ ਅਖਾੜੇ ਦਾ ਰੰਗ ਬੱਝ ਸਕੇ। ਇਸੇ ਤਰਾਂ ਕਲੀ ਦਾ ਤੋੜਾ ਵੀ ਕਲੀ ਦੇ ਪ੍ਰਭਾਵ ਨੂੰ ਜੋਰਦਾਰ ਢੰਗ ਨਾਲ ਸਮੇਟਣ ਦਾ ਹੁੰਦਾ ਹੈ। ਕਲੀ ਵਿਚ ਮੁਖੜਾ ਤੇ ਤੋੜਾ ਢਾਡੀਆਂ ਦੇ ਪ੍ਰਭਾਵ ਨਾਲ ਆਰੰਭ ਹੋਏ। ਬਾਬੂ ਜੀ ਦੀ ਕਲੀ ਦੇ ਮੁਖੜੇ ਤੇ ਤੋੜੇ ਬਹੁਤ ਠੁੱਕਦਾਰ ਹੁੰਦੇ ਹਨ।

ਬਾਬੂ ਜੀ ਨੇ ਲੋਕ-ਗੀਤਾਂ ਉੱਤੇ ਅਧਾਰਿਤ ਛੰਦ ਜਿਵੇਂ ਤਰਜ਼ ਛੰਦ ਨੂੰ ਬਹੁਤ ਕਿੱਸਿਆਂ ਵਿਚ ਵਰਤਿਆ ਹੈ। ਇਹ ਭੰਗੜੇ ਦੀ ਬੋਲੀ ਨੂੰ ਹੀ ਇਕ ਨਿਯਮਬੱਧ ਚਾਲ ਵਿਚ ਢਾਲ ਕੇ ਬਣਾਇਆ ਗਿਆ ਹੈ।

### 3. ਨਵੇਂ ਈਜ਼ਾਦ ਕੀਤੇ ਛੰਦ

ਬਾਬੂ ਰਜਬ ਅਲੀ ਨੂੰ 'ਕਵੀਸ਼ਰ ਸ਼੍ਰੋਮਣੀ' ਦਾ ਖਿਤਾਬ ਉਸ ਦੇ ਨਵੇਂ ਛੰਦ 'ਬਾਬੂ ਚਾਲ' ਕਾਢ ਉੱਤੇ ਹੀ ਦਿਤਾ ਗਿਆ ਸੀ। ਪਿੰਗਲ ਤੋਂ ਬਾਹਰ ਆਪ ਕਾਰਗਾਰ ਛੰਦ ਦੀ ਘਾੜਤ ਕਰਨਾ ਕਿਸੇ ਕਵੀ ਲਈ ਬਹੁਤ ਵੱਡੀ ਮਾਨ ਦੀ ਗੱਲ ਹੈ। ਬਾਬੂ ਜੀ ਦੇ ਨਵੇਂ ਘੜੇ ਛੰਦਾਂ ਦੀ ਸੰਖੇਪ ਪਛਾਣ ਅਤਿ ਜ਼ਰੂਰੀ ਹੈ :

Digitized by Panjab Digital Library | www.panjabdigilib.org

## (ੳ) ਬਾਬੂ ਚਾਲ ਛੰਦ

'ਬਾਬੂ ਚਾਲ' ਛੰਦ ਦਾ ਨਾਮਕਰਣ ਬਾਬੂ ਜੀ ਦੇ ਆਪਣੇ ਉਪਨਾਮ ਉੱਤੇ ਹੈ। ਕਵੀਸ਼ਰੀ ਵਿਚ ਚਾਲ ਛੰਦ ਨੂੰ ਆਖਦੇ ਹਨ ਜਿਵੇਂ 'ਝੋਕ ਚਾਲ'। 'ਬਾਬੂ ਚਾਲ' ਇੱਕ ਵਰਣਕ ਛੰਦ ਹੈ ਜਿਸ ਦੇ ਦੋ ਚਰਣ ਹੁੰਦੇ ਹਨ। ਹਰ ਚਰਣ ਵਿਚ 27 ਵਰਣ ਅਤੇ 27 ਵਰਣਾਂ ਨੂੰ 13+7+7 ਭਾਗਾਂ ਵਿਚ ਵੰਡਿਆ ਜਾਂਦਾ ਹੈ। ਪਹਿਲੇ ਚਰਣ ਦਾ ਪਹਿਲਾ, ਦੂਜਾ ਤੇ ਤੀਜਾ ਵਿਸ਼ਰਾਮ ਦੂਜੇ ਚਰਣ ਦੇ ਕ੍ਰਮ ਵਾਰ ਪਹਿਲੇ, ਦੂਜੇ ਤੇ ਤੀਜੇ ਵਿਸ਼ਰਾਮ ਨਾਲ ਅਨੁ-ਪਰਾਸ ਮਿਲਦੇ ਹਨ। ਹਰ ਚਰਣ ਦੇ ਹਰ ਵਿਸਰਾਮ ਦੇ ਅੰਤ ਵਿਚ ਗੁਰੂ ਹੋਣਾ ਜ਼ਰੂਰੀ ਹੈ। ਇਸ ਛੰਦ ਦੀ ਹਰ ਛੰਦ ਵਾਂਗ ਵਿਸ਼ੇਸ਼ ਗਾਇਣ ਵਿਧੀ ਹੈ। ਇਸ ਛੰਦ ਦੀ ਚਾਲ ਵਿਚ ਘੋੜੀ ਦੀ ਰੇਵੀਆ ਚਾਲ ਵਰਗੀ ਮਟਕ ਹੈ। ਬਾਬੂ ਚਾਲ ਛੰਦ ਦਾ ਨਮੂਨਾ ਇਸ ਪ੍ਰਕਾਰ ਹੈ :

| | | | |
|---|---|---|---|
| ਲਾਲ ਵਾਂਗੂ ਦਗਦਾ ਸਰੂ ਦਾ ਕੱਦ ਨੀ | = | 13 ਵਰਣ | |
| ਪਾਵਾਂ ਨਾ ਮਲਾਜੇ ਨੂੰ | = | 7 ਵਰਣ | |
| ਹੈ ਜਵਾਬ ਭੈਣੇ ਨੀ। | = | 7 ਵਰਣ | = ਕੁੱਲ 27 ਵਰਣ |
| ਤੇਰਾ ਰੂਪ ਮਹਾਰਾਣੀਆਂ ਤੋਂ ਵੱਧ ਨੀ | = | 13 ਵਰਣ | |
| ਪੱਟ ਦੇਗੀਂ ਰਾਜੇ ਨੂੰ | = | 7 ਵਰਣ | |
| ਨਖਰੇਲੋ ਨੈਣੇ ਨੀ। | = | 7 ਵਰਣ | = ਕੁੱਲ 27 ਵਰਣ |

## (ਅ) ਬਹੱਤਰ ਕਲਾ ਛੰਦ

'ਬਹੱਤਰ ਕਲਾ' ਰਜਬ ਅਲੀ ਦੀ ਸਭ ਤੋਂ ਵਧੀਆ ਛੰਦ ਕਾਢ ਹੈ। ਇਸ ਛੰਦ ਵਿਚ ਸਿਰਤੋੜ ਭੱਜਦੇ ਸੁੰਬਾਂ ਦੀ ਆਵਾਜ਼ ਤੇ ਪਾਣੀ ਉੱਤੇ ਚਲਦੇ ਨਾਗ ਦੀ ਰਵਾਨੀ ਹੈ। ਇਸ ਵਿਚ ਨਿੱਕੇ ਨਿੱਕੇ ਚੁਸਤ ਤੇ ਫ਼ੁਰਤੀਲੇ ਫਿਕਰੇ ਹੁੰਦੇ ਹਨ। ਇਹ ਛੰਦ ਬਾਬੂ ਜੀ ਨੇ ਪਾਕਿਸਤਾਨ ਜਾਣ ਤੋਂ ਪਿੱਛੋਂ ਘੜਿਆ ਸੀ। ਇਸ ਦੇ ਗਾਇਨ ਦੀ ਵਿਧੀ ਇਸ ਦੇ ਚੇਲਿਆਂ ਨੇ ਅਭਿਆਸ ਦੇ ਦੌਰਾਨ ਕੱਢੀ ਅਤੇ ਹੌਲੀ ਹੌਲੀ ਇਹ ਧਾਰਨਾ ਪ੍ਰਮਾਣਿਕ ਰੂਪ ਧਾਰ ਗਈ। 'ਬਹੱਤਰ ਕਲਾ' ਦਾ ਨਾਮਕਰਣ ਇਸ ਛੰਦ ਦੇ ਪਹਿਲੇ ਹਿੱਸੇ ਦੀਆਂ ਮਾਤਰਾਂ 72 ਹੋਣ ਕਰ ਕੇ ਪਿਆ। 'ਕਲਾ' ਸ਼ਬਦ ਇੱਥੇ ਛੰਦ ਦੀਆਂ ਮਾਤਰਾਂ ਨੂੰ ਪ੍ਰਗਟ ਕਰਨ ਲਈ ਹੈ। 'ਬਹੱਤਰ-ਕਲਾ' ਛੰਦ ਵਿਚ ਆਪਣੀ ਠੁੱਕ ਤੇ ਠਾਠ ਹੈ। ਇਹ ਛੰਦ ਬਿਰਤਾਂਤਕ ਕਵਿਤਾ ਕਹਿਣ ਲਈ ਤੇ ਬੀਰ-ਰਸੀ ਤੇ ਸ਼ਿੰਗਾਰ-ਕਵਿਤਾ ਕਹਿਣ ਲਈ ਬਹੁਤ ਢੁਕਵਾਂ ਹੈ। ਇਸ ਵਿਚ ਲੋਹੜੇ ਦੀ ਰਵਾਨੀ ਹੈ ਤੇ ਕਹਿਰਾਂ ਦਾ ਜਾਦੂ ਹੈ। ਬਾਬੂ ਜੀ ਨੇ ਪਹਿਲਾਂ ਇਸ ਦਾ ਹੋਰ ਨਾਂ 'ਤਰਜ਼' ਤੇ 'ਕਲਕੱਤਾ ਡਾਕ ਮੇਲ' ਰੱਖਿਆ ਸੀ। ਵਾਸਤਵ ਵਿਚ ਇਸ ਛੰਦ ਦੀਆਂ 122 ਮਾਤਰਾਂ ਹਨ। ਇਸ ਦੇ ਪਹਿਲੇ ਹਿੱਸੇ ਵਿਚ 72 ਅਤੇ ਦੂਜੇ ਹਿੱਸੇ ਵਿਚ 50 ਮਾਤਰਾਂ ਹਨ। ਇਸ ਛੰਦ ਦੇ ਦੋ ਭਾਗ ਹਨ ਅਤੇ ਕੁੱਲ 12 ਚਰਨ ਹਨ। ਪਹਿਲੇ ਭਾਗ ਵਿਚ ਸੱਤ ਚਰਣ ਤੇ ਦੂਜੇ ਵਿਚ ਪੰਜ। ਪਹਿਲੇ ਭਾਗ ਦੇ ਸੱਤਾਂ ਚਰਣਾਂ ਦੀ ਮਾਤਰਾਂ ਦੀ ਗਿਣਤੀ ਕ੍ਰਮ ਅਨੁਸਾਰ 14+12+10+9+10+8+9 = 72 ਹਨ। ਦੂਜੇ ਭਾਗ ਦੀਆਂ ਅੱਠਵੇਂ ਚਰਣ ਤੋਂ ਬਾਰਵੇਂ ਚਰਣ ਤੱਕ ਕ੍ਰਮਵਾਰ ਮਾਤਰਾਂ 12+10+9+10+9=50 ਹਨ। ਇਸ

Digitized by Panjab Digital Library | www.panjabdigilib.org

ਛੰਦ ਦੇ ਦੂਜੇ ਚਰਣ ਦੇ ਤੀਜੇ ਨਾਲ, ਚੌਥੇ ਦੇ ਪੰਜਵੇਂ ਨਾਲ, ਸੱਤਵੇਂ ਦੇ ਬਾਰ੍ਹਵੇਂ ਅਤੇ ਨੌਵੇਂ ਦੇ ਦਸਵੇਂ ਚਰਣ ਨਾਲ, ਤੁਕਾਂਤ ਮਿਲਦੇ ਹਨ। ਅਰਥਾਤ 2-3, 4-5, 7-12, 9-10, ਚਰਣਾਂ ਦੇ ਤੁਕਾਂਤ ਮਿਲਦੇ ਹਨ। ਜਿਹੜੇ ਚਰਣਾਂ ਦੇ ਤੁਕਾਂਤ ਨਹੀਂ ਮਿਲਦੇ ਉਹ 1,6,8,11, ਹਨ। ਇਸ ਛੰਦ ਦੇ ਹਰ ਚਰਣ ਦਾ ਅੰਤ ਗੁਰੂ ਹੁੰਦਾ ਹੈ ਅਤੇ 7 ਵੇਂ 12ਵੇਂ ਚਰਣ ਦੀਆਂ ਮਾਤਰਾਂ ਦੇ ਅਨੁਪਰਾਸ ਮਿਲਣਾ ਜ਼ਰੂਰੀ ਹੈ, ਜਿਵੇਂ :

### ਬਹੱਤਰ ਕਲਾ ਛੰਦ

| | | | | |
|---|---|---|---|---|
| ਚਰਣ 1. | ਦਸਮੇਸ਼ ਹੋਰਾਂ ਨੇ ਜੀ | = | 13 ਮਾਤਰਾਂ | |
| ਚਰਣ 2. | ਤੇਜ਼ ਜੇ ਘੋੜੇ | = | 10 ਮਾਤਰਾਂ | |
| ਚਰਣ 3. | ਦਰਿਆ ਵੱਲ ਮੋੜੇ | = | 10 ਮਾਤਰਾਂ | |
| ਚਰਣ 4. | ਮਾਰ ਕੇ ਛਾਲਾਂ | = | 9 ਮਾਤਰਾਂ | |
| ਚਰਣ 5. | ਬੰਨ ਲੀਆਂ ਪਾਲਾਂ | = | 11 ਮਾਤਰਾਂ | |
| ਚਰਣ 6. | ਨਿਕਲ ਕੇ ਬਾਹਰ | = | 10 ਮਾਤਰਾਂ | |
| ਚਰਣ 7. | ਨਿਚੋੜੇ ਕੱਪੜੇ। | = | 9 ਮਾਤਰਾਂ | =72 ਮਾਤਰਾਂ |
| ਚਰਣ 8. | ਘੱਟ ਹੰਡਰਡ ਨਾਲੋਂ ਜੀ | = | 13 ਮਾਤਰਾਂ | |
| ਚਰਣ 9. | ਬੜੇ ਬਲਵਾਨ | = | 8 ਮਾਤਰਾਂ | |
| ਚਰਣ 10. | ਕਾਰਮੇ ਜੁਆਨ | = | 9 ਮਾਤਰਾਂ | |
| ਚਰਣ 11. | ਪੰਜਾਹ ਸੱਠ ਸੱਤਰ | = | 11 ਮਾਤਰਾਂ | |
| ਚਰਣ 12. | ਗੜੀ ਵਿਚ ਅੱਪੜੇ। | = | 9 ਮਾਤਰਾਂ | =50 ਮਾਤਰਾਂ |
| | ਕੁੱਲ | = | 72+50=122 ਮਾਤਰਾਂ | |

### ਬਾਹਠ ਕਲਾ ਛੰਦ

| | | | | |
|---|---|---|---|---|
| ਚਰਣ 1. | ਸੁਣੋ ਅਰਜ਼ ਸਿਆਣਿਆਂ ਦੀ | = | 14 ਮਾਤਰਾਂ | |
| ਚਰਣ 2. | ਗਭਰੂਓ ਲਵਿਓ | = | 9 ਮਾਤਰਾਂ | |
| ਚਰਣ 3. | ਕਦੇ ਨਹੀ ਦਖਿਓ | = | 10 ਮਾਤਰਾਂ | |
| ਚਰਣ 4. | ਕੁੱਤੇ ਦੁੱਧ ਲੱਕ ਗਏ | = | 11 ਮਾਤਰਾਂ | |
| ਚਰਣ 5. | ਮਾਰਦੇ ਥੱਕ ਗਏ | = | 11 ਮਾਤਰਾਂ | |
| ਚਰਣ 6. | ਕਵੀਸ਼ਰ ਵਾਜ਼ਾਂ। | = | 9 ਮਾਤਰਾਂ | 62 ਮਾਤਰਾਂ |
| ਚਰਣ 7. | ਆਈਆਂ ਨੀਦਰਾਂ ਗੂੜੀਆਂ ਜੀ | = | 19 ਮਾਤਰਾਂ | |
| ਚਰਣ 8. | ਤੁਰਤ ਪੱਟ ਅੱਖ ਲਓ | = | 10 ਮਾਤਰਾਂ | |
| ਚਰਣ 9. | ਸੂਰਮਿਓਂ ਰੱਖ ਲਓ | = | 10 ਮਾਤਰਾਂ | |
| ਚਰਣ 10. | ਦੇਸ਼ ਦੀਆਂ ਲਾਜਾਂ। | = | 11 ਮਾਤਰਾਂ | =50 ਮਾਤਰਾਂ |
| | ਕੁੱਲ | = | 62+50=112 ਮਾਤਰਾਂ | |

Digitized by Panjab Digital Library | www.panjabdigilib.org

ਬਾਹਠ ਕਲਾ ਛੰਦ ਦੇ ਕੁੱਲ 10 ਚਰਣ ਹੁੰਦੇ ਹਨ। ਪਹਿਲੇ 6 ਚਰਣਾਂ ਦਾ ਇੱਕ ਭਾਗ ਜਿਸ ਦੀਆਂ ਮਾਤਰਾਂ ਦਾ ਜੋੜ 62 ਬਣਦਾ ਹੈ। ਪਹਿਲੇ ਭਾਗ ਦੇ ਅੰਤਲੇ ਚਰਣ ਤੇ ਦੂਜੇ ਭਾਗ ਦੇ ਅੰਤਲੇ ਚਰਣ ਦੇ ਤੁਕਾਂਤ ਮਿਲਦੇ ਹਨ। ਇਸ ਵਿਚ 2-3, 4-5, 6-10, 8-9, ਚਰਣਾਂ ਤੇ ਤੁਕਾਂਤ ਮਿਲਦੇ ਹਨ। ਪਹਿਲੇ ਸੱਤਵੇਂ ਚਰਣ ਦਾ ਤੁਕਾਂਤ ਨਹੀਂ ਮਿਲਦਾ। ਹਰ ਚਰਣ ਦਾ ਅੰਤ ਗੁਰੂ ਹੁੰਦਾ ਹੈ।

(ੲ) ਪੰਦਰੀ

ਬਾਬੂ ਰਜਬ ਅਲੀ ਨੇ ਇਹ ਛੰਦ ਨਵਾਂ ਘੜਿਆ ਜੋ ਵਰਣਕ ਛੰਦ ਹੈ। ਇਸ ਦੇ ਹਰ ਚਰਣ ਦੇ ਵਰਣਾਂ ਦੀ ਸੰਖਿਆ ਪੰਦਰਾਂ ਹੁੰਦੀ ਹੈ, ਅਤੇ ਅੰਤ ਲਘੂ ਗੁਰੂ ਹੁੰਦਾ ਹੈ। ਇਸ ਛੰਦ ਦਾ ਨਾਮਕਰਣ ਵੀ ਇਸ ਦੀ ਵਰਣਾਂ ਦੀ ਗਿਣਤੀ ਕਰ ਕੇ 'ਪੰਦਰੀ' ਪਿਆ ਹੈ। ਇਸ ਦੇ ਪਹਿਲੇ ਦੂਜੇ, ਤੀਜੇ ਚੌਥੇ ਚਰਣਾਂ ਦਾ ਤੁਕਾਂਤ ਮਿਲਦਾ ਹੈ, ਜਿਵੇਂ :

ਬਾਬੂ ਦੇਖਿਆ ਦੁਰੇਡਿਓਂ ਪਹਾੜ ਹੋਰ ਜੀ। = 15 ਵਰਣ
ਫੁੱਲ ਰਹੇ ਨੇ ਮਹਿਕ ਵੱਜੇ ਚਲਕੋਰ ਜੀ। = 15 ਵਰਣ
ਸਿੱਲਾਂ ਚਿੱਟੀਆਂ ਬਰਫ ਨਾਲ ਢਕੀਆਂ ਪਈਆਂ। = 15 ਵਰਣ

(ਸ) ਸੋਲਾਂ ਅੱਖਰਾ ਛੰਦ

ਬੁੱਢੇ ਗਭਰੂ ਬਾਲ, ਬੁੜੀ ਕੁੜੀਆਂ ਗਾਮ ਦੀਆਂ। = 16 ਵਰਣ
ਕਰਨ ਉਡੀਕਾਂ ਜਿਵੇਂ ਅਯੁਧਿਆ ਰਾਮ ਦੀਆਂ। = 16 ਵਰਣ
ਗੋਕਲ ਪਈ ਵੈਰਾਗੀ, ਜਿਵੇਂ ਕਿਸ਼ਨ ਮੁਰਾਰੀ ਨੂੰ। = 17 ਵਰਣ
ਦੇ ਦਰਸ਼ਨ ਇਕ ਵਾਰੀ, ਮਿਲ ਦਿਲਦਾਰਾ ਨੂੰ। = 16 ਵਰਣ

ਇਹ ਵਰਣਕ ਛੰਦ ਹੈ, ਜਿਸ ਦੇ ਹਰ ਚਰਣ ਵਿਚ 16 ਵਰਣ ਹੁੰਦੇ ਹਨ। ਪਹਿਲੇ, ਦੂਜੇ ਤੇ ਤੀਜੇ ਚੌਥੇ ਚਰਣ ਦਾ ਤੁਕਾਂਤ ਮਿਲਦਾ ਹੈ। ਇਸ ਦੇ ਅੰਤ ਵਿਚ ਗੁਰੂ ਹੁੰਦਾ ਹੈ। ਵਰਣਾਂ ਦੀ ਗਿਣਤੀ ਸੋਲਾਂ ਹੋਣ ਕਾਰਨ ਇਸ ਦਾ ਨਾਂ 'ਸੋਲਾਂ ਅੱਖਰਾ ਛੰਦ' ਪਿਆ।

ਬਾਬੂ ਰਜਬ ਅਲੀ ਦੀਆਂ ਪਹਿਲੀਆਂ ਰਚਨਾਵਾਂ ਦੇ ਛੰਦ ਸਾਦੇ ਹਨ। ਛੰਦ ਦੀ ਸ਼ਿਲਪ-ਕਾਰੀ ਤੇ ਕਲਾਬਾਜ਼ੀ ਉਸ ਦੀਆਂ ਮਗਰਲੀਆਂ ਰਚਨਾਵਾਂ ਵਿਚ ਵਧੇਰੇ ਹੈ। ਬਾਬੂ ਜੀ ਦੀਆਂ ਪਹਿਲੀਆਂ ਰਚਨਾਵਾਂ ਵਧੇਰੇ ਕਰ ਕੇ ਇਸ਼ਕ ਤੇ ਡਾਕੂਆਂ ਵੈਲੀਆਂ ਨਾਲ ਸੰਬਧਿਤ ਹਨ ਜਦੋਂ ਪਾਕਿਸਤਾਨ ਵਿਚ ਜਾ ਕੇ ਉਸਨੇ ਵਧੇਰੇ ਸਿਰੜ, ਸੰਜਮ, ਸਾਧਨਾ ਨਾਲ ਸਿੱਖ-ਇਤਿਹਾਸ ਤੇ ਹਿੰਦੂ-ਮਿਥਿਹਾਸ ਨੂੰ ਛੰਦਬੱਧ ਕੀਤਾ। ਉਸ ਸਮੇਂ ਤਕ ਬਾਬੂ ਜੀ ਨੂੰ ਛੰਦ ਦਾ ਪੂਰਾ ਬੋਧ, ਭਾਸ਼ਾ ਉੱਤੇ ਪੂਰਾ ਅਧਿਕਾਰ, ਵਤਨ ਦੀ ਮੁਹੱਬਤ ਦਾ ਤਰਸੇਵਾਂ, ਭਾਵ ਉੱਤੇ ਵਸੀਕਰਣ ਹੋ ਗਿਆ ਸੀ। ਬਾਬੂ ਨੇ ਪਰੌਢ ਉਮਰ ਵਿਚ ਪਕੇਰੀਆਂ ਤੇ ਕਲਾਤਮਿਕ ਰਚਨਾਵਾਂ ਲਿਖੀਆਂ। ਉਸ ਨੇ ਚੱਕ ਨੰਬਰ 32 ਜ਼ਿਲ੍ਹਾ ਮਿੰਟਗੁਮਰੀ (ਪਾਕਿਸਤਾਨ) ਵਿਚ ਨੌਕਰੀ ਤੋਂ ਰੀਟਾਇਰ ਹੋ ਕੇ ਬਹੁਤ ਜਾਨ ਮਾਰ ਕੇ ਕਾਵਿ-ਸਾਧਨਾ ਕੀਤੀ। ਇਹ ਉਸੇ ਦਾ ਫਲ ਹੈ ਕਿ ਬਾਬੂ ਜੀ ਦਾ ਸ਼ੁਮਾਰ ਅੱਜ ਚੋਟੀ ਦੇ ਕਵੀਸ਼ਰਾਂ ਵਿਚ ਹੁੰਦਾ ਹੈ। ਬਾਬੂ ਜੀ ਨੇ ਵੈਸੇ ਤਾਂ ਆਪਣੀ ਤਮਾਮ ਉਮਰ, ਪਰ ਪਾਕਿਸਤਾਨ ਵਿਚਲੀ ਵਿਸ਼ੇਸ਼ ਰੂਪ ਵਿਚ, ਕਵੀਸ਼ਰੀ ਨੂੰ ਅਰਪਣ ਕੀਤੀ ਜਿਸ ਨੂੰ ਚਿਤਵ ਕੇ ਇਨਸਾਨ ਦੰਗ ਰਹਿ ਜਾਂਦਾ ਹੈ। ਉਸਨੇ ਆਪਣੇ ਸੌ ਦੇ ਕਰੀਬ ਚੇਲਿਆਂ ਨੂੰ ਸੈਂਕੜੇ ਵਾਰ

Digitized by Panjab Digital Library | www.panjabdigilib.org

ਆਪਣੀਆਂ ਰਚਨਾਵਾਂ ਨੂੰ ਆਪਣੇ ਹੱਥ ਨਾਲ ਲਿਖ ਕੇ ਭੇਜੀਆਂ ਜੋ ਬਹੁਤ ਕਠਨ ਕੰਮ ਹੈ। ਬਾਬੂ ਰਜਬ ਅਲੀ ਨੇ ਆਪਣੇ ਕਾਵਿ ਦੀ ਸਿਰਜਣ ਪ੍ਰਕ੍ਰਿਆ ਉੱਤੇ ਰੋਸ਼ਨੀ ਪਾਈ ਹੈ, ਜੋ ਕਿਸੇ ਵੀ ਸਾਹਿਤ ਰਸੀਏ ਲਈ ਬਹੁਤ ਲਾਹੇਵੰਦ ਸਿੱਧ ਹੋ ਸਕਦੀ ਹੈ[6] :

> "ਜਬ ਘਰ ਪਰ ਹੋਤਾ ਹੂੰ ਤੋ ਬਾਗ਼ ਮੇਂ ਬੈਠਾ ਰਹਿਤਾ ਹੂੰ। ਉਧਰ ਕੋਇਲ ਗਾਤੀ ਹੈ। ਪਪੀਹਾ ਸਾਜ਼ ਬਜਾਤਾ ਹੈ। ਇਧਰ ਪੈਰ੍ਹੇ ਫ਼ਿਕਰੇ ਗੂੰਜਣੇ ਲਗਤੇ ਹੈ। ਕਵਿਤਾ ਬਨਾਨੇ ਮੇਂ ਸੋਨੇ ਪਰ ਸੁਹਾਗੇ ਕਾ ਕਾਮ ਦੇਤੇ ਹੈਂ।...
>
> ...ਪਹਿਲੇ ਅੰਧੇਰੇ ਮੇਂ ਕੁਛ ਰੋਸ਼ਨੀ ਨਜ਼ਰ ਆਤੀ ਹੈ। ਫ਼ਿਰ ਰੋਸ਼ਨੀ ਮੇਂ ਫੂਟੇ ਹਰਫ਼ ਦਿਖਾਈ ਦੇਤੇ ਹੈ। ਫ਼ਿਰ ਅਹਿਸਤਾ ਫ਼ਿਕਰੇ ਬਣ ਜਾਤੇ ਹੈਂ। ਫ਼ਿਰ ਪਿੰਗਲ ਔਰ ਗਰਾਮਰ ਦੀ ਮਦਦ ਸੇ ਤਰਜ਼ ਯਾ ਛੰਦ ਕੇ ਸਾਂਚੇ ਮੇਂ ਢਾਲ ਦੀਆ ਜਾਤਾ ਹੈ।"

### 4. ਆਂਚਲਿਕ ਬਿੰਬਾਵਲੀ ਤੇ ਸ਼ਬਦ-ਸ਼ਕਤੀਆਂ

ਕਾਵਿ ਦਾ ਕਮਾਲ ਤੇ ਜਮਾਲ ਅਛੂਤੀ ਤੇ ਜਾਨਦਾਰ ਬਿੰਬਾਵਲੀ ਵਿਚ ਹੈ। ਬਾਬੂ ਰਜਬ ਅਲੀ ਦੀ ਬਿੰਬਾਵਲੀ ਹੋਣੀਆਂ ਭਰਪੂਰ ਹੈ। ਉਸ ਦੀ ਬਿੰਬਾਵਲੀ ਮਾਲਵੇ ਦੀ ਫੁੱਲਕਾਰੀ ਦੇ ਬਾਗ ਵਾਂਗ ਟਹਿ ਟਹਿ ਕਰਦੀ ਹੈ, ਜਿਸ ਦੇ ਰੰਗ ਆਮ ਲੋਕਾਂ ਦੇ ਦਿਲਾਂ ਦੀਆਂ ਧੜਕਣਾਂ ਤੇ ਭਾਵਨਾਵਾਂ ਵਾਂਗ ਉੱਡੂ ਉੱਡੂ ਕਰਦੇ ਹਨ। ਦੇਖਣ ਵਿਚ ਇਸ ਤਰ੍ਹਾਂ ਲਗਦੇ ਹਨ ਜਿਵੇਂ ਇਹ ਰੰਗ ਪਹਿਲੀ ਫੂਕ ਨਾਲ ਹੀ ਅੱਧੇ ਉੱਡ ਜਾਣਗੇ। ਪਰ ਇਹ ਵਕਤ ਦੇ ਫੁੰਕਾਰਿਆਂ ਅੱਗੇ ਵੀ, ਪੱਥਰਾਂ ਦੇ ਰੰਗਾਂ ਵਾਂਗ ਸਹੀ ਸਲਾਮਤ ਤੇ ਟਹਿਕਦੇ ਰਹਿੰਦੇ ਹਨ। ਰਜਬ ਅਲੀ ਦੀ ਬਿੰਬਾਵਲੀ ਦੇ ਰੰਗ ਇਟਾਲੀਅਨ ਕਲਾਕਾਰ ਵੈਨਗਾਗ ਦੇ ਰੰਗਾਂ ਵਾਂਗ ਮੁੱਢਲੇ ਤੇ ਗੂੜ੍ਹੇ ਗੂੜ੍ਹੇ ਹਨ। ਇਹ ਬਿੰਬ ਸਾਦ-ਮੁਰਾਦੇ ਪਰ ਸ਼ਕਤੀਸ਼ਾਲੀ ਹਨ। ਇਹ ਸਿੱਧੇ ਪਰ ਰੰਗੀਨ ਹਨ। ਇਹ ਸਾਧਾਰਨ ਹਨ ਪਰ ਇਹਨਾਂ ਵਰਗਾ ਹੋਰ ਕੋਈ ਨਹੀਂ ਹੈ। ਇਹ ਬਿੰਬ ਪੇਂਡੂ ਹਨ ਪਰ ਉਜੱਡ ਨਹੀਂ। ਇਹਨਾਂ ਵਿਚ ਆਪਣੀ ਮਾਤ੍ਰ ਭੂਮੀ ਦੀ ਮਹਿਕ ਹੈ। ਇਹਨਾਂ ਦਾ ਚਿਹਨ-ਚੱਕਰ ਆਪਣੇ ਲੋਕਾਂ ਵਰਗਾ ਸਿਹਤਮੰਦ ਤੇ ਜਜ਼ਬੇ ਭਰਿਆ ਹੈ। ਇਹ ਵਿਚਾਰ ਜਾਂ ਦਰਸ਼ਨ ਦੇ ਭਾਰ ਨਾਲ ਬੋਝਲ ਨਹੀਂ ਸਗੋਂ ਲੋਕ-ਧਾਰਾ ਵਾਂਗ ਜੀਵਨ ਮਈ ਹੈ। ਬਾਬੂ ਰਜਬ ਅਲੀ ਦੀ ਬਿੰਬਾਵਲੀ ਉੱਤੇ ਧਾਰਮਿਕਤਾ ਦੀ ਪੁੱਠ ਨਹੀਂ ਅਤੇ ਇਹ ਨਾ ਹੀ ਕਿਤਾਬੀ ਮੁਹਾਂਦਰੇ ਵਾਲੇ ਹਨ, ਸਗੋਂ ਇਹ ਨਿਤ ਦੇ ਜੀਵਨ ਵਿਚ ਵਿਚਰਦਿਆਂ ਲਏ ਗਏ ਹਨ। ਇਹ ਆਪਣੇ ਹਨ ਇਸ ਲਈ ਓਪਰੇ ਨਹੀਂ ਲਗਦੇ। ਬਾਬੂ ਨੇ ਆਪਣੀ ਬਿੰਬਾਵਲੀ ਫ਼ਾਰਸੀ, ਉਰਦੂ ਜਾਂ ਬ੍ਰਜ-ਕਾਵਿ ਵਿਚੋਂ ਉਧਾਰੀ ਨਹੀਂ ਲਈ। ਉਸ ਦੀ ਬਿੰਬਾਵਲੀ ਸਹਿਜਸੁਭਾ ਲੋਕ-ਵਿਰਤੀ ਵਿਚੋਂ ਪੈਦਾ ਹੋਈ ਹੈ ਇਸ ਲਈ ਇਸ ਵਿਚ ਬਨਾਵਟੀ ਅੰਸ਼ ਘੱਟ ਹੈ। ਨਾਹੀ ਇਹ ਕਿੱਸਾ-ਕਾਵਿ ਤੇ ਕਵੀਸ਼ਰੀ-ਪਰੰਪਰਾ ਦੀ ਚਥਲੀ ਹੋਈ ਹੈ। ਇਸ ਦੀ ਬਿੰਬਾਵਲੀ ਦਾ ਇੱਕ ਰੂਪ ਅਜਿਹਾ ਵੀ ਹੈ ਜੋ ਬਿਆਨ ਦੀ ਸਾਦਗੀ ਵਿਚੋਂ ਫੁੱਟਦਾ ਹੈ ਪਰ ਉਹ ਜ਼ਿੰਦਗੀ ਦੀ ਪੂਰੀ ਤੀਖਣਤਾ, ਤੀਬਰਤਾ ਤੇ ਜਲਜਲੇ ਨਾਲ ਭਰਿਆ ਹੋਇਆ ਹੈ :

> ਲਹੂ ਦੀਆਂ ਧਾਰਾਂ, ਮਾਸ ਦੀਆਂ ਫਾਕੜਾਂ।
> ਬੰਦੇ ਦੁਆਨੀ ਦੁਆਨੀ ਦੇ ਕਰਨ ਆਕੜਾਂ।

Digitized by Panjab Digital Library | www.panjabdigilib.org

ਸੰਤੋ ਡੱਡਿਆ ਕੇ ਚੁੰਬੜੀ ਭਰਾਵਾਂ ਨੂੰ ।
ਪੰਜ ਸਤ ਲਾਸ਼ਾਂ ਜਾਣ ਜਗਰਾਵਾਂ ਨੂੰ ।

(ਗੁਰਨਾਮ ਸਿੰਘ ਬਾਉਕੇ)

ਤਕਰੀਬਨ ਅੱਧੀ ਸਦੀ ਪਹਿਲਾਂ ਲਿਖੀਆਂ ਇਹਨਾਂ ਕਾਵਿ-ਪੰਗਤੀਆਂ ਵਿਚੋਂ ਇੱਕ ਸੁਜੀਵ ਤੇ ਦਿਲਾਂ ਨੂੰ ਪ੍ਰੇਸ਼ਾਨ ਕਰਨ ਵਾਲਾ ਬਿੰਬ ਉਭਰਦਾ ਹੈ, ਭਾਵੇਂ ਇਸ ਵਿਚ ਕੋਈ ਉਪਮਾ ਨਹੀ, ਕੋਈ ਰੂਪਕ ਜਾਂ ਅਲੰਕਾਰ ਨਹੀਂ, ਉਚੇਚੇ ਰੂਪ ਵਿਚ ਚਿਤਰਿਆ, ਸ਼ਬਦ-ਚਿਤਰ ਨਹੀਂ ਸਗੋਂ ਕਹਾਣੀ ਦਾ ਸਿੱਧਾ ਬਿਆਨ ਹੈ ਜੋ ਨੰਗੀ ਤੇ ਲਿਸ਼ਕਦੀ ਤਲਵਾਰ ਵਾਂਗ ਰੋਸ਼ਨੀ ਪੈਦਾ ਕਰਦਾ ਹੈ । 'ਸੰਤੋ ਡੱਡਿਆ ਕੇ ਚੁੰਬੜੀ ਭਰਾਵਾਂ ਨੂੰ' ਸ਼ਾਇਦ ਹੀ ਕੋਈ ਉਪਮਾ ਇਸ ਤਰ੍ਹਾਂ ਦਾ ਸਹੀ ਤੇ ਸੁੰਦਰ ਪ੍ਰਭਾਵ ਪੈਦਾ ਕਰ ਸਕੇ । ਉਧਾਲੀ ਹੋਈ ਸੰਤੋ ਆਪਣੇ ਭਰਾਵਾਂ ਕੋਲੋਂ ਆਪ ਨੂੰ ਬਚਾਉਣ ਦੀ ਮੰਗ ਨਹੀਂ ਕਰਦੀ, ਸਗੋਂ ਉਹ ਦੁਆਨੀ ਦੁਆਨੀ ਦੇ ਬੰਦਿਆਂ ਨੂੰ ਲਹੂ ਧਾਰਾਂ ਤੇ ਮਾਸ ਦੀਆਂ ਫਾਕੜਾਂ ਵਿਚ ਬਦਲਿਆ ਵੇਖਣਾ ਚਾਹੁੰਦੀ ਹੈ ਅਤੇ ਉਹ ਦੇਖਣਾ ਚਾਹੁੰਦੀ ਹੈ ਕਿ ਉਸ ਦੇ ਭਰਾ ਉਹਨਾਂ ਘਟੀਆ ਬੰਦਿਆਂ ਦਾ ਕਤਲ ਕਰਨ ਤੇ ਉਹ ਉਹਨਾਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਜਗਰਾਵਾਂ ਸ਼ਹਿਰ ਵਲ ਜਾਂਦੀਆਂ ਨੂੰ ਵੇਖੇ । ਉਸ ਦੇ ਡੱਡਿਆਉਣ ਵਿਚੋਂ ਉਸ ਦੇ ਦਰਦ ਤੇ ਦੁੱਖ ਦਾ ਰੂਪ ਸਾਕਾਰ ਹੁੰਦਾ ਹੈ ਤੇ ਉਸਦੇ ਬੋਲ ਵਿਚੋਂ ਕਹਿਰਾਂ ਦੀ ਦੁਸ਼ਮਣੀ ਦਾ । ਇਹਨਾਂ ਬਿੰਬਾਂ ਵਿਚ ਮਾਲਵੇ ਦੇ ਸਭਿਆਚਾਰ ਦਾ ਆਂਚਲਿਕ ਰੂਪ ਨਿਰਸੰਕੋਚ ਰੂਪਮਾਨ ਹੁੰਦਾ ਹੈ :

ਪਾਵੇ ਨਾਲ ਕਾਲ ਬੰਨਿਆ ਵਿਆ ਲੰਕੇਸ਼ ਨੇ, ਲੰਕੇਸ਼ ਮਾਰਿਆ ਕਾਲ ਨੇ ।
ਪੌੜੀ ਲੈਣੀ ਸੁਰਗ ਨੂੰ ਇਰਾਦੇ ਏਸ ਦੇ, ਤੇ ਘੇਰਾ ਪਾਇਆ ਜਾਲ ਨੇ ।

(ਰਾਮਾਇਣ)

ਪਕੜ ਮਸਾਣ ਦੇ ਵਿਚਾਲੇ ਕਰ ਤੀ, ਤੇ ਕੀ ਬਣੌਣਾ ਚੁਰ ਦਾ ।
ਮੱਛੀ ਫੜ ਸੜਦੇ ਸਿਵੇ 'ਚ ਧਰ ਤੀ, ਗਿਆ ਨਿਗਲ ਮੁਰਦਾ ।
ਕੱਖ ਵਾਂਗੂ ਡੋਲਦੇ ਸਤਾਏ ਭੁੱਖ ਦੇ, ਪੈਰਾਂ 'ਚ ਸੂਲ ਚੁਭ ਜੇ ।
ਇੱਕ ਨਾ ਗਰਾਸ ਪਾਇਆ ਵਿਚ ਮੁਖ ਦੇ, ਚੜ ਕੇ ਡੁੱਬ ਜੇ ।

(ਨਲ-ਦਮਯੰਤੀ)

ਮਾਤਾ ਕੋਲੇ ਰੋ ਪਿਆ, ਮਾਰ ਕੂਕ ਤੇ ਕੂਕ ।
ਰੱਤ ਦੀ ਭਰੀ ਕਮੀਜ਼ ਦੇ, ਸਾਵੀਂ ਬਖਸ਼ ਬੰਦੂਕ ।

(ਬਲਬੀਰ ਸਿੰਘ ਅਬੁੱਲ ਖੁਰਾਣਾ)

ਬਾਬੂ ਧਰਤੀ ਮੁਰਦਿਆਂ ਖਾਣੀ, ਮੁਕਗੀ ਲੜਦੀ ਲੜਦੀ ਡਾਣੀ,
ਚੱਕ ਵੱਢਣ ਪਰੇਤ, ਭਰੇ ਲੋਥਾਂ ਨਾਲ ਖੇਤ,
ਡੂੰਘੀ ਖਾਗੇ ਰੇਤ 'ਚ ਲਹੂ ਦੇ ਖਾਲ ਜੇ ।
ਜਾਂਦੇ ਮੁਟਿਆਰਾਂ ਦੇ ਧੜਕ ਕਾਲਜੇ ।

(ਬੂੜ ਬਹਾਦਰ)

Digitized by Panjab Digital Library | www.panjabdigilib.org

ਬਾਬੂ ਰਜਬ ਅਲੀ ਦੀ ਬਿੰਬਾਵਲੀ ਦੀ ਦੂਜੀ ਵਿਸ਼ੇਸ਼ਤਾ ਇਹ ਹੈ ਕਿ ਉਹ ਭਾਵੇਂ ਚਾਹੇ ਹਿੰਦੂ ਮਿਥਿਹਾਸ ਦੀ ਕਥਾ ਲਿਖ ਰਿਹਾ ਹੋਵੇ ਚਾਹੇ ਯੂਰਪ ਦੇ ਜੰਗ ਦੀ, ਬਿੰਬਾਵਲੀ ਦੇ ਚਿਤਰਣ ਸਮੇਂ ਉਹਦੀ ਨੁਹਾਰ ਵਿਚ ਮਲਵਈ ਸਭਿਆਚਾਰ ਦੇ ਨਕਸ਼ ਪਾ ਹੀ ਲੈਂਦਾ ਹੈ। ਚਾਹੇ ਉਹ ਪਾਕਿਸਤਾਨ ਵਿਚ ਬੱਤੀ-ਚੱਕ ਆਪਣੀ ਬਗੀਚੀ ਬੈਠਾ ਛੰਦ ਘੜ ਰਿਹਾ ਹੋਵੇ, ਉਸ ਦੀ ਸੁਰਤੀ ਮਲਵਈ ਸਭਿਆਚਾਰ ਨਾਲ ਹੀ ਜੁੜੀ ਰਹੀ ਹੈ :

ਪਿੱਛੇ ਭੱਜਿਆ ਫੇਰ ਵੀ ਬਬੇਰਾ ਤੱਤਾ ਸੀ।
ਆ ਗਿਆ ਹੱਥ ਜਾਂਦੇ ਦੇ ਸਬਰਕੱਤਾ ਸੀ।
ਚੜ੍ਹਿਆ ਵਿਆ ਹਰਖ ਨਾ ਕਰੋਧ ਮਿਟਿਆ।
ਫੌੜਾ ਮਾਰ ਚੌਂਕ 'ਚ ਨਿਸਾਲ ਸੁੱਟਿਆ।

(ਅਭਿਮੰਨੂ ਦਾ ਵਿਆਹ)

ਤੇਹ ਬੁਝਾਵਾਂ ਪਾਣੀ ਛਪੜਾਂ ਦਾ ਲੱਕ ਕੇ। ਵਿਖਾ ਸੱਪਾਂ ਦੀ ਖੱਡ ਗਿਆ।

(ਨਲ-ਦਮਯੰਤੀ)

ਭੱਜਿਆ ਇਟਲੀ ਦਾ ਵੱਗ, ਜਾਵੇ ਮੂੰਹਾਂ ਵਿਚੋਂ ਝੱਗ,
ਕੋੜ ਕਿਲ੍ਹਿਆਂ ਜਿਆਂ ਨੂੰ ਲੱਗ ਗੇ, ਮਰੋੜ ਤਾੜਿਆਂ ਤੋਂ।
ਦੂਰੋਂ ਬੁੱਢੀ ਮੂਹੇ ਜੇ, ਡਰਨ ਦਾੜ੍ਹਿਆਂ ਤੋਂ।

(ਜੰਗ-ਯੂਰਪ)

ਬਾਬੂ ਜੀ ਦੀ ਬਿੰਬਾਵਲੀ ਦੀ ਤੀਜੀ ਵਿਸ਼ੇਸ਼ਤਾਈ ਇਹ ਹੈ ਕਿ ਉਸ ਨੇ ਬਹੁਤ ਸਾਰੇ ਰੂਪਕ ਤੇ ਉਪਮਾਵਾਂ ਮਲਵਈ ਜਨ ਜੀਵਨ ਵਿਚੋਂ ਅਜਿਹੀ ਖੂਬੀ ਨਾਲ ਫੜੀਆਂ ਹਨ ਜੋ ਪੰਜਾਬੀ-ਕਾਵਿ ਲਈ ਬਿਲਕੁਲ ਅਛੂਤੀਆਂ ਤੇ ਨਵੀਆਂ ਹਨ। ਨਖ-ਸ਼ਿਖ ਦੀ ਮਿਸਾਲ ਹੀ ਲਵੋ। ਇਸ ਵਿਚ ਆਮ ਕਰ ਕੇ ਉਹੀ ਪ੍ਰਚਲਤ ਰੂਪਕ ਤੇ ਉਪਮਾਵਾਂ ਵਰਤਦੇ ਹਨ ਪਰ ਰਜਬ ਅਲੀ ਨੇ ਬੜੀ ਛਿੱਦਤ ਨਾਲ ਇਸ ਵਿਚ ਨਵਾਂ ਰੂਪ ਤੇ ਉਪਮਾਵਾਂ ਵਰਤੇ ਹਨ ਅਤੇ ਰਜਬ ਅਲੀ ਨੇ ਅਤੀ ਸੂਝ ਨਾਲ ਇਸ ਵਿਚ ਨਵਾਂ ਰੂਪ ਤੇ ਸੰਕਲਪ ਵੀ ਦਿੱਤਾ ਹੈ। ਉਸ ਨੇ ਪੇਂਡੂ ਸਭਿਆਚਾਰ ਤੇ ਕ੍ਰਿਸਾਣੀ ਜੀਵਨ ਵਿਚੋਂ ਬਹੁਤ ਦਿਲਕਸ਼ ਉਪਮਾਵਾਂ ਦਿੱਤੀਆਂ ਹਨ, ਜਿਵੇਂ :

ਬੁੱਲੀਆ ਸਤੂਤੀਆਂ, ਜ਼ਬਾਨ ਮਿਸਰੀ,
ਝੂਲੇ ਜਿਵੇਂ ਹਵਾ 'ਚ ਕਪਾਹੀ ਛਿੱਟੀਆਂ,
ਪਤਲਾ ਜਿਹਾ ਲੱਕ ਸ਼ੇਰਨੀ ਬੰਗਾਲਾਂ ਦੀ।

(ਰਾਮਾਇਣ)

ਨੱਕ ਬਾਬੂ ਫੁੱਲ ਹੋਏ ਜੇਹੋ ਜਿਹਾ ਤਿਲ ਦਾ।
ਝੂਟੇ ਖਾਂਦੀ ਜਾਵੇ ਜਿਉਂ ਝਿੰਜਣ ਹਿਲਦਾ।
ਗੁੰਦਮਾ ਬਦਨ ਚੱਕਮਾ ਜਿਹਾ ਨੱਕ ਜੀ।
ਚੀਤੇ ਵਾਂਗੂ ਪਤਲਾ ਮੁੱਠੀ ਕੁ ਲੱਕ ਜੀ।

(ਵਿਰਾਟ-ਪਰਬ)

ਸਹੇ ਦਾ ਬਦਨ ਪਤਲੀ ਪਤੰਗ ਜਿਉਂ, ਪੈਂ ਪਰੀ ਦੇ ਉਡਕੇ ਜਿਉਂ।
ਲਾਲ-ਲਾਲ ਰੰਗ ਲਾਲੜੀ ਦਾ ਰੰਗ ਜਿਉਂ, ਤੇ ਦਾਮਨੀ ਦਮਕੇ ਜਿਉਂ।

Digitized by Panjab Digital Library | www.panjabdigilib.org

ਨਾਸਕਾ ਸੋਹਣ ਫੁੱਲ ਤਾਂ ਕਪਾਸ ਦਾ, ਤਿੱਖਾ ਨਮੂਨਾ ਨੱਕ ਦਾ।

(ਨਲ-ਦਮਯੰਤੀ)

ਨੱਕ ਤਿਲਾਂ ਦੇ ਫ਼ੁੱਲਾਂ ਤੋਂ ਚੱਕਮਾ, ਧਾਰ ਜਾਣੀ ਤਲਵਾਰ ਦਾ।
ਵਾਂਝ ਝਿੰਜਨ ਵਲਾਵੇ ਪੈਂਦੇ ਲੱਕ ਮਾ, ਜੰਗਲਾਂ 'ਚ ਝੱਖ ਮਾਰਦੀ।

(ਰਾਮਾਇਣ)

ਕੂੰਜ ਵਾਂਗੂ ਪੈਂਦੇ ਝਲਕਾਰੇ ਧੌਣ ਦੇ।
ਬੜੀ ਸੋਹਲ ਸਿੱਲੜ ਜੇਹੀ ਦੇਹੀ,
ਹਿੱਕ ਲੱਕੇ ਕਬੂਤਰ ਜੇਹੀ,
ਬੋਲੀ ਤਿੱਤਰ ਜਿਵੇਂ ਸੁਹਾਨੀ।
ਤਿੱਖਾ ਨੱਕ ਨਾਸਕਾ ਸੁਰਾਖ ਗੋਲ ਜੇ।

(ਨਲ-ਦਮਯੰਤੀ)

ਤੇਰੇ ਜੜੇ ਪਤਾਸੜੇ ਅੱਡੀਆਂ ਤੇ।.....

(ਵਿਰਾਟ ਪਰਬ)

ਗੋਰਾ ਰੰਗ ਜਿਵੇਂ ਰੰਗਤ ਕਪਾਹਾਂ ਦੀ,
ਚਿੱਟੇ ਦੰਦਾਂ ਜਿਵੇਂ ਪੁਸ਼ਪ ਸਕੱਥੇ ਦਾ।

(ਰਤਨ ਸੈਨ)

ਬਾਬੂ ਰਜਬ ਅਲੀ ਦੀ ਕਵੀਸ਼ਰੀ ਵਿਚ ਅਲੰਕਾਰਾਂ ਤੇ ਰੂਪਕਾਂ ਦੀ ਭਰਮਾਰ ਨਹੀਂ ਫਿਰ ਵੀ ਉਸ ਨੇ ਕਿਤੇ ਕਿਤੇ ਬਹੁਤ ਹੀ ਖ਼ੂਬਸੂਰਤ ਅਲੰਕਾਰਾਂ ਤੇ ਰੂਪਕਾਂ ਦੀ ਵਰਤੋਂ ਕੀਤੀ ਹੈ। ਇਹ ਮਲਵਈ ਗਹਿਣਿਆਂ ਦੀ ਤਰ੍ਹਾਂ ਭਾਰੇ ਭਾਰੇ ਹਨ। ਇਹਨਾਂ ਵਿਚ ਨਿਰਸੰਦੇਹ ਬਹੁਤੀ ਸ਼ੋਖੀ ਤੇ ਚਮਕ ਦਮਕ ਵੀ ਨਹੀਂ ਹੈ। ਬਾਬੂ ਜੀ ਨੇ ਕਵੀਸ਼ਰੀ ਸਿਰਜਣਾ ਸਮੇਂ ਪੰਜਾਬੀ ਕਵਿਤਾ, ਵਿਸ਼ੇਸ਼ ਕਰ ਕੇ ਕਿੱਸਾ-ਕਾਵਿ ਤੇ ਕਵੀਸ਼ਰੀ ਪਰੰਪਰਾ, ਤੋਂ ਬਹੁਤ ਲਾਭ ਉਠਾਇਆ ਹੈ। ਇਹਨਾਂ ਵਿਚ ਵਰਤੇ ਗਏ ਅਲੰਕਾਰਾਂ ਤੇ ਰੂਪਕਾਂ ਨੂੰ ਵੀ ਉਸ ਨੇ ਜਾਂ ਰਤੀ ਕੁ ਨਵੀਨਤਾ ਤੇ ਜਿੱਦਤ ਨਾਲ ਵਰਤਿਆ ਹੈ। ਪਰ ਬਾਬੂ ਜੀ ਨੇ ਕੁਝ ਅਲੰਕਾਰ ਤੇ ਰੂਪਕ ਅਜਿਹੇ ਵੀ ਵਰਤੇ ਹਨ ਜਿਨ੍ਹਾਂ ਵਿਚ ਮਲਵਈ ਸਭਿਆਚਾਰ ਦਾ ਝਲਕਾਰਾ ਟੱਪਕਦਾ ਹੈ। ਬਾਬੂ ਜੀ ਨੇ ਕੁਝ ਰੂਪਕ ਇਤਿਹਾਸ ਮਿਥਿਹਾਸ ਵਿਚੋਂ ਚੁਣੇ ਹਨ। ਇਹਨਾਂ ਵਿਚ ਕੁਝ ਤਾਂ ਉਸ ਦੇ ਬਹੁਤ ਮਨ ਭਾਉਂਦੇ ਹਨ ਅਤੇ ਜੋ ਉਸਨੇ ਵਾਰ ਵਾਰ ਵਰਤੇ ਹਨ। ਇਹ ਗੱਲ ਵਰਨਣ ਯੋਗ ਹੈ ਕਿ ਬਾਬੂ ਜੀ ਦਾ ਮੁਖ ਉਰਦੂ ਫ਼ਾਰਸੀ ਸਾਹਿਤ ਦੀ ਥਾਂ ਭਾਰਤੀ ਸਾਹਿਤ ਵੱਲ ਵਧੇਰੇ ਹੈ ਜਿਵੇਂ 'ਭੂਰ ਬਹਾਦਰ' ਵਿਚ ਮੁਸਲਮਾਨ ਸਰਦਾਰ ਦੀ ਬਹਾਦਰੀ ਦੀ ਉਪਮਾ ਕਰਨ ਲਈ ਉਸ ਦਾ ਮੁਖ ਇਰਾਨ ਦੇ ਯੋਧਿਆਂ ਵੱਲ ਨਹੀਂ ਸਗੋਂ ਉਸ ਨੂੰ ਹਨੂੰਮਾਨ ਨਾਲ ਉਪਮਾ ਦਿੰਦਾ ਹੈ ਭਾਵੇਂ ਇਹ ਮੁਸਲਮਾਨ ਦੀ ਲੜਾਈ ਫਸਾਦਾਂ ਸਮੇਂ ਹਿੰਦੂ-ਸਿੱਖਾਂ ਨਾਲ ਹੋ ਰਹੀ ਹੈ। ਬਾਬੂ ਜੀ ਦੀ ਰਚਨਾ ਵਿਚੋਂ ਅਲੰਕਾਰਾਂ ਤੇ ਰੂਪਕਾਂ ਦੀਆਂ ਕੁਝ ਵੰਨਗੀਆਂ ਰੋਚਿਕਤਾ ਵਿਚ ਜ਼ਰੂਰ ਵਾਧਾ ਕਰਨਗੀਆਂ :

ਪਾੜ ਕੇ ਬਣਾਤੇ ਪਾੜ-ਪਾੜ ਫੁੱਟ ਨੇ, ਅਜੇ ਤਿਆਗੀ ਫੁੱਟ ਨਾ।
ਬੇ ਨਸੀਬੋ ਸ਼ੀਹਾਂ ਨੂੰ ਗਿੱਦੜ ਕੁੱਟਦੇ, ਸੋਥੋਂ ਭਰੀ ਗਈ ਘੁੱਟ ਨਾ।

(ਢਾਈਆ ਛੰਦ)

Digitized by Panjab Digital Library | www.panjabdigilib.org

ਛਣ ਕੰਗਣ ਛਣ ਛਣ ਟਾਟਾਂ ਦੇ, ਕਰੇ ਸਰਸੋਂ ਝਰਮਲ ਜੀ,
ਫੁੱਲ ਟਹਿਕਣ ਸਬਜ਼ ਪਲਾਟਾਂ ਦੇ ।

(ਕੋਈ ਦੇਸ ਪੰਜਾਬੋਂ)

ਕੋੜੀ ਅੱਖ ਝਾਕਣੀ ਬਘਿਆੜਾਂ ਵਰਗੀ।

(ਕੁਰਸ਼ੇਤਰ ਦਾ ਜੰਗ)

ਕਵਿਤਾ ਲਿਖਣੀ ਕਠਨ ਹੈ, ਜਿਵੇਂ ਛੇੜਣੀ ਖੱਖਰ ।

(ਰਾਜਾ ਰਤਨ ਸੈਨ)

ਅੱਖੀਆਂ ਚੋਂ ਸਤਲੁਜ ਵਾਗੂੰ ਭਰ ਕੇ ਜਲ ਚਲਦੇ ਆ ।
ਲੋਹੇ ਨਾਲ ਕੀ ਕਰੂ ਸਰੀਕਾ ਲਕੜੀ ।
ਤੋਤੇ ਦੇ ਸਮਾਨ ਅੱਖਾਂ ਹੋਈਆਂ ਬੱਗੀਆਂ ।
ਇੱਕ ਥਾਂ ਲਗੀਆਂ ਗੁਟਾਰੇ ਲੱਗੀਆਂ ।
ਮੱਛਲੀ ਕਮਲੀਏ ਟਿੱਬਿਆਂ ਚੋਂ ਟੋਹੇ ਨੀ ।......

(ਰਾਮਾਇਣ)

ਸੋਹਣ ਨਿੱਕਿਆਂ ਕੰਨਾਂ ਵਿਚ ਨੱਤੀਆਂ, ਅੱਖ ਜਿਉਂ ਕਟੋਰੀ ਰਸ ਦੀ ।
ਉਹਦਾ ਵਜਨ ਫ਼ੁੱਲਾਂ ਤੋਂ ਥੋੜਾ, ਜੈਸੇ ਰਾਣੀ ਰੂਪ ਕੰਦਲਾਂ ।
ਗੋਰਾ ਰੰਗ ਜਿਉਂ ਮਿਰਕਣੀ ਗੋਹੜਾ, ਜੀਭ ਜਿਉਂ ਨਿਆਣੇ ਨਾਗ ਦੀ ।

(ਜੈਮਲ-ਫੱਤਾ)

ਹਾੜ ਖਰਬੂਜਿਆਂ ਵਾਂਗੂੰ, ਗੋਰੇ ਰੰਗ ਕਿਰਦੇ ਐ ।
ਅੱਡੀਆਂ ਪਤਾਸਿਆਂ ਵਰਗੀਆਂ, ਰੋੜਾਂ ਨਾਲ ਉਚੱੜ ਗੀਆਂ ।

(ਜੈਮਲ-ਫੱਤਾ)

ਬਦਲ ਪੈਂਤਰਾਂ ਵੜੇ ਰਣ ਭੂਮਿਕਾ ਮੇਂ,
ਘੁਕੇ ਜਿਵੇਂ ਬਰੋਲੜਾ ਹਾੜ ਦਾ ਸੀ ।
ਮੈਂ ਚਲਾ ਚਲਾ ਕੇ ਮਾਰੂੰ,
ਸਲੰਗ ਮਾਰੇ ਲਾਂਗੇ ਨੂੰ ਜਿਉਂ ।
ਕਾਲਕਾ ਨੇ ਸੁੰਭ ਤੇ ਨਿਸੁੰਭ ਛਾਂਗੇ ਜਿਉਂ ।

(ਜੈਮਲ-ਫੱਤਾ)

ਭਾਵੇਂ ਕਿਰਿਆ ਨਾ ਕਿਰਿਆ, ਪਾੜ ਦੂ ਕਾਲ ਛੁਰੀ ਖਰਬੂਜਾ ।

(ਕੌਲਾਂ)

ਉਹਦੇ ਵਾਂਗੂੰ ਖਾਵੇ ਲਚਕਾਰੇ ਧੌਣ ਜੀ ।
ਜਿਹੜੀ ਲੈ ਗਿਆ ਕੁਟ 'ਚੋਂ ਚੁਰਾਕੇ ਰੌਣ ਜੀ ।

(ਜੈਮਲ-ਫਤਾ)

ਯੁੱਧ ਕਰਨ ਕਮਾਨਾਂ ਵਿੰਗੀਆਂ, ਜਦੋਂ ਖਿੱਚਣ ਉਠ ਵਾਂਗ ਰਿੰਗੀਆਂ ।

(ਜੰਗ-ਮਰਾੜ)

ਘੁੱਕਰ ਖਲੋਤਾ ਸਹੇ ਵਾਂਗ ਸਹਿ ਗਿਆ ।
ਭੱਜ ਜਾਣ ਡਰ ਸੂਰਮੇ ਦੀ ਸੋਟੀ ਤੋਂ ।

Digitized by Panjab Digital Library | www.panjabdigilib.org

ਡੇਲੇ ਜਿਉਂ ਰੁੜਣ ਬਾਜਰੇ ਦੀ ਰੋਟੀ ਤੋਂ ।

(ਸੁੱਚਾ ਸਿੰਘ ਸੂਰਮਾ)

ਬਾਬੂ ਰਜਬ ਅਲੀ ਨੇ ਆਪਣੀਆਂ ਰਚਨਾਵਾਂ ਵਿਚ ਬੜੇ ਘੱਟ ਸ਼ਬਦਾਂ ਨਾਲ ਬੜੀਆਂ ਬਾਰੀਕ ਛੋਹਾਂ ਵਾਲੇ ਸ਼ਬਦ-ਚਿਤਰ ਪੈਦਾ ਕੀਤੇ ਹਨ, ਜਿਨ੍ਹਾਂ ਦਾ ਪ੍ਰਭਾਵ ਚਿਰ ਕਾਲ ਤੱਕ ਪਾਠਕਾਂ ਦੀ ਸਿਮ੍ਰਤੀ ਦੇ ਚਿਤਰਪੱਟ ਉੱਤੇ ਬਣਿਆ ਰਹਿੰਦਾ ਹੈ। ਬਾਬੂ ਥੋੜੀਆਂ ਲਾਈਨਾਂ ਵਿਚ ਹੀ ਸ਼ਬਦ-ਚਿਤਰ ਦਾ ਪੂਰਾ ਖਾਕਾ ਤਿਆਰ ਕਰ ਲੈਂਦਾ ਹੈ, ਜਿਵੇਂ ਬੰਦੀ ਕੀਤੇ ਬੰਦਾ ਬਹਾਦਰ ਦਾ ਸ਼ਬਦ ਚਿਤਰ ਇਸ ਤਰ੍ਹਾਂ ਹੈ :

ਜਾਣ ਬੰਦੇ ਸ਼ੇਰ ਦੀ ਗੱਡੀ ਦੇ ਮੂਹਰੇ ਦੀ ।
ਜਿੰਦਰਾ ਲਗਾਤਾ ਪਿੰਜਰੇ 'ਚ ਵਾੜ ਕੇ ।
ਭੁੱਖਾ ਸ਼ੇਰ ਖਾ ਜੇ ਨਾ ਕਿਸੇ ਨੂੰ ਪਾੜਕੇ ।
ਦੇਹੀ ਸਾਰੀ ਸੰਗਲਾਂ ਦੇ ਵਿਚ ਜਕੜੀ ।
ਇੱਕ ਖੜਾ ਸੀਸ ਤੇ ਕਟਾਰ ਪਕੜੀ ।
ਫਾਲੇ ਵਾਂਗੂੰ ਮੱਥਾ ਸੂਰਮੇ ਦਾ ਦਗਦਾ ।
ਪਿੰਜਰੇ ਚੋਂ ਸੇਕ ਵੈਰੀਆਂ ਨੂੰ ਲਗਦਾ ।

(ਚੰਡੀ-ਭੀਮ ਸਿੰਘ)

ਅਲਲ ਅਮੀਨ ਦੀ ਇਕ ਸਖ਼ਤ ਪਹਾੜੀ ਦਾ ਸ਼ਬਦ-ਚਿੱਤਰ :

ਖੁਸ਼ਕ ਪਹਾੜੀਆਂ ਸਿਰਾਂ ਤੋਂ ਨੰਗੀਆਂ ।
ਉਪਰ ਚੜ੍ਹਣ ਨੂੰ ਬਹੁਤ ਤੰਗੀਆਂ ।
ਕਾਲ ਜੇ ਪੱਥਰ ਦੋ ਉਤਾਂਹ ਨੂੰ ਘਾਟੀਆਂ ।
ਕਿਸੇ ਕਾਲ ਆਣ ਕੇ ਭੂਚਾਲ ਪਾਟੀਆਂ ।
ਦੂਰੋਂ ਖੜੇ ਵੇਖ ਵੇਖ ਡਰੇ ਜਾਂ ਦਿਉ ਖੜੇ ।
ਜਾਣੀ ਘੂਰ ਦਿੰਦੇ ਚਹੁੰ ਪੁੱਤਾਂ ਨੂੰ ਪਿਉ ਖੜੇ ।
ਸਾਹਮਣੀ ਪਹਾੜੀ ਦੇ ਬਿਰਛ ਸੰਘਣੇ ।
ਓਹੋ ਨੀਵੇਂ ਉਸ ਦੇ ਉੱਤੋਂ ਦੀ ਲੰਘਣੇ ।

(ਜੰਗ-ਯੂਰਪ

ਗਲ ਬੁੱਕ ਬੁੱਕ ਲੀਰਾਂ ਦੇ, ਖੁੱਲੇ ਵੇ ਕੇਸ ਲਗੇ ਵੇ ਰੇਤੇ ।
ਬਹਿ ਰੂੜੀ ਉਪਰ ਜੀ, ਦਰਦ ਦੇ ਭਰੇ ਸਨੇਹੇ ਦੇ ਤੇ ।

(ਕੌਲਾਂ)

ਕਸ਼ਮੀਰ ਦੇ ਨਜ਼ਾਰੇ, ਆਉਂਦੇ ਸੁਰਗ ਹੁਲਾਰੇ, ਸੋਂਹਦੇ ਡੱਲ ਦੇ ਕਿਨਾਰੇ,
ਤੇ ਚਨਾਰ ਰੰਗਲੇ । ਪਾਣੀ ਵਿਚ ਤਰਦੇ ਫਿਰਨ ਬੰਗਲੇ ।

(ਮਨੋਹਰ ਭਵਾਨੀ)

ਗੁੰਦਮੀ ਜਿਹਾ ਰੰਗ ਧੌਣ ਕੱਚ ਦੀ ਸੁਰਾਹੀ ਜੇਹੀ,
ਗੁੰਦਮਾ ਸਰੀਰ ਤੇ ਮਿਆਨ ਕੱਦ ਪੱਧਰੀ ।
ਹਰ ਗੱਲ ਨਾਲ ਹੱਸ ਹੱਸ ਕੇ ਮਖੌਲ ਕਰੇ,

Digitized by Panjab Digital Library | www.panjabdigilib.org

ਮੇਲ੍ਹ ਮੇਲ੍ਹ ਚਲਦੀ ਹੰਸ ਵਾਂਗ ਪੱਧਰੀ।
ਘੁਟਮਾ ਪਜਾਮਾ ਜੋੜਾ ਪਹਿਣਦੀ ਮੜਕਦਾਰ,
ਪਤਲੀ ਕਮੀਜ਼ ਦੇ ਉੱਤੋਂ ਦੀ ਸਜੇ ਸੁੰਦਰੀ।
ਖੁਮਰੇ ਵਾਂਗ ਰੰਨ ਗੁਟਕੇ ਪਿਆਰ ਨਾਲ,
ਰਜਬ ਅਲੀ 'ਕੋਲ ਤੋਂ ਜ਼ਬਾਨ ਮਿੱਠੀ ਵੱਧਰੀ।

(ਸੁੱਚਾ ਸਿੰਘ ਸੂਰਮਾ)

ਕਵੀ ਦਾ ਅਨੁਭਵ ਜਦੋਂ ਸੂਰਜ ਦੀਆਂ ਕਿਰਨਾਂ ਵਾਂਗ ਪੇਤਲੀਆਂ ਧੁੰਦਾਂ ਨੂੰ ਚੀਰ ਕੇ ਲੋਕ-ਅਨੁਭਵ ਨਾਲ ਇਕਮਿਕ ਹੁੰਦਾ ਹੈ ਤਾਂ ਉਸ ਦੇ ਬੋਲ ਵਿਚ ਸੱਚ ਦੀ ਕਣੀ ਮਿਲ ਜਾਂਦੀ ਹੈ। ਇਹ ਕਣੀ ਏਨੀ ਹੰਡਣਸਾਰ ਹੁੰਦੀ ਹੈ ਕਿ ਇਹ ਤ੍ਰੈਕਾਲ ਸੱਚ ਰਹਿੰਦੀ ਹੈ। ਉਸ ਬੋਲ ਦਾ ਸੱਚ ਉਸ ਸਮਾਜ ਦੇ ਲੋਕਾਂ ਨੂੰ ਸਹੀ ਤੇ ਸਰਬ ਪ੍ਰਮਾਣਿਤ ਲਗਦਾ ਹੈ। ਉਸ ਦੀ ਸੱਤਤਾ ਸੰਬੰਧੀ ਕੋਈ ਕਿੰਤੂ ਜਾਂ ਸ਼ੰਕਾ ਪੈਂਦਾ ਨਹੀਂ ਹੁੰਦੀ। ਇਸੇ ਲਈ ਇਹਨਾਂ ਬੋਲਾਂ ਵਿਚ ਅਟੱਲ ਸਚਾਈ ਛੁਪੀ ਲਗਦੀ ਹੈ ਅਜਿਹੇ ਕਥਨ ਲੋਕਾਂ ਦੀ ਜ਼ਬਾਨ ਉੱਤੇ ਚੜ੍ਹ ਜਾਂਦੇ ਹਨ ਅਤੇ ਉਹਨਾਂ ਦੀ ਮਾਨਸਿਕਤਾ ਦੀ ਸਦੀਵੀ ਹਿੱਸਾ ਬਣ ਜਾਂਦੇ ਹਨ। ਬਾਬੂ ਰਜਬ ਅਲੀ ਦੀਆਂ ਕੁਝ ਕਾਵਿ-ਪੰਗਤੀਆਂ ਵਿਚ ਅਜਿਹੀ ਹੀ ਚਮਕ ਹੈ :

ਰਜਬ ਅਲੀ ਜੋ ਕੌਮ ਨਾ ਮਰਨ ਜਾਣੇ,
ਉਹਨੂੰ ਮਿਲਦੀਆਂ ਨਹੀਂ ਸਰਦਾਰੀਆਂ ਜੀ।

(ਸ਼ਹੀਦੀ-ਬਾਬਾ ਦੀਪ ਸਿੰਘ)

ਮਰੇ ਬਿਨਾਂ ਮਣੀ ਨਾ ਗੁਆਉਂਦਾ ਸੱਪ ਨੀ।
ਪੱਲੇ ਪੈਰੀਂ ਦਿੰਦੇ ਨਾ ਜਨਾਨੀ ਆਪਣੀ।

(ਰਾਮਾਇਣ)

ਬੰਦਾ ਉਖੜੇ ਉਖੜਿਆ ਕੇਰਾਂ ਦਾ।
ਭਾਵੇਂ ਸੂਰਜ ਛਿਪਦਿਓਂ ਚੜ੍ਹ ਜੇ,
ਮਰਦ ਦੀ ਗੱਲ ਨਾ ਮੁੜੇ।

(ਦਹੂਦ)

ਖੰਘ ਮਾੜੀ ਤਾਪ ਨੂੰ ਲਗਾਉਣਾ ਹੱਥ ਸਾਂਪ ਨੂੰ,
ਕੁੱਟਣ ਮਾੜਾ ਬਾਪ ਨੂੰ, ਟੁੱਟਣ ਮਾੜਾ ਨਹਿਰਾਂ ਨੂੰ।
ਲਾਗੀ ਨੂੰ ਮੜਕ ਮਾੜੀ, ਜੁੱਤੀ ਨੂੰ ਸੜਕ ਮਾੜੀ,
ਅੱਖ ਨੂੰ ਰੜਕ ਤੇ ਬੜਕ ਮਾਰੀ ਵੈਰਾਂ ਨੂੰ।

(ਕਬਿੱਤ)

ਰਜਬ ਅਲੀ ਖਾਂ ਹੋਵੰਦੇ ਕੰਮ ਉਹੀ, ਜਿਹੜੇ ਰੱਬ ਨੂੰ ਕੰਮ ਮਨਜ਼ੂਰ ਹੁੰਦੇ।

(ਨਲ-ਦਮਯੰਤੀ)

ਰਸ ਕਵੀਸ਼ਰੀ ਦੇ ਆਲ੍ਹਣੇ ਦਾ ਪ੍ਰਾਨ-ਪੰਖੇਰੂ ਹੈ। ਰਸ ਕਵੀਸ਼ਰੀ ਦੇ ਕਵਿਤਤ੍ਰ ਨੂੰ ਉੱਚਾ ਤੇ ਠੁੱਕਦਾਰ ਬਣਾਉਂਦਾ ਹੈ। ਰਸ ਦਾ ਮੰਤਰ ਹੀ ਅਖਾੜੇ ਵਿਚ ਬੈਠੇ ਸਰੋਤਿਆਂ ਨੂੰ

Digitized by Panjab Digital Library | www.panjabdigilib.org

ਕੀਲਦਾ ਹੈ। ਰਸ ਦੇ ਰੂਪ ਦਾ ਤੇਜ਼ ਪਾਠਕ ਤੇ ਸਰੋਤੇ ਨੂੰ ਚਕਾਚੌਂਧ ਕਰਦਾ ਹੈ ਤੇ ਉਹ ਸਾਹ ਰੋਕ ਕੇ ਕਾਵਿ ਦੇ ਮੇਘਲੇ ਨਾਲ ਗਗਨ ਉਡਾਰੀਆਂ ਮਾਰਦੇ ਹਨ। ਰਸ ਵਿਹੀਨ ਕਵੀਸ਼ਰੀ ਤੁਕ-ਬੰਦੀ ਹੈ, ਕਾਵਿ ਨਹੀਂ। ਰਸ ਤੋਂ ਬਿਨਾਂ ਕਵੀਸ਼ਰੀ ਜੋਤ ਵਿਹੂਣੇ ਦੀਵੇ ਵਾਂਗ ਹੈ। ਹੋਰ ਗੁਣਾਂ ਦੀ ਅਣਹੋਂਦ ਨਾਲ ਕਵੀਸ਼ਰੀ ਚੰਗੀ ਜਾਂ ਮਾੜੀ ਹੁੰਦੀ ਹੈ ਪਰ ਰਸ ਤੋਂ ਬਗ਼ੈਰ ਕਵੀਸ਼ਰੀ-ਕਵੀਸ਼ਰੀ ਹੀ ਨਹੀਂ ਰਹਿੰਦੀ। ਕਵੀਸ਼ਰੀ ਦੇ ਰਸ ਵਿਚ ਕਾਵਿ ਦੇ ਰਸ ਤੋਂ ਬਿਨਾਂ ਗਾਇਕੀ ਤੇ ਕਹਾਣੀ ਦਾ ਰਸ ਵੀ ਸ਼ਾਮਿਲ ਹੁੰਦਾ ਹੈ। ਬਾਬੂ ਰਜਬ ਅਲੀ ਨੇ ਸੁਚੇਤ ਰੂਪ ਵਿਚ ਆਪਣੀ ਕਵੀਸ਼ਰੀ ਨੂੰ ਰਸ ਨਾਲ ਓਤਪੋਤ ਕਰਨ ਦਾ ਭਰਵਾਂ ਯਤਨ ਕੀਤਾ ਹੈ। ਉਸ ਨੇ ਆਪਣੀ ਰਚਨਾ ਵਿਚ ਨੌਂ ਪ੍ਰਕਾਰ ਦੇ ਸਭੀ ਰਸਾਂ ਦਾ ਪ੍ਰਯੋਗ ਕੀਤਾ ਹੈ ਪਰ ਉਸ ਦੇ ਵਧੇਰੇ ਪ੍ਰਿਯ ਰਸ ਸ਼ਿੰਗਾਰ ਰਸ, ਬੀਰ ਰਸ ਤੇ ਕਰੁਣਾ ਰਸ ਹਨ। ਕਈ ਪ੍ਰਸੰਗਾਂ ਵਿਚ ਹਾਸ-ਰਸ ਨੂੰ ਉਚੇਚੇ ਯਤਨ ਨਾਲ ਸ਼ਾਮਿਲ ਕੀਤਾ ਗਿਆ ਹੈ, ਜਿਵੇਂ 'ਰਾਮ ਸਿੰਘ ਝੰਬਾ ਭਾਈ' ਅਤੇ 'ਰਾਮ ਕੌਰ' ਵਿਚ। ਬਾਬੂ ਰਜਬ ਅਲੀ ਨੇ ਪ੍ਰਸੰਗ ਦੀ ਕਹਾਣੀ ਦੇ ਸਥਾਈ ਭਾਵ ਅਨੁਸਾਰ ਉਦੀਪਣ ਤੇ ਭਾਵਾਂ ਦੀ ਸਹਾਇਤਾ ਨਾਲ ਰਸ ਦੀ ਨਿਸਪਤੀ ਕੀਤੀ ਹੈ ਅਤੇ ਉਸ ਨੂੰ ਜ਼ੋਰ ਨਾਲ ਚਮਕਾਇਆ ਹੈ। ਰਜਬ ਅਲੀ ਰਚਨਾਵਲੀ ਦੇ ਅੰਬਰ ਉੱਤੇ ਨੌਂ ਰਸਾਂ ਦੀ ਅਸਮਾਨੀ ਪੀਂਘ ਪਈ ਹੋਈ ਹੈ :

(ੳ) **ਸ਼ਿੰਗਾਰ ਰਸ**

ਕੇਸਾਂ ਤੇ ਰੀਝਾਂ ਲਾ ਦੂੰ, ਰੇਸ਼ਮ ਦੀ ਡੋਰੀ ਪਾ ਦੂੰ,
ਪੱਟੀਆਂ ਤੇ ਲਾ ਕੇ ਮੋਮਾਂ, ਜ਼ੁਲਫ਼ਾਂ ਤੇ ਅਤਰ ਚੋਮਾਂ।
ਟੇਡੀ ਕੱਢ ਕੇ ਚੀਰਨੀ ਤੇਰੀ, ਬਣਾ ਦੂੰ ਰੋਹਣੀ।
ਜੇੜ੍ਹੀ ਗੁੱਤ ਮੇਰੀ ਗੁੰਦੀ, ਨਾਗਨ ਵਰਗੀ ਹੁੰਦੀ,
ਲਗਣ ਗੇ ਤੇਰੇ ਪੈਸੇ, ਮੋਤੀ ਪਰੋਂ ਦੂੰ ਐਸੇ,
ਰੂਪ ਦੀਆਂ ਲਿਸ਼ਕੋਰਾਂ ਪੈਣ ਐ, ਬਣਾ ਲੈ ਬਾਂਦੀ।
ਜਦੋਂ ਇਸ਼ਨਾਨ ਕਰਾਊਂ, ਘੱਟ ਤੋਂ ਘੱਟ ਘੰਟਾ ਲਾਊਂ,
ਸਾਬਣ ਤੇ ਨਾਲ ਮਲ ਕੇ, ਅਤਰ ਫਲੇਲ ਰਲ਼ ਕੇ,
ਹੋ ਜੂ ਕੂਲਾ ਪਿੰਡਾ ਜਲ ਗਰਮ ਐਂ, ਲੱਗੜੀ ਤੋਂ।
ਕਰਦੂ ਜਿਸਮ ਨੂੰ ਨਰਮ ਐਂ, ਲੱਗੜੀ ਤੋਂ।

(ਵਿਰਾਟ ਪਰਬ)

ਰਾਣੀ ਵੇਖ ਕੇ ਰੂਪ ਹੈਰਾਨ ਹੋਗੀ, ਗੋਰਾ ਰੰਗ ਜਿਉਂ ਗੋਕਲੋਂ ਗੋਪੀਆਂ ਜੀ।
ਤੇਰੀ ਅੱਖ ਭਟਨੇਰ ਦੇ ਹਰਨ ਵਰਗੀ, ਸਿੱਧੇ-ਭਿਮਨੇ ਸੋਹਦੀਆਂ ਟੋਪੀਆਂ ਜੀ।
ਮੱਥਾ ਚੌਦਮੀ ਰਾਤ ਦਾ ਚੰਦ ਜਾਨੀ, ਰੁਖ਼ਸਾਰ ਮਦਰਾਸ ਦੀਆਂ ਖੋਪੀਆਂ ਜੀ।
ਲੰਮੀ ਧੌਣ ਗਲਾਸ ਬਲੌਰ ਦਾ ਹੈ, ਨਾਖ਼ਾਂ ਹੀਰਿਆਂ ਵਾਂਗ ਖੜੋਪੀਆਂ ਜੀ।
ਤੇਰੇ ਜੜੇ ਪਤਾਸੜੇ ਅੱਡੀਆਂ ਤੇ, ਸੋਹਣੇ ਪੈਰ ਪਰ ਜੰਗ ਗਈਆਂ ਨੋਪੀਆਂ ਜੀ।

(ਵਿਰਾਟ ਪਰਬ)

Digitized by Panjab Digital Library | www.panjabdigilib.org

(ਅ) **ਬੀਰ ਰਸ**

ਸਾਰੇ ਰੋਮ ਖਿੱਚੀ 'ਤੇ ਖੜੋ ਗੇ ਝੰਡ ਦੇ।
ਮਾਰ ਕੇ ਭੱਬਕ ਲਲਕਾਰਾ ਛੰਡ ਦੇ।
ਫੁਰਕਣ ਅੰਗ ਚਾਅ ਚੜ੍ਹੇ ਵੇ ਜੰਗ ਦੇ।
ਹੋਗੇ ਵਿਚੋਂ ਨੇਤਰ ਗੁਲਾਬੀ ਰੰਗ ਦੇ।
ਫੂਰ ਫੂਰ ਕਰਦੇ ਮਛੈਹਰੇ ਭਾਰੇ ਜੀ।
ਚੜ੍ਹ ਗਿਆ ਹਰਖ ਮਾਰਦਾ ਫੰਕਾਰੇ ਜੀ।
ਗੁੱਸੇ ਨਾਲ ਵਾਹੀ ਜ਼ੋਰ ਦੀ ਕਪਾਲ ਤੇ।
ਰੋਕ ਲਿਆ ਭਲੱਖੇ ਦਾ ਸ਼ਿਕਾਰ ਢਾਲ ਤੇ।
ਦੂਜੀ ਵਾਰੀ ਉਭਰੇ ਚੜ੍ਹਿਆ ਵਿਆਚਾ ਜ਼ਿਆ।
ਫੱਤਾ ਕੱਢ ਪੈਂਤਰਾ ਬਚਾ ਗਿਆ ਦਾ ਜਿਆ।
ਮਾਰਦਾ ਘੁੰਗ੍ਰੇ ਜਿਉਂ ਬਦਲ ਬੁੱਕਦਾ।
ਆਗਿਆ ਖੰਡਾ ਦੂਰੋਂ ਜਿਉਂ ਵਿਰੋਲਾ ਘੁਕਦਾ।

(ਜੈਮਲ-ਫੱਤਾ)

ਭਰੋ ਰੱਤ ਨਾਲ ਛੱਪੜ ਜੀ,
ਸੁਣਨ ਪਏ ਗੜ੍ਹਕੇ,
ਸੁੱਟ ਦਿਓ ਫੜਕੇ,
ਡੇਗ ਦਿਓ ਥੰਮ ਜਿਉਂ,
ਲਾਹ ਦਿਓ ਜੰਗ ਜਿਉਂ,
ਗੰਨਿਆਂ ਦੀ ਛਿੱਲ ਜੀ।
ਰਹਿਣ ਤੇਗਾਂ ਚਿਲਕਦੀਆਂ,
ਕਰ ਦਿਓ ਡੱਕਰੇ,
ਕਿਤੇ ਜੇ ਟੱਕਰੇ,
ਬਾਦਸ਼ਾਹ ਖ਼ਿਲਜੀ।

(ਰਾਜਾ ਰਤਨ ਸੈਨ)

ਮਾਰੀ ਕਲਾਕਾਰੀ ਹਨੂ ਦੀ ਅਵਾਜ਼ ਜਿਉਂ।
ਟੁੱਟਦਾ ਤਲੋਰਾਂ ਤੇ ਸ਼ਿਕਾਰੀ ਬਾਜ਼ ਜਿਉਂ।
ਪਰਸੇ ਦੇ ਵਾਂਗ ਚੱਕ ਕੇ ਕੁਹਾੜਾ ਗਿਆ।
ਪਲੇ ਦੂੰਬੇ ਫੜ ਕੇ ਬਘਿਆੜ ਪਾੜੀ ਗਿਆ।
ਸੂਰਮੇ ਦੀ ਬਿੰਦ ਸ਼ੇਰਨੀ ਨੇ ਜੰਮਿਆ।
ਪੱਚੀ ਤੀਹ ਹਜ਼ਾਰ ਨੂੰ ਕੱਲੇ ਨੇ ਥੰਮਿਆ।

(ਰਾਜਾ ਰਤਨ ਸੈਨ)

Digitized by Panjab Digital Library | www.panjabdigilib.org

(ੲ) ਕਰੁਣਾ ਰਸ

ਕਦੇ ਕਦੇ ਬੀਬੀ ਛੋਰੀ, ਕਦੇ ਲਵੇ ਹਟਕੋਰੇ, ਹੋ ਗੇ ਕਾਲਜੇ 'ਚ ਮੋਰੇ,
ਵੱਜੀ ਕੂਕ ਬਾਂਦੀ ਦੀ। ਸੁਣਗੀ ਝੰਗਿਆੜ ਚਿਚਲਾਂਦੀ ਜਾਂਦੀ ਦੀ।
ਕੂੰਜ ਕੁਰਲਾਵੇ, ਉੱਚੀ ਉੱਚੀ ਵੈਣ ਪਾਵੇ, ਡੋਲੇ ਨਾਲ ਛਣਕਾਵੇ,
ਚੂੜੀ ਮਾਰ ਚਾਂਦੀ ਦੀ। ਸੁਣਗੀ ਝੰਗਿਆੜ ਚਿਚਲਾਂਦੀ ਜਾਂਦੀ ਦੀ।

(ਚੰਡੀ-ਭੀਮ ਸਿਘ)

ਜਦੋਂ ਕੋਈ ਛੇੜੇ ਮਾਪਿਆਂ ਦੀ ਗੱਲ ਜੀ।
ਨੈਣੋਂ ਜਾਵੇ ਤਰਪ ਤਰਪ ਜਲ ਜੀ।
ਭਰੇ ਫੋੜੇ ਵਾਂਗ ਫਿਸ ਪੈਂਦੀ।
ਤੇਰੀ ਧੀ ਨਿਆਣੀ ਰੋਂਦੀ ਰਹਿੰਦੀ ਬਾਬਲਾ।

(ਹਸਨ ਹੁਸੈਨ)

(ਸ) ਹਾਸ ਰਸ :

ਕਹੇ ਪੰਜਮੀ ਬਹੂ ਮੂੰਹ ਕਾਲੀ, ਜਿਸ ਦਿਨ ਅਸਾਂ ਵਿਆਹਲੀ, ਆਈ ਖੁਰਾਂ ਧੋਤਿਆਂ ਵਾਲੀ,
ਇਕ ਪੈਰੀ, ਬਲਦ ਮਰੇਟਿਆ ਗਿਆ। ਮਹਿੰ ਮਰਗੀ ਮੱਘਾ ਪੱਟਿਆ ਗਿਆ।
ਗਿਆ ਮਾਰਿਆ ਇਕ ਥਣ ਗਾਂ ਦਾ, ਜਿਸ ਦਿਨ ਦਾ ਡੋਲਾ ਲਿਆਂਦਾ, ਪੈਰ ਪਿਛਾਂਹ ਨੂੰ ਜਾਂਦਾ,
ਅੱਡ ਕਰਦੂ ਨੂੰਹ ਪੁੱਤ ਦੋਹਾਂ ਨੂੰ। ਬਹਿ ਸੱਸਾਂ ਨਿੰਦਦੀਆਂ ਨੋਹਾਂ ਨੂੰ।

(ਤਰਜ਼ ਅਮਲਕ)

(ਹ) ਰੌਦਰ ਰਸ

ਪਾਏ ਖੌਰੂ ਸਾਨ੍ਹ ਵਾਂਗੂ ਖੜ੍ਹਕੇ, ਜਿਵੇਂ ਬਿਜਲੀ ਚੇਤ ਦੀ ਕੜਕੇ, ਪੂਰਾ ਅਰਸ਼ ਜ਼ਮੀਨ ਦਾ ਧੜਕੇ,
ਤੜਾਂ ਸੁਨਣ ਦੂਰ ਤੋਂ ਬੱਬਰ ਦੀਆਂ। ਸਨ ਭੁਜਾ ਸਹੰਸਰ ਬੱਜਰ ਦੀਆਂ।

(ਊਖਾ-ਅਨੁਰੁੱਧ)

(ਕ) ਭੀਬਤਸ ਰਸ

ਕੰਨ ਸਾਰੰਗੀ ਦੀ ਕਿੱਲੀ, ਤੋਰ ਰਿੱਛਣੀ ਤੋਂ ਢਿੱਲੀ,
ਲਤ ਚੂਬਣੇ ਤੋਂ ਹਿੱਲੀ ਤੇ ਕਲਰ ਸੌਲਾ ਹੈ।
ਕੱਛੀਂ ਕੱਛ ਲੱਗੀ ਨਿਕਲੀ ਦਾ ਰੇਲਾ ਹੈ।
ਧੌਣ ਛੋਟੀ ਸੀਸ ਸੱਗੀ, ਲਾਈ ਪੇਟ ਦੀ ਥਾਂ ਡੱਗੀ,
ਮੌਰਾਂ ਤੇ ਰਸੌਲੀ ਲੱਗੀ ਤੇ ਸਰੀਰ ਕਰੜ ਐ।
ਮਾਰੇ ਬਗਲ ਗੰਦ ਦਾ ਮੁਸ਼ਕ ਮੁਖ 'ਚੋਂ......

(ਪੈਂਦ ਕਾ ਮਹੱਲਾ)

ਬਾਬੂ ਰਜਬ ਅਲੀ ਰਚਨਾਵਲੀ ਸ਼ਬਦਾਂ ਦਾ ਭੰਡਾਰ ਹੈ। ਬਾਬੂ ਜੀ ਨੇ 63 ਸਾਲ ਵਿਚ 80 ਤੋਂ ਉਪਰ ਛੋਟੀਆਂ ਵੱਡੀਆਂ ਰਚਨਾਵਾਂ ਸਿਰਜੀਆਂ ਜੋ ਭਿੰਨ-ਭਿੰਨ ਖੇਤਰਾਂ ਨਾਲ ਸੰਬੰਧਿਤ ਹਨ। ਬਾਬੂ ਜੀ ਨੌਕਰੀ ਦੇ ਸਮੇਂ ਵੀ ਪਿਸ਼ਾਵਰ ਤੋਂ ਲੈ ਕੇ ਅਬੋਹਰ ਤੱਕ ਘੁੰਮਦਾ

Digitized by Panjab Digital Library | www.panjabdigilib.org

ਰਿਹਾ ਤੇ ਦੂਜੇ ਵਿਸ਼ਵ ਯੁੱਧ ਦੇ ਸਮੇਂ ਬਸਰੇ ਵੀ ਗਿਆ। ਬਾਬੂ ਜੀ ਸਾਰੀ ਆਯੂ ਕਵੀਸ਼ਰੀ, ਕਿੱਸਾ-ਕਾਵਿ ਤੇ ਹੋਰ ਸਾਹਿਤ ਦਾ ਅਧਿਐਨ ਕਰਦਾ ਰਿਹਾ ਜਿਸ ਨਾਲ ਉਸ ਦਾ ਸ਼ਬਦ-ਭੰਡਾਰ ਅੰਤਾਂ ਦਾ ਅਮੀਰ ਤੇ ਬਹੁ ਪੱਖੀ ਹੋ ਗਿਆ। ਬਾਬੂ ਜੀ ਦੇ ਵਿਚਾਰਾਂ ਵਿਚ ਧਾਰਮਿਕ ਕੱਟੜਤਾ ਦੀ ਥਾਂ ਧਾਰਮਿਕ ਸਹਿਨਸ਼ੀਲਤਾ ਸੀ। ਇਸ ਲਈ ਉਹਨਾਂ ਵੱਖ ਵੱਖ ਧਰਮਾਂ ਨਾਲ ਸੰਬੰਧਿਤ ਰਚਨਾਵਾਂ ਸਿਰਜੀਆਂ ਤੇ ਉਹਨਾਂ ਧਰਮਾਂ ਵਿਚ ਹਰਮਨ ਪਿਆਰੀਆਂ ਭਾਸ਼ਾਵਾਂ ਦੀ ਸ਼ਬਦਾਵਲੀ ਨੂੰ ਵੀ ਦਿਲ ਖੋਲ ਕੇ ਅੰਗੀਕਾਰ ਕੀਤਾ।

ਰਜਬ ਅਲੀ ਦੀ ਬੋਲੀ ਦਾ ਪਿੰਡਾ ਤੇ ਪਹਿਚਾਣ ਮਲਵਈ ਉਪਭਾਖਾ ਹੈ। ਬਾਬੂ ਜੀ ਨੇ ਮਲਵਈ ਭਾਖਾ ਨੂੰ ਪੂਰੀ ਸਮਰਥਾ ਨਾਲ ਆਪਣੀ ਰਚਨਾ ਦਾ ਆਧਾਰ ਬਣਾਇਆ। ਉਸ ਦੀ ਰਚਨਾ ਵਿਚ ਮਲਵਈ ਰੰਗ ਏਨ੍ਹਾ ਗੂੜ੍ਹਾ ਤੇ ਪ੍ਰਮੁੱਖ ਹੈ ਕਿ ਕਿਸੇ ਨੂੰ ਕਹਿਣ ਜਾਂ ਵਿਖਾਉਣ ਦੀ ਲੋੜ ਨਹੀਂ ਪੈਂਦੀ। ਬਾਬੂ ਜੀ ਨੇ ਸ਼ਬਦਾਵਲੀ ਹੀ ਨਹੀਂ ਸਗੋਂ ਮੁਹਾਵਰਾ ਵੀ ਉਹੋ ਰਖਿਆ ਹੈ। ਛੰਦ ਦੀ ਚਾਲ ਵਿਚ ਬੰਨਣ ਲੱਗਿਆਂ ਉਹਨਾਂ ਸ਼ਬਦ-ਵਿਗਾੜ ਕੀਤੇ ਤਾਂ ਹਨ ਪਰ ਹਨ ਬੜੇ ਥੋੜੇ। ਬਾਬੂ ਜੀ ਨੇ ਮਲਵਈ ਸ਼ਬਦਾਵਲੀ ਤੇ ਲਹਿਜੇ ਨੂੰ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ ਹੈ ਪਰ ਬਾਬੂ ਜੀ ਦਾ ਮਲਵਈ ਦਾ ਉਹ ਜੱਟਕਾ ਤੇ ਕਰਾਰਾ ਲਹਿਜਾ ਨਹੀਂ ਜੋ ਕਵੀਸ਼ਰ ਮਾਘੀ ਸਿੰਘ ਦੀ ਭਾਸ਼ਾ ਵਿਚ ਹੈ। ਬਾਬੂ ਜੀ ਸ਼ਬਦ ਨੂੰ ਵਰਤਣ ਦਾ ਆਪਣਾ ਸਲੀਕਾ ਹੈ। ਇਹ ਸਲੀਕਾ ਉਹਨਾਂ ਨੇ ਆਪਣੀ ਭਾਸ਼ਾ ਤੇ ਸ਼ੈਲੀ ਵਿਚ ਕਾਇਮ ਰੱਖਿਆ ਹੈ। ਬਾਬੂ ਦੀ ਭਾਸ਼ਾ ਦੀ ਵਿਸ਼ੇਸ਼ ਪਹਿਚਾਣ ਬਾਬੂ ਜੀ ਵਲੋਂ ਕਿਤੇ ਕਿਤੇ ਅੰਗ੍ਰੇਜ਼ੀ-ਸ਼ਬਦਾਂ ਨੂੰ ਵਰਤਣ ਵਿਚ ਹੈ। ਬਾਬੂ ਜੀ ਜਾਣ ਬੁੱਝ ਕੇ ਇਹਨਾਂ ਸ਼ਬਦਾਂ ਦੀ ਵਰਤੋਂ ਕਰਦੇ ਸਨ। ਕਵੀਸ਼ਰੀ-ਕਲਾ ਦੇ ਮਾਪ-ਦੰਡ ਅਨੁਸਾਰ ਇਹ ਭਾਰੀ ਦੋਸ਼ ਹੈ। ਸ਼ਾਇਦ ਬਾਬੂ ਜੀ ਆਪਣੇ ਸਮਕਾਲੀ ਅਨਪੜ੍ਹ ਕਵੀਸ਼ਰਾਂ ਨੂੰ ਆਪਣੇ ਅੰਗ੍ਰੇਜ਼ੀ ਪੜ੍ਹੇ ਹੋਣ ਦਾ ਅਹਿਸਾਸ ਕਰਵਾ ਰਿਹਾ ਸੀ। ਇਸ ਦੀ ਦੂਜੀ ਪਹਿਚਾਣ ਬਾਬੂ ਜੀ ਵਲੋਂ ਕਿਤੇ ਕਿਤੇ ਉਰਦੂ ਨੁਮਾ ਕ੍ਰਿਆ ਤੇ ਕਾ, ਕੇ, ਆਦਿ ਦੀ ਵਰਤੋਂ ਕਰਨਾ ਹੈ, ਇਹ ਵੀ ਕਵੀਸ਼ਰੀ ਦੇ ਮਿਜ਼ਾਜ ਵਿਚ ਵਿਗਾੜ ਪੈਦਾ ਕਰਦਾ ਹੈ ਭਾਵੇਂ ਇਹ ਦੋਸ਼ ਪਹਿਲੇ ਨਾਲੋਂ ਘੱਟ ਰੜਕਦਾ ਹੈ। ਜਿੱਥੇ ਬਾਬੂ ਜੀ ਨੇ ਗੂੜ੍ਹੀ ਮਲਵਈ ਵਰਤੀ ਹੈ ਉੱਥੇ ਉਸ ਦੇ ਬਿਆਨ ਵਿਚ ਰੰਗਤ ਆਈ ਹੈ ਅਤੇ ਬਨਾਵਟੀਪਣ ਘਟਿਆ ਹੈ।

ਰਜਬ ਅਲੀ ਨੇ ਉਰਦੂ ਭਾਸ਼ਾ ਵਿਚੋਂ ਬਹੁਤ ਸਾਰੇ ਸ਼ਬਦ ਕਵੀਸ਼ਰੀ ਵਿਚ ਵਰਤੇ ਹਨ। ਉਹਨਾਂ ਨੇ ਬਹੁਤ ਥਾਵਾਂ ਉੱਤੇ ਉਰਦੂ ਕ੍ਰਿਆ ਰੂਪ ਵਰਤੇ ਹਨ ਜਿਵੇਂ ਗਿਰਨਾ ਆਦਿ। ਉਰਦੂ ਦਾ ਮਿਸ਼ਰਤ ਜਿਹਾ ਰੂਪ ਜਿੱਥੇ ਦੋਸ਼ ਲੱਗਦਾ ਹੈ ਉੱਥੇ ਬਾਬੂ ਰਜਬ ਅਲੀ ਦੀ ਸ਼ੈਲੀ ਦੀ ਪਹਿਚਾਣ ਵੀ ਹੈ।

ਬਾਬੂ ਰਜਬ ਅਲੀ ਦੀ ਮਲਵਈ ਸ਼ਬਦਾਵਲੀ, ਮਲਵਈ, ਮੁਹਾਵਰੇ, ਉਰਦੂ, ਫ਼ਾਰਸੀ ਤੇ ਅਰਬੀ ਸ਼ਬਦਾਵਲੀ, ਬ੍ਰਜ, ਸੰਸਕ੍ਰਿਤ ਸ਼ਬਦਾਵਲੀ ਅਤੇ ਅੰਗ੍ਰੇਜ਼ੀ ਸ਼ਬਦਾਂ ਦਾ ਗੰਡਜੋੜ ਦੀ ਪੂਰੀ ਸੂਚੀ ਆਕਾਰ ਦੀ ਦ੍ਰਿਸ਼ਟੀ ਤੋਂ ਦੇਣੀ ਸੰਭਵ ਨਹੀਂ ਪਰ ਫਿਰ ਵੀ ਕੁਝ ਨਮੂਨੇ ਮਾਤਰ ਵੰਨਗੀ ਦਿੱਤੀ ਜਾ ਰਹੀ ਹੈ ਤਾਂ ਜੋ ਉਸ ਦੀ ਭਾਸ਼ਾ ਦੀ ਉਣਤੀ ਬੁਣਤੀ ਦਾ ਗਿਆਨ ਹੋ ਸਕੇ। ਬਾਬੂ ਜੀ ਨੇ ਇਨ੍ਹਾਂ ਬਾਹਰਲੀਆਂ ਬੋਲੀਆਂ ਦੀ ਸ਼ਬਦਾਵਲੀ ਵਰਤੀ ਹੈ ਉਹ ਤਤਸਮ

Digitized by Panjab Digital Library | www.panjabdigilib.org

ਤੇ ਤਦਭਵ ਦੋਵਾਂ ਰੂਪਾਂ ਵਿਚ ਹੈ ਪਰ ਇਸ ਦੀ ਵਧੇਰੇ ਗਿਣਤੀ ਤਦਭਵ ਵਾਲੀ ਹੀ ਹੈ। ਬਾਬੂ ਜੀ ਦੀ ਸ਼ਬਦ-ਚੋਣ ਕਮਾਲ ਦੀ ਹੈ। ਉਹ ਕਿਤਾਬੀ ਘੱਟ ਪਰ ਲੋਕਾਂ ਦੀ ਅਸਲ ਭਾਸ਼ਾ ਦੇ ਵਧੇਰੇ ਨੇੜੇ ਹੈ।

ਹੱਥਲੀ ਪੁਸਤਕ ਵਿਚ ਜੋ ਬਾਬੂ ਰਜਬ ਅਲੀ ਦੀਆਂ ਕਾਵਿ-ਟੂਕਾਂ ਵਰਤੀਆਂ ਗਈਆਂ ਹਨ, ਉਹਨਾਂ ਕਾਵਿ-ਟੂਕਾਂ ਦਾ ਹੀ ਭਾਸ਼ਾ ਗਤਿ ਅਧਿਐਨ ਕਰੀਏ ਤਾਂ ਦਿਲਚਸਪ ਸਿੱਟੇ ਨਿੱਕਲਦੇ ਹਨ। ਇਹਨਾਂ ਕਾਵਿ-ਟੂਕਾਂ ਵਿਚ ਵਰਤੀ ਗਈ ਮਲਵਈ, ਅਰਬੀ ਫ਼ਾਰਸੀ ਤੇ ਬ੍ਰਜ ਸੰਸਕ੍ਰਿਤ ਸ਼ਬਦਾਵਲੀ ਦਾ ਵੇਰਵਾ ਨਿਮਨ ਲਿਖਤ ਦਿੱਤਾ ਜਾ ਰਿਹਾ ਹੈ :

**(ੳ) ਮਲਵਈ ਸ਼ਬਦਾਵਲੀ**

ਇੰਝ, ਉੱਝਕੇ, ਘੁਕਾਟ, ਝੰਮਣੀ, ਫਰਨ ਦੇ, ਖਿੱਲੀਆਂ, ਚਕਮਾ, ਝਿੰਜਣ, ਲਚਕਾਰੇ, ਘਰਾਲੇ, ਸਿੰਜਤਾ, ਭਲਾਮੇ, ਝੰਝਣ, ਕਸੂਤੇ, ਗੁੰਦਮਾ, ਚੱਕਮਾਂ, ਐਮੇਂ, ਉਨੂੰ, ਝਾਕੇ, ਸਿੱਲੜ, ਲੱਕੇ, ਬਿਆਗੀ, ਤੜਾਂ, ਪੱਤੀ, ਖੁੰਦਰ, ਝਈਆਂ, ਨ੍ਹੇਰਾ, ਤਾੜੇ, ਢਾਬ, ਝੰਫਲਾਂ, ਠੱਫਲਾਂ, ਹੱਭਕੇ, ਬਾਗੜਾਂ, ਲੌਣੇ, ਹਰਖੀ, ਮੈਲਾ, ਕਰੀਹਾਂ, ਜੇਰਾ, ਜੰਨ, ਥਰਥੱਲੇ, ਜਰਮੇਂ, ਝੰਗਿਆੜਾਂ, ਚੰਚਲਾਂਦੀ, ਉਲਾਮੇ, ਹੰਭਿਆ, ਚੂੰਡਿਆ, ਬੂੜ੍ਹੀ, ਅੱਟ, ਨਮੇਂ ਭਾਅ ਦੀ, ਬਿਆੜ, ਨੂਣ, ਬੰਬੇ, ਬਿਆਵੇ, ਕੜਬ, ਝਮਕ, ਸਲੂਟੇ, ਜੁੰਡਿਆਂ, ਘਾਠੇ, ਜੁਵਾੜਾਂ, ਕੱਬੀਆਂ, ਸਾਵਾਂ, ਭੱਖਣ, ਘੂਰ, ਸਾਫੇ, ਜਰਮੇਂ, ਬੁਰਿਆਰ, ਚੌਧਰ, ਘੇਰਨੀ, ਝੁੱਟ ਕਰ ਕੇ, ਕੇੜਾ, ਘੇਰਤੂ, ਲਟੈਣ, ਅਸਲਾ, ਝੱਗੇ, ਬਿੰਦ ਬਿੰਦ ਦੇ, ਘਬੋਂਦੇ, ਅਸ਼ਕੇ, ਖੋਰ, ਖੁੰਝ, ਕੜਮਾਂ, ਬੋਤਾ, ਲਾਹਮੀ ਛਾਹਮੀ, ਫਾਗ, ਭੜੋਲੀ, ਬੀਹੀ, ਖਿੱਲ, ਭਾਮੇ, ਜਰਮਿਆਂ, ਘੁਟਮਾਂ, ਬਾਹਲੇ, ਅੜਬ, ਜੈਲੇ, ਤੜੀ, ਜਿਆਸਤੀ, ਚਰੇੜੀ, ਘਲੋਟੇ, ਲਾਮ ਤੇ, ਖਰੇਪੜ, ਅਲੇਹੇ, ਗਡੀਰੇ, ਮਹੈਣਾਂ, ਪਾੜੇ, ਦੁਲੱਤੇ, ਸਤੌਲਿਆਂ, ਜਮਾਂ, ਖੇੜਾ, ਲੰਡੋਰ, ਸਾਹੇ, ਜੁਆਕ, ਬੈਲ, ਕਾਰਮੇ, ਲਵਿਓ, ਚਲਕੋਰ, ਸਰਬਕੱਤਾ, ਤੇਹ, ਬਰੋਲੜਾ, ਮੂਰੇ, ਲਵੇ, ਚੋਮਾਂ, ਤਰਪ ਤਰਪ, ਮਝੇਟਿਆ ਆਦਿ।

**(ਅ) ਅਰਬੀ ਫ਼ਾਰਸੀ ਸ਼ਬਦਾਵਲੀ**

ਮੁਬਾਰਕ, ਰੁਖਸਾਰ, ਜੌਹਰ, ਨਜ਼ਮਾਂ, ਕਮਜ਼ੋਰ, ਅਹਿਸਤਾ, ਫਿਕਰੇ, ਸ਼ਾਇਰ, ਤਾਰੀਫ, ਅਦਲੀ, ਖਾਰਜ, ਗਰਕ, ਖਾਕ, ਪਲੀਤੀ, ਫਿਤਨਾ, ਰਮਜ਼, ਮੁਸੀਬਤ, ਅਬਰੂ, ਆਰਿਫਾਂ, ਵਜ਼ਾਰਤ, ਆਬਿਹਯਾਤ, ਦਾਹਦਾਂ, ਖੁਸ਼ਬੂ, ਹਜ਼ੂਰ, ਖੁਦਾਵੰਦ, ਪਾਕ, ਕਬਰ, ਨੂਰ, ਲੌਲਾਕ, ਤਬਕ, ਅੱਲਾ, ਰਬ, ਕੁਦਰਤ, ਪੈਗੰਬਰ, ਜਲਵਾ, ਜ਼ੋਰ, ਮਸ਼ਹੂਰ, ਸਫਾ, ਕਮਾਲ, ਅੰਜੀਲ, ਬੇਲਿਹਾਜ, ਕਰਾਮਾਤੀ, ਅਲਾਹਿਦਾ, ਦਮਨ, ਤਕਦੀਰ, ਅਰਜ਼, ਕਤੇਬੀ, ਗੁਮਾਸ਼ਤਾ, ਜ਼ਿਮੀ, ਖ਼ੁਦਾ, ਬੀਆਬਾਨ, ਸ਼ੀਰ, ਵਾਲਦੈਨ, ਨਗਮੇਂ, ਅਕਲਮੰਦ, ਸ਼ਕਲਵੰਦ, ਅਰਸ਼ੀ, ਬਦਕਾਰ, ਫਰਿਸ਼ਤੇ, ਕੁਰਾਨ, ਕੌਸਰ ਪਿਆਲਾ, ਉੱਮਤ, ਹਰਜ, ਖਾਲਕ, ਮਾਦਰੀ ਜ਼ਬਾਨ, ਆਦਿ।

**(ੲ) ਬ੍ਰਜ ਸੰਸਕ੍ਰਿਤ ਸ਼ਬਦਾਵਲੀ**

ਸਿੱਧੂ, ਅਨੰਤ, ਮਸਤਕ, ਰਣਭੂਮਕਾ, ਹਰੇ, ਕਵੀਯਨ, ਪ੍ਰਿਯੈ, ਦਿੱਜ, ਬਿਪਰ,

Digitized by Panjab Digital Library | www.panjabdigilib.org

ਬੀਚ, ਗਿਰਗੇ, ਕੰਚ, ਜਲ, ਰਿਦੈ, ਭੂਮ, ਮੰਡਿਲਾਂ ਮੇਂ, ਕੇਹਰ, ਕੁਟ 'ਚੋਂ, ਤੁਮਾਰੇ, ਗਾਮ, ਖਿਲ ਮੇਂ, ਕੂਪ, ਕੂਟ, ਸੰਦੇਸ਼, ਪੁਸ਼ਪ, ਕੋਂਪਲਾਂ, ਮੇਘਲਾ, ਮੂਨ, ਸੁਧਾਸਰ, ਤਰਲੋਕੀ, ਨੇਤਰ, ਅੰਮੀ, ਨਾਸਕ, ਦਾਮਨੀ, ਭੱਛ, ਕਮਲ, ਯਖੰ, ਪਾਤ, ਲੰਕੇਸ਼, ਪਰਸੇ ਆਦਿ ।

(ਸ) ਅੰਗ੍ਰੇਜ਼ੀ ਸ਼ਬਦਾਵਲੀ

ਕਲਰ, ਬਿੱਲਟੀ, ਮੈਰਿਜ਼, ਜੀਨ, ਫਾਇਰ, ਹੰਡਰਡ, ਅਪੀਲ, ਹੈਡ, ਰਫਲ, ਨੇਚਰ, ਗਰਾਮਰ, ਵਾਟਰ ਮੈਨਰ, ਗੇਟ, ਫੈਸ਼ਨ, ਡੇਸ, ਕਿੰਗ, ਟਰੈਕਟਰ, ਫਲਾਵਰ, ਵਾਇਸਰਾਇ ਇੰਡੀਆ, ਬਿਲਡਿੰਗਾਂ, ਟਿਊਬਵੈਲ, ਲੈਣਾਂ, ਆਦਿ ।

5. ਬਿਆਨੀਆ ਸ਼ੈਲੀ

ਬਾਬੂ ਰਜਬ ਅਲੀ ਦੀ ਸ਼ੈਲੀ ਬਿਆਨੀਆ ਸ਼ੈਲੀ ਹੈ । ਉਹ ਅਖਾੜੇ ਦੇ ਹਿਸਾਬ ਨਾਲ ਕਥਾ ਦੀ ਡੋਰ ਨੂੰ ਕਦੀ ਢਿੱਲਾ ਛੱਡਦਾ ਕਦੀ ਖਿੱਚਦਾ ਹੌਲੀ ਹੌਲੀ ਕਵੀਸ਼ਰੀ ਦੀ ਪਤੰਗ ਨੂੰ ਕਲਪਨਾ ਦੇ ਅਸਮਾਨ ਉੱਤੇ ਖਿੱਚ ਖੜਦਾ ਹੈ । ਉਸ ਦੀ ਸ਼ੈਲੀ ਵਧੇਰੇ ਕਰ ਕੇ ਇਕਸਾਰ ਠੁੱਕਵਾਲੀ ਹੈ । ਇਸ ਵਿਚ ਨਾ ਕਿਤੇ ਲੋੜ ਤੋਂ ਵਧੇਰੇ ਵਿਸਤਾਰ ਤੇ ਕਿਤੇ ਨਾ ਅਣ ਲੋੜੀਂਦਾ ਸੰਜਮ ਹੈ । ਉਸਦੇ ਬਿਆਨ ਵਿਚ ਵਿਸਤਾਰ ਹੈ ਪਰ ਕਹਿਰਾਂ ਦਾ ਵਿਸਤਾਰ ਨਹੀਂ । ਉਹ ਆਪਣੇ ਬਿਆਨ ਨੂੰ ਕਥਾ ਦੇ ਤਰਕ ਦੇ ਆਧਾਰ ਉੱਤੇ ਉਸਾਰਦਾ ਹੈ। ਬਾਬੂ ਜੀ ਕਹਾਣੀ ਨੂੰ ਭਾਵਨਾ ਦੀ ਚਾਸਣੀ ਵਿਚ ਡੁਬੋ ਕੇ ਆਪਣੇ ਬਿਆਨ ਵਿਚ ਹੋਰ ਮਿਠਾਸ ਪੈਦਾ ਕਰਦਾ ਹੈ ।

ਕਵੀਸ਼ਰੀ ਲੋਕ-ਧਾਰਾ ਦੇ ਸਭ ਤੋਂ ਨੇੜਲਾ ਕਾਵਿ-ਰੂਪ ਹੈ, ਇਸ ਲਈ ਕਵੀਸ਼ਰੀ ਵਿਚ ਮਹਾਂ ਕਵੀਆਂ ਵਾਲੀ ਸ਼ਾਸਤਰੀਯ ਰੰਗ ਦੀ ਸ਼ੈਲੀ ਦਾ ਉਤਕ੍ਰਿਸ਼ਟਤਮ ਕਾਵਿ ਨਹੀਂ ਹੁੰਦਾ । ਕਵੀਸ਼ਰੀ ਦਾ ਗੁਣ ਇਹੀ ਹੈ ਕਿ ਕਵੀਸ਼ਰ ਆਪਣੇ ਬਿਆਨ ਨੂੰ ਲੋਕ-ਪਰੰਪਰਾ ਤੇ ਲੋਕ-ਕਾਵਿ-ਧਾਰਾ ਦੇ ਨੇੜੇ ਰੱਖਦੇ ਹਨ । ਰਜਬ ਅਲੀ ਦੀ ਸ਼ੈਲੀ ਵਾਰਿਸ ਦੀ ਸ਼ੈਲੀ ਵਾਂਗ ਪੱਕੀ, ਪਰੋੜ੍ਹ ਤੇ ਕਲਾਤਮਿਕ ਨਹੀਂ ਹੈ । ਵਾਰਿਸ਼ ਸ਼ਾਹ ਤੇ ਹਾਸ਼ਮ ਸ਼ਾਹ ਦੀ ਸ਼ੈਲੀ ਕਿੱਸਾ-ਕਾਵਿ ਦੀ ਸ਼ੈਲੀ ਦੀ ਸ਼ਾਸਤਰੀਯ ਚਰਮ ਸੀਮਾ ਨੂੰ ਛੂੰਹਦੀ ਹੈ । ਕਿਉਂਕਿ ਕਵੀਸ਼ਰਾਂ ਨੂੰ ਆਖਾੜੇ ਨੂੰ ਮੁਖਾਤਿਬ ਹੋ ਕੇ ਲਿਖਣਾ ਪੈਂਦਾ ਹੈ ਇਸ ਲਈ ਕੁਦਰਤੀ ਹੀ ਇਸ ਦੀ ਸਿਰਜਣਾ ਵਿਚ ਕਾਹਲ ਦਾ ਔਗੁਣ ਆ ਜਾਂਦਾ ਹੈ । ਜਿਵੇਂ ਮੌਲਿਕ ਸਾਹਿਤ ਵਿੱਚ ਪੱਤਰਕਾਰੀ ਦਾ ਰੰਗ ਵੱਧ ਜਾਣ ਨਾਲ ਉਸ ਦੇ ਸਰੂਪ ਤੇ ਸੁਭਾਅ ਵਿਚ ਕੁਝ ਪੇਤਲਾਪਣ ਆ ਜਾਂਦਾ ਹੈ । ਇਹੀ ਪੇਤਲਾਪਣ ਦੀ ਲੇਸ ਜਨ-ਸਾਧਾਰਨ ਨੂੰ ਮੌਲਿਕ ਸਾਹਿਤ ਨਾਲ ਵਧੇਰੇ ਛੇਤੀ ਜੋੜਦੀ ਹੈ ।

ਰਜਬ ਅਲੀ ਭਾਵੇਂ ਆਪਣੀ ਕਵੀਸ਼ਰੀ ਵਿਚ ਅਖਾੜੇ ਦੇ ਸਰੋਤਿਆਂ ਨੂੰ ਸਿੱਧਾ ਸੰਬੋਧਨ ਹੁੰਦਾ ਹੈ ਪਰ ਇਸ ਮੁਖਾਤਿਬ ਹੋਣ ਦੀ ਪ੍ਰਕ੍ਰਿਆ ਵਿਚ ਉਪਦੇਸ਼ਾਤਮਿਕ ਰੁਚੀ ਨਹੀਂ ਸਗੋਂ ਇਸ ਦਾ ਲਹਿਜਾ ਏਨਾ ਸਪਸ਼ਟ ਹੁੰਦਾ ਹੈ ਕਿ ਸਰੋਤਾ ਉਸ ਨਾਲ ਇਨ ਬਿਨ ਮਾਨਸਿਕ ਤੌਰ 'ਤੇ ਜੁੜ ਜਾਂਦਾ ਹੈ ਅਤੇ ਉਸ ਨੂੰ ਕਵੀਸ਼ਰ ਤੇ ਆਪਣੇ ਵਿਚਲਾ ਭੇਦ ਹੀ ਖ਼ਤਮ ਹੋ ਗਿਆ ਪ੍ਰਤੀਤ ਹੁੰਦਾ ਹੈ । ਕੀ ਸੰਬੋਧਨੀ-ਕਾਵਿ ਵੀ ਸ਼੍ਰੇਸ਼ਟ-ਕਾਵਿ ਹੋ ਸਕਦਾ ਹੈ ? ਇਹ ਪ੍ਰਸ਼ਨ ਅਜੇ

Digitized by Panjab Digital Library | www.panjabdigilib.org

ਸਿਆਣਿਆਂ ਦੇ ਵਿਚਾਰ ਅਧੀਨ ਹੈ। ਬਾਬੂ ਸਰੋਤਿਆਂ ਨੂੰ ਸੰਬੋਧਿਤ ਹੋ ਕੇ ਉਹਨਾਂ ਦਾ ਧਿਆਨ ਆਪਣੇ ਵੱਲ ਖਿੱਚਣ ਵਿਚ ਸਫਲ ਰਹਿੰਦਾ ਹੈ। ਕਹਾਣੀ ਵਿਚਲੇ ਆਏ ਪਾਤਰਾਂ ਦੇ ਸੰਵਾਦਾਂ ਨਾਲ ਉਹ ਸ਼ੈਲੀ ਵਿਚ ਨਾਟਕੀਪਣ ਪੈਦਾ ਕਰਦਾ ਹੈ ਅਤੇ ਇਹ ਰੁਚੀ ਕਵੀਸ਼ਰੀ ਪਰੰਪਰਾ ਵਿਚ ਕਾਫੀ ਲੋਕ-ਪ੍ਰਿਯ ਵੀ ਹੈ।

ਬਾਬੂ ਰਜਬ ਅਲੀ ਆਪਣੀ ਸ਼ੈਲੀ ਨੂੰ ਚਮਕਾਉਣ ਲਈ ਘਟਨਾ ਦੇ ਅਨੁਸਾਰ ਵਾਰ ਵਾਰ ਤਸਬੀਹਾਂ ਦਿੰਦਾ ਹੈ। ਇਹ ਤਸਬੀਹਾਂ ਉਹ ਇਤਿਹਾਸ ਮਿਥਿਹਾਸ ਵਿਚੋਂ ਚੁਣਦਾ ਹੈ। ਉਹ ਇਹਨਾਂ ਤਸਵੀਹਾਂ ਨਾਲ ਆਪਣੀ ਗੱਲ, ਆਪਣੇ ਬਿਆਨ ਤੇ ਆਪਣੇ ਵਿਚਾਰ ਪਰਿਪੱਕ ਕਰਨ ਲਈ ਪੁਸ਼ਟੀ ਦੇ ਰੂਪ ਵਿਚ ਵਰਤਦਾ ਹੈ। ਅਜਿਹੇ ਸਮੇਂ ਉਸ ਦੀ ਸੁਰਤੀ ਧਰਤ-ਆਕਾਸ਼ ਨੂੰ ਫੋਲਦੀ ਹੈ, ਜਿਵੇਂ 'ਜੰਗ-ਮਰਾਝ' ਵਿਚ ਗੁਰੂ ਹਰਿ ਗੋਬਿੰਦ ਸਾਹਿਬ ਤੇ ਸਿੱਖਾਂ ਦੀ ਬਹਾਦਰੀ ਨੂੰ ਦੱਸਣ ਲਈ ਉਹ ਕਾਲਕਾ ਵਲੋਂ ਸੁੰਭ ਤੇ ਨਿਸੁੰਭ ਮਾਰਨ ਦਾ, ਰੁਘਬੀਰ ਵਲੋਂ ਮੇਘ ਮਾਰਨ, ਕੁਰਸ਼ੇਤਰ ਵਿਚ ਪਾਂਡਵਾਂ ਦਾ ਯੁੱਧ, ਅਨੁਰੁੱਧ ਨੂੰ ਛੁਡਾਉਣ ਲਈ ਕ੍ਰਿਸ਼ਨ ਤੇ ਸਹੰਸਰ ਬਾਹੂ ਦੈਂਤ ਦਾ, ਹਲਦੀ ਘਾਟੀ ਵਿਚ ਰਾਣੇ ਪ੍ਰਤਾਪ, ਤਿਰਾਵੜੀ ਵਿਚ ਗੌਰੀ ਨਾਲ ਪ੍ਰਿਥੀ ਰਾਜ ਚੌਹਾਨ, ਹਰੀ ਸਿੰਘ ਨਲਵਾ ਦੀ ਵਰਿਆਮਤਾ, ਫੇਰੂ ਸ਼ਹਿਰ ਤੇ ਹੋਰ ਲੜਾਈਆਂ ਵਿਚ ਸਿੰਘ-ਸੂਰਮਿਆਂ ਦੀ ਚੜ੍ਹਤ ਦਾ ਨਕਸ਼ਾ ਬੰਨਦਾ ਹੈ :

ਕਲਕਤਿਉਂ ਕਾਲਕਾ ਜੀ, ਕਹੇ ਮਾਰ ਥਾਪੀ, ਮਾਰ ਦਿਆਂ ਪਾਪੀ,
ਹਰਖ ਨਾਲ ਭਰ ਜੇ, ਬਦਲ ਵਾਂਗ ਗਰਜੇ। ਕਰੇ ਜੰਗ ਜੋ ਸ਼ੇਰ 'ਤੇ ਚੜ੍ਹ ਕੇ।
ਭਜ ਵੜਗੀ ਦਲਾਂ ਮੇਂ ਜੀ, ਨਸੁੰਭ ਤੇ ਸੁੰਭ ਤੇ, ਪਵੇ ਸੱਟ ਦੰਬ ਤੇ,
ਗੁਰਜ ਮਾਰ ਸੀਸ ਪਾੜਤੇ ਫੜਕੇ।

ਜਿਵੇਂ ਲੰਕ ਜੰਜੀਰੇ ਮੇਂ, ਗਿਆ ਰਘਬੀਰ, ਕਲਾ ਨੂੰ ਚੀਰ,
ਮੇਘ ਤੇ ਵਰਨ, ਜਿਵੇਂ ਕੁੰਭ ਕਰਨ। ਡੇਗ ਲਿਆ ਜੁਆਨ, ਬੀਚ ਰਣ ਛੇਤ ਐ।
ਜੇਠੇ ਸ਼ੀਹੇ ਭੁੱਲਣ ਨੇ ਜੀ, ਬਿਧੀ ਚੰਦ ਜੋਧੇ, ਅੰਦਰ ਸਤ ਕੋਹ ਦੇ,
ਲੋਥ ਤੇ ਲੋਥ ਭਰੇ ਪਏ ਖੇਤ ਐ।

ਜਿਉਂ ਰਣਜੀਤ ਦੀਆਂ, ਧੁੰਮਾਂ ਜੀਆਂ ਪਈਆਂ, ਜੰਗਾਂ ਜਿੱਤ ਲਈਆਂ,
ਨਹੀਂ ਸਿੰਘ ਸੰਗਦੇ, ਪਸ਼ੌਰੋਂ ਲੰਘਦੇ। ਓਹ ਗਿਆ ਵਧਦਾ, ਹਰੀ ਸਿੰਘ ਨਲਵਾ।
ਦਿੱਤੀ ਫੇਰ ਦੁਹਾਈ ਨੀ, ਚੜੇ ਤਰਥੱਲੇ, ਖਾਨ ਨਾ ਬੋਲੇ,
ਪਾ ਲਿਆ ਰੋਅਬ, ਦਿਖਾਤਾ ਜਲਵਾ।

ਜ਼ਾਹਿਰ ਹੈ ਕਿ ਬਾਬੂ ਰਜਬ ਅਲੀ ਤਸਵੀਹਾਂ ਦੇਣ ਲੱਗਾ ਇਤਿਹਾਸਕ ਕ੍ਰਮ ਨੂੰ ਨਹੀਂ ਦੇਖਦਾ ਸਗੋਂ ਆਪਣੇ ਨੁਕਤੇ ਨੂੰ ਬਲਵਾਨ ਕਰਨ ਲਈ ਅਗਲੀਆਂ ਪਿਛਲੀਆਂ ਤਸਵੀਹਾਂ ਦਿੰਦਾ ਹੈ ਜੋ ਕਵੀਸ਼ਰ ਦਾ ਹੱਕ ਹੁੰਦਾ ਹੈ।

ਬਾਬੂ ਰਜਬ ਅਲੀ ਦੀ ਸ਼ੈਲੀ ਵਿਚ ਰਵਾਨੀ ਪੈਦਾ ਕਰਨ ਦਾ ਦੂਜਾ ਭੇਤ ਉਹਦੀ ਅਜਿਹੇ ਛੰਦਾਂ ਦੀ ਚੋਣ ਕਰਨ ਅਤੇ 'ਬਹੱਤਰ ਕਲਾ' ਛੰਦ ਵਰਗੇ ਅਜਿਹੇ ਛੰਦਾਂ ਦੀ ਘਾੜਤ ਕਰਨ ਵਿਚ ਹੈ, ਜਿਸ ਵਿਚ ਗਰਾਰੀ ਵਾਂਗ ਛੋਟੀ ਛੋਟੀ ਸ਼ਬਦ-ਚਾਲ ਨਾਲ ਸ਼ਬਦ ਅਨੁਪਰਾਸ ਜੁੜਦਾ

Digitized by Panjab Digital Library | www.panjabdigilib.org

ਚਲਾ ਜਾਂਦਾ ਹੈ। ਇੱਕ ਵੱਡੀ ਤਰਤੀਬ ਨੂੰ ਅੱਗੋਂ ਛੋਟੇ ਛੋਟੇ ਕਦਮਾਂ, ਛੋਟੀ ਛੋਟੀ ਜੁਗਲ-ਬੰਦੀ, ਛੋਟੇ ਛੋਟੇ ਸ਼ਬਦਾਂ ਦੇ ਜੁੱਟ ਵਿਚ ਵੰਡਿਆ ਤੇ ਫਿਰ ਮੇਲਿਆ ਹੁੰਦਾ ਹੈ। ਇਸ ਰਵਾਨੀ ਭਰੇ ਅਨੁਪਰਾਸ ਨਾਲ ਕਾਵਿ ਦੀ ਸ਼ੈਲੀ ਵਿਚ ਗਤੀ, ਮਿਠਾਸ ਤੇ ਟੁਣਕਾਰ ਪੈਦਾ ਹੁੰਦੀ ਹੈ ਅਤੇ ਗਾਇਕੀ ਦੀ ਸ਼ੈਲੀ ਵਿਚ ਗਤੀ, ਨਵੀਨਤਾ, ਰਸ ਤੇ ਲੋਹੜਾ ਪੈਦਾ ਹੁੰਦਾ ਹੈ। ਇਹ ਸ਼ੈਲੀ ਬਾਬੂ ਜੀ ਦੀਆਂ ਜਟਿੱਲ ਛੰਦ ਚਾਲਾਂ ਵਿਚੋਂ ਉਤਪੰਨ ਹੁੰਦੀ ਹੈ।

ਦੂਜੇ, ਛੰਦਾਂ ਵਿੱਚ ਬਾਬੂ ਜੀ ਦੇ ਬਿਆਨ ਦਾ ਪੱਧਰ ਕਵੀਸ਼ਰ ਭਗਵਾਨ ਸਿੰਘ ਵਾਂਗ ਇਕਸਾਰ ਇਕਸੁਰ ਨਹੀਂ ਰਹਿੰਦਾ। ਇਹ ਹਿਚਕੋਲੇ ਖਾਂਦਾ ਜਾਂਦਾ ਹੈ, ਕਦੇ ਰੁੱਖਾ ਕਦੇ ਮਿੱਠਾ ਤੇ ਕਦੇ ਅੱਗੇ ਕਦੇ ਪਿੱਛੇ। ਬਿਆਨ ਦੇ ਸਿੱਧੇ-ਸਪਾਟ ਵਰਨਣ ਵਿਚ ਜੋ ਜ਼ੋਰਦਾਰ ਸ਼ੈਲੀ ਰਜਬ ਅਲੀ ਨੇ ਮੁਕੰਦ ਛੰਦ ਵਿਚ ਪੈਦਾ ਕੀਤੀ ਹੈ ਉਹ ਸੱਚ ਮੁੱਚ ਹੀ ਕਵੀਸ਼ਰੀ ਵਿਚ ਹੋਰ ਕਿਸੇ ਕਵੀਸ਼ਰ ਕੋਲ ਨਹੀਂ ਹੈ।

ਬਾਬੂ ਰਜਬ ਅਲੀ ਦੀ ਸ਼ੈਲੀ ਵਿਚ ਅਸ਼ਲੀਲਤਾ ਤੇ ਉਜੱਡਪੁਣਾ ਨਹੀਂ ਹੈ। ਵੈਸੇ ਵੀ ਸਭਾ ਵਿਚ ਗਾਉਣ ਵਾਲੀ ਕਵਿਤਾ ਹੋਣ ਕਰ ਕੇ ਪੇਂਡੂ ਸਭਿਆਚਾਰ ਕਵੀਸ਼ਰ ਨੂੰ ਸੁਸ਼ੀਲ ਰਹਿਣ ਲਈ ਮਜ਼ਬੂਰ ਕਰਦਾ ਹੈ ਪਰ ਬਾਬੂ ਰਜਬ ਅਲੀ ਦਾ ਕਹਿਣ ਦਾ ਅੰਦਾਜ਼ ਹੀ ਅਜਿਹਾ ਹੈ ਕਿ ਉਹ ਅਜਿਹੀ ਗੱਲ ਨੂੰ ਬੜੇ ਹੀ ਸੰਜਮ ਤੇ ਬੜੇ ਹੀ ਸਰਲ ਸ਼ਬਦਾਂ ਵਿਚ ਕਹਿ ਜਾਂਦਾ ਹੈ, ਜਿਵੇਂ ਕੌਲਾਂ ਆਖਦੀ ਹੈ :

'ਕੌਲਾਂ ਕਹਿੰਦੀ ਕੰਤ ਵਜ਼ੀਰ ਭਰਮੀਂ। ਮੇਰੇ ਸਿਰ ਮੜੀ ਰਾਜੇ ਦੀ ਬਿਸ਼ਤਨੀਂ'। ਰਜਬ ਅਲੀ ਸਲੀਕੇ, ਸੰਜਮ ਤੇ ਸੰਕੇਤ ਨਾਲ ਗੱਲ ਕਹਿਣੀ ਜਾਣਦਾ ਹੈ। ਉਕਤ-ਕਾਵਿ ਪੰਕਤੀ ਵਿਚ ਸਾਰੀ ਗੱਲ ਕਹੀ ਵੀ ਗਈ ਪਰ ਅਸ਼ਲੀਲ ਹੋਣ ਦਾ ਖ਼ਿਆਲ ਤੱਕ ਵੀ ਨਹੀਂ ਆਉਂਦਾ। ਰਜਬ ਅਲੀ ਸ਼ਬਦ-ਚੋਣ ਕਿੱਡੀ ਉਸਤਾਦੀ ਨਾਲ ਕਰਦਾ ਹੈ, ਇਸ ਦਾ ਪ੍ਰਮਾਣ ਉਕਤ ਕਾਵਿ-ਪੰਗਤੀ ਵੀ ਹੈ ਜਿਸ ਵਿਚ ਵਰਤੇ ਗਏ ਸ਼ਬਦਾਂ ਵਿਚੋਂ ਕੋਈ ਸ਼ਬਦ ਛੱਡ ਕੇ ਜਾਂ ਬਦਲ ਕੇ ਕੋਈ ਵੀ ਵਿਦਵਾਨ ਇਸ ਤੋਂ ਬੇਹਤਰ ਭਾਵ ਪੈਦਾ ਨਹੀਂ ਕਰ ਸਕਦਾ। ਭਾਵੇਂ ਇਸ ਕਾਵਿ-ਪੰਗਤੀ ਵਿਚ ਰੂਪਕਾਂ ਅਲੰਕਾਰਾਂ ਦੀ ਅਦਭੁਤਤਾ ਨਹੀਂ ਪਰ ਇਸ ਦਾ ਪ੍ਰਭਾਵ ਸਿੱਧਾ, ਬੇਮਿਸਾਲ ਤੇ ਦਿਲਾਂ ਨੂੰ ਟੁੰਬਣ ਵਾਲਾ ਹੈ। ਇਹੀ ਬਾਬੂ ਰਜਬ ਅਲੀ ਦੀ ਕਾਵਿ-ਸ਼ੈਲੀ ਦਾ ਕ੍ਰਿਸ਼ਮਾ ਹੈ।

## ਟਿੱਪਣੀਆਂ ਤੇ ਹਵਾਲੇ

1. ਜਿਉ ਬੇਸਵਾ ਕੇ ਪਰੈ ਅਖਾਰਾ। ਲਾਪੁਰ ਪਹਿਰਿ ਕਰਹਿ ਸੀਗਾਰਾ।
(ਨਾਮਦੇਵ, ਆਦਿ ਗ੍ਰੰਥ, ਪੰਨਾ 1165)
2. ਵਿਚ ਖੜੇ ਕਚਹਿਰੀ ਦੇ ਤੇਰਾ ਨਾਂ ਜਪਣ ਕਵੀਸ਼ਰ ਮੇਲਾ। (ਰਜਬ ਅ.ੀ)
ਖੜਦੇ ਸਾਰ ਕਚੈਹਰੀ ਮਘ ਜੇ। ਦਿਲ ਤੇ ਜੋਤ ਪਿੰਗਲ ਦੀ ਜਗ ਜੇ।
(ਅੰਮਿਤਸਰ ਦੀਵਾਲੀ-ਰਜਬ ਅਲੀ)
3. ਪੂਰਨ ਬਠਿੰਡੇ ਦੇ ਜ਼ਿਲੇ 'ਚੋਂ ਲਭਤਾ, ਪਿੰਗਲੋਂ ਬਾਹਰ ਨਾ ਬਣਾਵ ਕਵਿਤਾ। (ਰਜਬ ਅਲੀ)
4. ਤਰਜ਼ਾਂ ਮਰਾਝ ਦਾ ਬਣਾਉਂਦਾ ਨਵੀਆਂ। ਉਹਨੇ ਪਹਿਲੋਂ ਮਗਰੋਂ ਬਣਾਇਆ ਕਵੀਆਂ। (ਰਜਬ ਅਲੀ)
5. ਡੂਢਾ ਮਾਘੀ ਸਿੰਘ ਪੂਰਨ ਚੁਤਾਲੀਏ। (ਰਜਬ ਅਲੀ)
6. ਬਾਬੂ ਰਜਬ ਅਲੀ ਵਲੋਂ ਕਵੀਸ਼ਰ ਜਗਮੇਲ ਸਿੰਘ ਬਸੰਤ ਸਿੰਘ ਨੂੰ 26 ਨਵੰਬਰ, 1961 ਦੇ ਲਿਖੇ ਖ਼ਤ ਵਿਚੋਂ।

Digitized by Panjab Digital Library | www.panjabdigilib.org

ਅਧਿਆਇ ਪੰਜਵਾਂ

# ਬਾਬੂ ਰਜਬ ਅਲੀ ਦੀ ਪੰਜਾਬੀ ਸਾਹਿਤ ਨੂੰ ਦੇਣ

ਬਾਬੂ ਰਜਬ ਅਲੀ ਦਾ ਕਵੀਸ਼ਰੀ ਸਿਰਜਣ-ਕਾਲ 63 ਵਰ੍ਹਿਆਂ (1916-1979) ਈ.) ਤੱਕ ਫ਼ੈਲਿਆ ਹੋਇਆ ਹੈ। ਇਸ ਵਿਚ ਉਸ ਨੇ ਛੋਟੀਆਂ ਵੱਡੀਆਂ 81 ਰਚਨਾਵਾਂ ਸਿਰਜੀਆਂ, ਇਹਨਾਂ ਰਚਨਾਵਾਂ ਵਿਚ 56 ਘੱਟੋ ਘੱਟ ਇੱਕ ਅਖਾੜੇ ਜੋਗੀਆਂ ਤੇ 25 ਲਘੂ-ਆਕਾਰ ਦੀਆਂ ਰਚਨਾਵਾਂ ਹਨ। ਬਾਬੂ ਜੀ ਨੇ ਆਪਣੀ ਪਹਿਲੀ ਰਚਨਾ ਹੀਰ 1916 ਈ. ਵਿਚ ਲਿਖੀ ਅਤੇ ਅੰਤਲੀ ਕਵਿਤਾ 'ਰਜਬ ਅਲੀ ਤੂੰ ਰੋਜ਼ ਉਡੀਕ ਰਖੀਂ', ਤੈਨੂੰ ਆਵਣੀ ਮੌਤ ਦੀ ਤਾਰ ਬੀਬਾ', ਆਪਣੀ ਮੌਤ ਤੋਂ ਕੇਵਲ ਪੰਜ ਦਿਨ ਪਹਿਲਾਂ ਲਿਖੀ। ਬਾਬੂ ਜੀ ਨੇ ਆਪਣਾ ਸਾਰਾ ਜੀਵਨ ਕਵੀਸ਼ਰੀ ਸਿਰਜਣਾ ਨੂੰ ਅਰਪਿਤ ਕੀਤਾ। ਜਦੋਂ ਉਹ ਨਹਿਰ ਦੇ ਮਹਿਕਮੇ ਵਿਚ ਓਵਰਸੀਅਰ ਸੀ ਤਾਂ ਵੀ ਉਸ ਦਾ ਸਾਰਾ ਧਿਆਨ ਕਵੀਸ਼ਰੀ ਨਾਲ ਹੀ ਜੁੜਿਆ ਰਿਹਾ। ਨੌਕਰੀ ਤੋਂ ਰਿਟਾਇਰਮੈਂਟ ਲੈਣ ਤੋਂ ਬਾਅਦ ਪਿਛਲੇ 35 ਸਾਲ ਉਸ ਨੇ ਬਿਲਕੁਲ ਕਾਵਿ-ਸਿਰਜਣਾ ਨੂੰ ਅਰਪਿਤ ਕੀਤੇ। ਉਸ ਨੇ ਕਈ ਰਚਨਾਵਾਂ ਨੂੰ ਛੰਦ ਬਦਲ ਕੇ ਦੋ, ਤਿੰਨ, ਚਾਰ, ਪੰਜ ਵਾਰ ਲਿਖਿਆ, ਜਿਵੇਂ 'ਸੀਤਾ ਦੀ ਭਾਲ' ਪੰਜ ਵੇਰ; 'ਵਿਰਾਟ-ਪਰਬ', 'ਜਾਨੀ ਚੋਰ' ਚਾਰ ਵੇਰ; 'ਸਾਕਾ-ਸਰਹੰਦ', 'ਕੌਲਾਂ' ਤਿੰਨ ਵੇਰ; ਨਲ-ਦਮਯੰਤੀ', 'ਸੰਮਣ ਮੂਸਣ', 'ਬਿਧੀ ਚੰਦ ਦੇ ਘੋੜੇ', 'ਬਿਧੀ ਚੰਦ ਦੇ ਦੁਸਾਲੇ', 'ਸ਼ਹੀਦੀ-ਬਾਬਾ ਦੀਪ ਸਿੰਘ', 'ਦੌਰਾ-ਗੁਰੂ ਗੋਬਿੰਦ ਸਿੰਘ', 'ਹਸਨ ਹੁਸੈਨ' ਤੇ 'ਦੁੱਲਾ ਭੱਟੀ' ਦੋ ਵੇਰ ਲਿਖਿਆ। ਬਾਬੂ ਰਜਬ ਅਲੀ ਦਾ ਸਿਰਜਣ-ਪ੍ਰਵਾਹ ਸਤਲੁਜ ਦਰਿਆ ਵਾਂਗ ਅਰੁਕ, ਅਡੋਲ ਤੇ ਸਹਿਜ ਸੁਭਾ ਚਲਦਾ ਰਿਹਾ ਹੈ ਅਤੇ ਬਾਬੂ ਜੀ ਦੀ ਕਵੀਸ਼ਰੀ ਸਿਰਜਣਕਾਲ ਵੀ ਸਤਲੁਜ ਦੇ ਵਹਿਣ ਵਾਂਗ ਹਿੰਦੁਸਤਾਨ ਤੇ ਪਾਕਿਸਤਾਨ ਵਿਚ ਹੁਸੈਨੀ ਵਾਲਾ ਉੱਤੇ ਵੰਡਿਆ ਹੈ: 31 ਵਰ੍ਹੇ (1916-1947 ਈ.) ਹਿੰਦੁਸਤਾਨ ਵਿਚ 32 ਵਰ੍ਹੇ (1947-1979 ਈ.) ਪਾਕਿਸਤਾਨ ਵਿਚ।

ਰਜਬ ਅਲੀ ਨੂੰ ਇਹ ਮਾਣ ਪ੍ਰਾਪਤ ਹੈ ਕਿ ਉਸਨੇ ਘੱਟੋ ਘੱਟ ਪੰਜ ਰਚਨਾਵਾਂ 'ਦੌਰਾ ਗੁਰੂ ਗੋਬਿੰਦ ਸਿੰਘ' (ਕਲੀਆਂ ਵਿਚ), 'ਹਰਨਾਮ ਕੌਰ ਦੀ ਬਹਾਦਰੀ','ਗੁਰਨਾਮ ਸਿੰਘ ਰਾਊ-ਕੇ' 'ਸ਼ਹੀਦ ਭਗਤ ਸਿੰਘ' ਤੇ 'ਭੂੜ ਬਹਾਦਰ' ਪਹਿਲੀ ਵੇਰ ਰਚ ਕੇ ਪੰਜਾਬੀ ਮਾਂ ਦੀ ਝੋਲ ਨੂੰ ਭਰਪੂਰ ਕੀਤਾ।

ਬਾਬੂ ਜੀ ਦਾ ਸਿਰਜਣਾ-ਖੇਤਰ ਵੀ ਵਿਸ਼ਾਲ ਹੈ। ਉਸਨੇ ਆਸ਼ਕਾਂ, ਸੂਰਬੀਰਾਂ ਯੋਧਿਆਂ, ਵੈਲੀ-ਡਾਕੂਆਂ, ਹਿੰਦੂ ਮਿਥਿਹਾਸ, ਜੋਗ ਮੱਤ, ਸਿੱਖ-ਇਤਿਹਾਸ, ਇਸਲਾਮੀ ਤੇ ਸਾਮੀ ਧਾਰਮਿਕ ਰਚਨਾ, ਰੁਮਾਂਚਿਕ ਕਿੱਸੇ, ਇਤਿਹਾਸਿਕ ਯੁੱਧ ਵਰਨਣ, ਦੇਸ਼ ਭਗਤੀ, ਵਤਨ-ਪ੍ਰਸਤੀ, ਅਤੇ ਹੋਰ ਬਹੁਤ ਸਾਰੀਆਂ ਫੁਟਕਲ ਰਚਨਾਵਾਂ ਲਿਖੀਆਂ। ਉਸਨੇ ਰਾਮਾਇਣ

Digitized by Panjab Digital Library | www.panjabdigilib.org

ਤੋਂ ਲੈ ਕੇ ਕੋਕ-ਸ਼ਾਸ਼ਤਰ ਤੱਕ ਅਤੇ ਹੀਰ ਤੋਂ ਲੈ ਕੇ ਭੂਤ ਬਹਾਦਰ ਤੱਕ ਦੇ ਕਿੱਸੇ ਲਿਖੇ ਹਨ। ਆਪਣੇ ਚੇਲਿਆਂ ਦੀ ਫਰਮਾਇਸ਼ ਉੱਤੇ ਉਸ ਨੇ ਬਹੁਭਾਂਤੀ ਵਿਸ਼ਿਆਂ ਉੱਤੇ ਕਾਵਿ-ਸਿਰਜਣਾ ਕੀਤੀ।

ਆਕਾਰ ਦੇ ਪੱਖੋਂ ਰਜਬ ਅਲੀ ਦੀ ਰਚਨਾ ਬਹੁਤ ਵਿਸ਼ਾਲ ਤੇ ਮਿਆਰ ਦੇ ਪੱਖੋਂ ਉਚੇਰੀ ਹੈ। 63 ਵਰ੍ਹਿਆਂ ਦੀ ਕਠਨ ਸਾਧਨਾ ਨਾਲ ਬਾਬੂ ਜੀ ਨੇ 2 ਹਜ਼ਾਰ ਤੋਂ ਵਧੇਰੇ ਛੰਦਾਂ ਦੀ ਘਾੜਤ ਕੀਤੀ ਜਿਸ ਨਾਲ ਸਬਦਾਂ ਦਾ ਸਮੁੰਦਰ ਇਕੱਤਰ ਹੋਇਆ ਹੈ। ਕਵੀਸ਼ਰੀ ਦੇ ਮਾਪ ਦੰਡ ਤੋਂ ਬਾਬੂ ਜੀ ਦੀ ਰਚਨਾ ਸਫਲ ਤੇ ਉੱਚ ਪਾਏ ਦੀ ਸਿੱਧ ਹੁੰਦੀ ਹੈ। ਉਸਦੀ ਕਵੀਸ਼ਰੀ ਸੈਂਕੜੇ ਵਾਰ ਅਖਾੜਿਆਂ ਵਿਚ ਗਾਈ ਜਾ ਚੁੱਕੀ ਹੈ।

ਬਾਬੂ ਰਜਬ ਅਲੀ ਨੇ ਪਹਿਲੀ ਵੇਰ ਪੰਜਾਬੀ ਸਾਹਿਤ ਨੂੰ 'ਬਾਬੂ-ਚਾਲ' ਤੇ 'ਬਹੱਤਰ-ਕਲਾ' ਵਰਗੇ ਛੰਦ ਇਜ਼ਾਦ ਕਰ ਕੇ ਦਿੱਤੇ। ਬਾਬੂ ਜੀ ਪਿੰਗਲ ਦਾ ਧਨੀ ਤੇ ਛੰਦ ਦਾ ਉਸਤਾਦ ਸੀ। ਉਸਨੇ ਆਪ ਵੀ ਪਿੰਗਲ ਰਚਿਆ। ਬਾਬੂ ਜੀ ਹਜ਼ਰਤ-ਵਾਂਗ ਲੋਹੇ ਵਰਗੇ ਸ਼ਬਦਾਂ ਨੂੰ ਆਪਣੇ ਖਿਆਲਾਂ ਦੀ ਛੋਹ ਨਾਲ ਮੋਮ ਵਾਂਗ ਢਾਲ ਕੇ ਛੰਦ ਤੇ ਨਵੀਆਂ ਤਰਜ਼ਾਂ ਵਿਚ ਢਾਲ ਲੈਂਦਾ ਸੀ। ਬਹੱਤਰ-ਕਲਾ ਛੰਦ ਬਹੁਤ ਸ਼ਕਤੀਸ਼ਾਲੀ ਤੇ ਰਸੀਲਾ ਛੰਦ ਹੈ ਜਿਸ ਵਿਚ ਕਹਿਰਾਂ ਦੀ ਰਵਾਨੀ ਤੇ ਵੇਗ ਹੈ ਜੋ ਅੱਥਰੇ ਘੋੜੇ ਵਾਂਗ ਸਿਰਪੱਟ ਭੱਜਦਾ ਹੈ। ਬਾਬੂ ਜੀ ਨੇ ਆਪਣੀਆਂ ਕ੍ਰਿਤਾਂ ਵਿਚ ਹੋਰ ਵੀ ਛੰਦਾਂ ਦੀ ਵਰਤੋਂ ਕੀਤੀ ਹੈ ਜੋ ਉਸ ਸਮੇਂ ਕਵੀਸ਼ਰੀ ਵਿਚ ਪ੍ਰਚਲਤ ਸਨ।

ਇੱਕ ਸੌ ਤੋਂ ਵੱਧ ਕਵੀਸ਼ਰਾਂ ਨੇ ਬਾਬੂ ਰਜਬ ਅਲੀ ਨੂੰ ਵਿਧੀ ਪੂਰਨ ਆਪਣਾ ਉਸਤਾਦ ਧਾਰਿਆ। ਬਾਬੂ ਜੀ ਆਪਣੇ ਚੇਲਿਆਂ ਨੂੰ 'ਕੁਰਾਨ ਦੀ ਆਇਤ' ਨਾਲ ਤੁਲਨਾ ਦੇ ਕੇ ਸਭ ਹੱਦਾਂ ਤੇ ਵਿੱਥਾਂ ਮਿਟਾ ਦਿੰਦਾ ਹੈ। ਬਾਬੂ ਰਜਬ ਅਲੀ ਇੱਕ ਉਸਤਾਦ ਕਵੀਸ਼ਰ ਸੀ ਜਿਸ ਦੇ ਚੇਲੇ ਉਸ ਨੂੰ ਪੂਰੇ ਦਿਲੋਂ ਮੁਹੱਬਤ ਕਰਦੇ ਸਨ। ਇਸ ਦੇ ਚੇਲੇ ਉਸ ਨੂੰ ਉਸ ਸਮੇਂ ਵੀ ਮੁਹੱਬਤ ਕਰਦੇ ਸਨ, ਜਦੋਂ ਉਹ ਇਸ ਦੇਸ ਵਿਚ ਨਹੀਂ ਰਹਿੰਦਾ ਸੀ। ਉਸਦੇ ਚੇਲੇ ਉਸ ਨੂੰ ਅੱਜ ਵੀ ਮੁਹੱਬਤ ਕਰਦੇ ਹਨ ਜਦੋਂ ਉਹ ਇਸ ਜਹਾਨ ਵਿਚ ਨਹੀਂ ਰਿਹਾ। ਅਜਿਹਾ ਆਦਰ-ਮਾਨ ਤਾਂ ਕਿਸੇ ਭਾਗਾਂ ਵਾਲੇ ਉਸਤਾਦ ਕਵੀਸ਼ਰ ਨੂੰ ਹੀ ਮਿਲਦਾ ਹੈ।

ਬਾਬੂ ਜੀ ਅਜਿਹਾ ਕਵੀਸ਼ਰ ਹੈ ਜਿਸ ਨੂੰ ਮਾਲਵੇ ਦੇ ਇਲਾਕੇ ਦੇ ਲੋਕ ਪਿਆਰ ਤੇ ਇਜ਼ਤ ਨਾਲ ਯਾਦ ਕਰਦੇ ਹਨ। ਬਾਬੂ ਜੀ ਹੀ ਇਕ ਅਜਿਹਾ ਕਵੀਸ਼ਰ ਹੈ ਜਿਸ ਦੀ ਯਾਦ ਵਿਚ ਲੋਕ ਆਪ ਚਲ ਕੇ, ਇਕ ਮੇਲੇ ਦੀ ਸ਼ਕਲ ਵਿਚ ਕਵੀਸ਼ਰੀ ਦਰਬਾਰ ਲਗਾਉਂਦੇ ਹਨ, ਇਹ ਬਾਬੂ ਰਜਬ ਅਲੀ ਦੀ ਲੋਕ-ਪ੍ਰਿਯਤਾ ਦਾ ਪ੍ਰਤੱਖ ਪ੍ਰਮਾਣ ਹੈ। ਬਾਬੂ ਜੀ ਵੀ ਆਪਣੇ ਕਵੀਸ਼ਰੀ ਪ੍ਰੇਮੀਆਂ ਨੂੰ ਪਾਕਿਸਤਾਨ ਵਿਚ ਬੈਠਾ, ਦਿਲੋਂ ਜਾਨ ਨਾਲ ਇਸ਼ਕ ਕਰਦਾ ਸੀ। ਬਾਬੂ ਜੀ ਨੇ ਆਪਣੇ ਸਮਕਾਲੀ ਕਵੀਸ਼ਰਾਂ ਨਾਲ ਬਹੁਤ ਹੀ ਗੂੜ੍ਹੇ ਯਾਰਾਂ ਵਾਲੇ ਰਿਸ਼ਤੇ ਬਣਾਏ ਹੋਏ ਸਨ। ਕਵੀਸ਼ਰਾਂ ਵਿਚ ਜੋ ਆਪਸੀ ਸਾੜਾ ਹੁੰਦਾ ਹੈ ਬਾਬੂ ਉਸ ਤੋਂ ਬਹੁਤ ਉਚੇਰਾ ਸੀ। ਕਵੀਸ਼ਰ ਬਸੰਤ ਸਿੰਘ ਨੂੰ ਲਿਖੇ ਇਕ ਖ਼ਤ ਵਿਚ ਬਾਬੂ ਆਪਣੇ ਸਮਕਾਲੀ ਕਵੀਸ਼ਰਾਂ ਬਾਰੇ ਇਸ ਤਰ੍ਹਾਂ ਲਿਖਦਾ ਹੈ :

Digitized by Panjab Digital Library | www.panjabdigilib.org

"ਮੈਂ ਨੇ ਤੋ ਆਪਣੀ ਆਖੋਂ ਸੇ ਇਨ ਕਵੀਸ਼ਰ ਕੋ ਦੇਖਾ ਹੈ ਅਰ
ਆਪਣੇ ਕਾਨੋਂ ਸੇ ਇਨ ਕੀ ਦਿਲਕਸ਼ ਸ਼ਾਇਰੀ ਸੁਣੀ ਹੈ ।
ਦਰਅਸਲ ਇਨ ਕੀ ਸ਼ਾਇਰੀ ਸੁਣ ਕਰ ਹੀ ਮੈਂ ਸ਼ਾਇਰ ਬਣ ਗਿਆ ।
ਇਨ ਕਵੀਸ਼ਰੋਂ ਕਾ ਮੇਰੇ ਸ਼ੇਅਰ ਬਣਾਨੇ ਮੇਂ ਬੜਾ ਦਖ਼ਲ ਹੈ ।"

ਚਾਹੇ ਬਾਬੂ ਰਜਬ ਅਲੀ ਨੂੰ 'ਕਵੀਸ਼ਰ-ਸ਼੍ਰੋਮਣੀ' ਦੀ ਉਪਾਧੀ ਵੀ ਮਿਲੀ ਸੀ ਪਰ ਬਾਬੂ ਜੀ ਵਿਚ ਨਿਮ੍ਰਤਾ ਸੀ । ਉਹ ਆਪਣੇ ਆਪ ਨੂੰ ਕਦੇ ਵੀ ਸ਼੍ਰੋਮਣੀ ਸ਼ਾਇਰ ਨਹੀਂ ਲਿਖਦਾ ਸਗੋਂ ਬੜੀ ਹਲੀਮੀ ਨਾਲ ਆਪਣੇ ਆਪ ਨੂੰ ਸਭ ਤੋਂ ਅਕਲਹੀਣ ਸ਼ਾਇਰ ਆਖਦਾ ਹੈ :

ਰਜਬ ਅਲੀ ਜੈਸਾ ਅਕਲਹੀਣ ਨਾ ਸ਼ਾਇਰ ਕੋਈ,
ਵਾਰੇ ਸ਼ਾਹ ਦੀ ਹੀਰ ਦੇ ਸਮਾਨ ਕੋਈ ਚਿੱਠਾ ਨਾ ।

'ਰਜਬ ਅਲੀ ਖਾਂ ਸ਼ੈਰੀਆਂ ਕਰਨ ਲਗਾ, ਸਿੱਖ ਈੜੀਆਂ, ਊੜਿਆਂ, ਆੜਿਆਂ ਨੂੰ ।' ਜਿਸ ਤਰ੍ਹਾਂ ਨਿਊਟਨ ਆਖਦਾ ਸੀ ਕਿ ਉਹ ਗਿਆਨ-ਸਮੁੰਦਰ ਦੇ ਕਿਨਾਰੇ ਤੇ ਘੋਗੇ ਚੁਣ ਰਿਹਾ ਹੈ ਉਸ ਤਰ੍ਹਾਂ ਬਾਬੂ ਜੀ ਵੀ ਆਪਣੇ ਗਿਆਨ ਬੋਧ ਨੂੰ ੳ ਅ ੲ ਦੇ ਅੱਖਰ-ਬੋਧ ਤੱਕ ਹੀ ਸੀਮਤ ਦਸਦਾ ਹੈ । ਇਹ ਸਚ ਮੁੱਚ ਉਸ ਦੇ ਵੱਡਤਣ ਦੇ ਚਿੰਨ ਹਨ, ਜੋ ਉਸ ਦੀ ਗਹਿਰ-ਗੰਭੀਰ ਤੇ ਪਿਆਰੀ ਸ਼ਖ਼ਸੀਅਤ ਵਿਚੋਂ ਪੈਦਾ ਹੋਏ ਹਨ । ਇਸ ਹਉਮੈ ਦੀ ਭਰੀ ਦੁਨੀਆਂ ਵਿਚ ਬਾਬੂ ਰਜਬ ਅਲੀ ਨਿਸ਼ਕਾਮ ਭਾਵ ਨਾਲ ਪੰਜਾਬੀ ਮਾਂ ਦੇ ਖ਼ਜ਼ਾਨੇ ਨੂੰ ਭਰਨ ਵਾਲਾ ਇੱਕ ਪ੍ਰਤਿਭਾਸ਼ੀਲ ਕਵੀਸ਼ਰ ਹੈ ।

ਕਹਿਣ ਨੂੰ ਤਾਂ ਸਾਰੇ ਪੰਜਾਬੀ ਲੇਖਕਾਂ ਨੂੰ ਪੰਜਾਬੀ ਮਾਂ ਬੋਲੀ ਨਾਲ ਪਿਆਰ ਹੈ, ਪਰ ਜਿਸ ਜਜ਼ਬੇ ਗੁੱਧੇ ਕਾਵਿ ਵਿਚ ਬਾਬੂ ਜੀ ਨੇ ਪੰਜਾਬੀ ਬੋਲੀ ਦੀ ਉਪਮਾ ਵਡਿਆਈ ਕੀਤੀ ਹੈ, ਜਿਸ ਤਰਕ ਨਾਲ ਇਸ ਨੇ ਉਸ ਨੂੰ ਅਪਨਾਉਣ ਦੀ ਵਕਾਲਤ ਕੀਤੀ ਹੈ ਅਤੇ ਜਿਸ ਡੂੰਘੇ ਅਹਿਸਾਸ ਨਾਲ ਇਸ ਨੇ ਪੰਜਾਬੀ ਬੋਲੀ ਦੇ ਦਰਦ ਨੂੰ ਵੰਡਾਇਆ ਹੈ ਉਸ ਦੀ ਧਨੀ ਰਾਮ ਚਾਤ੍ਰਿਕ ਨੂੰ ਛੱਡ ਕੇ ਹੋਰ ਕੋਈ ਮਿਸਾਲ ਮਿਲਣੀ ਕਠਨ ਹੈ । ਬਾਬੂ ਜੀ ਨੇ 1916 ਈ. ਵਿਚ ਪੰਜਾਬੀ ਵਿਚ ਲਿਖਣਾ ਸ਼ੁਰੂ ਕੀਤਾ ਜਦੋਂ ਪੰਜਾਬ ਵਿਚ ਫਿਰਕੂ ਲਹਿਰਾਂ ਦਾ ਜ਼ੋਰ ਸੀ । ਇੱਕ ਮੁਸਲਮਾਨ ਹੋ ਕੇ ਬਾਬੂ ਉਰਦੂ ਵਲ ਨਹੀਂ ਝੁਕਿਆ । ਪਾਕਿਸਤਾਨ ਵਿਚ ਜਾ ਕੇ ਵੀ ਉਰਦੂ ਦੀ ਸ਼ਾਨੋ-ਸ਼ੌਕਤ ਚਮਕ ਦਮਕ ਉਸ ਦੇ ਦਿਲ ਨੂੰ ਲੁਭਾ ਨਾ ਸਕੀ । ਪਾਕਿਸਤਾਨ ਵਿਚ ਜਾ ਕੇ ਬਾਬੂ ਰਜਬ ਅਲੀ ਨੇ ਪੰਜਾਬੀ ਨੂੰ ਹੋਰ ਵੀ ਸ਼ਿੱਦਤ ਤੇ ਪਿਆਰ ਨਾਲ ਅਪਣਾਇਆ ।

ਬਾਬੂ ਰਜਬ ਅਲੀ ਤੇ ਉਸਦੇ ਕਲਾਮ ਦੀ ਇੱਕ ਬਹੁਤ ਵੱਡੀ ਖ਼ੂਬੀ ਇਹ ਹੈ ਕਿ ਉਹ ਧਾਰਮਿਕ ਸੰਕੀਰਣਤਾ ਤੋਂ ਬੇਲਾਗ ਅਤੇ ਬਹੁਤ ਉਚੇਰਾ ਹੈ । ਬਾਬੂ ਸ਼ਾਇਰ ਹੈ । ਬਾਬੂ ਆਰਿਫ਼ ਹੈ । ਸ਼ਾਇਰਾਂ ਤੇ ਆਰਿਫ਼ਾਂ ਦਾ ਕੋਈ ਧਰਮ ਨਹੀਂ ਹੁੰਦਾ ਉਹ ਕੇਵਲ ਇਨਸਾਨੀਅਤ ਨੂੰ ਮੰਨਦੇ ਹਨ । ਬਾਬੂ ਆਪ ਲਿਖਦਾ ਹੈ :

ਜੁਦਾ ਕੌਮਾਂ ਸਿੱਖ ਤੇ ਮੁਸਲਮੀਨ ਜੀ ।
ਪਰ ਆਰਿਫ਼ਾਂ ਦਾ ਇੱਕੋ ਹੁੰਦਾ ਦੀਨ ਜੀ । (ਸ਼ਹੀਦੀ-ਗੁਰੂ ਅਰਜਨ ਦੇਵ)

ਬਾਬੂ ਤਿੰਨ ਕੌਮਾਂ ਦਾ ਸਾਂਝਾ ਸ਼ਾਇਰ ਹੈ । 'ਸਿਆਣੇ ਸਮਝਣ ਉਹਨੂੰ ਅੱਛਾ, ਜਿਹੜਾ

Digitized by Panjab Digital Library | www.panjabdigilib.org

ਸ਼ਾਇਰ ਨਜ਼ਮ ਬਣਾਏ ਸਾਂਝੀ, ਸੁਨਣ ਤਿੰਨ ਕੌਮਾਂ'। ਜੇ ਲੋਕ ਭੁੱਟਕ ਜਾਣ ਤਾਂ ਉਹ ਕਵੀਸ਼ਰ ਦਾ ਇਹ ਫਰਜ਼ ਸਮਝਦਾ ਹੈ ਕਿ ਉਨ੍ਹਾਂ ਨੂੰ ਸਿੱਧੇ ਰਾਹ ਮੋੜੇ, 'ਫਿਰ ਫਰਜ਼ ਕਵੀਸ਼ਰ ਦਾ, ਭੁੱਲੇ ਜਾਣ ਲੋਕ ਸਿੱਧੇ ਰਾਹ ਮੋੜੇ'। ਬਾਬੂ ਜੀ ਦੇ ਚੇਲੇ ਹਿੰਦੂ, ਸਿੱਖ, ਮੁਸਲਮਾਨ ਤੇ ਈਸਾਈ ਸਨ। ਬਾਬੂ ਜੀ ਦਾ ਉਸਤਾਦ ਸਿੱਖ-ਕਵੀਸ਼ਰ ਮਾਨ ਸਿੰਘ ਸੀ। ਬਾਬੂ ਜੀ ਨੇ ਪਾਕਿਸਤਾਨ ਵਿਚ ਬੈਠ ਕੇ ਸਿੱਖ-ਇਤਿਹਾਸ ਤੇ ਹਿੰਦੂ ਮਿਥਿਹਾਸ ਦੀਆਂ ਉੱਭਰਵੀਆਂ ਰਚਨਾਵਾਂ ਲਿਖੀਆਂ। ਵੱਗਦੀ ਹਨੇਰੀ ਸਾਮ੍ਹਣੇ ਆਪਣੀ ਵਿਚਾਰਧਾਰਾ ਤੇ ਪ੍ਰੇਮ ਦਾ ਦੀਵਾ ਬਾਲਣਾ ਕੋਈ ਅਸਾਨ ਕੰਮ ਨਹੀਂ। ਪਰ ਬਾਬੂ ਜੀ ਨੇ ਆਪਣੇ ਜਿਗਰ ਦੇ ਖ਼ੂਨ ਨਾਲ ਇਸ ਦੀਵੇ ਨੂੰ ਜੱਗਦਾ ਰੱਖਿਆ ਹੈ। ਬਾਬੂ ਜੀ ਨੇ ਕੇਵਲ ਚਾਰ ਇਸਲਾਮੀ ਪ੍ਰਸੰਗ ਲਿਖੇ ਹਨ। ਬਾਬੂ ਰਜਬ ਅਲੀ ਨੇ ਸਿੱਖ ਇਤਿਹਾਸ ਤੇ ਹਿੰਦੂ ਮਿਥਿਹਾਸ ਦੀਆਂ ਰਚਨਾਵਾਂ ਨੂੰ ਪੂਰੀ ਨਿਸ਼ਠਾ ਤੇ ਪ੍ਰੇਮ ਨਾਲ ਲਿਖਿਆ ਹੈ। ਉਸ ਨੇ ਗੁਰੂ ਸਾਹਿਬਾਨ ਤੇ ਸੁਰਸਤੀ ਦੇ ਮੰਗਲ ਗਾਏ ਹਨ। ਬਾਬੂ ਦੀ ਸਭ ਤੋਂ ਕਲਾਤਮਿਕ ਤੇ ਪੱਕੀਆਂ ਰਸੀਲੀਆਂ ਰਚਨਾਵਾਂ ਸਿੱਖ-ਇਤਿਹਾਸ ਜਾਂ ਹਿੰਦੂ-ਮਿਥਿਹਾਸ ਨਾਲ ਸੰਬੰਧਿਤ ਹਨ। ਇੱਥੇ ਇਹ ਗੱਲ ਕਰਨੀ ਵਿਸ਼ੇਸ਼ ਤੌਰ ਤੇ ਜ਼ਰੂਰੀ ਹੈ ਕਿ ਬਾਬੂ ਜੀ ਨੇ ਸਿੱਖ-ਇਤਿਹਾਸ ਤੇ ਹਿੰਦੂ-ਮਿਥਿਹਾਸ ਦੀਆਂ ਵਧੇਰੇ ਰਚਨਾਵਾਂ ਪਾਕਿਸਤਾਨ ਵਿਚ ਬੈਠ ਕੇ ਲਿਖੀਆਂ।

ਬਾਬੂ ਰਜਬ ਅਲੀ ਹਿੰਦੁਸਤਾਨ ਦੀ ਫਿਰਕੂ ਵੰਡ ਦਾ ਵਿਰੋਧੀ ਹੈ। ਉਹ ਇਸ ਨੂੰ ਅੰਗ੍ਰੇਜ਼ ਦੀ ਚਾਲ ਆਖਦਾ ਹੈ। ਉਸ ਦਾ ਦਿਲ ਪਾਟਦਾ ਹੈ ਕਿ ਹਿੰਦੁਸਤਾਨ ਤੇ ਪਾਕਿਸਤਾਨ ਦੇ ਸਿਆਸੀ ਆਗੂ ਅੰਗ੍ਰੇਜ਼ ਦੀ ਸਿਆਸਤ ਦਾ ਸਹੀ ਉਤਰ ਨਹੀਂ ਦੇ ਸਕੇ; ਜਿਸ ਕਰਕੇ ਇਸ ਸਿਆਸਤ ਨਾਲ ਆਮ ਮਨੁੱਖ ਦਾ ਕਤਲਿਆਮ ਹੋਇਆ ਤੇ ਧੀਆਂ ਭੈਣਾਂ ਦੀ ਬੇਇਜ਼ਤੀ ਹੋਈ। ਬਾਬੂ ਜੀ 'ਬੂੜ ਬਹਾਦਰ' ਵਿਚ ਉਹਨਾਂ ਸਰਦਾਰਾਂ (ਰੂਪ ਸਿੰਘ ਆਦਿ) ਦੀ ਨਾਇਕ ਤੇ ਤੌਰ ਤੇ ਉਸਤਿਤ ਕਰਦਾ ਹੈ ਜਿਨ੍ਹਾਂ ਨੇ ਮੁਸਲਮਾਨ ਲੜਕੀ ਨੂੰ ਇਕ ਲੁਟੇਰੇ ਤੋਂ ਛੁਡਾਇਆ ਅਤੇ ਉਸ ਨੂੰ ਭੈਣ ਬਣਾ ਕੇ ਸਹੀ ਸਲਾਮਤ ਪਾਕਿਸਤਾਨ ਵਿਚ ਪਹੁੰਚਾਇਆ।

1947 ਦੀ ਵੰਡ ਦਾ ਪੰਜਾਬੀ ਦੇ ਜਿਸ ਕਵੀ ਉੱਤੇ ਸਭ ਤੋਂ ਗਹਿਰਾ ਤੇ ਸਦੀਵੀ ਅਸਰ ਹੋਇਆ ਉਹ ਬਾਬੂ ਰਜਬ ਅਲੀ ਹੈ। ਉਹ ਇਸ ਪੀੜ ਨਾਲ ਆਪਣੇ ਜੀਵਨ ਦੇ ਅੰਤਮ ਸਾਹ ਤੱਕ ਤੜਪਦਾ ਰਿਹਾ। ਉਸ ਦਾ ਦਿਲ ਦੋ ਟੋਟਿਆਂ ਵਿਚ ਵੰਡਿਆ ਗਿਆ। ਉਸ ਦਾ ਜਿਸਮ ਪਾਕਿਸਤਾਨ ਸੀ, ਪਰ ਉਸ ਦਾ ਦਿਲ ਆਪਣੇ ਹਿੰਦੁਸਤਾਨ ਵਿਚ ਸੀ। ਮਰਨ ਤੋਂ ਪਿੱਛੋਂ ਉਸ ਦੀ ਰੂਹ ਸਾਹੋ ਕੇ ਦੀ ਧਰਤੀ ਦੇ ਇਰਦ ਗਿਰਦ ਹੀ ਚੱਕਰ ਕੱਟਦੀ ਰਹੀ। ਸੰਨ ਸੰਤਾਲੀ ਦੇ ਭਿਆਨਕ ਵਟਾਂਦਰੇ ਨੇ ਬਾਬੂ ਜੀ ਦੇ ਦਿਲ ਵਿਚ ਦਰਦ ਦਾ ਚਸ਼ਮਾ ਪੈਦਾ ਕੀਤਾ। ਉਸ ਦੀ ਸ਼ਾਇਰੀ ਵਿਚ ਵਲਵਲਾ ਤੇ ਦਰਦ ਪੈਦਾ ਹੋਇਆ ਜੋ ਉਸ ਦੀ ਪਹਿਲੀ ਕਵਿਤਾ ਵਿਚ ਨਿਸਬਤਨ ਘੱਟ ਹੈ। ਵੰਡ ਦੇ ਅਜਿਹੇ ਦਰਦ ਨੇ ਉਸ ਦੇ ਦਿਲ ਵਿਚ ਦਰਸ਼ਨ ਦੀ ਚਾਟ ਲਾਈ ਤੇ ਉਸਦੀਆਂ ਕਵਿਤਾਵਾਂ ਵਿਚ ਹੀ ਦਾਰਸ਼ਨਿਕ ਲਾਲੜੀ ਦੀ ਭਾ ਵੀ ਮਾਰਨ ਲੱਗ ਪਈ।

ਬਾਬੂ ਰਜਬ ਅਲੀ ਪੰਜਾਬੀਅਤ ਦਾ ਸੌਦਾਈ ਹੈ। ਉਹ ਪੰਜਾਬ ਦੇ ਨਾਇਕ ਨੂੰ ਹਿੰਦੂ, ਸਿੱਖ, ਮੁਸਲਮਾਨ ਦੇ ਰੂਪ ਵਿੱਚ ਨਹੀਂ ਦੇਖਿਆ ਸਗੋਂ ਮਹਾਨ ਪੰਜਾਬੀ ਦੇ ਰੂਪ ਵਿਚ

Digitized by Panjab Digital Library | www.panjabdigilib.org

ਦੇਖਦਾ ਹੈ । ਚਾਹੇ ਇਹ ਨਾਇਕ ਦੁੱਲਾ ਭੱਟੀ ਹੋਵੇ, ਚਾਹੇ ਬਾਬਾ ਦੀਪ ਸਿੰਘ,ਚਾਹੇ ਰਾਜਾ ਰਸਾਲੂ, ਤੇ ਚਾਹੇ ਭਗਤ ਸਿੰਘ ਹੋਵੇ । ਉਹ ਇਹਨਾਂ ਨੂੰ ਪੰਜਾਬੀ ਕਹਿ ਕੇ ਸਿਫਤ ਕਰਦਾ ਹੈ । ਫੇਰੂ-ਸ਼ਹਿਰ ਦੇ ਮੈਦਾਨ ਵਿਚ ਲੜ੍ਹ ਰਹੀਆਂ ਖ਼ਾਲਸਾ ਫੌਜਾਂ ਨੂੰ ਵੀ ਉਹ 'ਪੰਜਾਬੀ ਫੌਜਾਂ' ਹੀ ਆਖਦਾ ਹੈ । ਯੂਰਪ ਦੀ ਜੰਗ ਵਿਚ ਲੜ੍ਹ ਰਹੇ ਪੰਜਾਬ ਦੇ ਜੁਆਨਾਂ ਦੀ ਬਹਾਦਰੀ ਸਿਫਤ ਕਰਦਾ ਉਹ ਪੰਜਾਬੀਆਂ ਦੀ ਬੀਰਤਾ ਦੇ ਸੋਹਲੇ ਗਾਉਂਦਾ ਹੈ । ਬਾਬੂ ਰਜਬ ਅਲੀ ਹਿੰਦੁਸਤਾਨੀ ਪੰਜਾਬ ਤੇ ਪਾਕਿਸਤਾਨੀ ਪੰਜਾਬ ਦਾ ਸਾਂਝਾ ਕਵੀਸ਼ਰ ਹੈ । ਇਹ ਦੋਹਾਂ ਦੇਸ਼ਾਂ ਵਿਚ ਪੰਜਾਬ ਦੀ ਅਣਵੰਡੀ ਰੂਹ ਹੈ । ਉਹ ਉਮਰ ਭਰ ਅਣਵੰਡੇ ਪੰਜਾਬ ਲਈ ਤਾਂਘਦਾ ਰਿਹਾ ਅਤੇ ਆਖਦਾ ਸੀ 'ਬੜਾ ਸੋਹਣਾ ਹੁੰਦਾ ਸੀ ਮੁਲਕ ਸਾਂਝਾ ਜਿਹਾ' । ਬਾਬੂ ਰਜਬ ਅਲੀ ਹਿੰਦੁਸਤਾਨੀ ਪੰਜਾਬ ਤੇ ਪਾਕਿਸਤਾਨੀ ਪੰਜਾਬ ਦੇ ਦਿਲ ਵਿਚ ਉੱਠੀ ਸਾਂਝੀ ਹੂਕ ਦਾ ਨਾਂ ਹੈ ।

ਬਾਬੂ ਰਜਬ ਅਲੀ ਅਜਿਹਾ ਕਵੀ ਹੈ ਜਿਸ ਨੇ ਪੂਰੇ ਦਿਲ, ਵਲਵਲੇ ਤੇ ਜੋਸ਼ ਨਾਲ ਪੰਜਾਬੀ ਸਭਿਆਚਾਰ ਨੂੰ ਸ਼ਿੱਦਤ ਤੇ ਬਾਰੀਕੀ ਨਾਲ ਚਿਤਰਿਆ ਹੈ । ਬਾਬੂ ਰਜਬ ਅਲੀ ਪੰਜਾਬੀ ਸਭਿਆਚਾਰ ਦੇ ਸੁੱਚੇ ਆਂਚਲਿਕ ਰੰਗ ਦੀ ਕੰਵਾਰੀ ਆਬ ਹੈ । ਬਾਬੂ ਰਜਬ ਅਲੀ ਨੇ ਆਪ ਭਾਵੇਂ ਤਕਨੀਕੀ ਵਿੱਦਿਆ ਗ੍ਰਹਿਣ ਕੀਤੀ ਪਰ ਉਹ ਪੰਜਾਬੀ ਸਭਿਆਚਾਰ ਦਾ ਵੱਡਾ ਮੁਦਈ ਹੈ । ਉਹ ਪੰਜਾਬ ਵਿਚ ਤਕਨੀਕੀ ਵਿਕਾਸ ਤੋਂ ਰਾਹਤ ਮਹਿਸੂਸ ਕਰਦਾ ਹੈ ਪਰ ਪੰਜਾਬ ਦੀਆਂ ਪੁਰਾਤਨ ਕਦਰਾਂ-ਕੀਮਤਾਂ ਤੇ ਸਭਿਆਚਾਰਿਕ ਵਿਰਸੇ ਨੂੰ ਆਪਣੀ ਹਿੱਕ ਨਾਲ ਘੁੱਟ ਕੇ ਲਾਈ ਰੱਖਦਾ ਹੈ ।

ਬਾਬੂ ਰਜਬ ਅਲੀ ਦਾ ਕਾਵਿ ਸਭਿਆਚਾਰ ਦੀ ਲੋਕ-ਧਾਰਾ ਨਾਲ ਕਈ ਵਾਰ ਲੁੱਕਣ-ਮੀਟੀ ਖੇਡਦਾ ਮਹਿਸੂਸ ਹੁੰਦਾ ਹੈ । ਇਹੀ ਉਸਦਾ ਕਾਵਿ-ਗੁਣ ਹੈ । ਉਹ ਪੰਜਾਬੀ ਲੋਕਯਾਨ ਨੂੰ ਬਹੁਤ ਨੇੜਿਓਂ ਚਿਤਰਦਾ ਹੈ । ਉਸ ਦਾ ਕਾਵਿ ਲੋਕ-ਧਾਰਾ ਵਿਚ ਛਾਲਾਂ ਮਾਰਦਾ ਆਪ ਲਹਿਰ ਬਣ ਗਿਆ ਜਾਪਦਾ ਹੈ । ਸਦੀਆਂ ਬਾਅਦ ਜਦੋਂ ਸਾਹਿਤ ਵਿਚੋਂ ਪੰਜਾਬੀ ਸਭਿਆਚਾਰ ਦੀ ਪੁਰਾਤਨ ਝਲਕ ਦੇਖਣ ਦਾ ਕੋਈ ਉਪਰਾਲਾ ਕਰੇਗਾ ਤਾਂ ਇਸ ਦੇ ਸਭ ਤੋਂ ਸਬੂਤੇ ਤੇ ਗੂੜ੍ਹੇ ਬਿੰਬ ਉਸ ਨੂੰ ਬਾਬੂ ਰਜਬ ਅਲੀ ਦੀ ਕਵੀਸ਼ਰੀ ਵਿਚੋਂ ਮਿਲਣਗੇ । ਰਜਬ ਅਲੀ ਦੀ ਕਵਿਤਾ ਪੰਜਾਬੀ ਸਭਿਆਚਾਰ ਦੇ ਕੀਮਤੀ ਮੋਤੀਆਂ ਦਾ ਤੋਸ਼ਾਖਾਨਾ ਹੈ ।

ਬਾਬੂ ਰਜਬ ਅਲੀ ਤੇ ਉਸ ਦੇ ਕਾਵਿ ਦਾ ਇਕ ਅਹਿਮ ਗੁਣ ਉਸ ਵਿਚ ਉਸਾਰੂ ਤੇ ਪ੍ਰਗਤੀਸ਼ੀਲ ਕਦਰਾਂ ਕੀਮਤਾਂ ਦਾ ਧਾਰਨੀ ਹੋਣਾ ਹੈ । ਬਾਬੂ ਜੀ ਆਪਣਾ ਰਚਨਾ ਵਿਚ ਕਿਸੇ ਸਰਦਾਰ, ਰਾਜੇ, ਮਹਾਰਾਜੇ ਦੀ ਸਿਫ਼ਤ ਨਹੀਂ ਕੀਤੀ । ਉਸ ਨੇ ਅੰਗ੍ਰੇਜ਼ਾਂ ਦੀ ਨੌਕਰੀ ਜ਼ਰੂਰ ਕੀਤੀ ਪਰ ਉਹਨਾਂ ਦੀ ਝੋਲੀ ਨਹੀਂ ਚੁੱਕੀ । ਉਸ ਦੇ ਨਾਇਕ ਉਸ ਦੇ ਸਮਕਾਲੀਨ ਸਰਕਾਰ ਰਾਜੇ ਨਹੀਂ ਸਨ ਸਗੋਂ ਉਹ ਸਾਧਾਰਨ ਮਨੁੱਖ ਸਨ ਜੋ ਉਸ ਸਮੇਂ ਦੇ ਰਾਜਸੀ ਤੇ ਸਮਾਜੀ ਤਾਣੇ-ਬਾਣੇ ਦੇ ਸਤਾਏ ਹੋਏ ਅਤੇ ਉਸ ਤੋਂ ਆਕੀ ਹੋ ਚੁੱਕੇ ਸਨ । ਬਾਬੂ ਰਜਬ ਅਲੀ ਸੂਰਮੇ ਲੋਕਾਂ ਦਾ ਸ਼ਾਇਰ ਹੈ । ਉਹ ਆਪਣੇ ਸਮੇਂ ਦੀਆਂ ਆਰਥਿਕ ਤੰਗੀਆਂ ਤੇ ਕਾਣੀ ਵੰਡ ਤੋਂ ਭਲੀਭਾਂਤ ਚੇਤਨ ਹੈ । ਉਹ ਲੋਕਾਂ ਦੇ ਆਰਥਿਕ ਮੰਦਵਾੜੇ ਨੂੰ ਦੂਰ ਕਰਨ ਵਿਚ ਭਾਈਵਾਲ ਹੋਣਾ ਚਾਹੁੰਦਾ ਹੈ । ਉਹ ਲੁੱਟ ਖਸੁੱਟ ਵਾਲੇ ਨਿਜ਼ਾਮ ਦਾ ਪੱਖ ਨਹੀਂ ਪੂਰਦਾ ਅਤੇ ਆਪਣੇ ਵਿਤ ਅਨੁਸਾਰ ਵਿਰੋਧ ਕਰਦਾ ਹੈ । ਉਹ ਔਰਤਾਂ ਦੀ ਦਸ਼ਾ ਨੂੰ ਸੁਧਾਰਨ ਤੇ ਉਹਨਾਂ ਨੂੰ ਵਿੱਦਿਆ

Digitized by Panjab Digital Library | www.panjabdigilib.org

ਦੇਣ ਦੀ ਹਮਾਇਤ ਕਰਦਾ ਹੈ। ਬਾਬੂ ਰਜਬ ਅਲੀ ਨੇ ਔਰਤ ਦੀ ਬਹਾਦਰੀ ਉੱਤੇ ਇੱਕ ਉਚੇਚਾ ਪ੍ਰਸੰਗ 'ਹਰਨਾਮ ਕੌਰ ਦੀ ਬਹਾਦਰੀ' ਵੀ ਲਿਖਿਆ ਜਿਸ ਵਿਚ ਇਕੱਲੀ ਲੜਕੀ ਨੂੰ ਲੜ ਕੇ ਨਾਮੀ ਡਾਕੂਆਂ ਉੱਤੇ ਫਤਹਿ ਪਾਉਂਦੀ ਵਿਖਾਇਆ ਗਿਆ ਹੈ।

ਬਾਬੂ ਰਜਬ ਅਲੀ ਇੱਕ ਦੇਸ਼ ਭਗਤ ਕਵੀ ਹੈ। ਉਹ ਦੇਸ਼ ਦੀ ਸੁਤੰਤਰਤਾ ਲਈ ਲੜ ਰਹੇ ਸ਼ਹੀਦ ਭਗਤ ਸਿੰਘ ਆਦਿ ਪ੍ਰਵਾਨਿਆਂ ਦਾ ਦੀਵਾਨਾ ਹੈ। ਉਸ ਨੇ ਅੰਗ੍ਰੇਜ਼ੀ-ਰਾਜ ਵਿਚ ਭਗਤ ਸਿੰਘ ਉੱਤੇ ਇਕ ਸ਼ਾਨਦਾਰ ਕਵਿਤਾ ਲਿਖੀ ਉਸ ਨੇ ਅੰਗ੍ਰੇਜ਼ੀ ਰਾਜ ਵਿਚ ਗੁਲਾਮੀ ਦੇ ਝਬਕ ਨੂੰ ਲਾਹੁਣ ਦੀ ਪ੍ਰੇਰਨਾ ਦੇਣ ਵਾਲੀ ਜ਼ਿੰਦਾ-ਦਿਲ ਕਵਿਤਾ ਲਿਖੀ ਜਿਸ ਤੋਂ ਅੰਗ੍ਰੇਜ਼ੀ ਹਕੂਮਤ ਬਾਬੂ ਜੀ ਤੇ ਨਾਖੁਸ਼ ਹੋ ਗਈ। ਹਕੂਮਤ ਨੇ ਇਸ ਦੀ ਤਰੱਕੀ ਬੰਦ ਕਰ ਦਿੱਤੀ ਅਤੇ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਕਿ ਇਸ ਨੂੰ ਵਕਤ ਤੋਂ ਪਹਿਲਾਂ ਰੀਟਾਇਰਮੈਂਟ ਲੈਣੀ ਪਈ। ਬਾਬੂ ਜੀ ਨੇ ਸ਼ਹੀਦ ਸੂਰਮਿਆਂ ਦੇ ਗੀਤ ਲਿਖੇ।

ਰਜਬ ਅਲੀ ਨੇ ਅੰਗ੍ਰੇਜ਼ ਬਾਦਸ਼ਾਹਾਂ ਦੇ ਕਸੀਦੇ ਨਹੀਂ ਲਿਖੇ। ਬਾਬੂ ਜੀ ਦੀ ਇਸ ਚੇਤਨ ਤੇ ਸਹੀ ਸੋਚ ਦੀ ਪ੍ਰਸੰਸਾ ਕਰਨੀ ਹੀ ਬਣਦੀ ਹੈ। ਉਸ ਨੇ ਆਪਣੀ ਰਚਨਾ ਵਿਚ ਅੰਗ੍ਰੇਜ਼ੀ ਸਰਮਾਇਦਾਰੀ ਵਲੋਂ ਕੀਤੀ ਜਾ ਰਹੀ ਆਰਥਿਕ ਲੁੱਟ ਘਸੁੱਟ ਦੀ ਵੀ ਤਿੱਖੀ ਆਲੋਚਨਾ ਕੀਤੀ ਹੈ।

ਬਾਬੂ ਰਜਬ ਅਲੀ ਕੋਲ ਇੱਕ ਪਾਰਖੂ ਦੀ ਨਿਗ੍ਹਾ ਵੀ ਹੈ। ਉਸ ਨੇ ਆਪਣੀ ਕਵਿਤਾ ਵਿਚ ਕਵੀਸ਼ਰੀ ਦੇ ਸਰੂਪ ਤੇ ਸੌਂਦਰਯ ਉੱਤੇ ਵਿਦਿਵਤਾ ਭਰੀਆਂ ਟਿੱਪਣੀਆਂ ਕੀਤੀਆਂ ਹਨ। ਉਸ ਨੇ ਆਪਣੇ ਪੂਰਬਲੇ ਤੇ ਸਮਕਾਲੀ ਕਵੀਸ਼ਰਾਂ ਤੇ ਕਵੀਆਂ ਦੀਆਂ ਰਚਨਾਵਾਂ ਨੂੰ ਪੜ੍ਹਿਆ, ਵਿਚਾਰਿਆ ਅਤੇ ਘੋਖਿਆ ਹੈ। ਸਮਕਾਲੀ ਕਵੀਸ਼ਰਾਂ ਬਾਰੇ ਉਸ ਨੇ ਬਹੁਤੀ ਵਧੀਆ ਤੇ ਆਲੋਚਨਾਤਮਿਕ ਟਿੱਪਣੀਆਂ ਕੀਤੀਆਂ ਹਨ ਜਿਨ੍ਹਾਂ ਵਿਚ ਉਹਨਾਂ ਦੇ ਕਾਵਿ-ਗੁਣਾਂ ਉੱਤੇ ਰੋਸ਼ਨੀ ਪਾਈ ਗਈ ਹੈ। ਬਾਬੂ ਜੀ ਕਵੀਸ਼ਰਾਂ ਨੂੰ ਹੀ ਨਹੀਂ ਸਗੋਂ ਆਪਣੇ ਆਲੇ ਦੁਆਲੇ ਦੇ ਲੋਕਾਂ, ਜਾਤਾਂ-ਪਾਤਾਂ, ਪਿੰਡਾਂ ਬਾਰੇ ਘੋਖਵੀਂ ਨਜ਼ਰ ਰੱਖੀ ਹੈ। ਉਸ ਨੇ ਇਹਨਾਂ ਦੀ ਵੱਖਰੀ-ਵੱਖਰੀ ਪਛਾਣ ਕੀਤੀ ਹੈ। ਇਸਨੇ ਵੱਖ-ਵੱਖ ਪਿੰਡਾਂ, ਜਾਤਾਂ ਦੇ ਲੋਕਾਂ ਦੇ ਗੁਣਾਂ ਤੇ ਔਗੁਣਾਂ ਬਾਰੇ ਬੜੀਆਂ ਦਿਲਚਸਪ ਟਿੱਪਣੀਆਂ ਕੀਤੀਆਂ ਹਨ। ਇਹਨਾਂ ਟਿੱਪਣੀਆਂ ਵਿਚ ਉਸ ਦਾ ਕਿਸੇ ਨਾਲ ਵੈਰ ਵਿਰੋਧ ਜਾਂ ਈਰਖਾ ਦਾ ਭਾਵ ਨਹੀਂ ਸਗੋਂ ਸੁੱਤੇ ਸਿੱਧ ਜੋ ਪ੍ਰਭਾਵ ਉਸ ਦਾ ਬਣਿਆ ਹੈ ਉਸ ਨੇ ਬਿਆਨ ਕੀਤਾ ਹੈ।

ਕਵੀਸ਼ਰੀ-ਪਰੰਪਰਾ ਵਿਚ ਬਾਬੂ ਰਜਬ ਅਲੀ ਦਾ ਸਥਾਨ ਨਿਸ਼ਚਿਤ ਕਰਨਾ ਨਿਰਸੰਦੇਹ ਇੱਕ ਕਠਨ ਪਰ ਰੋਚਿਕ ਕਾਰਜ ਹੈ। ਕਵੀਸ਼ਰੀ-ਪਰੰਪਰਾ ਦੇ ਤਿੰਨ ਸਦੀਆਂ ਦੇ ਸਫ਼ਰ ਵਿਚ ਸੈਂਕੜੇ ਕਵੀਸ਼ਰ ਹੋਏ ਹਨ, ਜਿਨ੍ਹਾਂ ਵਿਚੋਂ ਬਹੁਤੇ ਕਵੀਸ਼ਰਾਂ ਦੀ ਰਚਨਾ ਦਾ ਲੇਖਾ-ਜੋਖਾ ਕਰਨਾ ਅਜੇ ਵਿਦਵਾਨਾਂ ਲਈ ਚਣੌਤੀ ਬਣਿਆ ਹੋਇਆ ਹੈ। ਇਸ ਸਾਰੇ ਅਧਿਐਨ ਤੋਂ ਬਿਨਾਂ ਕਿਸੇ ਵੀ ਕਵੀਸ਼ਰ ਦੀ ਥਾਂ ਉਸ ਧਾਰਾ ਵਿਚ ਸਥਾਨ ਸਥਾਪਿਤ ਕਰਨਾ ਤਰਕ ਸੰਗਤ ਨਹੀਂ ਹੋਵੇਗਾ, ਫਿਰ ਵੀ ਇਸ ਖੇਤਰ ਜਿਨ੍ਹਾਂ ਕੁ ਅਧਿਐਨ ਹੋਇਆ ਉਸ ਦੇ ਆਧਾਰ ਉੱਤੇ ਇਹ ਤੱਥ ਉਭਰ ਕੇ ਆਉਂਦੇ ਹਨ :

(ੳ) ਬਾਬੂ ਜੀ ਇੱਕ ਉਸਤਾਦ ਕਵੀਸ਼ਰ ਹੈ। ਹਿੰਦੁਸਤਾਨ ਤੇ ਪਾਕਿਸਤਾਨ ਦੇ 100 ਤੋਂ

Digitized by Panjab Digital Library | www.panjabdigilib.org

ਵੱਧ ਕਵੀਸ਼ਰਾਂ ਨੇ ਉਸ ਨੂੰ ਆਪਣਾ ਉਸਤਾਦ ਧਾਰਿਆ ।

(ਅ) ਉਸ ਨੇ ਛੋਟੀਆਂ ਵੱਡੀਆਂ 81 ਰਚਨਾਵਾਂ ਕੀਤੀਆਂ ਜਿਨ੍ਹਾਂ ਦਾ ਵਿਸ਼ਾ-ਖੇਤਰ ਬਹੁਤ ਫੈਲਿਆ ਹੋਇਆ ਤੇ ਜਿਨ੍ਹਾਂ ਦਾ ਕਲਾਤਮਿਕ ਪੱਧਰ ਕਾਫੀ ਉਚੇਰਾ ਹੈ ।

(ਏ) ਬਾਬੂ ਛੰਦ ਦਾ ਧਨੀ ਹੈ ਉਸਨੇ 'ਬਾਬੂ ਚਾਲ', 'ਬਹੱਤਰ ਕਲਾ' ਵਰਗੇ ਬਹੁਤ ਸ਼ਾਨਦਾਰ ਛੰਦ ਈਜ਼ਾਦ ਕੀਤੇ ।

(ਸ) ਬਾਬੂ ਜੀ ਦੀ ਕਵਿਤਾ ਸੈਂਕੜੇ ਵਾਰ ਅਖਾੜਿਆਂ ਵਿਚ ਗਾਈ ਗਈ ਹੈ ਅਤੇ ਇਹ ਸਰੋਤਿਆਂ ਵਿਚ ਬਹੁਤ ਲੋਕ-ਪ੍ਰਿਯ ਹੈ ।

(ਹ) ਬਾਬੂ ਜੀ ਸੰਬੰਧੀ ਇਸ ਦੇ ਸਮਕਾਲੀ ਕਵੀਸ਼ਰ ਉਚੇਰੀ ਧਾਰਨਾ ਰੱਖਦੇ ਸਨ ਅਤੇ ਇਸ ਨੂੰ ਰਤਨ ਦੇ ਮੇਲੇ ਉੱਤੇ, 'ਸ਼੍ਰੋਮਣੀ ਕਵੀਸ਼ਰ' ਵੀ ਮੰਨਿਆ ਗਿਆ ਸੀ ।

(ਕ) ਬਾਬੂ ਜੀ ਦਾ ਕਵੀਸ਼ਰੀ ਕਰਨ ਦਾ ਸਮਾਂ ਕਵੀਸ਼ਰੀ-ਪਰੰਪਰਾ ਦਾ ਅੰਤਲਾ ਦੌਰ ਹੈ, ਅਤੇ

(ਖ) ਬਾਬੂ ਜੀ ਦੀਆਂ 81 ਰਚਨਾਵਾਂ ਵਿਚੋਂ 71 ਹੱਥ-ਲਿਖਤ ਰੂਪ ਵਿਚ ਹਨ, ਜਿਨ੍ਹਾਂ ਨੂੰ ਵਿਧੀ-ਪੂਰਵਿਕ ਸੰਪਾਦਨ ਕਰਨ ਦੀ ਲੋੜ ਹੈ ।

ਬਾਬੂ ਰਜਬ ਅਲੀ ਆਪਣੇ ਦੌਰ ਦੇ ਕਵੀਸ਼ਰਾਂ ਵਿਚ ਸਿਰ-ਕੱਢ ਕਵੀਸ਼ਰ ਹੈ ।

ਬਾਬੂ ਰਜਬ ਅਲੀ ਨੇ ਨਿਸ਼ਕਾਮ ਭਾਵ ਨਾਲ ਪੰਜਾਬੀ ਸਾਹਿਤ ਤੇ ਪੰਜਾਬੀ ਬੋਲੀ ਦੀ ਸੇਵਾ ਕੀਤੀ । ਉਸ ਨੇ ਸਭ ਆਪਣੀ ਸ੍ਵੈ-ਪ੍ਰੇਰਨਾ ਨਾਲ ਲਿਖਿਆ, ਕਿਸੇ ਮਜ਼ਬੂਰੀ ਲਈ ਨਹੀਂ ਲਿਖਿਆ । ਬਾਬੂ ਰਜਬ ਅਲੀ ਦੀ ਕਵੀਸ਼ਰੀ ਪੰਜਾਬ ਦੀ ਵੰਡ ਤੋਂ ਬਾਅਦ ਭਾਰਤ ਦੇ ਪੰਜਾਬ ਤੇ ਪਾਕਿਸਤਾਨ ਦੇ ਪੰਜਾਬ ਦੇ ਲੋਕਾਂ ਵਿਚ ਆਪਸੀ ਪਿਆਰ, ਵਿਸ਼ਵਾਸ, ਮਿੱਤਰਤਾ, ਅਪਣੱਤ ਤੇ ਸਾਂਝੇ ਸਭਿਆਚਾਰ ਦੀ ਇੱਕ ਅਟੁੱਟ ਕੜੀ ਹੈ । ਬਾਬੂ ਨੇ ਇਸ ਖੇਤਰ ਵਿਚ ਖ਼ਾਲੀ ਖਿਲਾਅ ਨੂੰ ਆਪਣੀ ਸੁਹਜਮਈ ਰਚਨਾ ਦੇ ਨਾਲ ਭਰਿਆ ਹੈ । ਇਸ ਖੇਤਰ ਵਿਚ ਬਾਬੂ ਰਜਬ ਅਲੀ ਦਾ ਕੋਈ ਸਾਨੀ ਨਹੀਂ ਹੈ । ਬਾਬੂ ਰਜਬ ਅਲੀ ਪੰਜਾਬੀ ਸਾਹਿਤ ਦੇ ਮਹਾਨ ਖ਼ਜ਼ਾਨੇ ਦਾ ਬੇਨਜ਼ੀਰ ਹੀਰਾ ਹੈ ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਅੰਤਿਕਾ-1

# ਬਾਬੂ ਰਜਬ ਅਲੀ ਰਚਿਤ ਸਾਹਿਤ

(ਵਰਣਮਾਲਾ ਕ੍ਰਮ ਵਿਚ)

ਹੱਥ-ਲਿਖਤ :

ਊਖਾ-ਅਨਰੁੱਧ, ਅਭਿਮਨੂੰ ਦਾ ਵਿਆਹ, ਇਸ਼ਕ ਮੁਸ਼ਕ ਦੇ ਛੰਦ, ਸ਼ਹੀਦੀ-ਬਾਬਾ ਦੀਪ ਸਿੰਘ, ਸਲੋਚਨਾ, ਸੱਸੀ-ਪੁੰਨੂੰ, ਸਾਕਾ-ਸਰਹੰਦ, ਸ਼ਾਗਿਰਦਾਂ ਬਾਰੇ ਛੰਦ, ਸਿਫਤ ਹਜ਼ਰਤ ਮੁਹੰਮਦ ਸਾਹਿਬ, ਸਿਫ਼ਤ ਹਰਿਮੰਦਰ ਸਾਹਿਬ, ਸਿਫਤ ਗੁਰੂ ਗ੍ਰੰਥ ਸਾਹਿਬ, ਸੀਤਾ ਦੀ ਭਾਲ, ਸੇਹਰਾ, ਸੋਹਣੀ ਮਹੀਂਵਾਲ, ਸੰਮਣ ਮੂਸਣ, ਹਸਨ-ਹੁਸੈਨ, ਹਜ਼ਰਤ ਈਸਾ ਮਸੀਹ, ਹਰਨਾਮ ਕੌਰ ਦੀ ਬਹਾਦਰੀ, ਹਰਫੂਲ ਸਿੰਘ ਸੂਰਮਾ, ਹਿੰਦ ਪਾਕ ਜੰਗ, ਹੀਰ, ਹੀਰ (ਕਲੀਆਂ), ਹੀਰ (ਛੰਦਾਬੰਦੀ), ਕੋਕ-ਸ਼ਾਸਤਰ, ਕੌਲਾਂ, ਗਣਨਾ ਦੇ ਛੰਦ, ਗੁਰਨਾਮ ਸਿੰਘ ਰਾਊਕੇ, ਗੁਰੂ ਗੋਬਿੰਦ ਸਿੰਘ ਮੰਗਲ, ਗੁਰੂ ਨਾਨਕ ਮੰਗਲ, ਚਾਹ ਤੇ ਲੱਸੀ ਦਾ ਝਗੜਾ, ਚੰਡੀ-ਭੀਮ ਸਿੰਘ, ਜਾਨੀ ਚੋਰ, ਜਿਉਣਾ ਮੌੜ, ਜੈਮਲ-ਫੱਤਾ, ਜੰਗ-ਕੈਰੋਂ ਪਾਂਡੋ, ਜੰਗ-ਪੌਂਟਾ ਸਾਹਿਬ, ਜੰਗ-ਮਰਾੜ, ਜੰਗ-ਮੂਸਣ, ਜੰਗ-ਯੂਰਪ, ਤਲਬਣ ਦੀ ਲੜਾਈ, ਦਊਦ ਬਾਦਸ਼ਾਹ, ਦੁੱਲਾ ਭੱਟੀ, ਦੌਰਾ-ਦਸਮੇਸ਼ ਜੀ (ਕਲੀਆਂ), ਦੌਰਾ-ਦਸਮੇਸ਼ ਜੀ (ਛੰਦਾ-ਬੰਦੀ) ਨੌਕਰ ਦੀ ਨਾਰ, ਨੀਤੀ ਦੇ ਕਬਿੱਤ, ਪੱਤਲ, ਪਾਂਚਮੇਂ ਗੁਰੂ ਅਰਜਨ ਦੇਵ ਕੀ ਸ਼ਹੀਦੀ, ਪਿੰਗਲ, ਪੀਰਾਨਿ ਪੀਰ (ਗਿਆਰੀ-ਵਾਲਾ ਪੀਰ), ਪ੍ਰੇਮ ਦੇਵੀ, ਪੈਂਦ ਕਾ ਮੁਹੱਲਾ, ਪੂਰਨ ਭਗਤ, ਫੇਰੂ ਸ਼ਹਿਰ ਦੀ ਲੜਾਈ, ਫੁਟਕਲ ਛੰਦ, ਬਲਬੀਰ ਸਿੰਘ ਅਬੁੱਲ ਖੁਰਾਣਾ, ਬਿਧੀ ਚੰਦ ਦੇ ਘੋੜੇ, ਬਿਧੀ ਚੰਦ ਦੇ ਦੁਸ਼ਾਲੇ, ਬੇਦਾਵਾ ਅਥਵਾ ਜੰਗ-ਮੁਕਤਸਰ, ਭੂੜ ਬਹਾਦਰ, ਮਾਈਆਂ ਦਾ ਵਿਰਲਾਪ, ਮਿਰਜ਼ਾ-ਸਾਹਿਬਾਂ, ਮੁਸਲਮਾਨ ਆਸ਼ਕਾਂ ਦੇ ਸਵਾਲ ਜਵਾਬ, ਰਤਨ ਸੈਨ, ਰਾਮ ਸਿੰਘ ਤੁੰਬਾ-ਭਾਈ, ਰਾਮ ਸਿੰਘ ਡਹੋਕ ਵਾਲਾ, ਰਾਮ ਕੌਰ, ਰਾਮਣ ਘੁਮਿਆਰ, ਰਾਮਾਇਣ, ਲੰਡੇ ਤੇ ਮੀਣੇ ਦਾ ਝਗੜਾ, ਵਿਰਾਟ ਪਰਬ ।

ਪ੍ਰਕਾਸ਼ਿਤ :

'ਉਜਾੜਾ', ਬਾਬੂ ਰਜਬ ਅਲੀ, ਚੱਕ ਨੰਬਰ 32, ਤਹਿਸੀਲ ਉਕਾੜਾ, ਜ਼ਿਲ੍ਹਾ ਮਿੰਟ-ਗੁਮਰੀ, ਪਹਿਲੀ ਵਾਰ, ਪੰਨੇ 56.

'ਸ਼ਹੀਦ ਭਗਤ ਸਿੰਘ', ਜਗਮੇਲ ਸਿੰਘ, ਪਿੰਡ ਬਾਜਕ, ਜ਼ਿਲ੍ਹਾ ਬਠਿੰਡਾ, 1979 ਈ.

'ਸਾਕਾ ਚਮਕੌਰ ਸਾਹਿਬ,' ਉਹੀ, 1979 ਈ. ।

'ਸੁੱਚਾ ਸਿੰਘ ਸੂਰਮਾ', ਭਾਈ ਪ੍ਰਤਾਪ ਸਿੰਘ, ਪ੍ਰੀਤਮ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਮਿਤੀ ਨਹੀਂ ।

Digitized by Panjab Digital Library | www.panjabdigilib.org

'ਸੁੱਚਾ ਘੁੱਕਰ ਵੀਰੋ', (ਫ਼ਾਰਸੀ-ਲਿੱਪੀ), ਜੇ. ਐਸ. ਸੰਤ ਸਿੰਘ, ਚੌਂਕ ਮੱਤੀ, ਲਾਹੌਰ, ਮਿਤੀ ਨਹੀਂ ।

'ਸੁੱਤਾ ਜਾਗ ਕਿਸਾਨਾ', ਬਸੰਤ ਸਿੰਘ ਜਗਮੇਲ ਸਿੰਘ, ਸਾਹੋ ਕੇ, ਮੋਗਾ, ਪਹਿਲੀ-ਵੇਰ ।

'ਹਿੰਦ-ਚੀਨ ਜੰਗ', ਉਹੀ ।

'ਕੌਲਾਂ ਸ਼ਾਹਣੀ ਤੇ ਰਾਜਾ ਰਸਾਲੂ', ਉਹੀ, 1978 ਈ.

'ਨਲ-ਦਮਯੰਤੀ', ਉਹੀ, 1954 ਈ. ।

'ਰਿਕਾਰਡਾਂ ਦੀ ਚੋਣਵੀਂ ਕਵਿਤਾ', ਜਗਮੇਲ ਸਿੰਘ, ਪਿੰਡ ਬਾਜਕ, ਜ਼ਿਲ੍ਹਾ ਬਠਿੰਡਾ, 1962 ਈ. ।

Digitized by Panjab Digital Library | www.panjabdigilib.org

## ਅੰਤਿਕਾ-2

# ਬਾਬੂ ਰਜਬ ਅਲੀ ਦੇ ਚੋਣਵੇਂ ਚੇਲੇ

(ਵਰਣਮਾਲਾ ਕ੍ਰਮ ਵਿਚ)

| | | |
|---|---|---|
| 1. | ਅਸਮਾਈਲ | ਪਿੰਡ ਸਾਹਿਬ ਚੰਦ, ਜ਼ਿਲ੍ਹਾ ਫਰੀਦਕੋਟ। (ਪਾਕਿਸਤਾਨ ਚਲਾ ਗਿਆ) |
| 2. | ਅਜਮੇਰ ਸਿੰਘ | ਪਿੰਡ ਰਾਅ ਖਾਨਾ, ਜ਼ਿਲ੍ਹਾ ਬਠਿੰਡਾ। |
| 3. | ਅਜ਼ੀਜ਼ ਖਾਂ | (ਬਾਬੂ ਰਜਬ ਅਲੀ ਦਾ ਭਾਣਜਾ), ਬਠਿੰਡਾ-ਸ਼ਹਿਰ। |
| 4. | ਅਜੀਤ ਸਿੰਘ | ਤਹਿਸੀਲ ਮੋਗਾ, ਜ਼ਿਲ੍ਹਾ ਫਰੀਦਕੋਟ। |
| 5. | ਅਵਤਾਰ ਸਿੰਘ, ਮਹੰਤ | ਪਿੰਡ ਲੰਮੀ, ਜ਼ਿਲ੍ਹਾ ਫਰੀਦਕੋਟ। |
| 6. | ਅਲੀ ਨਿਆਜ | ਪਾਕਿਸਤਾਨ ਚਲਾ ਗਿਆ। |
| 7. | ਸ਼ਮੀਰ | ਪਿੰਡ ਜਾਨਾ, ਜ਼ਿਲ੍ਹਾ ਬਠਿੰਡਾ। (ਪਾਕਿਸਤਾਨ ਚਲਾ ਗਿਆ) |
| 8. | ਸ਼ਰਾਰਾ | ਪਾਕਿਸਤਾਨ ਚਲਾ ਗਿਆ। |
| 9. | ਸ਼ਰੀਫ ਖਾਨ | ਪਿੰਡ ਕੋਟ ਫੱਤਾ, ਜ਼ਿਲ੍ਹਾ ਬਠਿੰਡਾ। (ਪਾਕਿਸਤਾਨ ਚਲਾ ਗਿਆ) |
| 10. | ਸ੍ਰੀ ਰਾਮ | ਪਿੰਡ ਝੁੰਬ੍ਹਾ, ਜ਼ਿਲ੍ਹਾ ਬਠਿੰਡਾ। |
| 11. | ਸ਼ੇਰ ਖਾਂ | ਪਾਕਿਸਤਾਨ ਚਲਾ ਗਿਆ। |
| 12. | ਸੁਰਜੀਤ ਸਿੰਘ ਮਲੂਕਾ | ਪਿੰਡ ਮਲੂਕਾ, ਜ਼ਿਲ੍ਹਾ ਬਠਿੰਡਾ। |
| 13. | ਹੰਸਾ ਸਿੰਘ ਬਰਾੜ, ਸੂਬੇਦਾਰ | ਪਿੰਡ ਮਾਹਣੀ ਖੇੜਾ, ਜ਼ਿਲ੍ਹਾ ਫਰੀਦਕੋਟ। |
| 14. | ਹਜ਼ੂਰਾ ਸਿੰਘ | ਪਿੰਡ ਆਲਮਵਾਲਾ, ਜ਼ਿਲ੍ਹਾ ਫਰੀਦਕੋਟ। |
| 15. | ਹਰਬੰਸ ਸਿੰਘ | ਪਿੰਡ ਸਾਹੋਕੇ, ਜ਼ਿਲ੍ਹਾ ਫ਼ਰੀਦਕੋਟ। |
| 16. | ਹਰਨਾਮ ਸਿੰਘ | ਬਠਿੰਡਾ ਸ਼ਹਿਰ। |
| 17. | ਕਰਤਾਰ ਸਿੰਘ | ਪਿੰਡ ਮੌੜ, ਜ਼ਿਲ੍ਹਾ ਫਰੀਦਕੋਟ। |
| 18. | ਕਰਤਾਰ ਸਿੰਘ | ਬੁਘੇਲੇ ਵਾਲਾ, ਜ਼ਿਲ੍ਹਾ ਫਰੀਦਕੋਟ। |
| 19. | ਕਰਤਾਰ ਸਿੰਘ ਭਾਰੂ | ਪਿੰਡ ਭਾਰੂ, ਜ਼ਿਲ੍ਹਾ ਫਰੀਦਕੋਟ। |
| 20. | ਕਾਕਾ | ਤਖਤ ਮੱਲਾ, ਜ਼ਿਲ੍ਹਾ ਸਰਸਾ, ਹਰਿਆਣਾ। |
| 21. | ਕਾਕਾ ਸਿੰਘ | ਪਿੰਡ ਪਿਉਰੀ, ਜ਼ਿਲ੍ਹਾ ਬਠਿੰਡਾ। |
| 22. | ਕਾਲਾ ਸਿੰਘ | ਪਿੰਡ ਰੁਪਾਣਾ, ਤਹਿਸੀਲ ਮੁਕਤਸਰ, ਜ਼ਿਲ੍ਹਾ ਫਰੀਦਕੋਟ। |

Digitized by Panjab Digital Library | www.panjabdigilib.org

| | | |
|---|---|---|
| 23. | ਕਿਰਪਾਲ ਸਿੰਘ | ਪਿੰਡ ਕਿੰਗਰੇ, ਜ਼ਿਲ੍ਹਾ ਫਰੀਦਕੋਟ । |
| 24. | ਕੀੜਾ ਸਿੰਘ | ਪਿੰਡ ਤਿਉਣ ਵਾਲਾ, ਜ਼ਿਲ੍ਹਾ ਬਠਿੰਡਾ । |
| 25. | ਕੇਹਰ ਸਿੰਘ | ਨਾ ਮਾਲੂਮ । |
| 26. | ਕੌਰ ਸਿੰਘ | ਪਿੰਡ ਗਿੱਦੜਬਾਹਾ, ਜ਼ਿਲ੍ਹਾ ਫਰੀਦਕੋਟ । |
| 27. | ਕੌਲਾ ਸਿੰਘ | ਪਿੰਡ ਕਿੰਗਰੇ, ਜ਼ਿਲ੍ਹਾ ਫਰੀਦਕੋਟ । |
| 28. | ਗਹਿਲ ਸਿੰਘ | ਪਿੰਡ ਰਣ ਸਿੰਘ ਵਾਲਾ, ਜ਼ਿਲ੍ਹਾ ਫਰੀਦਕੋਟ । |
| 29. | ਗ਼ਮਦੂਰ ਸਿੰਘ | ਪਿੰਡ ਕੋਟ ਫੱਤਾ, ਜ਼ਿਲ੍ਹਾ ਬਠਿੰਡਾ । |
| 30. | ਗੁਰਸ਼ਰਨ ਸਿੰਘ | ਪਿੰਡ ਨਰੂਆਣਾ, ਜ਼ਿਲ੍ਹਾ ਬਠਿੰਡਾ । |
| 31. | ਗੁਰਚਰਨ ਸਿੰਘ | ਪਿੰਡ ਸਾਹੋਕੇ, ਜ਼ਿਲ੍ਹਾ ਫਰੀਦਕੋਟ । |
| 32. | ਗੁਰਦਿਆਲ ਸਿੰਘ | ਪਿੰਡ ਰਿੜਿਆਂ ਵਾਲਾ ਚੱਕ, ਜ਼ਿਲ੍ਹਾ ਫਿਰੋਜ਼ਪੁਰ । |
| 33. | ਗੁਰਦੇਵ ਸਿੰਘ | ਪਿੰਡ ਸਾਹੋਕੇ, ਜ਼ਿਲ੍ਹਾ ਫਰੀਦਕੋਟ । |
| 34. | ਗੁਰਬਚਨ ਸਿੰਘ | ਪਿੰਡ ਲਾਲ ਬਾਈ, ਜ਼ਿਲ੍ਹਾ ਫਰੀਦਕੋਟ । |
| 35. | ਗੁਰਬਖਸ਼ ਸਿੰਘ | ਪਿੰਡ ਝੁਮੇਲ ਵਾਲਾ, ਤਹਿਸੀਲ ਮੁਕਤਸਰ, ਜ਼ਿਲ੍ਹਾ ਫਰੀਦਕੋਟ । |
| 36. | ਗੁਰਮੀਤ ਸਿੰਘ | (ਰੁਲਦੂ ਸਿੰਘ ਦਾ ਪੁੱਤਰ) ਪਿੰਡ ਸਾਹੋਕੇ, ਜ਼ਿਲ੍ਹਾ ਫਰੀਦਕੋਟ । |
| 37. | ਘੁੰਗਰੂ | ਪਿੰਡ ਲੰਮੀ, ਜ਼ਿਲ੍ਹਾ ਫਰੀਦਕੋਟ । (ਪਾਕਿਸਤਾਨ ਚਲਾ ਗਿਆ) |
| 38. | ਚੁੱਘਾ ਸਿੰਘ | ਪਿੰਡ ਸਾਕਾ ਖਾਨ, ਜ਼ਿਲ੍ਹਾ ਫਰੀਦਕੋਟ । |
| 39. | ਚੰਦ ਸਿੰਘ | ਪਿੰਡ ਤਖਤ ਮੱਲ, ਸਰਸਾ, ਹਰਿਆਣਾ । |
| 40. | ਚੰਨਣ ਸਿੰਘ | ਪਿੰਡ ਦਿੱਬਾਂ ਵਾਲੀ, ਜ਼ਿਲ੍ਹਾ ਫਿਰੋਜ਼ਪੁਰ । |
| 41. | ਚਾਨਣ | ਪਿੰਡ ਬੁੱਘੇਲੇ ਵਾਲਾ, ਜ਼ਿਲ੍ਹਾ ਫਰੀਦਕੋਟ । |
| 42. | ਚਿਰਾਗ | ਪਿੰਡ ਸਾਹਿਬ ਚੰਦ, ਜ਼ਿਲ੍ਹਾ ਫਰੀਦਕੋਟ । |
| 43. | ਜਗਮੇਲ ਸਿੰਘ | ਪਿੰਡ ਬਾਜਕ, ਤਹਿਸੀਲ ਤੇ ਜ਼ਿਲ੍ਹਾ ਬਠਿੰਡਾ । |
| 44. | ਜਗੀਰ ਸਿੰਘ | ਫੂਸ ਮੰਡੀ, ਜ਼ਿਲ੍ਹਾ ਬਠਿੰਡਾ । |
| 45. | ਜੀਤ | ਪਿੰਡ ਤਿਉਣ ਵਾਲਾ, ਜ਼ਿਲ੍ਹਾ ਬਠਿੰਡਾ । |
| 46. | ਜੋਗਿੰਦਰ ਸਿੰਘ | ਪਿੰਡ ਰਣ ਸਿੰਘ ਵਾਲਾ, ਜ਼ਿਲ੍ਹਾ ਫਰੀਦਕੋਟ । |
| 47. | ਜੋਤ ਰਾਮ | ਪਿੰਡ ਜੋਗੇਵਾਲ, ਜ਼ਿਲ੍ਹਾ ਸਰਸਾ, ਹਰਿਆਣਾ । |
| 48. | ਝਾਂਜਰ | ਪਿੰਡ ਲੰਮੀ, ਜ਼ਿਲ੍ਹਾ ਫਰੀਦਕੋਟ (ਪਾਕਿਸਤਾਨ ਚਲਾ ਗਿਆ) |
| 49. | ਠਾਣਾ ਸਿੰਘ | ਪਿੰਡ ਸਾਹੋਕੇ, ਤਹਿਸੀਲ ਮੋਗਾ, ਜ਼ਿਲ੍ਹਾ ਫਰੀਦਕੋਟ । |
| 50. | ਤਖਤ ਮੱਲ | ਪਿੰਡ ਸਾਹੋਕੇ, ਜ਼ਿਲ੍ਹਾ ਫਰੀਦਕੋਟ । |
| 51. | ਦਲੀਪ ਸਿੰਘ | ਪਿੰਡ ਸਾਹੋਕੇ, ਜ਼ਿਲ੍ਹਾ ਫਰੀਦਕੋਟ । |

Digitized by Panjab Digital Library | www.panjabdigilib.org

52. ਨਰੋਤਮ ਦਾਸ — ਪਿੰਡ ਮੱਲਕੇ, ਜ਼ਿਲ੍ਹਾ ਫਰੀਦਕੋਟ ।
53. ਨਾਜ਼ਰ ਸਿੰਘ — ਪਿੰਡ ਗਿੱਦੜ ਬਾਹਾ, ਜ਼ਿਲ੍ਹਾ ਫਰੀਦਕੋਟ । (ਹੈਡ-ਕਲਰਕ, ਮਾਰਕਿਟਿੰਗ ਕਮੇਟੀ, ਗਿੱਦੜਬਾਹਾ)
54. ਪਠਾਣਾ — ਨਾ ਮਾਲੂਮ, (ਪਾਕਿਸਤਾਨ ਚਲਾ ਗਿਆ) ।
55. ਪ੍ਰੀਤਮ ਸਿੰਘ — ਪਿੰਡ ਵੰਗੀ, ਜ਼ਿਲ੍ਹਾ ਬਠਿੰਡਾ ।
56. ਪੂਰਨ ਸਿੰਘ — ਪਿੰਡ ਰਿਔਂਦ, ਜ਼ਿਲ੍ਹਾ ਬਠਿੰਡਾ ।
57. ਫਤਹਿ ਖਾਂ — (ਬਾਬੂ ਜੀ ਦਾ ਭਾਣਜਾ) ਬਠਿੰਡਾ ਸ਼ਹਿਰ । (ਪਾਕਿਸਤਾਨ ਚਲਾ ਗਿਆ)
58. ਬਸੰਤ ਸਿੰਘ — ਪਿੰਡ ਸਾਹੋਕੇ, ਜ਼ਿਲ੍ਹਾ ਫਰੀਦਕੋਟ ।
59. ਬਸੰਤ ਸਿੰਘ ਸੰਧੂ — (ਪਟਵਾਰੀ) ਪਿੰਡ ਜੰਡ ਵਾਲਾ, ਮਲੋਟ, ਫਰੀਦਕੋਟ ।
60. ਬਚਿੱਤਰ ਸਿੰਘ — ਪਿੰਡ ਸਾਹੋਕੇ, ਜ਼ਿਲ੍ਹਾ ਫਰੀਦਕੋਟ ।
61. ਬਚਿੱਤਰ ਸਿੰਘ — ਪਿੰਡ ਹਰਦਾਵਾ, ਜ਼ਿਲ੍ਹਾ ਫਰੀਦਕੋਟ ।
62. ਬੰਤ ਸਿੰਘ — ਮੌੜ ਮੰਡੀ, ਜ਼ਿਲ੍ਹਾ ਬਠਿੰਡਾ ।
63. ਬਿਸ਼ਨ ਸਿੰਘ — ਨਾ ਮਾਲੂਮ ।
64. ਬੀਰਬਲ ਸਿੰਘ — ਪਿੰਡ ਮਸੀਤਾਂ, ਜ਼ਿਲ੍ਹਾ ਸਰਸਾ, ਹਰਿਆਣਾ ।
65. ਭਗਤ ਸਿੰਘ — ਪਿੰਡ ਤਖਤ ਮੱਲ, ਜ਼ਿਲ੍ਹਾ ਸਰਸਾ, ਹਰਿਆਣਾ ।
66. ਭਗਤ ਕਰਮ ਚੰਦ — ਰਾਮਾ ਮੰਡੀ, ਜ਼ਿਲ੍ਹਾ ਬਠਿੰਡਾ ।
67. ਭਗਤ ਰਾਮ — ਬਠਿੰਡਾ ਸ਼ਹਿਰ ।
68. ਭਗਤ ਰਾਮ ਰਾਮਪੁਰੀਆ — ਰਾਵਤਸਰ, ਰਾਜਸਥਾਨ ।
69. ਮੱਘਰ ਸਿੰਘ — ਪਿੰਡ ਵੰਗੀ, ਜ਼ਿਲ੍ਹਾ ਬਠਿੰਡਾ ।
70. ਮੱਘਰ ਸਿੰਘ — ਪਿੰਡ ਦੇਸ, ਜ਼ਿਲ੍ਹਾ ਬਠਿੰਡਾ ।
71. ਮੱਘਰ ਸਿੰਘ — ਪਿੰਡ ਮਲੂਕ, ਜ਼ਿਲ੍ਹਾ ਬਠਿੰਡਾ ।
72. ਮੁਖਤਿਆਰ ਸਿੰਘ — ਪਿੰਡ ਮੱਲਕੇ, ਜ਼ਿਲ੍ਹਾ ਫਰੀਦਕੋਟ ।
73. ਮਿੱਠੂ ਸਿੰਘ — ਪਿੰਡ ਗਿੱਦੜਬਾਹਾ, ਜ਼ਿਲ੍ਹਾ ਫਰੀਦਕੋਟ ।
74. ਮੁਣਸ਼ਾ ਸਿੰਘ — ਪਿੰਡ ਮੱਲਕੇ, ਜ਼ਿਲ੍ਹਾ ਫਰੀਦਕੋਟ ।
75. ਮੇਹਰ ਸਿੰਘ — ਨਾ ਮਾਲੂਮ ।
76. ਯੂਸਫ — ਪਾਕਿਸਤਾਨ ਚਲਾ ਗਿਆ ।
77. ਰਤਨ ਸਿੰਘ ਮਲੂਕਾਂ — ਪਿੰਡ ਮਲੂਕਾ, ਜ਼ਿਲ੍ਹਾ ਬਠਿੰਡਾ ।
78. ਰਾਮ ਚੰਦ — ਪਿੰਡ ਲੁਹਾਰਾ, ਜ਼ਿਲ੍ਹਾ ਫਰੀਦਕੋਟ ।
79. ਰਾਮਣ ਲੁਹਾਰ — ਪਿੰਡ ਲੁਹਾਰਾ, ਜ਼ਿਲ੍ਹਾ ਫਰੀਦਕੋਟ ।
80. ਰੁਲਦੂ ਸਿੰਘ — ਪਿੰਡ ਸਾਹੋਕੇ, ਜ਼ਿਲ੍ਹਾ ਫਰੀਦਕੋਟ ।
81. ਲੱਖਾ ਸਿੰਘ — ਮੌੜ ਮੰਡੀ, ਜ਼ਿਲ੍ਹਾ ਬਠਿੰਡਾ ।

Digitized by Panjab Digital Library | www.panjabdigilib.org

(ੲ) ਅੰਗ੍ਰੇਜ਼ੀ

Mohan Singh, Diwana, (Dr.), 'A History of Punjabi Literature', Sudeshva Parkashan, Jullundur, 1974.

'An Introduction of Punjabi Literature', Nanak Singh Pustak Mala, Amritsar, 1956.

Punjab Govt. 'Gazetteer of Ferozepur District', 1883-84.

Russell R. V. & Hira Lal, 'Tribes and Castes of Central Provinced of India', (Vol. IV), Cosme Publication, Delhi, 1975.

(ਸ) ਸ਼ੋਧ-ਪ੍ਰਬੰਧ

ਆਤਮ ਹਮਰਾਹੀ, (ਡਾ.), 'ਜ਼ਿਲ੍ਹਾ ਫ਼ਿਰੋਜ਼ਪੁਰ ਦੀ ਪੰਜਾਬੀ ਸਾਹਿਤ ਤੇ ਭਾਸ਼ਾ ਨੂੰ ਦੇਣ', ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1974.

ਗੁਰਦੇਵ ਸਿਘ ਸਿੱਧੂ, (ਡਾ.), 'ਮਾਲਵੇ ਦਾ ਕਿੱਸਾ-ਕਾਵਿ', ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ, 1973.

ਹੁੱਲੀਆ ਸਿਘ ਸਿੱਧੂ, (ਪ੍ਰਿੰ.) 'ਲੋਕ-ਕਵੀ ਬਾਬੂ ਰਜਬ ਅਲੀ ਦੇ ਧਾਰਮਕ ਕਿੱਸਿਆਂ ਦਾ ਆਲੋਚਨਾਤਮਕ ਅਧਿਐਨ', (ਖੋਜ-ਨਿਬੰਧ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1975.

Digitized by Panjab Digital Library | www.panjabdigilib.org

## ਸਹਾਇਕ ਗ੍ਰੰਥਾਵਲੀ


(ੳ) ਪੰਜਾਬੀ

ਅਰਜਨ ਦੇਵ, ਸ੍ਰੀ ਗੁਰੂ, (ਸੰਪ.), 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਭਾਈ ਚਤਰ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਮਿਤੀ ਨਹੀਂ ।

ਆਤਮ ਹਮਰਾਹੀ, (ਡਾ.), 'ਮਹਾਂ-ਕਵੀ ਬਾਬੂ ਰਜਬ ਅਲੀ', ਸਾਹਿਤ ਸਦਨ, ਸਾਹੋਕੇ, ਤਹਿਸੀਲ ਮੋਗਾ, ਜ਼ਿਲ੍ਹਾ ਫਰੀਦਕੋਟ, 1974.

ਸੁੱਖਾ ਸਿੰਘ, ਭਾਈ, 'ਗੁਰ ਬਿਲਾਸ-ਪਾਤਸ਼ਾਹੀ ੧੦', ਪਟਿਆਲਾ, 1973.

ਹਰੀ ਰਾਮ ਗੁਪਤਾ, (ਡਾ.), 'ਸਿੱਖ-ਇਤਿਹਾਸ', ਲਾਹੌਰ ਬੁੱਕ ਸ਼ਾਪ, ਲੁਧਿਆਣਾ, ਮਿਤੀ ਨਹੀਂ ।

ਕਾਨ੍ਹ ਸਿੰਘ, ਭਾਈ, 'ਗੁਰਸ਼ਬਦ ਰਤਨਾਕਾਰ ਮਹਾਨ-ਕੋਸ਼', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1960.

ਕਿਪਾਲ ਸਿੰਘ, (ਸੰਪ.), 'ਜਨਮ ਸਾਖੀ', ਖ਼ਾਲਸਾ ਕਾਲਜ, ਅੰਮ੍ਰਿਤਸਰ, 1962.

ਗੁਰਦਾਸ, ਭਾਈ, 'ਵਾਰਾਂ-ਭਾਈ ਗੁਰਦਾਸ', ਭਾਈ ਚਤਰ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਮਿਤੀ ਨਹੀਂ ।

ਗੰਡਾ ਸਿੰਘ, (ਡਾ.), 'ਬੰਦਾ ਸਿੰਘ ਬਹਾਦੁਰ', ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1964.

ਛੱਜੂ ਸਿੰਘ, 'ਪਿੰਗਲ ਕਾਵਿ-ਕੋਸ਼,' ਸਰਦਾਰ ਹੱਟੀ, ਪਟਿਆਲਾ, ਪਹਿਲੀ ਛਾਪ ।

ਜੀਤ ਸਿੰਘ ਸੀਤਲ, (ਡਾ.), 'ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ', (ਭਾਗ ਤੀਜਾ), ਪੈਪਸੂ ਬੁੱਕ ਡਿਪੂ, ਪਟਿਆਲਾ, 1976.

ਜੋਗਿੰਦਰ ਸਿੰਘ, 'ਪਿੰਗਲ ਤੇ ਅਰੂਜ਼', ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1960.

ਧਰਮਪਾਲ ਸਿੰਗਲ, (ਡਾ.), 'ਪੰਜਾਬੀ ਕਵਿਤਾ ਦਾ ਵਿਕਾਸ', ਲਾਹੌਰ ਬੁੱਕ ਸ਼ਾਪ, ਲੁਧਿਆਣਾ, 1970.

ਵਿਸਾਖਾ ਸਿੰਘ, (ਸੰਤ), 'ਮਾਲਵਾ ਇਤਿਹਾਸ', (ਤਿੰਨ ਜਿਲਦਾਂ), ਪਿੰਡ ਕਿਸ਼ਨ ਪੁਰਾ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ, 1954.

(ਅ) ਹਿੰਦੀ

ਤੁਲਸੀ ਦਾਸ, 'ਸ੍ਰੀ ਰਾਮ ਚਰਿਤ ਮਾਨਸ', ਗੀਤਾ ਪ੍ਰੈਸ, ਗੋਰਖ ਪੁਰ, ਮਿਤੀ ਨਹੀਂ ।


Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਅਨੁਕ੍ਰਮਣਿਕਾ


ਊਖਾ ਅਨੁਰੁੱਧ 29, 42, 133, 142

ਅਸਮਾਈਲ, ਕਵੀਸ਼ਰ 106, 144
ਅਹਿਮਦਯਾਰ 35, 104
ਅਜਮੇਰ ਸਿੰਘ, ਕਵੀਸ਼ਰ 144
ਅਜ਼ੀਜ਼ ਖਾਂ, ਕਵੀਸ਼ਰ 9, 10, 144
ਅਜੀਤ ਸਿੰਘ, ਕਵੀਸ਼ਰ 144
ਅਤਰ ਸਿੰਘ, (ਡਾ.) 14
ਅਤਰਾ, ਕਵੀਸ਼ਰ 104
ਅਦਾਲਤ ਖਾਂ 8
ਅਬਦੁਲ ਕਾਦਰ ਜਿਲਾਨੀ 57
ਅਭਿਮੰਨੂ 29, 41, 142
ਅਮੀਰ ਖਾਂ 9
ਅਰਜਨ ਸਿੰਘ ਤੋਰਾ ਵਾਲਾ 6
ਅਰਜਨ, ਦੇਵ, ਸ੍ਰੀ ਗੁਰੂ 29, 44, 142
ਅਰਦਮਨ ਸਿੰਘ 6
ਅਲਾਉਦੀਨ ਖਿਲਜੀ 61
ਅਲੀ ਸਰਦਾਰ 8
ਅਲੀ ਨਿਵਾਜ, ਕਵੀਸ਼ਰ 14, 144
ਅਵਤਾਰ ਸਿੰਘ ਬੇਦੀ 70
ਅਵਤਾਰ ਸਿੰਘ, ਮਹੰਤ 144
ਆਕਲ ਖਾਂ 8
ਔਰੰਗਜ਼ੇਬ 2

ਇੰਦਰ ਸਿੰਘ ਭੂੜੀਆ 6
ਈਸਾ ਮਸੀਹ 29, 57, 142

ਸੱਸੀ-ਪੁੰਨੂ 28, 35, 142
ਸਹੰਸਰ ਬਾਹੂ 133
ਸ਼ਮਸ਼ਾਦ ਬੇਗਮ 8
ਸ਼ਮਸ਼ੇਰ ਸਿੰਘ ਅਸ਼ੋਕ 14
ਸ਼ਮਸ਼ੇਰ ਖਾਂ 8, 12, 20
ਸ਼ਮੀਰ 105, 144
ਸਯਾਦੀ, ਬੀਬੀ 2, 9
ਸ਼ਰਾਰਾ, ਕਵੀਸ਼ਰ 144
ਸ਼ਰੀਫ਼ਖਾਨ, ਕਵੀਸ਼ਰ 144
ਸਲੋਚਨਾ 28, 38, 142
ਸਾਂਈਦਾਸ, ਕਵੀਸ਼ਰ 76
ਸਾਹਣੀ ਕੌਲਾਂ-ਸੇਠ ਬੀਜਾ 30, 59, 142
ਸ਼ਾਹ ਮੁਹੰਮਦ 63
ਸਾਹਿਬ ਕੌਰ 6
ਸਾਹਿਬ ਚੰਦ, ਕਵੀਸ਼ਰ 106
ਸਾਹੋ 2
ਸਿੱਧੂ ਬਰਾੜ 2
ਸਿਬਤੁਲ ਹਸਨ ਜ਼ੈਗਮ 14
ਸੀਤਾ 28, 38, 142
ਸੁੱਚਾ ਸਿੰਘ ਸੂਰਮਾ 6,30,69,76, 98, 142
ਸੁੰਭ 13
ਸੁਰਸਤੀ 89, 90, 138
ਸੁਰਜੀਤ ਸਿੰਘ ਮਲੂਕਾ 144
ਸ਼ੇਸ਼ ਨਾਗ 114
ਸ਼ੇਰ ਸਿੰਘ ਸੰਦਲ 13, 36, 69, 104
ਸ਼ੇਰ ਖਾਂ, ਕਵੀਸ਼ਰ 144
ਸੈਹੁਲ 2
ਸੋਹਣੀ-ਮਹੀਂਵਾਲ 28, 35, 142
ਸੰਘਰ ਚੌਧਰੀ 1
ਸੰਤਾ ਸਿੰਘ, ਕਵੀਸ਼ਰ 70
ਸੰਤੋ, ਕਵੀਸ਼ਰ 70
ਸੰਪੂਰਨ ਸਿੰਘ ਰਾਮਾ 13, 90, 104, 105, 116
ਸ਼ੰਮਸ ਤਬਰੇਜ਼ 17
ਸੰਮਣ ਮੂਸਣ 29, 45, 142
ਸ੍ਰੀ ਰਾਮ, ਕਵੀਸ਼ਰ 144

ਹਸਨ ਹੁਸੈਨ 29, 56, 142
ਹਜ਼ੂਰਾ ਸਿੰਘ, ਕਵੀਸ਼ਰ 33
ਹਜ਼ੂਰਾ ਸਿੰਘ, (ਦੂਜਾ) 144
ਹਰਨਾਮ ਸਿੰਘ, ਕਵੀਸ਼ਰ 144


Digitized by Panjab Digital Library | www.panjabdigilib.org

ਹਰਨਾਮ ਕੌਰ 30, 75, 76, 98, 135, 140, 142
ਹਰਫੂਲ ਸਿੰਘ ਸੂਰਮਾ 30, 72, 142
ਹਰਬੰਸ ਸਿੰਘ, ਕਵੀਸ਼ਰ 144
ਹਰਿ ਗੋਬਿੰਦ, ਸ੍ਰੀ ਗੁਰੂ 102, 133
ਹਰੀ ਸਿੰਘ ਨਲਵਾ 133
ਹਾਸ਼ਮ ਸ਼ਾਹ 132
ਹੀਰ-ਰਾਂਝਾ 28, 31–34, 142
ਹੀਰਾ ਸਿੰਘ, ਮਹਾਰਾਜਾ 6
ਹੀਰਾ ਨਾਥ, ਕਵੀਸ਼ਰ 104

ਕਪੂਰ ਸਿੰਘ ਬਰਾੜ 2
ਕਰਤਾਰ ਸਿੰਘ, ਕਵੀਸ਼ਰ 144
ਕਰਤਾਰ ਸਿੰਘ ਬੁਘੇਲੇ ਵਾਲਾ 144
ਕਰਤਾਰ ਸਿੰਘ ਭਾਰੂ, 144
ਕਰਨੈਲ ਸਿੰਘ ਕਵੀਸ਼ਰ 58, 59
ਕਾਸ਼ੀ ਰਾਮ 36, 70
ਕਾਕਾ, ਕਵੀਸ਼ਰ 144
ਕਾਲਾ ਸਿੰਘ, ਕਵੀਸ਼ਰ 144
ਕਾਲਾ ਸਿੰਘ ਰੁਪਾਣਾ 105
ਕਾਲੀਦਾਸ ਗੁਜਰਾਂਵਾਲੀਆ 36
ਕਿਸ਼ਨ ਸਿੰਘ ਆਰਿਫ 33
ਕਿਸ਼ੋਰ ਚੰਦ, ਕਵੀਸ਼ਰ 16
ਕਿਰਪਾਲ ਸਿੰਘ, ਕਵੀਸ਼ਰ 145
ਕ੍ਰਿਸ਼ਨ ਭਗਵਾਨ 133
ਕੀੜਾ ਸਿੰਘ, ਕਵੀਸ਼ਰ 145
ਕੇਸ਼ਵਾ ਨੰਦ ਬਰਗਾੜੀ 13
ਕੇਹਰ ਸਿੰਘ, ਕਵੀਸ਼ਰ 145
ਕੈਰੋਂ ਪਾਂਡੋ 24, 41, 142
ਕੋਰ ਸਿੰਘ, ਕਵੀਸ਼ਰ 145
ਕੌਲਾ ਸਿੰਘ, ਕਵੀਸ਼ਰ 145
ਕੌਲਾਂ 30, 60, 134, 143

ਖੁਰਸ਼ੀਦ ਬੇਗਮ 8

ਗਹਿਲ ਸਿੰਘ, ਕਵੀਸ਼ਰ 145
ਗੱਜਣ ਸਿੰਘ ਤਪਾ 6
ਗਮਦੂਰ ਸਿੰਘ, ਕਵੀਸ਼ਰ 145
ਗੁਰਸ਼ਰਨ ਸਿੰਘ, ਕਵੀਸ਼ਰ 145
ਗੁਰਚਰਨ ਸਿੰਘ, ਕਵੀਸ਼ਰ 145
ਗੁਰਚਰਨ ਸਿੰਘ, ਨਿਹਾਲ ਸਿੰਘ ਵਾਲਾ 13
ਗੁਰਦਾਸ ਸਿੰਘ, ਕਵੀਸ਼ਰ 59
ਗੁਰਦਿਆਲ ਸਿੰਘ, ਕਵੀਸ਼ਰ 145
ਗੁਰਦਿਆਲ ਸਿੰਘ ਰਮਦਾਸੀਆ 2
ਗੁਰਦੇਵ ਸਿੰਘ, ਕਵੀਸ਼ਰ 18, 145
ਗੁਰਨਾਮ ਸਿੰਘ ਰਾਉਕੇ 30, 71, 98, 135, 142
ਗੁਰਬਖਸ਼ ਸਿੰਘ, ਕਵੀਸ਼ਰ 145
ਗੁਰਮੀਤ ਸਿੰਘ, ਕਵੀਸ਼ਰ 145
ਗੁਰਮੁਖ ਸਿੰਘ ਚਮਕ 70
ਗੁਲਜ਼ਾਰ ਬੇਗਮ 8
ਗਿੰਦਰ ਸਿੰਘ ਸ਼ੇਰਪੁਰੀ 13
ਗੋਬਿੰਦ ਸਿੰਘ, ਸ੍ਰੀ ਗੁਰੂ 2, 29, 47,48-52, 135, 142
ਗੋਰਖ, ਗੁਰੂ 59
ਗੌਰੀ, ਮੁਹੰਮਦ 133
ਗੰਗਾ ਸਿੰਘ ਭੂੰਦੜ 21, 3 , 70, 104

ਘੰਗਰੂ 59

ਚਾਨਣ ਰਾਮ, ਕਵੀਸ਼ਰ 69, 145
ਚਿਰਾਗ, ਕਵੀਸ਼ਰ 106, 145
ਚੰਦ ਸਿੰਘ ਮਰਾੜ 13, 34, 105, 116
ਚੰਦੀ-ਭੀਮ ਸਿੰਘ 29, 53, 142
ਚੰਨਣ ਸਿੰਘ ਕਵੀਸ਼ਰ 33, 59, 145

ਛੱਜੂ ਸਿੰਘ, ਕਵੀਸ਼ਰ 36, 42, 69, 114

ਜਸਵਿਦਰ ਸਿੰਘ ਬਰਾੜ 5
ਜਗਮੇਲ ਸਿੰਘ, ਕਵੀਸ਼ਰ 18, 32, 34, 37, 41, 49, 57, 59, 62, 65, 72, 74, 75, 77, 80-82, 105, 145
ਜਗੀਰ ਸਿੰਘ, ਕਵੀਸ਼ਰ 145
ਜਾਨਾ, ਕਵੀਸ਼ਰ 106
ਜਾਨੀ ਚੋਰ 30, 63, 142
ਜਿਉਣਾ ਮੌੜ 30, 69, 142
ਜਿਉਣੀ 3, 9


Digitized by Panjab Digital Library | www.panjabdigilib.org

ਜਿਉਣ ਕੌਰ 5
ਜੀਤ, ਕਵੀਸ਼ਰ 145
ਜੈਸਲ ਰਾਜਾ 2
ਜੈਮਲ-ਫੱਤਾ 30, 66, 67, 142
ਜੋਗਿੰਦਰ ਸਿੰਘ, ਕਵੀਸ਼ਰ 145
ਜੋਤ ਰਾਮ, ਕਵੀਸ਼ਰ 145

ਝਾਂਜਰ 145

ਠਾਕਰ ਚੰਦ ਸ਼ਰਮਾ 59, 145
ਠਾਣਾ ਸਿੰਘ, ਕਵੀਸ਼ਰ 17, 18, 145

ਤਖਤ ਮੱਲ 145
ਤੁਲਸੀ ਦਾਸ 37

ਦਯਾ ਸਿੰਘ 5
ਦਲੀਪ ਸਿੰਘ, ਕਵੀਸ਼ਰ 145
ਦੀਪ ਸਿੰਘ ਸ਼ਹੀਦ 29, 52, 139, 142
ਦਹੂਦ ਬਾਦਸ਼ਾਹ 30, 57, 58, 142
ਦੁੱਲਾ ਭੱਟੀ 30, 67-69, 139, 142
ਦੌਲਤ ਰਾਮ (ਭੈਣੀ ਵਿੜਗਾਂ) 69
ਦੌਲਤਾਂ, ਬੀਬੀ 8

ਧਨੀ ਰਾਮ ਚਾਤ੍ਰਿਕ 20, 36, 93, 137
ਧਮਾਲੀ ਖਾਂ 2, 3, 7, 9, 15, 16
ਧੂਮ ਸਿੰਘ 2

ਨਜ਼ਿਮ ਹੁਸੈਨ ਸਯਦ 68
ਨਰੈਣ ਸਿੰਘ 21
ਨਰੋਤਮ ਦਾਸ 146
ਨਲ-ਦਮਯੰਤੀ 28, 36, 38, 142
ਨਵਾਬ ਖਾਂ 6
ਨਾਜ਼ਰ ਸਿੰਘ, ਕਵੀਸ਼ਰ 51, 73, 79, 146
ਨਾਨਕ ਦੇਵ, ਸ੍ਰੀ ਗੁਰੂ 29, 43, 89, 142
ਨਿਸੁੰਭ 13
ਨੰਦ ਸਿੰਘ, ਕਵੀਸ਼ਰ 59, 68

ਪਠਾਣਾ 146
ਪਾਲ ਸਿੰਘ, ਕਵੀਸ਼ਰ 64
ਪਿਆਰ ਸਿੰਘ, (ਡਾ.) 14
ਪਿਆਰਾ ਸਿੰਘ ਪਦਮ 33
ਪੀਲੂ 34
ਪੂਰਨ ਸਿੰਘ, ਕਵੀਸ਼ਰ 146
ਪੂਰਨ ਚੰਦ, ਕਵੀਸ਼ਰ 13, 16, 42, 90
ਪੂਰਨ ਭਗਤ 29, 43, 142
ਪ੍ਰਤਾਪ, ਰਾਣਾ 133
ਪ੍ਰਿਥੀ ਰਾਜ ਚੌਹਾਨ 133
ਪ੍ਰੀਤਮ ਸਿੰਘ 146
ਪ੍ਰੇਮ ਦੇਵੀ 31, 79, 142

ਫਕੀਰ ਵਹੀਦ ਉ ਦੀਨ 14
ਫਖਰ ਜ਼ਮਾਨ 14
ਫਤਿਹ ਖਾਂ, ਕਵੀਸ਼ਰ 9, 146
ਫਰਖਸ਼ੀਅਰ 54
ਫਾਤਮਾ 7, 8

ਬਸੰਤ ਸਿੰਘ ਸੰਧੂ 146
ਬਸੰਤ ਸਿੰਘ, ਕਵੀਸ਼ਰ 9, 14, 17, 18, 56, 57, 60, 63, 65, 82, 136, 146
ਬਚਿੱਤਰ ਸਿੰਘ 146
ਬਲਬੀਰ ਸਿੰਘ ਅਬੁੱਲ ਖੁਰਾਣਾ 30, 74, 142
ਬਲਵੰਤ ਸਿੰਘ ਝਲਾਈਆਣਾ 13
ਬਿਸ਼ਨ ਸਿੰਘ 146
ਬਿਧੀ ਚੰਦ 29, 45-47, 142
ਬੀਰਪਾਲ ਸਿੰਘ 146
ਬੈਰਮ ਖਾਂ 8
ਬੂਟੇ ਖਾਂ 2
ਬੰਤ ਸਿੰਘ 146
ਬੰਦਾ ਬਹਾਦਰ 54, 125

ਭਗਤ ਸਿੰਘ, ਕਵੀਸ਼ਰ 146
ਭਗਤ ਸਿੰਘ, ਸ਼ਹੀਦ 30, 78-79, 92, 135, 139, 140, 142
ਭਗਤ ਕਰਮ ਚੰਦ 17, 146
ਭਗਤ ਰਾਮ, ਕਵੀਸ਼ਰ 13, 41, 79, 104, 146
ਭਗਵਾਨ ਸਿੰਘ, ਕਵੀਸ਼ਰ 16
ਭੱਲਣ 1, 2
ਭਾਗੀ, ਬੀਬੀ 2, 5, 9

Digitized by Panjab Digital Library | www.panjabdigilib.org

ਭਾਗੋ 52
ਭੂਪਿੰਦਰ ਸਿੰਘ, ਮਹਾਰਾਜਾ 21
ਭੂੜ ਬਹਾਦਰ 30, 77, 123, 142

ਮੱਘਰ ਸਿੰਘ 146
ਮੱਘਰ ਸਿੰਘ ਮਲੂਕ 146
ਮਰੀਅਮ 22
ਮੱਲ ਸਿੰਘ 5
ਮਾਘੀ ਸਿੰਘ, ਕਵੀਸ਼ਰ 16, 34, 58, 70, 75, 76, 88, 104, 105, 116, 130
ਮਾਨ ਸਿੰਘ, ਕਵੀਸ਼ਰ 5, 6, 69, 70, 88, 104, 114
ਮਿੱਤ ਸਿੰਘ, ਕਵੀਸ਼ਰ 105
ਮਿੱਤੂ, ਕਵੀਸ਼ਰ 104
ਮਿੱਠੂ ਸਿੰਘ 146
ਮਿਰਜ਼ਾ-ਸਾਹਿਬਾਂ 28, 34, 142
ਮੁਹੰਮਦ ਸਾਹਿਬ, ਹਜ਼ਰਤ 29, 55, 142
ਮੁਹੰਮਦ ਅਲੀ, ਹਜ਼ਰਤ 2
ਮੁਹੰਮਦ ਬਖਸ਼ ਜਹਿਲਮੀ 104
ਮੁਖਤਿਆਰ ਸਿੰਘ 146
ਮੁਣਸ਼ਾ ਸਿੰਘ 146
ਮੁਨਸ਼ੀ ਫੁੱਲੇਵਾਲ 104
ਮੇਹਰ ਸਿੰਘ 146
ਮੋਹਣ ਸਿੰਘ ਰੋਡੇ 13
ਮੌਲਾ ਬਖਸ਼ ਕੁਸ਼ਤਾ 14
ਮੰਗਲ ਸਿੰਘ, ਕਵੀਸ਼ਰ 59
ਮੰਗਲ ਦਾਸ, ਕਵੀਸ਼ਰ 6, 21

ਯੂਸਫ 22
ਯੂਸਫ, ਕਵੀਸ਼ਰ 146

ਰਸਾਲੂ, ਰਾਜਾ 139
ਰਸੀਦ ਖਾਂ 8
ਰਹਿਮਤ, ਬੀਬੀ 7, 8
ਰਜਬ ਅਲੀ, ਬਾਬੂ 1-22, 27-28, 31-83, 86-107, 109-117, 119-123, 125-127, 129-142, 144
ਰਜਾਦੀ, ਬੀਬੀ 2, 9
ਰਣ ਸਿੰਘ, ਕਵੀਸ਼ਰ 33
ਰਤਨ ਸਿੰਘ ਮਲੂਕਾ 146
ਰਤਨ ਸੈਨ, ਰਾਜਾ 30, 41, 142
ਰਤਨ ਖਾਂ, ਹਾਜੀ 2
ਰਾਜ ਬੀਬੀ 8
ਰਾਮ ਸਿੰਘ ਜੰਗੀਰਾਣਾ 13, 18, 104, 105, 116
ਰਾਮ ਸਿੰਘ ਭੂੰਬਾ ਭਾਈ 30, 72-74, 127, 142
ਰਾਮ ਸਿੰਘ ਡੋਹਕ ਵਾਲਾ 30, 72, 142
ਰਾਮ ਕੌਰ 30, 76, 142
ਰਾਮ ਚੰਦ, ਕਵੀਸ਼ਰ 59, 146
ਰਾਮਣ ਘੁਮਿਆਰ 30, 76, 142
ਰਾਮਣ ਲੁਹਾਰ 146
ਰਾਮ ਨਿਵਾਸ 4, 5
ਰਿਚਰਡ ਟੈਂਪਲ, ਸਰ 59
ਰੀਟਾ ਦੀਨ 70
ਰੁਲਦੂ ਸਿੰਘ 146
ਰੁਲੀਆ ਸਿੰਘ ਸਿੱਧੂ: (ਪ੍ਰੋ.) 14, 42, 45, 49, 53, 57, 62-64, 66, 81
ਰੂਪ ਲਾਲ, ਸਾਥੀ 13
ਰੂਮ, ਮੌਲਾਨਾ 17
ਰੈਣ ਦਾਸ, ਸਾਧੂ 6

ਲੱਖਾ ਸਿੰਘ 146
ਲਾਲ, ਬੀਬੀ 2, 10
ਲਾਲਾ 2

ਵਾਰਿਸ ਸ਼ਾਹ 8, 132, 137
ਵਿਸ਼ਵਾ ਮਿੱਤਰ 17
ਵਿਧਾਤਾ ਸਿੰਘ ਤੀਰ 36
ਵੀਰੂ, ਜੁਲਾਹਾ 2
ਵੈਨ ਗਾਗ 120

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B- 3657

Digitized by Panjab Digital Library | www.panjabdigilib.org

Digitized by Panjab Digital Library | www.panjabdigilib.org